

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication　ਨਿਊਯਾਰਕ ਐਡੀਸ਼ਨ　Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Email:punjabtimes1@gmail.com
www.punjabtimesusa.com

Punjab Times, Vol 25, Issue 32; August 10, 2024　20451 N. Plum Grove Rd., Palatine, IL 60074　Ph:847-359-0746, Fax:847-705-9388


# ਸੁਖਬੀਰ ਮੁੱਦੇ ’ਤੇ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਸਪਸ਼ਟੀਕਰਨ ਜਨਤਕ ਕਰਨ ਤੋਂ ਬਾਅਦ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਲਈ ਹੈ। ਉਮੀਦ ਹੈ ਕਿ ਇਸ ਮੀਟਿੰਗ ਵਿਚ ਅਕਾਲੀ ਸਰਕਾਰ ਦੌਰਾਨ ਹੋਈ ਬੇਅਦਬੀ, ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹਟਾਉਣ ਲਈ ਚੱਲ ਰਹੇ ਟਕਰਾਅ ਦੇ ਮੁੱਦੇ ‘ਤੇ ਕੋਈ ਫੈਸਲਾ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੇ ਸ਼ਾਸਨ ਦੀਆਂ ਸਾਰੀਆਂ ਗਲਤੀਆਂ ਲਈ ਖੁਦ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਆਖਿਆ ਹੈ ਕਿ ਉਹ ਸਿੰਘ ਸਾਹਿਬਾਨ ਦਾ ਹਰ ਹੁਕਮ ਮੰਨਣਗੇ। ਇਸ ਸਪਸ਼ਟੀਕਰਨ ਵਿਚ ਲਿਖਿਆ ਹੈ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਮਾਮਲੇ ਵਿਚ 24 ਸਤੰਬਰ 2015 ਨੂੰ ਸ੍ਰੀ ਅਕਾਲ ਵਿਖੇ ਹੋਈ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਗੁਰਮਤਾ ਪਾਸ ਕੀਤਾ ਗਿਆ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਦੇ ਹੁਕਮਾਂ ‘ਤੇ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਆਪਣੇ ਸਪਸ਼ਟੀਕਰਨ ਵਿਚ ਕਿਹਾ ਹੈ ਕਿ ਅਕਾਲੀ ਦਲ ਦੇ ਕੁਝ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੁਆਫ਼ੀ ਪੱਤਰ ਸੌਂਪਿਆ ਸੀ। ਇਸ ਵਿਚ ਉਨ੍ਹਾਂ ਦੇ ਵਿਰੁੱਧ ਜੋ ਵੀ ਲਿਖਿਆ ਗਿਆ ਹੈ, ਉਹ ਆਪਣੀ ਝੋਲੀ ਪਾਉਂਦੇ ਹਨ ਤੇ ਜੋ ਵੀ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਦੇਣਗੇ, ਉਹ ਵੀ ਉਨ੍ਹਾਂ ਨੂੰ ਪ੍ਰਵਾਨ ਹੋਵੇਗਾ। ਇਸ ਮੁਆਫ਼ੀਨਾਮੇ ਵਿਚ ਉਨ੍ਹਾਂ ਨੇ ਆਪਣੇ ਪਿਤਾ ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲਿਖੀ ਚਿੱਠੀ ਨੂੰ ਵੀ ਸ਼ਾਮਲ ਕੀਤਾ ਹੈ ਤੇ ਉਸ ਦਾ ਹਵਾਲਾ ਵੀ ਦਿੱਤਾ ਹੈ।

ਉਧਰ, ਅਕਾਲ ਤਖਤ ਦੇ ਸਪਸ਼ਟੀਕਰਨ ਬਾਰੇ ਵਿਚਾਰ ਤੋਂ ਪਹਿਲਾਂ ਸੁਖਬੀਰ ਧੜੇ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਅਕਾਲੀ ਦਲ ਵੱਲੋਂ ਅਗਲੇ ਦਿਨਾਂ ਵਿਚ ਕਈ ਪ੍ਰੋਗਰਾਮ ਉਲੀਕੇ ਗਏ ਹਨ। 15 ਅਗਸਤ ਨੂੰ ਈਸੜੂ ‘ਚ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਯਾਦ ‘ਚ ਅਕਾਲੀ ਦਲ ਦੀ ਕਾਨਫਰੰਸ ਸੱਦੀ ਗਈ। 19 ਅਗਸਤ ਨੂੰ ਬਾਬਾ ਬਕਾਲਾ ਵਿਚ ਵੀ ਸਲਾਨਾ ਕਾਨਫਰੰਸ ਸੱਦੀ ਹੈ। ਇਸ ਤੋਂ ਇਲਾਵਾ 20 ਅਗਸਤ ਨੂੰ ਸੰਤ ਹਰਚਰਨ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਲੌਂਗੋਵਾਲ ‘ਚ ਵੱਡੇ ਪੱਧਰ ‘ਤੇ ਸ਼ਹੀਦੀ ਸਮਾਗਮ ਰੱਖਿਆ ਹੈ। ਇਸ ਤੋਂ ਇਲਾਵਾ ਅਕਾਲੀ ਦਲ ਨੇ ਆਉਣ ਵਾਲੀਆਂ ਚਾਰ ਵਿਧਾਨ ਸਭਾ ਦੀਆਂ ਚਾਰ ਜ਼ਿਮਨੀ ਚੋਣਾਂ ਲੜਨ ਦਾ ਵੀ ਫੈਸਲਾ ਕੀਤਾ ਹੈ। ਉਧਰ, ਸਿਆਸੀ ਮਾਹਿਰ ਆਖ ਰਹੇ ਹਨ ਕਿ ਇਹ ਸਾਰਾ ਕੁਝ ਸੁਖਬੀਰ ਨੂੰ ‘ਬਰੀ’ ਕਰਨ ਦੇ ਹਿਸਾਬ ਨਾਲ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਸੁਖਬੀਰ ਸਿੰਘ ਬਾਦਲ ਪਾਰਟੀ ‘ਤੇ ਆਪਣੀ ਪਕੜ ਬਣਾਉਣ ਲਈ ਲਗਾਤਾਰ ਹੱਥ-ਪੈਰ ਮਾਰ ਰਿਹਾ ਹੈ।

## ਸਾਬਕਾ ਆਈ.ਜੀ. ਖੱਟੜਾ ਨੂੰ ਚਿਤਾਵਨੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਆਈ.ਜੀ. ਰਣਬੀਰ ਸਿੰਘ ਖੱਟੜਾ ਨੂੰ ਕਰੜੇ ਹੱਥੀਂ ਲਿਆ ਹੈ ਅਤੇ ਉਸ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਗੁਮਰਾਹਕੁਨ ਤੇ ਤੱਥਹੀਣ ਬਿਆਨਬਾਜ਼ੀ ਕਰਾਰ ਦਿੱਤਾ ਹੈ। ਕਮੇਟੀ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਸੰਗਤ ਨੂੰ ਗੁਮਰਾਹ ਕਰਨ ਤੋਂ ਗੁਰੇਜ਼ ਕਰੇ, ਨਹੀਂ ਤਾਂ ਕਮੇਟੀ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੋਸ਼ ਲਾਇਆ ਕਿ ਸਾਬਕਾ ਆਈ.ਜੀ. ਸਿੱਖ ਸੰਸਥਾ ਵਿਰੁੱਧ ਬੇਬਨਿਆਦ ਦੋਸ਼ ਲਾ ਰਹੇ ਹਨ ਅਤੇ ਇਹ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਨੇ ਬੇਅਦਬੀ ਮਾਮਲੇ ਵਿਚ ਸੀ.ਬੀ.ਆਈ. ਕਲੋਜ਼ਰ ਰਿਪੋਰਟ ਦੇ ਪੱਖ ਵਿਚ ਹਲਫ਼ੀਆ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਕਿ 2015 ਵਿਚ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਸਬੰਧੀ ਕੇਸਾਂ ਵਿਚ ਕੇਂਦਰੀ ਜਾਂਚ ਏਜੰਸੀ ਵੱਲੋਂ 2019 ਵਿਚ ਅਦਾਲਤ ‘ਚ ਕਲੋਜ਼ਰ ਰਿਪੋਰਟ ਦਰਜ ਕੀਤੀ ਗਈ ਸੀ ਜਿਸ ਦਾ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕਰਦਿਆਂ ਇਸ ਨੂੰ ਰੱਦ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਸੀ।

# ਪੈਰਿਸ ਓਲੰਪਿਕ: ਵਿਨੇਸ਼ ਨੇ ਇਤਿਹਾਸ ਸਿਰਜਿਆ



**ਪੈਰਿਸ:** ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਇੱਥੇ ਓਲੰਪਿਕ ਖੇਡਾਂ ਵਿਚ ਮਹਿਲਾਵਾਂ ਦੇ ਕੁਸ਼ਤੀ ਦੇ 50 ਕਿਲੋ ਭਾਰ ਵਰਗ ਵਿਚ ਜਿੱਤ ਦਰਜ ਕਰ ਕੇ ਫਾਈਨਲ ਵਿਚ ਪਹੁੰਚ ਗਈ। ਉਸ ਨੇ ਸੈਮੀਫਾਈਨਲ ਵਿਚ ਕਿਊਬਾ ਦੀ ਗੂਜ਼ਮੈਨ ਲੋਪੇਜ਼ ਨੂੰ 5-0 ਨਾਲ ਹਰਾਇਆ। ਫੋਗਾਟ ਓਲੰਪਿਕ ਦੇ ਫਾਈਨਲ ਵਿਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣ ਗਈ ਹੈ।

ਇਸ ਤੋਂ ਪਹਿਲਾਂ ਵਿਨੇਸ਼ ਫੋਗਾਟ ਨੇ ਯੂਕਰੇਨ ਦੀ ਓਕਸਾਨਾ ਲਿਵਾਚ ਨੂੰ 7-5 ਨਾਲ ਹਰਾ ਕੇ ਸੈਮੀਫਾਈਨਲ ਵਿਚ ਪੁੱਜੀ ਸੀ। ਇਸ ਤੋਂ ਪਹਿਲਾਂ ਫੋਗਾਟ ਨੇ ਚਾਰ ਵਾਰ ਦੀ ਵਿਸ਼ਵ ਚੈਂਪੀਅਨ ਅਤੇ ਮੌਜੂਦਾ ਸੋਨ ਤਗ਼ਮਾ ਜੇਤੂ ਜਾਪਾਨ ਦੀ ਯੂਈ ਸੁਸਾਕੀ ਨੂੰ ਹਰਾਇਆ ਸੀ।

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ‘ਐਕਸ’ ਉਤੇ ਕਿਹਾ, “ਇਕ ਦਿਨ ਵਿਚ ਵਿਸ਼ਵ ਦੀਆਂ ਤਿੰਨ ਸਿਖਰਲੀਆਂ ਪਹਿਲਵਾਨਾਂ ਨੂੰ ਹਰਾਉਣ ਮਗਰੋਂ ਵਿਨੇਸ਼ ਦੇ ਨਾਲ ਪੂਰਾ ਦੇਸ਼ ਭਾਵੁਕ ਹੈ। ਜਿਨ੍ਹਾਂ ਲੋਕਾਂ ਨੇ ਵਿਨੇਸ਼ ਤੇ ਉਸ ਦੀਆਂ ਦੋਸਤਾਂ ਦੇ ਸੰਘਰਸ਼ ਨੂੰ ਝੁਠਲਾਇਆ, ਉਨ੍ਹਾਂ ਦੀ ਨੀਅਤ ਅਤੇ ਕਾਬਲੀਅਤ ਉਤੇ ਸਵਾਲ ਖੜ੍ਹੇ ਕੀਤੇ, ਉਨ੍ਹਾਂ ਸਾਰਿਆਂ ਨੂੰ ਜਵਾਬ ਮਿਲ ਚੁੱਕਾ ਹੈ। ਭਾਰਤ ਦੀ ਬਹਾਦਰ ਧੀ ਅੱਗੇ ਸੱਤਾ ਦਾ ਉਹ ਪੂਰਾ ਤੰਤਰ ਢਹਿ ਗਿਆ ਹੈ ਜਿਸ ਨੇ ਉਸ ਨੂੰ ਖ਼ੂਨ ਦੇ ਹੰਝੂ ਰੁਆਇਆ ਸੀ।”

ਯਾਦ ਰਹੇ ਕਿ ਵਿਨੇਸ਼ ਫੋਗਾਟ ਦੀ ਇਸ ਜਿੱਤ ਨੂੰ ਭਾਰਤ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੂੰਹ ‘ਤੇ ਚਪੇੜ ਕਰਾਰ ਦੇ ਰਹੇ ਜਿਸ ਨੇ ਛੇੜ-ਛਾੜ ਦੇ ਕੇਸ ਵਿਚ ਪਹਿਲਵਾਨ ਕੁੜੀਆਂ ਦੀ ਗੱਲ ਨਹੀਂ ਸੀ ਸੁਣੀ ਅਤੇ ਉਹ ਚੁੱਪ ਰਹਿ ਕੇ ਭਾਜਪਾ ਸੰਸਦ ਮੈਂਬਰ ਦੇ ਹੱਕ ਵਿਚ ਭੁਗਤੇ ਸਨ ਜਿਸ ਵਿਰੁੱਧ ਪਹਿਲਵਾਨ ਕੁੜੀਆਂ ਨੇ ਸੰਘਰਸ਼ ਵਿੱਢਿਆ ਸੀ।


ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਵਾਉਣ ਲਈ ਪ੍ਰਦਰਸ਼ਨ

**ਜੰਮੂ:** ਜੰਮੂ ਦੀਆਂ ਇਕ ਦਰਜਨ ਤੋਂ ਵੱਧ ਸਿਆਸੀ ਤੇ ਸਮਾਜਿਕ ਜਥੇਬੰਦੀਆਂ ਦੇ ਸਾਂਝੇ ਗੱਠਜੋੜ ਆਲ ਪਾਰਟੀ ਯੂਨਾਈਟਿਡ ਫਰੰਟ (ਏ.ਪੀ.ਯੂ.ਐਫ.) ਨੇ ਜੰਮੂ ਕਸ਼ਮੀਰ ਨੂੰ ਰਾਜ ਦਾ ਦਰਜਾ ਬਹਾਲ ਕਰਵਾਉਣ ਦੀ ਮੰਗ ਲਈ ਇੱਥੇ ਰੋਸ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਅਜਿਹੇ ਸਮੇਂ ਕੀਤਾ ਗਿਆ ਜਦੋਂ ਸੁਪਰੀਮ ਕੋਰਟ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ 30 ਸਤੰਬਰ ਤੱਕ ਵਿਧਾਨ ਸਭਾ ਚੋਣਾਂ ਕਰਵਾਏ ਜਾਣ ਦੇ ਨਿਰਦੇਸ਼ ਦਿੱਤੇ ਹਨ।

ਪ੍ਰਦਰਸ਼ਨਕਾਰੀ ਸ਼ਹਿਰ ਦੇ ਕੇਂਦਰ ਵਿਚ ਤਵੀ ਪੁਲ ਨੇੜੇ ਮਹਾਰਾਜਾ ਹਰੀ ਸਿੰਘ ਦੇ ਬੁੱਤ ਅੱਗੇ ਇਕੱਠੇ ਹੋਏ ਅਤੇ ਉਨ੍ਹਾਂ ਨੇ ਉਪ ਰਾਜਪਾਲ ਨੂੰ ਵੱਧ ਸ਼ਕਤੀਆਂ ਦੇਣ ਵਾਲੇ ਕੇਂਦਰ ਸਰਕਾਰ ਦੇ ਤਾਜ਼ਾ ਆਦੇਸ਼ ਨੂੰ ਵਾਪਸ ਲੈਣ ਦੀ ਵੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਵਿਚ ਕਾਂਗਰਸ, ਨੈਸ਼ਨਲ ਕਾਨਫਰੰਸ, ਪੀ.ਡੀ.ਪੀ, ਸੀ.ਪੀ.ਐਮ. ਅਤੇ ਸ਼ਿਵ ਸੈਨਾ ਦੇ ਕਾਰਕੁਨ ਵੀ ਮੌਜੂਦ ਸਨ।

ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਸ਼ਰਮਾ ਨੇ ਕਿਹਾ, ''ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਛੱਡ ਕੇ ਮੁੱਖ ਵਿਰੋਧੀ ਧਿਰਾਂ ਮਜ਼ਬੂਤ ਸੁਨੇਹਾ ਦੇਣ ਲਈ ਇਕੱਠੀਆਂ ਹੋਈਆਂ ਹਨ ਕਿ ਅਸੀਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜੰਮੂ ਕਸ਼ਮੀਰ ਦੇ ਲੋਕਾਂ ਦੇ ਜਮਹੂਰੀ ਹੱਕ ਸਮੇਤ ਪੂਰਨ ਰਾਜ ਦਾ ਦਰਜਾ ਫੌਰੀ ਬਹਾਲ ਕਰਵਾਉਣਾ ਚਾਹੁੰਦੇ ਹਾਂ।'' ਉਨ੍ਹਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਇਤਿਹਾਸਕ ਡੋਗਰਾ ਰਾਜ ਦਾ ਬੇਸ਼ਰਮੀ ਨਾਲ ਅਪਮਾਨ ਕਰਨ ਅਤੇ ਲੋਕਾਂ ਦੇ ਰੁਤਬੇ, ਮਾਣ, ਪਛਾਣ ਅਤੇ ਅਧਿਕਾਰ ਨੂੰ ਖੋਹਣ ਦਾ ਦੋਸ਼ ਲਾਇਆ।




ਸ਼ਰਮਾ ਨੇ ਕਿਹਾ, ''ਭਾਜਪਾ ਸੰਸਦ ਅਤੇ ਸੁਪਰੀਮ ਕੋਰਟ ਵਿਚ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਦਾ ਵਾਅਦਾ ਕੀਤਾ ਹੈ। ਉਹ ਆਪਣਾ ਵਾਅਦਾ ਪੂਰਾ ਕਰਨ ਅਤੇ ਪਿਛਲੇ ਛੇ ਸਾਲਾਂ ਵਿਚ ਵਿਧਾਨ ਸਭਾ ਚੋਣਾਂ ਕਰਵਾਉਣ ਵਿਚ ਵੀ ਨਾਕਾਮ ਰਹੀ ਹੈ। ਹੁਣ ਜਦੋਂ ਸੁਪਰੀਮ ਕੋਰਟ ਨੇ ਵਿਧਾਨ ਸਭਾ ਚੋਣਾਂ ਦੀ ਸਮਾਂ ਸੀਮਾ ਬਾਰੇ ਫ਼ੈਸਲਾ ਸੁਣਾਇਆ ਹੈ ਤਾਂ ਕੇਂਦਰ ਨੇ ਉਪ ਰਾਜਪਾਲ ਨੂੰ ਆਪਣਾ ਅਸਿੱਧੇ ਤੌਰ 'ਤੇ ਸ਼ਾਸਨ ਜਾਰੀ ਰੱਖਣ ਲਈ ਹੋਰ ਅਧਿਕਾਰ ਦੇ ਦਿੱਤੇ ਹਨ।'' ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਮਹੀਨੇ ਉਪ ਰਾਜਪਾਲ ਨੂੰ ਹੋਰ ਅਧਿਕਾਰ ਦੇ ਦਿੱਤੇ ਸਨ। ਕੇਂਦਰ ਨੇ ਸੂਬੇ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦਿੰਦੀ ਧਾਰਾ 370 ਰੱਦ ਕਰ ਕੇ ਇਸ ਸੂਬੇ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਤੇ ਲੱਦਾਖ ਵਿਚ ਵੰਡ ਦਿੱਤਾ ਸੀ। ਕੇਂਦਰ ਨੇ ਉਪ ਰਾਜਪਾਲ ਨੂੰ ਪੁਲੀਸ ਤੇ ਆਲ ਇੰਡੀਆ ਸਰਵਿਸਿਜ਼ ਦੇ ਅਧਿਕਾਰੀਆਂ ਵਰਗੇ ਅਹਿਮ ਮਾਮਲਿਆਂ ਬਾਰੇ ਫ਼ੈਸਲਾ ਲੈਣ ਅਤੇ ਵੱਖ-ਵੱਖ ਮਾਮਲਿਆਂ ਵਿਚ ਮੁਕੱਦਮੇ ਚਲਾਉਣ ਲਈ ਮਨਜ਼ੂਰੀ ਦੇਣ ਦਾ ਅਧਿਕਾਰ ਦਿੱਤਾ ਹੈ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਤਖ਼ਤੀਆਂ ਫੜੀਆਂ ਹੋਈਆਂ ਸਨ। ਉਹ ਜੰਮੂ ਕਸ਼ਮੀਰ ਰਾਜ ਦਾ ਦਰਜਾ ਬਹਾਲ ਕਰਨ, ਜ਼ਮੀਨ ਤੇ ਨੌਕਰੀ ਦੇ ਅਧਿਕਾਰ ਅਤੇ ਵਿਧਾਨ ਸਭਾ ਚੋਣਾਂ ਕਰਵਾਉਣ ਦੇ ਸਮਰਥਨ ਵਿੱਚ ਨਾਅਰੇ ਲਾ ਰਹੇ ਸਨ।

## ਸੋਮਾਲੀਆ ਹੋਟਲ ਉਤੇ ਹਮਲੇ 'ਚ 32 ਹਲਾਕ, 63 ਜ਼ਖ਼ਮੀ

**ਮੋਗਾਦਿਸ਼ੂ:** ਸੋਮਾਲੀਆ ਦੀ ਰਾਜਧਾਨੀ ਮੋਗਾਦਿਸ਼ੂ ਵਿਚ ਲਿਡੋ ਬੀਚ 'ਤੇ ਸਥਿਤ ਹੋਟਲ ਉਤੇ ਹੋਏ ਹਮਲੇ 'ਚ 32 ਵਿਅਕਤੀ ਮਾਰੇ ਗਏ ਜਦਕਿ 63 ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਦੇ ਤਰਜਮਾਨ ਮੇਜਰ ਅਬਦੀਫ਼ਤਿਹ ਅਦਨ ਹਸਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਮਲੇ 'ਚ ਇਕ ਜਵਾਨ ਮਾਰਿਆ ਗਿਆ ਤੇ ਇਕ ਹੋਰ ਜ਼ਖ਼ਮੀ ਹੋਇਆ ਹੈ ਜਦਕਿ ਮਾਰੇ ਗਏ ਬਾਕੀ ਸਾਰੇ ਜਣੇ ਆਮ ਨਾਗਰਿਕ ਸਨ। ਮੌਕੇ ਦੇ ਗਵਾਹਾਂ ਮੁਤਾਬਕ ਧਮਾਕੇ ਮਗਰੋਂ ਗੋਲੀਬਾਰੀ ਹੋਈ। ਅਲ ਕਾਇਦਾ ਦੇ ਪੂਰਬੀ ਅਫ਼ਰੀਕਾ ਨਾਲ ਸਬੰਧਤ ਸਹਿਯੋਗੀ ਗੁੱਟ ਅਲ ਸ਼ਬਾਬ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਅਲ ਸ਼ਬਾਬ ਨੇ ਰੇਡੀਓ 'ਤੇ ਕਿਹਾ ਕਿ ਇਹ ਹਮਲਾ ਉਸ ਦੇ ਲੜਾਕਿਆਂ ਨੇ ਕੀਤਾ ਹੈ।

# ਕੇਂਦਰ ਸਰਕਾਰ ਪੰਜਾਬ ਦਾ ਪੂਰਾ ਕਰਜ਼ਾ ਮੁਆਫ ਕਰੇ: ਮਨੀਸ਼ ਤਿਵਾੜੀ

**ਸ੍ਰੀ ਆਨੰਦਪੁਰ ਸਾਹਿਬ:** ਚੰਡੀਗੜ੍ਹ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਆਪਣੀ ਜਿੱਤ ਤੋਂ ਬਾਅਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਣ ਪੁੱਜੇ, ਜਿਸ ਉਪਰੰਤ ਉਨ੍ਹਾਂ ਨੇ ਪੱਤਰਕਾਰਾਂ ਨਾਲ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਕੀਤੀ।

ਸ੍ਰੀ ਤਿਵਾੜੀ ਨੇ ਕਿਹਾ ਕਿ ਪੰਜਾਬ ਦੀ ਖ਼ੁਸ਼ਹਾਲੀ ਅਤੇ ਤਰੱਕੀ ਬਿਨਾਂ ਦੇਸ਼ ਦੀ ਤਰੱਕੀ ਦੇ ਨਹੀਂ ਹੋ ਸਕਦੀ, ਇਸ ਲਈ ਕੇਂਦਰ ਸਰਕਾਰ ਨੂੰ ਪੰਜਾਬ ਸਿਰ ਚੜ੍ਹਿਆ ਸੰਪੂਰਨ ਕਰਜ਼ਾ ਮੁਆਫ ਕਰਨਾ ਚਾਹੀਦਾ ਹੈ। ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਪੀਕਰ ਕੁਲਤਾਰ ਸੰਧਵਾਂ ਨੂੰ ਵਿਦੇਸ਼ ਜਾਣ ਦੇ ਲਈ ਵੀਜ਼ਾ ਨਾ ਮਿਲਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਮਨੀਸ਼ ਤਿਵਾੜੀ ਨੇ ਕਿਹਾ ਕਿ ਕਿਸੇ ਸੂਬੇ ਦੇ ਮੁੱਖ ਮੰਤਰੀ ਨੂੰ ਓਲੰਪਿਕ ਦੇਖਣ ਦੇ ਲਈ ਵਿਦੇਸ਼ ਜਾਣ ਦਾ ਵੀਜ਼ਾ ਨਾ ਦੇਣਾ ਅਤਿ ਦਰਜੇ ਦੀ ਘਟੀਆ ਅਤੇ ਨੀਵੇਂ ਪੱਧਰ ਦੀ ਰਾਜਨੀਤੀ ਦੀ ਨਿਸ਼ਾਨੀ ਹੈ।

ਚੰਡੀਗੜ੍ਹ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਵਾਟਰ ਟਰੀਟਮੈਂਟ ਪਲਾਂਟ ਦੇ ਉਦਘਾਟਨ ਦੇ ਸਬੰਧ ਵਿਚ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਕਿਹਾ ਕਿ ਚੰਡੀਗੜ੍ਹ ਦੇ ਲੋਕਾਂ ਨੂੰ 24 ਘੰਟੇ ਪਾਣੀ ਮਿਲਣਾ ਚਾਹੀਦਾ, ਇਸ ਲਈ ਉਹ ਕਾਮਨਾ ਕਰਦੇ ਹਨ ਕਿ ਇਹ ਪ੍ਰੋਜੈਕਟ ਸਫਲਤਾ ਪੂਰਵਕ ਸਿਰੇ ਚੜ੍ਹੇ। ਸਾਬਕਾ ਮੰਤਰੀ ਭਾਰਤ ਭੂਸ਼ਣ ਨੂੰ ਈਡੀ ਵੱਲੋਂ ਗ੍ਰਿਫਤਾਰ ਕੀਤੇ ਜਾਣ ਬਾਰੇ ਮਨੀਸ਼ ਤਿਵਾੜੀ ਨੇ ਕਿਹਾ ਕਿ ਇਹ ਗ੍ਰਿਫਤਾਰੀ ਵੀ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਅਦਾਲਤ ਵਿਚ ਇਸ ਮਾਮਲੇ 'ਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ ਤੇ ਭਾਰਤ ਭੂਸ਼ਣ ਆਸ਼ੂ ਨੂੰ ਇਨਸਾਫ ਮਿਲੇਗਾ। ਇਸ ਤੋਂ ਇਲਾਵਾ ਇਲਾਕੇ ਅੰਦਰ ਹੋ ਰਹੀ ਨਾਜਾਇਜ਼ ਮਾਈਨਿੰਗ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਲੋਕ ਸਭਾ ਮੈਂਬਰ ਨੇ ਕਿਹਾ ਕਿ ਜਿਹੜੇ ਇਸ ਮਾਮਲੇ ਵਿਚ ਵੱਡੇ ਦੋਸ਼ੀ ਹਨ, ਉਨ੍ਹਾਂ ਦੇ ਖ਼ਿਲਾਫ ਕਾਰਵਾਈ ਜ਼ਰੂਰ ਹੋਣੀ ਚਾਹੀਦੀ ਹੈ ਤੇ ਕੇਵਲ ਛੋਟੇ ਲੋਕਾਂ 'ਤੇ ਪਰਚੇ ਨਹੀਂ ਦੇਣੇ ਚਾਹੀਦੇ।



ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੋ ਕੁਝ ਉਸ ਸਮੇਂ ਪੰਜਾਬ ਵਿਚ ਹੋਇਆ, ਉਹ ਬੇਹੱਦ ਮੰਦਭਾਗਾ ਸੀ ਤੇ ਇਸ ਮਾਮਲੇ ਵਿਚ ਅਪਰਾਧੀ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।

# ਕੋਚਿੰਗ ਸੈਂਟਰ ਮਾਮਲਾ: ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ

**ਨਵੀਂ ਦਿੱਲੀ:** ਦਿੱਲੀ ਦੇ ਇਕ ਕੋਚਿੰਗ ਸੈਂਟਰ ਵਿਚ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰਦੇ ਤਿੰਨ ਵਿਦਿਆਰਥੀਆਂ ਦੀ ਬੇਸਮੈਂਟ ਵਿਚ ਪਾਣੀ ਭਰਨ ਕਾਰਨ ਹੋਈ ਮੌਤ ਸਬੰਧੀ ਸੁਪਰੀਮ ਕੋਰਟ ਨੇ ਖ਼ੁਦ ਨੋਟਿਸ ਲੈਂਦਿਆਂ ਕੇਂਦਰ ਅਤੇ ਦਿੱਲੀ ਸਰਕਾਰ ਤੋਂ ਜਵਾਬ ਮੰਗਿਆ ਹੈ।




ਜਸਟਿਸ ਸੂਰਿਆ ਕਾਂਤ ਅਤੇ ਉੱਜਲ ਭੁਈਆਂ ਦੇ ਬੈਂਚ ਨੇ ਕਿਹਾ ਦੇਸ਼ ਦੀ ਰਾਜਧਾਨੀ ਵਿਚ ਵਾਪਰਿਆ ਇਹ ਹਾਦਸਾ ਸਭ ਲਈ ਅੱਖਾਂ ਖੋਲ੍ਹਣ ਵਾਲਾ ਹੈ, ਇਹ ਥਾਵਾਂ (ਕੋਚਿੰਗ ਸੈਂਟਰ) ਮੌਤ ਦੇ ਚੈਂਬਰ ਬਣ ਗਈਆਂ ਹਨ।

ਬੈਂਚ ਨੇ ਕਿਹਾ ਕਿ ਕੋਚਿੰਗ ਸੰਸਥਾਵਾਂ ਉਦੋਂ ਤੱਕ ਆਨਲਾਈਨ ਕੰਮ ਕਰ ਸਕਦੀਆਂ ਹਨ, ਜਦੋਂ ਤੱਕ ਸੁਰੱਖਿਆ ਨਿਯਮਾਂ ਅਤੇ ਹੋਰ ਬੁਨਿਆਦੀ ਨਿਯਮਾਂ ਦੀ ਪੂਰੀ ਪਾਲਣਾ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਕੋਚਿੰਗ ਸੈਂਟਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਉਮੀਦਵਾਰਾਂ ਦੀ ਜ਼ਿੰਦਗੀ ਨਾਲ ਖੇਡ ਰਹੇ ਹਨ।

## ਭਾਰਤੀਆਂ ਨੂੰ ਲਿਬਨਾਨ ਛੱਡਣ ਦੀ ਸਲਾਹ

**ਦੁਬਈ:** ਲਿਬਨਾਨ ਦੀ ਰਾਜਧਾਨੀ ਬੈਰੂਤ ਸਥਿਤ ਭਾਰਤੀ ਅੰਬੈਸੀ ਨੇ ਭਾਰਤੀ ਨਾਗਰਿਕਾਂ ਨੂੰ ਇਸ ਮੁਲਕ ਦੀ ਯਾਤਰਾ ਨਾ ਕਰਨ ਅਤੇ ਇਜ਼ਰਾਈਲ ਤੇ ਕੱਟੜਪੰਥੀ ਗੁੱਟ ਹਿਜ਼ਬੁੱਲਾ ਵਿਚਾਲੇ ਵਧਦੇ ਤਣਾਅ ਦੇ ਮੱਦੇਨਜ਼ਰ ਦੇਸ਼ ਛੱਡਣ ਦੀ ਸਲਾਹ ਦਿੱਤੀ ਹੈ। ਪਿਛਲੇ ਸਾਲ 8 ਅਕਤੂਬਰ ਤੋਂ ਇਜ਼ਰਾਈਲ-ਲਿਬਨਾਨ ਸਰਹੱਦ 'ਤੇ ਇਜ਼ਰਾਇਲੀ ਸੈਨਿਕਾਂ ਤੇ ਹਿਜ਼ਬੁੱਲਾ ਵਿਚਾਲੇ ਸੰਘਰਸ਼ ਚੱਲ ਰਿਹਾ ਹੈ। ਇਜ਼ਰਾਈਲ ਨੇ ਲੰਘੇ ਦਿਨੀਂ ਦੱਖਣੀ ਬੈਰੂਤ 'ਚ ਹਿਜ਼ਬੁੱਲਾ ਦੇ ਉੱਚ ਫੌਜੀ ਕਮਾਂਡਰ ਫੌਆਦ ਸ਼ੁਕੂਰ ਨੂੰ ਨਿਸ਼ਾਨਾ ਬਣਾਇਆ ਸੀ। ਅੰਬੈਸੀ ਨੇ ਜਾਰੀ ਸੇਧ 'ਚ ਕਿਹਾ, "ਇਸ ਖੇਤਰ 'ਚ ਘਟਨਾਕ੍ਰਮ ਅਤੇ ਸੰਭਾਵੀ ਖ਼ਤਰਿਆਂ ਦੇ ਮੱਦੇਨਜ਼ਰ ਭਾਰਤੀਆਂ ਨੂੰ ਅਗਲੀ ਸੂਚਨਾ ਤੱਕ ਲਿਬਨਾਨ ਦੀ ਯਾਤਰਾ ਨਾ ਕਰਨ ਤੇ ਇੱਥੇ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਲਿਬਨਾਨ ਛੱਡਣ ਦੀ ਸਲਾਹ ਦਿੱਤੀ ਜਾਂਦੀ ਹੈ।" ਅੰਬੈਸੀ ਨੇ ਲਿਬਨਾਨ 'ਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਸਾਵਧਾਨੀ ਵਰਤਣ ਤੇ ਚੌਕਸ ਰਹਿਣ ਲਈ ਵੀ ਆਖਿਆ ਹੈ।

# ਬ੍ਰਿਟੇਨ 'ਚ ਹਿੰਸਕ ਝੜਪਾਂ ਦੇ ਦੋਸ਼ ਹੇਠ 100 ਗ੍ਰਿਫਤਾਰ

**ਲੰਡਨ:** ਬ੍ਰਿਟੇਨ ਵਿਚ ਕਈ ਥਾਵਾਂ ਉਤੇ ਹਿੰਸਕ ਪ੍ਰਦਰਸ਼ਨ ਮਗਰੋਂ ਪੁਲਿਸ ਨੇ 100 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਲਈ ਅਧਿਕਾਰੀਆਂ ਨੂੰ ਖੁੱਲ੍ਹ ਦਿੱਤੀ ਹੈ। ਹਿੰਸਾ ਲਿਵਰਪੂਲ, ਬ੍ਰਿਸਟਲ, ਲੀਡਜ਼, ਬਲੈਕਪੂਲ, ਬੇਲਫਾਸਟ, ਨੌਟਿੰਘਮ, ਮਾਨਚੈਸਟਰ ਆਦਿ 'ਚ ਭੜਕ ਗਈ ਹੈ ਜਿੱਥੇ ਪੁਲਿਸ ਅਤੇ ਹਜੂਮ ਵਿਚਾਲੇ ਝੜਪਾਂ ਹੋਈਆਂ। ਇਸ ਦੌਰਾਨ ਪਥਰਾਅ, ਅੱਗਜ਼ਨੀ ਅਤੇ ਭੰਨ-ਤੋੜ ਦੀਆਂ ਘਟਨਾਵਾਂ ਵਾਪਰੀਆਂ।

ਗ੍ਰਹਿ ਮੰਤਰੀ ਯਵੇਟ ਕੂਪਰ ਨੇ ਦੰਗਾਕਾਰੀਆਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਹ ਬਾਜ਼ ਨਾ ਆਏ ਤਾਂ ਉਨ੍ਹਾਂ ਨੂੰ ਕੀਮਤ ਤਾਰਨੀ ਪਵੇਗੀ। ਸਟਾਰਮਰ ਨੇ ਮੰਤਰੀਆਂ ਨਾਲ ਉੱਚ ਪੱਧਰੀ ਮੀਟਿੰਗ ਕੀਤੀ ਜਿਸ ਮਗਰੋਂ ਡਾਊਨਿੰਗ ਸਟਰੀਟ ਨੇ ਕਿਹਾ ਕਿ ਪੁਲਿਸ ਅਧਿਕਾਰੀਆਂ 'ਤੇ ਹਮਲੇ, ਕਾਰੋਬਾਰ ਠੱਪ ਕਰਨ ਅਤੇ ਫ਼ਿਰਕਿਆਂ 'ਚ ਨਫ਼ਰਤ ਦੇ ਬੀਜ ਪੈਦਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਯੂਕੇ 'ਚ ਮੁਸਲਮਾਨ ਵਿਰੋਧੀ ਘਟਨਾਵਾਂ 'ਤੇ ਨਜ਼ਰ ਰੱਖਣ ਵਾਲੇ ਗਰੁੱਪਾਂ ਨੇ ਕਿਹਾ ਕਿ ਕਈ ਬ੍ਰਿਟਿਸ਼ ਮੁਸਲਮਾਨ ਆਪਣੀ ਸੁਰੱਖਿਆ ਨੂੰ ਲੈ ਕੇ ਫ਼ਿਕਰਮੰਦ ਹਨ ਅਤੇ ਉਨ੍ਹਾਂ 'ਚੋਂ ਬਹੁਤੇ ਮਸਜਿਦਾਂ 'ਚ ਵੀ ਨਹੀਂ ਜਾ ਰਹੇ ਹਨ। ਮੰਤਰੀ ਡਾਇਨਾ ਜੌਹਨਸਨ ਨੇ ਦੱਸਿਆ ਕਿ ਚਮੜੀ ਦੇ ਰੰਗ ਕਾਰਨ ਲੋਕ ਡਰ ਰਹੇ ਹਨ ਅਤੇ ਇਹ ਸਹੀ ਨਹੀਂ ਹੈ। ਸਰਕਾਰ ਇਸ ਨੂੰ ਪੂਰੀ ਸਖ਼ਤੀ ਨਾਲ ਸਿੱਝੇਗੀ। ਉਨ੍ਹਾਂ ਕਿਹਾ, "ਜਦੋਂ ਮੈਂ ਲੋਕਾਂ ਨੂੰ ਕੁਝ ਦੁਕਾਨਾਂ ਲੁੱਟਦਿਆਂ ਦੇਖਿਆ ਤਾਂ ਮੈਨੂੰ ਮਹਿਸੂਸ ਹੋਇਆ ਕਿ ਵਿਰੋਧ ਪ੍ਰਦਰਸ਼ਨ ਦਾ ਇਹ ਤਰੀਕਾ ਸਹੀ ਨਹੀਂ ਹੈ। ਅਜਿਹੇ ਅਪਰਾਧਕ ਵਤੀਰੇ ਖ਼ਿਲਾਫ਼ ਸਖ਼ਤੀ ਨਾਲ ਸਿੱਝਣ ਦੀ ਲੋੜ ਹੈ। ਦੋਸ਼ੀਆਂ ਨੂੰ ਡੱਕਣ ਲਈ ਸਾਡੇ ਕੋਲ ਵਾਧੂ ਜੇਲ੍ਹਾਂ ਹਨ।"

# ਅਦਾਲਤੀ ਪ੍ਰਕਿਰਿਆ ਤੋਂ ਬਹੁਤ ਤੰਗ ਲੋਕ: ਜਸਟਿਸ ਚੰਦਰਚੂੜ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਨੇ ਬਦਲਵੇਂ ਵਿਵਾਦ ਨਿਬੇੜਾ ਪ੍ਰਬੰਧ ਦੇ ਰੂਪ 'ਚ ਲੋਕ ਅਦਾਲਤਾਂ ਦੀ ਭੂਮਿਕਾ ਉਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਆਮ ਲੋਕ, ਅਦਾਲਤਾਂ ਦੇ ਕੇਸਾਂ ਤੋਂ ਇੰਨਾ ਤੰਗ ਆ ਜਾਂਦੇ ਹਨ ਕਿ ਉਹ ਸਿਰਫ਼ ਇਨ੍ਹਾਂ ਦਾ ਹੱਲ ਚਾਹੁੰਦੇ ਹਨ।

ਲੋਕ ਅਦਾਲਤਾਂ ਅਜਿਹੇ ਮੰਚ ਹਨ ਜਿੱਥੇ ਅਦਾਲਤਾਂ ਵਿਚ ਲੰਮੇ ਸਮੇਂ ਤੋਂ ਲਟਕਦੇ ਵਿਵਾਦਾਂ ਤੇ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਬੇੜਾ ਜਾਂ ਸਮਝੌਤਾ ਕੀਤਾ ਜਾਂਦਾ ਹੈ। ਇਸ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਕੋਈ ਅਪੀਲ ਦਾਇਰ ਨਹੀਂ ਕੀਤੀ ਜਾ ਸਕਦੀ। ਸੁਪਰੀਮ ਕੋਰਟ 'ਚ ਹਫ਼ਤਾ ਭਰ ਚੱਲੀ ਵਿਸ਼ੇਸ਼ ਲੋਕ ਅਦਾਲਤ ਦੇ ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦਿਆਂ ਚੀਫ ਜਸਟਿਸ ਚੰਦਰਚੂੜ ਨੇ ਕਿਹਾ, 'ਅਦਾਲਤਾਂ ਦੇ ਮਾਮਲਿਆਂ ਤੋਂ ਲੋਕ ਇੰਨਾ ਤੰਗ ਆ ਜਾਂਦੇ ਹਨ ਕਿ ਉਹ ਕੋਈ ਵੀ ਹੱਲ ਚਾਹੁੰਦੇ ਹਨ। ਬਸ ਕੋਰਟ ਤੋਂ ਦੂਰ ਕਰ ਦਿੱਤਾ ਜਾਵੇ। ਇਹ ਪ੍ਰਕਿਰਿਆ ਇਕ ਸਜ਼ਾ ਹੈ ਅਤੇ ਇਹ ਸਾਰੇ ਜੱਜਾਂ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।'

ਉਨ੍ਹਾਂ ਕਿਹਾ ਕਿ ਹਰ ਪੱਧਰ ਉਤੇ ਲੋਕ ਅਦਾਲਤ ਸਥਾਪਤ ਕਰਨ ਲਈ ਉਨ੍ਹਾਂ ਨੂੰ ਬਾਰ ਤੇ ਬੈਂਚ ਦੋਵਾਂ ਤੋਂ ਹਰ ਤਰ੍ਹਾਂ ਦਾ ਸਹਿਯੋਗ ਤੇ ਹਮਾਇਤ ਮਿਲੀ ਹੈ। ਲੋਕ ਅਦਾਲਤ ਲਈ ਪੈਨਲ ਗਠਿਤ ਕਰਦੇ ਸਮੇਂ ਇਹ ਯਕੀਨੀ ਬਣਾਇਆ ਗਿਆ ਕਿ ਹਰ ਪੈਨਲ 'ਚ ਦੋ ਜੱਜ ਤੇ ਬਾਰ ਦੇ ਦੋ ਮੈਂਬਰ ਹੋਣ। ਉਨ੍ਹਾਂ ਕਿਹਾ, 'ਅਜਿਹਾ ਕਰਨ ਦਾ ਮਕਸਦ ਇਸ ਸੰਸਥਾ 'ਤੇ ਵਕੀਲਾਂ ਨੂੰ ਮਾਲਕੀ ਦੇਣਾ ਸੀ ਕਿਉਂਕਿ ਇਹ ਕੋਈ ਅਜਿਹੀ ਸੰਸਥਾ ਨਹੀਂ ਹੈ ਜਿਸ ਨੂੰ ਸਿਰਫ਼ ਜੱਜ ਹੀ ਚਲਾਉਂਦੇ ਹਨ ਅਤੇ ਜੱਜਾਂ ਦੀ, ਜੱਜਾਂ ਲਈ ਤੇ ਜੱਜਾਂ ਵੱਲੋਂ ਚਲਾਈ ਜਾਣ ਵਾਲੀ ਸੰਸਥਾ ਹੈ।'



ਉਨ੍ਹਾਂ ਕਿਹਾ, 'ਅਸੀਂ ਇਕ-ਦੂਜੇ ਤੋਂ ਬਹੁਤ ਕੁਝ ਸਿੱਖਦੇ ਹਾਂ। ਅਸੀਂ ਵਕੀਲਾਂ ਤੋਂ ਸਿੱਖਿਆ ਕਿ ਛੋਟੀ-ਛੋਟੀ ਪ੍ਰਕਿਰਿਆ ਵਾਲੇ ਮਸਲਿਆਂ ਉਤੇ ਉਨ੍ਹਾਂ ਦੀ ਕਿੰਨੀ ਪਕੜ ਹੈ।' ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਬੇਸ਼ੱਕ ਸੁਪਰੀਮ ਕੋਰਟ ਦਿੱਲੀ 'ਚ ਸਥਿਤ ਹੈ ਪਰ ਇਹ ਸਿਰਫ਼ ਦਿੱਲੀ ਦਾ ਸੁਪਰੀਮ ਕੋਰਟ ਨਹੀਂ ਹੈ। ਇਹ ਭਾਰਤ ਦਾ ਸੁਪਰੀਮ ਕੋਰਟ ਹੈ। ਚੰਦਰਚੂੜ ਨੇ ਕਿਹਾ, 'ਲੋਕ ਅਦਾਲਤ ਦਾ ਮਕਸਦ ਲੋਕਾਂ ਦੇ ਘਰਾਂ ਤੱਕ ਨਿਆਂ ਪਹੁੰਚਾਉਣਾ ਅਤੇ ਲੋਕਾਂ ਨੂੰ ਯਕੀਨ ਦਿਵਾਉਣਾ ਹੈ ਕਿ ਅਸੀਂ ਉਨ੍ਹਾਂ ਦੀ ਜ਼ਿੰਦਗੀ 'ਚ ਲਗਾਤਾਰ ਮੌਜੂਦ ਹਾਂ।'

ਉਨ੍ਹਾਂ ਕਿਹਾ, 'ਜਦੋਂ ਤੋਂ ਮੈਂ ਚੀਫ ਜਸਟਿਸ ਦਾ ਅਹੁਦਾ ਸੰਭਾਲਿਆ ਹੈ, ਅਸੀਂ ਪੂਰੇ ਦੇਸ਼ ਤੋਂ ਅਧਿਕਾਰੀਆਂ ਨੂੰ ਰਜਿਸਟਰੀ 'ਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।' ਲੋਕ ਅਦਾਲਤ ਦੌਰਾਨ ਸੁਪਰੀਮ ਕੋਰਟ ਵਿਚ ਵੱਡੀ ਗਿਣਤੀ 'ਚ ਪੈਂਡਿੰਗ ਕੇਸਾਂ ਦੇ ਨਿਬੇੜੇ ਕੀਤੇ ਗਏ।

## ਅਮਰੀਕਾ ਨੂੰ ਪੰਨੂ ਮਾਮਲੇ 'ਚ ਭਾਰਤ ਤੋਂ ਜਵਾਬਦੇਹੀ ਦੀ ਉਮੀਦ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਮੰਤਰਾਲੇ ਦੇ ਉਪ ਤਰਜਮਾਨ ਵੇਦਾਂਤ ਪਟੇਲ ਕਿਹਾ ਕਿ ਪਿਛਲੇ ਸਾਲ ਅਮਰੀਕੀ ਧਰਤੀ 'ਤੇ ਉਨ੍ਹਾਂ ਦੇ ਇਕ ਨਾਗਰਿਕ (ਗੁਰਪਤਵੰਤ ਸਿੰਘ ਪੰਨੂ) ਦੀ ਹੱਤਿਆ ਦੀ ਕੋਸ਼ਿਸ਼ ਮਾਮਲੇ ਵਿਚ ਭਾਰਤ ਦੇ ਇਕ ਸਰਕਾਰੀ ਅਧਿਕਾਰੀ ਦੀ ਕਥਿਤ ਭੂਮਿਕਾ ਦੇ ਸਬੰਧ ਵਿਚ ਉਨ੍ਹਾਂ ਦਾ ਮੁਲਕ ਭਾਰਤ ਤੋਂ ਜਵਾਬਦੇਹੀ ਦੀ ਉਮੀਦ ਕਰਦਾ ਹੈ। ਪਿਛਲੇ ਸਾਲ ਨਵੰਬਰ ਵਿਚ ਅਮਰੀਕੀ ਸੰਘੀ ਵਕੀਲਾਂ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਉਤੇ ਇਕ ਭਾਰਤੀ ਸਰਕਾਰੀ ਅਧਿਕਾਰੀ ਨਾਲ ਮਿਲ ਕੇ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਸੀ। ਪੰਨੂ ਕੋਲ ਅਮਰੀਕਾ ਤੇ ਕੈਨੇਡਾ ਦੋਵਾਂ ਮੁਲਕਾਂ ਦੀ ਨਾਗਰਿਕਤਾ ਹੈ। ਗੁਪਤਾ ਨੂੰ ਪਿਛਲੇ ਸਾਲ ਚੈੱਕ ਗਣਰਾਜ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ 14 ਜੂਨ ਨੂੰ ਅਮਰੀਕਾ ਦੇ ਹਵਾਲੇ ਕਰ ਦਿੱਤਾ ਗਿਆ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਡਾ. ਕੁਲਦੀਪ ਸਿੰਘ ਦੀਪ ਦਾ ਸਨਮਾਨ

**ਕੈਲਗਰੀ:** ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 4 ਅਗਸਤ 2024 ਨੂੰ ਕੋਸੋ ਹਾਲ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਡਾ. ਕੁਲਦੀਪ ਸਿੰਘ ਦੀਪ ਅਤੇ ਡਾ. ਸ਼ੇਰਗਿੱਲ ਦੀ ਪ੍ਰਧਾਨਗੀ ਹੇਠ ਹੋਈ।

ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮੁੱਖ ਮਹਿਮਾਨ ਅਤੇ ਬੁਲਾਰੇ ਡਾ. ਕੁਲਦੀਪ ਸਿੰਘ ਦੀਪ ਬਾਰੇ ਮੁੱਢਲੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਉਮਰ ਦੇ ਵਰ੍ਹਿਆਂ ਤੋਂ ਜ਼ਿਆਦਾ ਕਿਤਾਬਾਂ ਲਿਖੀਆਂ ਹਨ। ਏਨੇ ਥੋੜ੍ਹੇ ਸਮੇਂ 'ਚ ਏਨਾ ਉੱਚ ਕੋਟੀ ਦਾ ਕੰਮ ਕਰਨਾ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। ਸੰਨ 2024 ਵਿਚ ਨੈਨੇ ਬਾਲ ਨਾਟਕ ਲੜੀ 'ਮੈਂ ਜਲ੍ਹਿਆਂਵਾਲਾ ਬਾਗ ਬੋਲਦਾ ਹਾਂ' ਨੂੰ ਭਾਰਤ ਸਾਹਿਤ ਅਕਾਦਮੀ ਦਾ ਬਾਲ ਸਾਹਿਤ ਪੁਰਸਕਾਰ ਮਿਲਿਆ। ਡਾ. ਦੀਪ ਦੇ ਮਾਨਾਂ ਸਨਮਾਨਾਂ ਦੀ ਲਿਸਟ ਬਹੁਤ ਲੰਬੀ ਹੈ। ਡਾ. ਕੁਲਦੀਪ ਸਿੰਘ 'ਦੀਪ' ਦੇ ਬੋਲਣ ਦਾ ਵਿਸ਼ਾ 'ਪੰਜਾਬੀ ਭਾਸ਼ਾ ਦੇ ਵਰਤਮਾਨ ਸਰੋਕਾਰ' ਸੀ।

ਉਨ੍ਹਾਂ ਨੇ ਪ੍ਰਸਿੱਧ ਭਾਸ਼ਾ ਵਿਗਿਆਨੀ ਕੇ. ਡੇਵਿਡ ਹੈਰੀਸਨ ਅਤੇ ਗਣੇਸ਼ ਦੇਵੀ ਦੇ ਹਵਾਲੇ ਨਾਲ ਕਿਹਾ ਕਿ ਭਾਸ਼ਾਈ ਹੀਣਤਾ, ਬਸਤੀਵਾਦੀ ਮਾਨਸਿਕਤਾ ਅਤੇ ਭਾਸ਼ਾਵਾਂ ਵਿਚ ਵਪਾਰ, ਰੁਜ਼ਗਾਰ ਅਤੇ ਸੰਚਾਰ ਦੀਆਂ ਘਟ ਰਹੀਆਂ ਸੰਭਾਵਨਾਵਾਂ ਦੇ ਦੌਰ ਵਿਚ ਦੁਨੀਆ ਦੀਆਂ 7000 ਭਾਸ਼ਾਵਾਂ ਵਿਚੋਂ 2500 ਭਾਸ਼ਾਵਾਂ ਲਈ ਵੱਡੀਆਂ ਚੁਣੌਤੀਆਂ ਹਨ। ਪੰਜਾਬੀ ਭਾਸ਼ਾ ਵੀ ਇਨ੍ਹਾਂ ਚੁਣੌਤੀਆਂ ਦੇ ਰੂਬਰੂ ਹੈ। ਸਾਨੂੰ ਆਪਣੀ ਭਾਸ਼ਾ 'ਤੇ ਪੈ ਰਹੇ ਗਲੋਬਲੀ, ਫਿਰਕੂ, ਤਕਨੀਕੀ ਅਤੇ ਸਿਆਸੀ ਦਬਾਵਾਂ ਨੂੰ ਸਮਝਦਿਆਂ ਨਿੱਜੀ ਅਤੇ ਸਮੂਹਕ ਯਤਨ ਕਰਨੇ ਹੋਣਗੇ। ਇਸ ਵੇਲੇ ਜਿੱਥੇ ਸਰਕਾਰਾਂ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਪੰਜਾਬੀ ਭਾਸ਼ਾ ਨੂੰ ਸੰਚਾਰ, ਵਪਾਰ ਅਤੇ ਰੁਜ਼ਗਾਰ ਦੀ ਭਾਸ਼ਾ ਬਣਾਉਣ, ਉਥੇ ਹੀ ਆਪਣੇ ਆਪ ਨੂੰ ਤਕਨੀਕ ਦੇ ਹਾਣ ਦਾ ਬਣਾ ਕੇ ਭਾਸ਼ਾ ਦੀਆਂ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨ। ਡਾ. ਕੁਲਦੀਪ ਸਿੰਘ 'ਦੀਪ' ਦੇ ਵਿਚਾਰਾਂ, ਸ਼ਬਦਾਂ ਅਤੇ ਬੋਲਣ ਦੇ ਅੰਦਾਜ਼ ਨੇ ਅਜਿਹਾ ਜਾਦੂ ਬਿਖੇਰਿਆ ਕਿ ਸਰੋਤਿਆਂ 'ਚੋਂ ਕਿਸੇ ਦੇ ਸਾਹ ਲੈਣ ਦੀ ਆਵਾਜ਼ ਵੀ ਨਹੀਂ ਸੀ ਆ ਰਹੀ।

ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਡਾ. ਕੁਲਦੀਪ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅਜਿਹਾ ਚੇਤੰਨ ਬੁਲਾਰਾ, ਉੱਚ-ਕੋਟੀ ਦਾ ਨਾਟਕਕਾਰ, ਚਿੰਤਕ ਅਤੇ ਬੁੱਧੀਜੀਵੀ ਹੈ ਜਿਸਨੇ ਆਪਣੀ ਬੁੱਧੀ ਨਾਲ ਭੂਤਕਾਲ ਦੀਆਂ ਕਬਰਾਂ ਕੁਰੇਦ ਕੇ ਹੱਡੀਆਂ ਨੂੰ ਖੰਘਾਲਿਆ ਹੈ, ਸਵਾਹ ਨੂੰ ਛਾਣ ਕੇ ਤੱਤ ਕੱਢੇ ਹਨ ਅਤੇ ਉਨ੍ਹਾਂ ਤੱਤਾਂ ਦੇ ਆਧਾਰ 'ਤੇ ਉਹ ਰਾਜਨੀਤਕ ਅਤੇ ਸਮਾਜਿਕ ਢਾਂਚੇ ਨੂੰ ਅਜਿਹੀ ਗਹਿਰ ਗੰਭੀਰ ਨਿਗਾਹ ਨਾਲ ਵੇਖਦਾ ਭਵਿੱਖ ਲਈ ਚਿੰਤਾਤੁਰ ਹੋ ਜਾਂਦਾ ਹੈ।

ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਡਾ. ਕੁਲਦੀਪ ਸਿੰਘ ਦੀਪ ਦਾ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। 13-14 ਸਾਲ ਦੇ ਮੋਹਕਮ ਸਿੰਘ ਨੇ ਸੁਰਿੰਦਰ ਗੀਤ ਦੀ ਰਚਨਾ ਤਰੰਨਮ 'ਚ ਪੇਸ਼ ਕੀਤੀ। ਸ

ੁਖਮੰਦਰ ਸਿੰਘ ਤੂਰ, ਭੋਲਾ ਸਿੰਘ ਚੌਹਾਨ, ਬਚਿੱਤਰ ਸਿੰਘ ਗਿੱਲ, ਅਨਵਰ ਅਹਿਮਦ, ਮਨਜੀਤ ਬਰਾੜ, ਸੁਖਮੰਦਰ ਸਿੰਘ ਗਿੱਲ, ਬਚਨ ਸਿੰਘ ਗੁਰਮ, ਜਸਵੀਰ ਸਿੰਘ ਸਿਹੋਤਾ, ਡਾ. ਰਾਜਵੰਤ ਕੌਰ 'ਮਾਨ', ਤਰਲੋਕ ਸਿੰਘ ਚੁੱਘ ਨੇ ਆਪੋ ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635





## UMA TRAVELS

2541 W. Devon Ave.,
Chicago, IL 60659

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**



## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



**EARLY BIRD SALE!!!!**

***Etihad, Air India, KLM, Lufthansa, Delta, Qatar Airlines.***

**Domestic fares available**


# Matrimonials

## ਲੜਕੀ ਦੀ ਲੋੜ ਹੈ

Jatt sikh family residing in USA looking for a suitable match for their 24 years 5'11 boy. Caste no bar. He has done his graduation in accounting from Canada and now he is in (Indianapolis) Usa with his family on tourist visa. Family has share in gas station and both brothers are working there. For more information call or Whatsapp to +1 (463) 204-9565 or email Singhkulwinderbb@gmail.com.

32-35

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com

32-35

Inviting a suitable match for a Tonk Kashatria Sikh boy, 1993 born, 5'-8", Software Engineer in the USA. Looking for a well-educated girl working/ studying in the USA. For more Information Please contact (605) 786-5657.

32-35

Arora family seeks a compatible match for their 32 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com

30-33

Ahluwalia family seeks a compatible match for their 37 years, 5'8" handsome turbaned son. Boy has done Post graduate & working as an IT engineer in reputed company near New York. His Green card is under process. IT professional preferred. Please Contact us at +1 3158496562, 91 8860131363 (whatsapp) or Email at: richiewalia@gmail.com 28-31

Khatri Sikh family residing in USA looking for a compatible Sikh match from USA, Canada or India for their US citizen Turbaned son, 1984 born, 5'10", never married, BS & MS (USA), working as an Engineer in North Carolina. Caste no bar. Serious enquiries only. Please contact us with complete details and picture at WhatsApp +1-630-290-1375 or sanjogmatri27@gmail.com

27-30

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773. 25-28

## ਲੜਕੇ ਦੀ ਲੋੜ ਹੈ

Goldsmith/Mair Rathore Rajput family seeks a comparable match from a progressive family for their 27-year-old, 5' 2", daughter. She is MS in Bioinformatics from Indiana University. Required highly qualified boy with good family background and must be green card holder or resident of The US. Age gap should not be more than three years. Please contact with details at abhimanyu.kanda@gmail.com

32-35

Jat Sikh family seeks a suitable match in US/Canada for their amritdhari girl, age 25, height 5'4". Associate of arts and ECEA certificate, currently doing dental receptionist course in Canada. Looking for a well educated amritdhari boy from a sikh family. Please contact us at: (559) 369-6129 or email at apaulsingh1999@gmail.com

32-35

Jat Sikh parents are looking for a suitable match (only from Jat Sikh family) for their beautiful daughter, 1st year medical student in USA, born and raised in USA, 24 years old, 5'.6" tall. Looking for a turbaned match from medical field, born and raised in USA. For more information Please contact at 262-443-9849 or E-mail: my email is caprisingh8@yahoo.com

32-35

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ।

27-30

# ਅਕਾਲੀ ਦਲ ਦੀ ਨਵੀਂ 23 ਮੈਂਬਰੀ ਕੋਰ ਕਮੇਟੀ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 23 ਮੈਂਬਰੀ ਨਵੀਂ ਕੋਰ ਕਮੇਟੀ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਰਕਿੰਗ ਕਮੇਟੀ ਨੇ ਮਤਾ ਪਾਸ ਕਰਕੇ ਕੋਰ ਕਮੇਟੀ ਦੇ ਪੁਨਰਗਠਨ ਦੇ ਅਧਿਕਾਰ ਦਿੱਤੇ ਸਨ। ਇਸ ਤੋਂ ਪਹਿਲਾਂ ਪਾਰਟੀ 'ਚ ਬਗ਼ਾਵਤੀ ਸੁਰਾਂ ਉਭਰਨ ਮਗਰੋਂ ਸੁਖਬੀਰ ਬਾਦਲ ਨੇ 23 ਜੁਲਾਈ ਨੂੰ ਕੋਰ ਕਮੇਟੀ ਭੰਗ ਕਰ ਦਿੱਤੀ ਸੀ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਵਿਚ 4 ਐਕਸ ਆਫੀਸ਼ੀਓ ਮੈਂਬਰ ਵਿਸ਼ੇਸ਼ ਇਨਵਾਇਟੀ ਵਜੋਂ ਸ਼ਾਮਲ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਨਵੀਂ ਕੋਰ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਣੇ ਹੋਰ ਕਈ ਆਗੂਆਂ ਨੂੰ ਸ਼ਾਮਲ ਕੀਤਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵੀਂ ਕੋਰ ਕਮੇਟੀ ਦੇ



ਮੈਂਬਰਾਂ ਵਿਚ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ, ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਬਿਕਰਮ ਸਿੰਘ ਮਜੀਠੀਆ, ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਸੋਹਣ ਸਿੰਘ ਠੰਡਲ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਇਕਬਾਲ ਸਿੰਘ ਝੂੰਦਾ, ਪ੍ਰੋ. ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਡਾ. ਸੁਖਵਿੰਦਰ ਸੁੱਖੀ, ਲਖਬੀਰ ਸਿੰਘ ਲੋਧੀਨੰਗਲ, ਐਨਕੇ ਸ਼ਰਮਾ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ, ਬਲਦੇਵ ਸਿੰਘ ਖਹਿਰਾ ਅਤੇ ਉਹ ਖੁਦ ਸ਼ਾਮਲ ਹਨ।

ਡਾ. ਚੀਮਾ ਨੇ ਕਿਹਾ ਕਿ ਕਮੇਟੀ ਦੇ ਐਕਸ ਆਫੀਸ਼ੀਓ ਮੈਂਬਰ ਵਜੋਂ ਸੰਸਦ ਵਿਚ ਪਾਰਟੀ ਦੇ ਆਗੂ, ਯੂਥ ਅਕਾਲੀ ਦਲ ਦੇ ਪ੍ਰਧਾਨ, ਇਸਤਰੀ ਅਕਾਲੀ ਦਲ ਦੇ ਪ੍ਰਧਾਨ ਅਤੇ ਲੀਗਲ ਸੈੱਲ ਦੇ ਪ੍ਰਧਾਨ ਨੂੰ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 23 ਜੁਲਾਈ ਨੂੰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗ ਮਗਰੋਂ ਪਾਰਟੀ ਦੀ ਕੋਰ ਕਮੇਟੀ ਨੂੰ ਭੰਗ ਕਰ ਦਿੱਤਾ ਸੀ।

## ਡੇਰਾ ਮੁਖੀ ਖਿਲਾਫ ਅਦਾਲਤੀ ਉਲੰਘਣਾ ਦਾ ਕੇਸ ਦਰਜ ਕਰਨ ਦੀ ਮੰਗ

**ਰਈਆ:** ਪੰਜਾਬ ਹਰਿਆਣਾ ਹਾਈ ਕੋਰਟ 'ਚ ਸੁਣਵਾਈ ਅਧੀਨ ਕੇਸ ਵਿਚ ਹੁਕਮਾਂ ਦੀ ਉਲੰਘਣਾ ਕਰਨ 'ਤੇ ਸਬ-ਡਿਵੀਜ਼ਨ ਬਾਬਾ ਬਕਾਲਾ ਵਿਚ ਪੈਂਦੇ ਧਾਰਮਿਕ ਡੇਰੇ ਦੇ ਮੁਖੀ ਅਤੇ ਉਸ ਦੇ ਹੋਰ ਸਾਥੀਆਂ ਖ਼ਿਲਾਫ਼ ਕੇਸ ਦਰਜ ਕਰਨ ਲਈ ਲੋਕ ਇਨਸਾਫ਼ ਵੈੱਲਫੇਅਰ ਸੁਸਾਇਟੀ ਨੇ ਵੱਖ-ਵੱਖ ਵਿਭਾਗਾਂ ਨੂੰ ਪੱਤਰ ਭੇਜੇ ਹਨ। ਲੋਕ ਇਨਸਾਫ਼ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਦੱਸਿਆ ਕਿ ਇੱਥੇ ਸਥਿਤ ਇਕ ਧਾਰਮਿਕ ਡੇਰੇ ਵੱਲੋਂ ਦਰਿਆ ਬਿਆਸ ਦੇ ਕੁਦਰਤੀ ਵਹਾਅ ਨੂੰ ਕਈ ਸਾਲਾਂ ਤੋਂ ਲਗਾਤਾਰ ਬਦਲਿਆ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਹੁੰਚ ਕੀਤੀ ਗਈ ਤਾਂ ਹਾਈ ਕੋਰਟ ਨੇ 30 ਮਈ ਨੂੰ ਹੁਕਮ ਜਾਰੀ ਕਰ ਕੇ ਸਾਰੀਆਂ ਸਬੰਧਤ ਧਿਰਾਂ ਤੋਂ ਜਵਾਬ-ਤਲਬੀ ਕੀਤੀ ਅਤੇ ਦਰਿਆ ਨਾਲ ਛੇੜਛਾੜ ਕਰਨ 'ਤੇ ਸਖ਼ਤ ਰੋਕ ਲਾਈ ਸੀ ਪਰ ਡੇਰੇ ਵੱਲੋਂ ਹਾਲੇ ਵੀ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

# ਸੁਖਬੀਰ ਕਾਰਨ ਅਕਾਲੀ ਦਲ ਕਮਜ਼ੋਰ ਹੋਇਆ: ਢੀਂਡਸਾ

**ਲੌਂਗੋਵਾਲ:** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਸਮਾਗਮ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਦੀ ਅਗਵਾਈ ਹੇਠ ਇੱਥੇ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਵਿਚ ਅਕਾਲੀ ਵਰਕਰਾਂ ਦੀ ਮੀਟਿੰਗ ਹੋਈ।

ਇਸ ਮੌਕੇ ਸੁਧਾਰ ਲਹਿਰ ਦੇ ਆਗੂ ਤੇ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਪੰਥਕ ਤੇ ਸਿੱਖ ਸਿਧਾਂਤਾਂ 'ਤੇ ਅਮਲ ਕਰਨ ਵਾਲੇ ਆਗੂ ਸਨ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਕਾਲੀ ਅਸੂਲਾਂ, ਸਿੱਖ ਸਿਧਾਂਤਾਂ ਤੇ ਰਵਾਇਤਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਜ਼ਿੰਮੇਵਾਰੀ



ਸਹੀ ਢੰਗ ਨਾਲ ਨਹੀਂ ਨਿਭਾਅ ਸਕੇ। ਉਨ੍ਹਾਂ ਦੀ ਅਣਗਹਿਲੀ ਕਾਰਨ ਅਕਾਲੀ ਦਲ ਦਿਨੋਂ-ਦਿਨ ਕਮਜ਼ੋਰ ਹੁੰਦਾ ਗਿਆ। ਪੰਜਾਬ ਦੇ ਅਕਾਲੀ ਸੋਚ ਵਾਲੇ ਲੋਕ ਅੱਜ ਵੀ ਪੰਥ ਤੇ ਪੰਜਾਬ ਦੀ ਸ਼ਾਨ ਲਈ ਸੇਵਾ ਕਰਨ ਦੇ ਇੱਛੁਕ ਹਨ।

ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਪੰਥ ਤੇ ਪੰਜਾਬ ਨੂੰ ਜਲਦੀ ਹੀ ਇਕ ਅਜਿਹੀ ਲੀਡਰਸ਼ਿਪ ਦੇਵੇਗੀ ਜੋ ਸਿੱਖ ਸਿਆਸਤ ਅੰਦਰ ਸਾਰਿਆਂ ਦਾ ਵਿਸ਼ਵਾਸ ਮੋੜ ਲਿਆਵੇਗੀ। ਉਨ੍ਹਾਂ ਦੱਸਿਆ ਕਿ ਸੰਤ ਲੌਂਗੋਵਾਲ ਦੀ ਬਰਸੀ 20 ਅਗਸਤ ਨੂੰ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਵਿਚ ਮਨਾਈ ਜਾਵੇਗੀ। ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਸ਼ੁਰੂ ਕਰਨ ਨਾਲ ਅਕਾਲੀ ਸੋਚ ਵਾਲੇ ਲੋਕਾਂ ਦਾ ਉਤਸ਼ਾਹ ਵਧਿਆ ਹੈ।

# ਨਵੇਂ ਫੌਜਦਾਰੀ ਕਾਨੂੰਨਾਂ ਖਿਲਾਫ ਰੋਸ ਮੁਜ਼ਾਹਰਿਆਂ ਦਾ ਐਲਾਨ

**ਬਰਨਾਲਾ:** ਸੂਬੇ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ ਵੱਲੋਂ ਇੱਥੇ ਤਰਕਸ਼ੀਲ ਭਵਨ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਸਾਂਝੀ ਸੂਬਾ ਪੱਧਰੀ ਮੀਟਿੰਗ ਕੀਤੀ ਗਈ। ਮਜ਼ਦੂਰ ਆਗੂ ਲਛਮਣ ਸਿੰਘ ਸੇਵੇਵਾਲਾ ਨੇ ਦੱਸਿਆ ਕਿ ਮੀਟਿੰਗ ਵਿਚ 15 ਅਗਸਤ ਨੂੰ ਪੰਜਾਬ ਦੀਆਂ ਲੋਕ ਜਥੇਬੰਦੀਆਂ ਵੱਲੋਂ ਨਵੇਂ ਫ਼ੌਜਦਾਰੀ ਕਾਨੂੰਨਾਂ ਖ਼ਿਲਾਫ਼ ਪੰਜਾਬ ਭਰ 'ਚ ਰੋਸ ਮੁਜ਼ਾਹਰੇ ਕਰਨ ਦਾ ਫ਼ੈਸਲਾ ਲਿਆ ਗਿਆ।

ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਜ਼ਿਲ੍ਹਾ/ਤਹਿਸੀਲ ਕੇਂਦਰਾਂ 'ਤੇ ਮਿਹਨਤਕਸ਼ ਵਰਗ ਸਾਂਝੇ ਰੋਸ ਮੁਜ਼ਾਹਰੇ ਕਰਨਗੇ ਅਤੇ ਨਵੇਂ ਫ਼ੌਜਦਾਰੀ ਕਾਨੂੰਨਾਂ ਸਮੇਤ ਸਾਰੇ ਲੋਕ ਵਿਰੋਧੀ ਕਾਨੂੰਨ ਰੱਦ ਕਰਨ, ਇਨ੍ਹਾਂ ਕਾਨੂੰਨਾਂ ਤਹਿਤ ਗ੍ਰਿਫ਼ਤਾਰ ਬੁੱਧੀਜੀਵੀ ਤੇ ਜਮਹੂਰੀ ਹੱਕਾਂ ਦੇ ਕਾਰਕੁਨ ਤੁਰਤ ਰਿਹਾਅ ਕਰਨ, ਅਰੁੰਧਤੀ ਰਾਏ ਤੇ ਪ੍ਰੋ. ਸ਼ੌਕਤ ਹੁਸੈਨ ਖ਼ਿਲਾਫ਼ ਕੇਸ ਚਲਾਉਣ ਦਾ ਫ਼ੈਸਲਾ ਰੱਦ ਕਰਨ, ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਕੈਦੀ ਫੌਰੀ ਰਿਹਾਅ ਕਰਨ, ਸਾਮਰਾਜੀ ਮੁਲਕਾਂ ਨਾਲ ਕੀਤੀਆਂ ਸਾਰੀਆਂ ਦੇਸ਼ ਧ੍ਰੋਹੀ ਸੰਧੀਆਂ ਰੱਦ ਕਰਨ, ਸੰਸਾਰ ਵਪਾਰ ਸੰਸਥਾ ਸਮੇਤ ਸਾਰੀਆਂ ਸਾਮਰਾਜੀ ਸੰਸਥਾਵਾਂ ਤੋਂ ਬਾਹਰ ਆਉਣ ਅਤੇ ਨਵੀਆਂ ਆਰਥਿਕ ਨੀਤੀਆਂ ਰੱਦ ਕਰਨ ਦੀ ਮੰਗ ਕੀਤੀ ਜਾਵੇਗੀ। ਆਗੂਆਂ ਨੇ ਇਨਸਾਫ਼ ਪਸੰਦ ਜਥੇਬੰਦੀਆਂ ਨੂੰ ਇਸ ਸਾਂਝੇ ਐਕਸ਼ਨ ਪ੍ਰੋਗਰਾਮ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਝੋਨੇ ਦੀ ਸਿੱਧੀ ਬਿਜਾਈ ਅਧੀਨ ਰਕਬਾ ਵਧਿਆ

**ਚੰਡੀਗੜ੍ਹ:** ਪੰਜਾਬ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਸੂਬਾ ਸਰਕਾਰ ਦੀ ਜਾਗਰੂਕਤਾ ਮੁਹਿੰਮ ਨੂੰ ਵੱਡਾ ਹੁਲਾਰਾ ਮਿਲ ਰਿਹਾ ਹੈ ਜਿਸ ਦੇ ਚੱਲਦਿਆਂ ਸੂਬੇ ਵਿਚ ਅੱਧੇ ਸਾਉਣੀ ਸੀਜ਼ਨ ਵਿਚ ਹੀ ਪਿਛਲੇ ਸਾਲ ਸਮੁੱਚੇ ਸੀਜ਼ਨ ਨਾਲੋਂ ਝੋਨੇ ਦੀ ਸਿੱਧੀ ਬਿਜਾਈ ਦੇ ਰਕਬੇ ਵਿਚ 44 ਫ਼ੀਸਦ ਦਾ ਵਾਧਾ ਹੋ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਉਣੀ ਸੀਜ਼ਨ ਵਿਚ 2.48 ਲੱਖ ਏਕੜ ਰਕਬੇ 'ਚ ਸਿੱਧੀ ਬਿਜਾਈ ਹੋ ਚੁੱਕੀ ਹੈ, ਜੋ ਕਿ ਪਿਛਲੇ ਸਾਲ 1.72 ਲੱਖ ਏਕੜ ਸੀ। ਖੇਤੀਬਾੜੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਈ ਕਰਨ ਵਿਚ ਮੁਕਤਸਰ ਸਾਹਿਬ ਜ਼ਿਲ੍ਹਾ ਮੋਹਰੀ ਰਿਹਾ ਹੈ। ਇੱਥੇ ਮਿਸਾਲੀ 78,468 ਏਕੜ ਰਕਬੇ ਵਿਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਹੈ। ਇਸ ਤੋਂ ਬਾਅਦ ਫਾਜ਼ਿਲਕਾ ਵਿਚ 75,824 ਏਕੜ, ਅੰਮ੍ਰਿਤਸਰ ਵਿਚ 17,913 ਏਕੜ, ਫਿਰੋਜ਼ਪੁਰ ਵਿਚ 17,644 ਏਕੜ ਅਤੇ ਬਠਿੰਡਾ ਵਿਚ 12,760 ਏਕੜ ਰਕਬੇ ਹੇਠ ਝੋਨੇ



ਦੀ ਸਿੱਧੀ ਬਿਜਾਈ ਹੋਈ ਹੈ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ ਕੱਦੂ ਕਰ ਕੇ ਝੋਨੇ ਦੀ ਲੁਆਈ ਵਾਲੇ ਰਵਾਇਤੀ ਢੰਗ ਦੀ ਥਾਂ ਡੀ.ਐਸ.ਆਰ. ਤਕਨੀਕ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ ਡੀ.ਐਸ.ਆਰ. ਤਕਨੀਕ ਬਾਰੇ ਉਤਸ਼ਾਹਿਤ ਕਰਨ ਲਈ 1500 ਰੁਪਏ ਪ੍ਰਤੀ ਏਕੜ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

# ਸੁਖਬੀਰ ਬਾਦਲ ਤੇ ਬਾਗੀ ਧੜਾ ਆਪਣਾ ਪੰਜਾਬ ਏਜੰਡਾ ਸਪਸ਼ਟ ਕਰਨ: ਮਾਨ

**ਫ਼ਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਜਦੋਂ ਪੰਜਾਬ ਵਿਚ ਗੁਰਨਾਮ ਸਿੰਘ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੂੰ ਹਟਾਉਣ ਉਪਰੰਤ ਬਾਦਲ ਸਾਹਿਬ ਨੇ ਪਹਿਲੀ ਵਾਰ ਪੰਜਾਬ ਵਿਚ ਆਪਣੀ ਵਜ਼ਾਰਤ ਬਣਾਈ ਸੀ।

ਸ੍ਰੀ ਬਾਦਲ ਨੇ ਐਲਾਨ ਕੀਤਾ ਸੀ ਕਿ ਪੰਜਾਬ ਨੂੰ ਕੈਲੀਫੋਰਨੀਆ ਬਣਾ ਦੇਵਾਂਗੇ, ਜਦੋਂਕਿ ਉਸ ਸਮੇਂ ਅਤੇ ਉਸ ਤੋਂ ਬਾਅਦ ਤੱਕ ਅੱਜ ਦਾ ਪੰਜਾਬ ਬਿਹਾਰ ਅਤੇ ਉੜੀਸਾ ਵਰਗਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਜਾਂ ਬਾਗੀ ਦਲ ਦੇ ਆਗੂ ਆਪਣੇ ਸਿਆਸੀ ਅਤੇ ਮਾਲੀ ਫਾਇਦਿਆਂ ਵਿਚ ਹੀ ਉਲਝੇ ਹੋਏ ਹਨ। ਉਨ੍ਹਾਂ ਕਿਹਾ ਕਿ ਇਹ ਆਗੂ ਸਮੁੱਚੇ ਪੰਜਾਬੀਆਂ ਅਤੇ ਸਿੱਖ ਕੌਮ ਨੂੰ ਆਪਣੀ ਪਾਲਸੀ ਦੀ ਜਾਣਕਾਰੀ ਦੇਣ ਕਿ ਉਨ੍ਹਾਂ ਦਾ ਸੂਬੇ ਅਤੇ ਸਿੱਖ ਕੌਮ ਪ੍ਰਤੀ ਏਜੰਡਾ ਕੀ ਹੈ। ਉਨ੍ਹਾਂ ਕਿਹਾ ਕਿ ਬਾਦਲ ਅਤੇ ਬਾਗੀ ਦੋਵੇਂ ਧੜਿਆਂ ਦਾ ਕੋਈ ਨਿਸ਼ਾਨਾ ਜਾਂ ਏਜੰਡਾ ਨਹੀਂ ਹੈ, ਇਸ ਲਈ ਇਨ੍ਹਾਂ ਨੂੰ ਸਿਆਸੀ ਆਗੂ



ਕਹਾਉਣ ਦਾ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਸਬੰਧਤ ਸਭ ਆਗੂਆਂ ਅਤੇ ਪਾਰਟੀਆਂ ਨੂੰ ਪੰਜਾਬੀਆਂ ਅਤੇ ਸਿੱਖ ਕੌਮ ਦੇ ਏਜੰਡੇ 'ਤੇ ਪਹਿਰਾ ਦੇਣ ਦੀ ਸਖ਼ਤ ਲੋੜ ਹੈ।

ਉਨ੍ਹਾਂ ਕਿਹਾ ਕਿ ਦੁੱਖ ਵਾਲੀ ਗੱਲ ਹੈ ਕਿ 1984 ਵਿਚ ਹੋਏ ਨੀਲਾ ਸਾਕਾ ਤਾਰਾ ਦੇ ਹਮਲੇ ਦਾ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਇਸੇ ਤਰ੍ਹਾਂ ਜੋ ਰਾਜੀਵ ਗਾਂਧੀ ਹਕੂਮਤ ਵੇਲੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਸ ਦਾ ਵੀ ਕੋਈ ਇਨਸਾਫ਼ ਨਹੀਂ ਮਿਲਿਆ।

## ਧਰਮ ਯੁੱਧ ਮੋਰਚੇ ਵਿਚ ਅਕਾਲੀ ਦਲ ਦੀ ਕਾਰਗੁਜ਼ਾਰੀ ਨੂੰ ਯਾਦ ਕੀਤਾ

**ਅੰਮ੍ਰਿਤਸਰ:** ਅੰਦਰੂਨੀ ਸੰਕਟ ਨਾਲ ਜੂਝ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁੱਧ ਮੋਰਚੇ ਵਿਚ ਪਾਰਟੀ ਦੀ ਕਾਰਗੁਜ਼ਾਰੀ ਅਤੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਸ ਦਿਨ ਦਿੱਤੀ ਗਈ ਗ੍ਰਿਫਤਾਰੀ ਨੂੰ ਯਾਦ ਕੀਤਾ।

ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਪਾਰਟੀ ਦੇ ਵੱਡੇ ਅੰਦਰੂਨੀ ਸੰਕਟ ਨਾਲ ਜੂਝ ਰਿਹਾ ਹੈ। ਲੀਡਰਸ਼ਿਪ ਬਦਲਾਅ ਦੀ ਮੰਗ ਨੂੰ ਲੈ ਕੇ ਪਾਰਟੀ ਦੋਫਾੜ ਹੋ ਚੁੱਕੀ ਹੈ। ਅਜਿਹੇ ਸੰਕਟ ਦੇ ਸਮੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਪੰਜਾਬ ਦੇ ਹਿੱਤਾਂ ਲਈ ਕੀਤੀਆਂ ਗਈਆਂ ਕੁਰਬਾਨੀਆਂ ਨੂੰ 'ਐਕਸ' ਉੱਤੇ ਯਾਦ ਕੀਤਾ ਗਿਆ। ਪੋਸਟ ਵਿਚ ਕਿਹਾ ਗਿਆ ਕਿ ਧਰਮ ਯੁੱਧ ਮੋਰਚੇ ਵਿਚ ਪਾਰਟੀ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਮੋਰਚੇ ਦਾ ਮੁੱਖ ਮਕਸਦ ਆਨੰਦਪੁਰ ਸਾਹਿਬ ਮਤੇ ਦੀਆਂ ਮੰਗਾਂ ਦੇ ਆਧਾਰ 'ਤੇ ਪੰਥ ਅਤੇ ਪੰਜਾਬ ਨੂੰ ਉਸ ਦੇ ਹੱਕ ਦਿਵਾਉਣਾ ਸੀ। ਲਗਭਗ ਦੋ ਸਾਲ ਚੱਲੇ ਇਸ ਮੋਰਚੇ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਦੇ ਦਿਨ 4 ਅਗਸਤ 1982 ਨੂੰ ਪਹਿਲਾ ਜਥਾ ਲੈ ਕੇ ਹਕੂਮਤ ਦੀ ਵਧੀਕੀ ਦੇ ਵਿਰੋਧ ਵਿਚ ਗ੍ਰਿਫਤਾਰੀ ਦਿੱਤੀ ਸੀ। ਉਸ ਵੇਲੇ ਹੋਰ ਅਕਾਲੀਆਂ ਨੇ ਵੀ ਗ੍ਰਿਫਤਾਰੀਆਂ ਤੇ ਕੁਰਬਾਨੀਆਂ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਨ੍ਹਾਂ ਸਾਰੇ ਸਿੰਘਾਂ-ਸਿੰਘਣੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਜ਼ਿਕਰਯੋਗ ਹੈ ਕਿ ਇਸ ਵੇਲੇ ਪਾਰਟੀ ਅੰਦਰ ਚੱਲ ਰਹੇ ਅੰਦਰੂਨੀ ਸੰਕਟ ਦਾ ਮਾਮਲਾ ਅਕਾਲ ਤਖ਼ਤ 'ਤੇ ਵਿਚਾਰ ਅਧੀਨ ਹੈ। ਇਸ ਮਾਮਲੇ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਵੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਹ ਮਾਮਲਾ ਗੰਭੀਰਤਾ ਨਾਲ ਵਿਚਾਰਨ ਦੀ ਅਪੀਲ ਕੀਤੀ ਜਾ ਰਹੀ ਹੈ।

# ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਦਾ ਹੋਵੇਗਾ: ਭਗਵੰਤ ਮਾਨ

**ਪਿਹੋਵਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਥੇ ਅਨਾਜ ਮੰਡੀ ਵਿਚ ਪਰਿਵਰਤਨ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਤੱਕ ਹਰਿਆਣਾ ਨੇ ਸਾਰੀਆਂ ਪਾਰਟੀਆਂ ਨੂੰ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਹੈ, ਪਰ ਸਾਰੀਆਂ ਪਾਰਟੀਆਂ ਨੇ ਆਮ ਵਰਗ ਦੀ ਰੱਜ ਕੇ ਲੁੱਟ ਕੀਤੀ।

ਰਸੋਈ ਗੈਸ ਅਤੇ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਿਚ ਬੇਹਿਸਾਬ ਵਾਧਾ ਕਰਕੇ ਬਾਅਦ ਵਿਚ ਉਨ੍ਹਾਂ ਨੂੰ ਮਾਮੂਲੀ ਜਿਹਾ ਘਟਾ ਦਿੱਤਾ ਜਾਂਦਾ ਹੈ। ਲੋਕਾਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮਹਿੰਗਾਈ ਘਟ ਰਹੀ ਹੈ। ਕਾਂਗਰਸ ਅਤੇ ਭਾਜਪਾ ਦੋਵੇਂ ਸ਼ੁਰੂ ਤੋਂ ਹੀ ਇਸ ਤਰ੍ਹਾਂ ਖੇਡ ਰਹੀਆਂ ਹਨ ਪਰ ਹੁਣ ਲੋਕ ਉਨ੍ਹਾਂ ਦੀਆਂ ਨੀਤੀਆਂ ਸਮਝ ਚੁੱਕੇ ਹਨ। ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ 2022 'ਚ ਮੌਕਾ ਮਿਲਿਆ ਜਿਸ ਤੋਂ ਬਾਅਦ ਭ੍ਰਿਸ਼ਟਾਚਾਰ ਫੈਲਾਉਣ ਵਾਲੇ ਬਹੁਤੇ ਆਗੂ ਜੇਲ੍ਹ ਵਿਚ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ 43 ਹਜ਼ਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਖਰਚੇ ਅਤੇ ਬਿਨਾਂ ਕਿਸੇ ਪਰਚੀ ਦੇ ਨੌਕਰੀਆਂ ਦਿੱਤੀਆਂ ਹਨ। ਦੂਜੇ ਪਾਸੇ ਹਰਿਆਣਾ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਬਜਾਏ ਯੂਕਰੇਨ ਵਰਗੇ ਦੇਸ਼ਾਂ ਵਿਚ ਜਾ ਕੇ ਜੰਗਾਂ ਵਿਚ ਸ਼ਾਮਲ ਹੋਣ ਦੀ ਸਲਾਹ



ਦੇ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ 2022 ਤੋਂ ਹੁਣ ਤੱਕ ਪੰਜਾਬ ਵਿਚ 847 ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ। ਉਨ੍ਹਾਂ ਕਿਹਾ ਕਿ ਜੇ ਆਗੂਆਂ ਦੀ ਸੋਚ ਸਹੀ ਹੋਵੇ ਤਾਂ ਦੇਸ਼ ਨੂੰ ਤਰੱਕੀ ਕਰਨ ਤੋਂ ਕੋਈ ਨਹੀਂ ਰੋਕ ਸਕਦਾ।

ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸ ਵਿਚ ਫਸਾਉਣ ਲਈ ਰਲ ਕੇ ਕੰਮ ਕੀਤਾ ਹੈ ਪਰ ਕੇਜਰੀਵਾਲ ਨੇ ਨਾਮ ਦੀ ਨਹੀਂ, ਸਗੋਂ ਕੰਮ ਦੀ ਰਾਜਨੀਤੀ ਕੀਤੀ ਹੈ। ਜੇ ਦਿੱਲੀ ਦੇ ਸਕੂਲਾਂ ਅਤੇ ਹਸਪਤਾਲਾਂ ਦਾ ਹਰਿਆਣਾ ਦੇ ਹਸਪਤਾਲਾਂ ਤੇ ਸਕੂਲਾਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇੱਥੋਂ ਦੇ ਸਕੂਲ ਅਤੇ ਹਸਪਤਾਲ ਕਿਤੇ ਵੀ ਨਹੀਂ ਟਿਕਦੇ।

# ਸੁਖਬੀਰ ਧੜੇ ਨੇ ਅਕਾਲੀ ਦਲ ਦੇ ਸਰਪ੍ਰਸਤ ਨੂੰ ਹੀ ਪਾਰਟੀ 'ਚੋਂ ਬਾਹਰ ਕੱਢਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਨੇ ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਇਹ ਫੈਸਲਾ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਰਣੀਕੇ ਵੀ ਮੌਜੂਦ ਸਨ। ਕਮੇਟੀ ਨੇ ਢੀਂਡਸਾ 'ਤੇ ਪਾਰਟੀ ਨੂੰ ਕਮਜ਼ੋਰ ਕਰਨ ਅਤੇ ਵੰਡਣ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ ਹਨ।



ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਆਪਣੇ ਅਹੁਦੇ ਦੀ ਮਰਿਆਦਾ ਕਾਇਮ ਨਹੀਂ ਰੱਖ ਸਕੇ।

ਇਧਰ, ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਵਿਚੋਂ ਕੱਢਣ ਦਾ ਫ਼ੈਸਲਾ ਗੈਰ-ਸੰਵਿਧਾਨਿਕ ਅਤੇ ਰਵਾਇਤਾਂ ਤੋਂ ਉਲਟ ਕਰਾਰ ਦਿੱਤਾ ਹੈ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਬਲਦੇਵ ਸਿੰਘ ਮਾਨ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਸੁਰਜੀਤ ਸਿੰਘ ਰੱਖੜਾ ਅਤੇ ਗਗਨਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਪਾਰਟੀ ਦੇ ਸੰਵਿਧਾਨ 'ਚ ਸਿਰਫ਼ ਵਰਕਿੰਗ ਕਮੇਟੀ ਤੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਤੋਂ ਬਿਨਾਂ ਕਿਸੇ ਹੋਰ ਕਮੇਟੀ ਦੀ ਵਿਵਸਥਾ ਹੀ ਨਹੀਂ ਹੈ।

ਉਨ੍ਹਾਂ ਕਿਹਾ ਕਿ ਜਦੋਂ ਕਥਿਤ ਅਨੁਸ਼ਾਸਨੀ ਕਮੇਟੀ ਖੁਦ ਹੀ ਗੈਰ-ਸੰਵਿਧਾਨਕ ਹੈ ਤਾਂ ਉਸ ਵੱਲੋਂ ਲਿਆ ਗਿਆ ਫ਼ੈਸਲਾ ਸੰਵਿਧਾਨਕ ਕਿਵੇਂ ਹੋ ਸਕਦਾ ਹੈ? ਮਹੇਸ਼ਇੰਦਰ ਸਿੰਘ ਗਰੇਵਾਲ ਵੱਲੋਂ ਪਾਰਟੀ ਦੇ 'ਸਰਪਲੱਸ' ਹੋ ਚੁੱਕੇ ਆਗੂ ਨੂੰ 'ਸਰਪ੍ਰਸਤ' ਦਾ ਆਨਰੇਰੀ ਅਹੁਦਾ ਦੇਣ ਦੇ ਦਿੱਤੇ ਤਰਕ ਨੂੰ ਥੋਥਾ ਕਰਾਰ ਦਿੰਦਿਆਂ ਅਕਾਲੀ ਆਗੂਆਂ ਨੇ ਪੁੱਛਿਆ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਸਰਪ੍ਰਸਤ ਬਣਾਉਣ ਤੋਂ ਬਾਅਦ ਵੀ ਮੁੱਖ ਮੰਤਰੀ ਕਿਉਂ ਬਣਾ ਕੇ ਰੱਖਿਆ ਗਿਆ ਸੀ ਅਤੇ ਉਹ ਲਗਭਗ 15 ਸਾਲ ਪਾਰਟੀ ਦੇ ਸਰਪ੍ਰਸਤ ਵਜੋਂ ਅਸਲ ਮੁਖੀ ਕਿਵੇਂ ਬਣੇ ਰਹੇ ਸਨ?

## 'ਡੇਰਾ ਮੁਖੀ ਖਿਲਾਫ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਮਿਲੇ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਬੰਸ ਸਿੰਘ ਰੋਮਾਣਾ ਨੇ ਮੰਗ ਕੀਤੀ ਕਿ 'ਆਪ' ਸਰਕਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਧਾਰਾ 295 ਏ ਤਹਿਤ ਮੁਕੱਦਮਾ ਚਲਾਉਣ ਦੀ ਤੁਰਤ ਪ੍ਰਵਾਨਗੀ ਦੇਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਹੁਕਮ ਦੇਣ ਲਈ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਤਰ੍ਹਾਂ ਪਰਦੀਪ ਕਲੇਰ ਖ਼ਿਲਾਫ਼ ਦਰਜ ਦੋ ਪੈਂਡਿੰਗ ਕੇਸਾਂ ਵਿਚ ਉਸ ਦੀ ਗ੍ਰਿਫ਼ਤਾਰੀ ਕੀਤੀ ਜਾਵੇ। ਪਰਮਬੰਸ ਸਿੰਘ ਰੋਮਾਣਾ ਨੇ ਇਥੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੱਸਣ ਕਿ ਕਿਸ ਸੌਦੇ ਤਹਿਤ ਉਹ ਪਿਛਲੇ ਦੋ ਤੋਂ ਵੱਧ ਸਾਲਾਂ ਤੋਂ ਰਾਮ ਰਹੀਮ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਲਟਕਾ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਵੀ ਪਿਛਲੀ ਕਾਂਗਰਸ ਸਰਕਾਰ ਦੇ ਰਾਹ ਚੱਲ ਰਹੇ ਹਨ।

# ਸੁਖਬੀਰ ਦੇ ਫੈਸਲਿਆਂ ਨੇ ਦਲ ਨੂੰ ਸੰਕਟ 'ਚ ਧੱਕਿਆ: ਬਲਦੇਵ ਸਿੰਘ ਮਾਨ



**ਭਵਾਨੀਗੜ੍ਹ:** ਇੱਥੋਂ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਰਸੀ ਸਮਾਗਮ ਦੀ ਤਿਆਰੀ ਲਈ ਰੱਖੀ ਵਰਕਰ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਧੜੇ ਦੇ ਸੀਨੀਅਰ ਆਗੂਆਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਤਾਨਾਸ਼ਾਹੀ ਫ਼ੈਸਲਿਆਂ ਖ਼ਿਲਾਫ਼ ਸਾਰੇ ਆਗੂਆਂ ਤੇ ਵਰਕਰਾਂ ਨੂੰ ਇਕਜੁੱਟਤਾ ਨਾਲ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।

ਸਾਬਕਾ ਕੈਬਨਿਟ ਮੰਤਰੀ ਬਲਦੇਵ ਸਿੰਘ ਮਾਨ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਗਗਨਦੀਪ ਸਿੰਘ ਬਰਨਾਲ ਅਤੇ ਰਣਧੀਰ ਸਿੰਘ ਰੱਖੜਾ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਤਿਆਗ ਅਤੇ ਨਿਮਰਤਾ ਨਾਲ ਪਾਰਟੀ ਨੂੰ ਮਜ਼ਬੂਤ ਕੀਤਾ ਜਦਕਿ ਮੌਜੂਦਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਾਨਾਸ਼ਾਹੀ ਅਤੇ ਗੈਰਸੰਵਿਧਾਨਕ ਢੰਗ ਨਾਲ ਸੀਨੀਅਰ ਆਗੂਆਂ ਨੂੰ ਪਾਰਟੀ 'ਚੋਂ ਕੱਢਣ ਦੇ ਫ਼ੈਸਲੇ ਲੈ ਕੇ ਪਾਰਟੀ ਅਤੇ ਪੰਥ ਨੂੰ ਘੋਰ ਸੰਕਟ ਵਿੱਚ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਸੰਕਟ 'ਚੋਂ ਕੱਢਣ ਲਈ ਸੁਧਾਰ ਮੁਹਿੰਮ ਚਲਾਉਣ ਦੀ ਲੋੜ ਹੈ।

## ਸੁਖਬੀਰ ਡੇਰਾ ਮੁਖੀ ਨੂੰ ਅਕਾਲ ਤਖ਼ਤ ਤੋਂ ਮੁਆਫੀ ਦਿਵਾਉਣ ਦੀ ਗੱਲ ਕਬੂਲਣ: ਰੱਖੜਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਧੜੇ ਦੇ ਆਗੂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਦਿਵਾਉਣ ਦੀ ਗੱਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੰਨ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਰਹੇ ਗਿਆਨੀ ਗੁਰਮੁਖ ਸਿੰਘ ਦਾ ਬਿਆਨ ਵੀ ਯੂਟਿਊਬ 'ਤੇ ਪਿਆ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਬਾਦਲਾਂ ਨੇ ਡੇਰਾ ਮੁਖੀ ਨੂੰ ਮੁਆਫ ਕਰਵਾਉਣ ਲਈ ਉਨ੍ਹਾਂ 'ਤੇ ਦਬਾਅ ਪਾਇਆ ਸੀ।

# ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮ ਭਿੜੇ, ਇਕ ਦੀ ਮੌਤ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਵਿਚ ਦੋ ਮੁਲਾਜ਼ਮਾਂ ਵਿਚਾਲੇ ਹੋਏ ਝਗੜੇ ਦੌਰਾਨ ਇਕ ਮੁਲਾਜ਼ਮ ਦੀ ਮੌਤ ਹੋ ਗਈ ਹੈ। ਝਗੜੇ ਦੌਰਾਨ ਮੁਲਾਜ਼ਮ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ। ਮ੍ਰਿਤਕ ਮੁਲਾਜ਼ਮ ਦੀ ਪਛਾਣ ਦਰਬਾਰਾ ਸਿੰਘ ਵਜੋਂ ਹੋਈ ਹੈ। ਉਹ ਅਕਾਊਂਟ ਬਰਾਂਚ ਵਿਚ ਤਾਇਨਾਤ ਸੀ।

ਦੂਜਾ ਮੁਲਾਜ਼ਮ ਸੁਖਬੀਰ ਸਿੰਘ ਨੇੜੇ ਹੀ ਦਰਬਾਰ ਸਾਹਿਬ ਦੀ ਪ੍ਰਬੰਧਕੀ ਬਰਾਂਚ ਵਿਚ ਤਾਇਨਾਤ ਹੈ ਅਤੇ ਦੋਵੇਂ ਹੀ ਆਪਸ ਵਿਚ ਰਿਸ਼ਤੇਦਾਰ ਹਨ। ਸ਼੍ਰੋਮਣੀ ਕਮੇਟੀ ਨੇ ਸੁਖਬੀਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਦੁਪਹਿਰ ਦੇ ਖਾਣੇ ਵੇਲੇ ਲਗਭਗ ਸਵਾ ਇਕ ਵਜੇ ਵਾਪਰੀ। ਖਾਣ ਵੇਲੇ ਹੋਈ ਤਕਰਾਰ ਲੜਾਈ ਦਾ ਰੂਪ ਲੈ ਗਈ। ਇਕ ਕਰਮਚਾਰੀ ਨੇ ਦੂਜੇ 'ਤੇ ਸ੍ਰੀ ਸਾਹਿਬ ਨਾਲ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਗੰਭੀਰ ਜ਼ਖ਼ਮੀ ਦਰਬਾਰਾ ਸਿੰਘ ਨੂੰ ਤੁਰਤ ਗੁਰਦੁਆਰਾ ਸ਼ਹੀਦਾਂ ਨੇੜੇ ਗੁਰੂ ਰਾਮਦਾਸ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੌਰਾਨ ਹਮਲਾ ਕਰਨ ਵਾਲਾ ਦੂਜਾ ਮੁਲਾਜ਼ਮ ਸੁਖਬੀਰ ਸਿੰਘ ਮੌਕੇ ਤੋਂ ਫ਼ਰਾਰ ਹੋ ਗਿਆ। ਘਟਨਾ ਸਮੇਂ ਮੌਕੇ 'ਤੇ ਹਾਜ਼ਰ ਇਕ ਹੋਰ ਕਰਮਚਾਰੀ ਸਾਰੀ ਘਟਨਾ ਦੇਖ ਕੇ ਬੇਹੋਸ਼ ਹੋ ਗਿਆ ਤੇ ਉਸ ਨੂੰ ਵੀ ਹਸਪਤਾਲ ਲਿਜਾਇਆ ਗਿਆ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਦੋਵੇਂ ਮੁਲਾਜ਼ਮ ਆਪਸ ਵਿਚ ਰਿਸ਼ਤੇਦਾਰ ਹਨ ਅਤੇ ਪਰਿਵਾਰਕ ਝਗੜੇ ਕਾਰਨ ਇਹ ਘਟਨਾ ਵਾਪਰੀ ਹੈ। ਦੋਵੇਂ ਜਦੋਂ ਦੁਪਹਿਰ ਦਾ ਖਾਣਾ ਖਾ ਰਹੇ ਸਨ ਤਾਂ ਉਨ੍ਹਾਂ ਵਿਚਾਲੇ ਬਹਿਸ ਹੋਈ, ਜੋ ਲੜਾਈ ਦਾ ਰੂਪ ਲੈ ਗਈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕਰਵਾਈ ਜਾ ਰਹੀ ਹੈ। ਹਮਲਾ ਕਰਨ ਵਾਲੇ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ 'ਚ ਵਾਧਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿਚ ਇਕ ਵਾਰ ਮੁੜ ਵਾਧਾ ਕੀਤਾ ਗਿਆ ਹੈ। ਹੁਣ 16 ਸਤੰਬਰ ਤੱਕ ਵੋਟਾਂ ਬਣ ਸਕਣਗੀਆਂ। ਇਸ ਪ੍ਰਕਿਰਿਆ ਵਿਚ ਲਗਾਤਾਰ ਹੋ ਰਹੇ ਵਾਧੇ ਦੇ ਮੱਦੇਨਜ਼ਰ ਚੋਣਾਂ ਹੁਣ ਇਸ ਸਾਲ ਹੋਣ ਦੀ ਸੰਭਾਵਨਾ ਮੱਧਮ ਪੈ ਗਈ ਹੈ। ਵੋਟਾਂ ਬਣਾਉਣ ਲਈ 31 ਜੁਲਾਈ ਆਖਰੀ ਦਿਨ ਸੀ ਪਰ ਵੋਟਾਂ ਬਣਾਉਣ ਦੀ ਪ੍ਰਕਿਰਿਆ ਸੁਸਤ ਤੇ ਵੋਟਾਂ ਘੱਟ ਬਣਨ ਦੇ ਮੱਦੇਨਜ਼ਰ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਾਂ ਬਣਾਉਣ ਦੀ ਮਿਤੀ ਵਿਚ ਇਕ ਵਾਰ ਮੁੜ ਵਾਧਾ ਕਰਦਿਆਂ ਹੁਣ ਆਖਰੀ ਮਿਤੀ 16 ਸਤੰਬਰ ਰੱਖੀ ਗਈ ਹੈ। ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਕਮਿਸ਼ਨ ਨੇ ਇਸ ਵਾਰ ਵੋਟਰ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਹਦਾਇਤ ਕੀਤੀ ਹੈ। ਹੁਣ ਤੱਕ ਚਾਰ ਵਾਰ ਆਖਰੀ ਤਰੀਕਾਂ ਵਿਚ ਵਾਧਾ ਕੀਤਾ ਜਾ ਚੁੱਕਿਆ ਹੈ। ਮਿਲੇ ਵੇਰਵਿਆਂ ਮੁਤਾਬਕ ਪੰਜਾਬ, ਹਿਮਾਚਲ ਅਤੇ ਚੰਡੀਗੜ੍ਹ ਵਿਚ 25 ਜੁਲਾਈ ਤੱਕ ਲਗਪਗ 27 ਲੱਖ 87 ਹਜ਼ਾਰ ਵੋਟਰ ਬਣੇ ਸਨ। ਜਦੋਂ ਕਿ 2011 ਵਿੱਚ ਹੋਈਆਂ ਚੋਣਾਂ ਵੇਲੇ ਲਗਪਗ 52 ਲੱਖ ਵੋਟਰ ਸਨ। ਹੁਣ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਨ ਮਗਰੋਂ ਉਥੋਂ ਦੇ ਵੋਟਰ ਇਸ ਵਿਚ ਸ਼ਾਮਲ ਨਹੀਂ ਹੋਣਗੇ। ਇਸ ਵਾਰ ਸਭ ਤੋਂ ਘੱਟ ਵੋਟਰ ਐਸ.ਬੀ.ਐਸ. ਨਗਰ ਜ਼ਿਲ੍ਹੇ ਵਿਚ 25,090, ਪਠਾਨਕੋਟ ਵਿਚ 26,023, ਫਾਜ਼ਿਲਕਾ ਵਿਚ 46,231, ਫਰੀਦਕੋਟ ਵਿਚ 50,733, ਮਾਲੇਰਕੋਟਲਾ ਵਿਚ 53,093 , ਕਪੂਰਥਲਾ ਵਿਚ 67,899, ਹੁਸ਼ਿਆਰਪੁਰ ਵਿਚ 80,443, ਐਸ.ਏ.ਐਸ. ਨਗਰ ਵਿਚ 81,607, ਫ਼ਤਹਿਗੜ੍ਹ ਸਾਹਿਬ ਵਿਚ 84,487, ਮੁਕਤਸਰ ਵਿਚ 92,083, ਰੂਪਨਗਰ ਵਿਚ 92,501, ਫ਼ਿਰੋਜ਼ਪੁਰ ਵਿਚ 94,707, ਜਲੰਧਰ ਵਿਚ 98,165 ਵੋਟਰ ਬਣੇ ਹਨ।

# ਗੁਰਦੁਆਰੇ 'ਚ ਗੈਸ ਲੀਕ ਹੋਣ ਕਾਰਨ ਅੱਗ ਲੱਗੀ, ਸੱਤ ਝੁਲਸੇ

**ਫ਼ਿਰੋਜ਼ਪੁਰ:** ਪਿੰਡ ਬਜੀਦਪੁਰ 'ਚ ਸਥਿਤ ਇਤਿਹਾਸਕ ਗੁਰਦੁਆਰਾ ਜਾਮਨੀ ਸਾਹਿਬ ਦੀ ਰਸੋਈ ਵਿਚ ਗੈਸ ਲੀਕ ਹੋਣ ਕਾਰਨ ਅੱਗ ਲੱਗ ਗਈ। ਇਸ ਕਾਰਨ ਦੋ ਸੇਵਾਦਾਰ ਅਤੇ ਪੰਜ ਸਕੂਲੀ ਬੱਚੇ ਝੁਲਸ ਗਏ। ਜ਼ਖ਼ਮੀਆਂ ਨੂੰ ਤੁਰਤ ਸਿਵਲ ਹਸਪਤਾਲ ਲਿਜਾਇਆ ਗਿਆ ਜਿਥੋਂ ਉਨ੍ਹਾਂ ਨੂੰ ਮੁੱਢਲੇ ਇਲਾਜ ਮਗਰੋਂ ਫ਼ਰੀਦਕੋਟ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ।

ਸੇਵਾਦਾਰ ਦਲਜੀਤ ਸਿੰਘ, ਅਮਨਦੀਪ ਹਸਪਤਾਲ ਤੇ ਤਲਵਿੰਦਰ ਸਿੰਘ ਲੁਧਿਆਣਾ ਦੇ ਡੀ.ਐਮ.ਸੀ. ਵਿਚ ਜ਼ੇਰੇ ਇਲਾਜ ਹਨ। ਤਲਵਿੰਦਰ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜ਼ਖ਼ਮੀ ਬੱਚਿਆਂ ਦੀ ਪਛਾਣ ਰਾਜ ਪਾਲ (18), ਰਾਮ ਭਗਵਾਨ (14), ਗੁਰਬਖ਼ਸ਼ (16), ਅਕਾਸ਼ਦੀਪ (18) ਅਤੇ ਜਗਸੀਰ (17) ਦੱਸੀ ਗਈ ਹੈ, ਜੋ ਫ਼ਰੀਦਕੋਟ ਮੈਡੀਕਲ ਕਾਲਜ 'ਚ ਦਾਖ਼ਲ ਹਨ। ਇਹ ਸਾਰੇ ਪਿੰਡ ਪਿਆਰੇਆਣਾ ਦੇ ਰਹਿਣ ਵਾਲੇ ਹਨ ਅਤੇ ਇੱਥੋਂ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਹਨ। ਘਟਨਾ ਵੇਲੇ ਇਹ ਲੜਕੇ ਗੁਰਦੁਆਰੇ 'ਚ ਸੇਵਾ ਕਰਨ ਆਏ ਸਨ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ.ਐਸ.ਪੀ. ਸੌਮਿਆ ਮਿਸ਼ਰਾ ਤੇ ਹੋਰ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪ੍ਰਸ਼ਾਸਨ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਨੇ ਘਟਨਾ ਦਾ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਜ਼ਖ਼ਮੀ ਲੜਕਿਆਂ ਦਾ ਇਲਾਜ ਸਰਕਾਰੀ ਖ਼ਰਚੇ 'ਤੇ ਕਰਵਾਉਣ ਦੇ ਹੁਕਮ ਦਿੱਤੇ ਹਨ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਹਾਦਸੇ ਦੇ ਪੀੜਤਾਂ ਦਾ ਇਲਾਜ ਸ਼੍ਰੋਮਣੀ ਕਮੇਟੀ ਕਰਵਾਏਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਟੀਮ ਭੇਜੀ ਗਈ ਹੈ ਜੋ ਮੁਕੰਮਲ ਰਿਪੋਰਟ ਸੌਂਪੇਗੀ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਅਜਿਹੀਆਂ ਸੰਵੇਦਨਸ਼ੀਲ ਥਾਵਾਂ 'ਤੇ ਸੰਗਤ ਅਤੇ ਬੱਚਿਆਂ ਨੂੰ ਨਾ ਜਾਣ ਦੇਣ ਅਤੇ ਸੇਵਾ ਲਈ ਯੋਗ ਸੁਰੱਖਿਅਤ ਪ੍ਰਬੰਧ ਲਾਜ਼ਮੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਨੇਜਰਾਂ ਨੂੰ ਸਰਕੂਲਰ

# ਭਾਰਤ ਸਰਕਾਰ ਇਜ਼ਰਾਈਲ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੇ: ਸ਼ਾਹੀ ਇਮਾਮ

**ਲੁਧਿਆਣਾ:** ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਨੇ ਕਿਹਾ ਕਿ ਭਾਰਤ ਸਰਕਾਰ ਇਜ਼ਰਾਈਲ ਦੇ ਅਤਿਵਾਦੀ ਰਵੱਈਏ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੇ ਅਤੇ ਮਜ਼ਲੂਮ ਫਲਸਤੀਨੀਆਂ ਦੀ ਮਦਦ ਕਰੇ। ਦੇਸ਼ ਦੇ ਸਾਰੇ ਇਨਸਾਫ਼ ਪਸੰਦ ਲੋਕ ਵੀ ਇਹੀ ਚਾਹੁੰਦੇ ਹਨ।

ਇਤਿਹਾਸਿਕ ਜਾਮਾ ਮਸਜਿਦ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼ਾਹੀ ਇਮਾਮ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਫ਼ਲਸਤੀਨ 'ਚ ਇਜ਼ਰਾਈਲ ਵੱਲੋਂ ਜੰਗ ਦੇ ਨਾਮ ਉਤੇ ਆਮ ਲੋਕਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਸ਼ਾਹੀ ਇਮਾਮ ਨੇ ਇਸ ਵਰਤਾਰੇ ਦੀ ਨਿੰਦਾ ਕੀਤੀ।

# ਕਤਲੇਆਮ 84: ਟਾਈਟਲਰ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਸੁਰੱਖਿਅਤ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਗੁਰਦੁਆਰਾ ਦੇ ਸਾਹਮਣੇ ਤਿੰਨ ਵਿਅਕਤੀਆਂ ਦੀ ਕਥਿਤ ਹੱਤਿਆ ਕਰਨ ਸਬੰਧਤ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ ਦੋਸ਼ ਆਇਦ ਕਰਨ ਬਾਰੇ 16 ਅਗਸਤ ਨੂੰ ਫੈਸਲਾ ਸੁਣਾ ਸਕਦੀ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਦੇ ਛੁੱਟੀ 'ਤੇ ਹੋਣ ਕਾਰਨ ਇਸ ਫੈਸਲੇ ਨੂੰ ਟਾਲ ਦਿੱਤਾ ਗਿਆ ਹੈ। ਅਦਾਲਤ ਵੱਲੋਂ ਸੀ.ਬੀ.ਆਈ. ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖਿਆ ਗਿਆ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਾਨਦਾਰ ਪ੍ਰਦਰਸ਼ਨ ਦੇ ਬਾਵਜੂਦ ਭਾਰਤੀ ਹਾਕੀ ਟੀਮ ਸੈਮੀ ਫਾਈਨਲ ਵਿਚ ਹਾਰੀ



**ਪੈਰਿਸ:** ਭਾਰਤੀ ਪੁਰਸ਼ ਹਾਕੀ ਟੀਮ ਓਲੰਪਿਕ ਖੇਡਾਂ ਦੇ ਸੈਮੀ ਫਾਈਨਲ ਵਿਚ ਵਿਸ਼ਵ ਚੈਂਪੀਅਨ ਜਰਮਨੀ ਤੋਂ 2-3 ਨਾਲ ਹਾਰ ਗਈ। ਭਾਰਤ ਲਈ ਹਰਮਨਪ੍ਰੀਤ ਸਿੰਘ ਨੇ 7ਵੇਂ ਅਤੇ ਸੁਖਜੀਤ ਸਿੰਘ ਨੇ 36ਵੇਂ ਮਿੰਟ ਵਿਚ ਗੋਲ ਕੀਤੇ। ਜਦੋਂਕਿ ਜਰਮਨੀ ਦੇ ਪੀ ਗੁੰਜ਼ਾਲੋ ਨੇ 18ਵੇਂ, ਆਰ ਕ੍ਰਿਸਟੋਫਰ ਨੇ 27ਵੇਂ ਅਤੇ ਐੱਮ. ਮਾਰਕੋ ਨੇ 54ਵੇਂ ਮਿੰਟ ਵਿਚ ਗੋਲ ਦਾਗ਼ੇ।

ਭਾਰਤ ਨੇ ਆਖਰੀ ਵਾਰ 1980 ਓਲੰਪਿਕ ਦਾ ਫਾਈਨਲ ਖੇਡਿਆ ਸੀ ਅਤੇ ਸੋਨ ਤਮਗਾ ਜਿੱਤਿਆ ਸੀ। ਭਾਰਤ ਨੂੰ ਪਹਿਲੇ ਕੁਆਰਟਰ ਦੇ ਦੂਜੇ ਅਤੇ ਤੀਜੇ ਮਿੰਟ ਵਿਚ ਪੈਨਲਟੀ ਕਾਰਨਰ ਮਿਲੇ। ਹਾਲਾਂਕਿ ਦੋਵੇਂ ਵਾਰ ਗੋਲ ਨਹੀਂ ਹੋ ਸਕਿਆ। ਚੌਥੇ ਮਿੰਟ ਵਿਚ ਜਰਮਨੀ ਦੇ ਮਾਰਕੋ ਨੇ ਮੈਦਾਨੀ ਗੋਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸ੍ਰੀਜੇਸ਼ ਨੇ ਸ਼ਾਨਦਾਰ ਬਚਾਅ ਕੀਤਾ। ਭਾਰਤ ਨੂੰ 7ਵੇਂ ਮਿੰਟ ਵਿਚ ਤੀਜਾ ਪੈਨਲਟੀ ਕਾਰਨਰ ਮਿਲਿਆ। ਭਾਰਤੀ ਕਪਤਾਨ ਹਰਮਨਪ੍ਰੀਤ ਸਿੰਘ ਨੇ ਗੋਲ ਕਰਕੇ ਭਾਰਤ ਨੂੰ 1-0 ਨਾਲ ਅੱਗੇ ਕਰ ਦਿੱਤਾ। 8ਵੇਂ ਮਿੰਟ ਵਿਚ ਵੀ ਭਾਰਤ ਨੂੰ ਪੈਨਲਟੀ ਕਾਰਨਰ ਮਿਲਿਆ, ਪਰ ਗੋਲ ਨਹੀਂ ਹੋ ਸਕਿਆ।

ਉਂਝ ਇਸ ਵਾਰ ਭਾਰਤੀ ਟੀਮ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਭਾਰਤ ਨੇ ਪੈਰਿਸ ਓਲੰਪਿਕ ਵਿਚ ਪੁਰਸ਼ਾਂ ਦੇ ਪੂਲ-ਬੀ ਦੇ ਹਾਕੀ ਮੁਕਾਬਲੇ ਵਿਚ ਆਸਟਰੇਲੀਆ ਨੂੰ 3-2 ਨਾਲ ਹਰਾ ਕੇ ਇਤਿਹਾਸਕ ਜਿੱਤ ਦਰਜ ਕੀਤੀ। ਭਾਰਤ ਦੀ ਓਲੰਪਿਕ 'ਚ ਆਸਟਰੇਲੀਆ ਖ਼ਿਲਾਫ਼ 52 ਸਾਲਾਂ ਬਾਅਦ ਇਹ ਪਹਿਲੀ ਜਿੱਤ ਹੈ। ਇਸ ਤੋਂ ਪਹਿਲਾਂ ਭਾਰਤ ਨੇ ਕੰਗਾਰੂ ਟੀਮ ਨੂੰ 1972 ਦੀਆਂ ਮਿਊਨਿਖ ਓਲੰਪਿਕ ਖੇਡਾਂ 'ਚ ਹਰਾਇਆ ਸੀ। ਟੋਕੀਓ ਵਿਚ ਪੁਰਸ਼ ਟੀਮ ਨੇ ਕਾਂਸੇ ਦੇ ਤਗ਼ਮੇ ਵਜੋਂ 41 ਸਾਲ ਬਾਅਦ ਓਲੰਪਿਕ ਤਗ਼ਮਾ ਜਿੱਤਿਆ ਸੀ। ਇਸ ਨਾਲ ਉਸ ਖੇਡ ਵਿਚ ਜਾਨ ਆਈ, ਜਿਸ ਵਿਚ ਅੱਠ ਓਲਪਿਕ ਸੋਨ ਤਗ਼ਮਿਆਂ ਨਾਲ ਭਾਰਤ ਦਾ ਸ਼ਾਨਾਂਮੱਤਾ ਅਤੀਤ ਰਿਹਾ ਹੈ। ਹਾਲਾਂਕਿ ਆਖ਼ਰੀ ਸੋਨ ਤਗ਼ਮਾ 1980 ਵਿਚ ਆਇਆ ਸੀ।

ਬਰਤਾਨੀਆ ਖ਼ਿਲਾਫ਼ ਕੁਆਰਟਰ ਫਾਈਨਲ ਵਿਚ ਦਸ ਖਿਡਾਰੀਆਂ ਤੱਕ ਸੀਮਤ ਹੋਣ ਦੇ ਬਾਵਜੂਦ ਭਾਰਤੀ ਟੀਮ ਨੇ ਜਿਸ ਤਰ੍ਹਾਂ ਹਿੰਮਤ ਅਤੇ ਹੁਨਰ ਦਾ ਪ੍ਰਦਰਸ਼ਨ ਕਰਕੇ ਮੁਕਾਬਲਾ ਪੈਨਲਟੀ ਸ਼ੂਟਆਊਟ ਤੱਕ ਖਿੱਚਿਆ, ਉਹ ਕਾਬਲ-ਏ-ਤਾਰੀਫ਼ ਹੈ।

## ਹਰਿਆਣਾ ਸਰਕਾਰ ਵੱਲੋਂ ਸਰਬਜੋਤ ਨੂੰ ਢਾਈ ਕਰੋੜ ਰੁਪਏ ਦੇਣ ਦਾ ਐਲਾਨ

**ਅੰਬਾਲਾ:** ਹਰਿਆਣਾ ਸਰਕਾਰ ਨੇ ਪੈਰਿਸ ਓਲੰਪਿਕ ਵਿਚ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਮੁਕਾਬਲੇ 'ਚ ਮਨੂ ਭਾਕਰ ਨਾਲ ਕਾਂਸੇ ਦਾ ਤਗ਼ਮਾ ਜਿੱਤਣ ਵਾਲੇ ਅੰਬਾਲਾ ਦੇ ਨਿਸ਼ਾਨੇਬਾਜ਼ ਸਰਬਜੋਤ ਸਿੰਘ ਨੂੰ 2.5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਉਸ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇਗੀ। ਅੰਬਾਲਾ ਸਥਿਤ ਸਰਬਜੋਤ ਦੇ ਘਰ ਪੁੱਜੇ ਹਰਿਆਣਾ ਦੇ ਖੇਡ ਰਾਜ ਮੰਤਰੀ ਸੰਜੈ ਸਿੰਘ ਨੇ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਸਰਬਜੋਤ ਨੂੰ ਸਰਕਾਰ ਦੀ ਖੇਡ ਨੀਤੀ ਅਨੁਸਾਰ ਹਰ ਲਾਭ ਦਿੱਤਾ ਜਾਵੇਗਾ। ਉਨ੍ਹਾਂ ਸਰਬਜੋਤ ਦੇ ਮਾਪਿਆਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮਾਪਿਆਂ ਵੱਲੋਂ ਮਿਲੇ ਸਾਥ ਸਦਕਾ ਹੀ ਸਰਬਜੋਤ ਨੇ ਪੂਰੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਨੇ ਸਰਬਜੋਤ ਦੇ ਪਿਤਾ ਜਤਿੰਦਰ ਸਿੰਘ ਦੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਫੋਨ 'ਤੇ ਗੱਲ ਵੀ ਕਰਵਾਈ। ਮੁੱਖ ਮੰਤਰੀ ਨੇ ਸਰਬਜੋਤ ਦੇ ਪਿਤਾ ਨੂੰ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਸਰਬਜੋਤ ਸਿੰਘ ਅੰਬਾਲਾ ਦੇ ਪਿੰਡ ਧੀਨ ਦੇ ਇਕ ਸਾਧਾਰਨ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਸ ਦੇ ਪਿਤਾ ਜਤਿੰਦਰ ਸਿੰਘ ਕਿਸਾਨ ਹਨ। ਉਸ ਨੇ ਡੀ.ਏ.ਵੀ. ਕਾਲਜ ਚੰਡੀਗੜ੍ਹ ਤੋਂ ਪੜ੍ਹਾਈ ਕੀਤੀ ਹੈ।

## ਸਮਾਪਤੀ ਸਮਾਗਮ 'ਚ ਭਾਰਤ ਦੀ ਝੰਡਾਬਰਦਾਰ ਹੋਵੇਗੀ ਮਨੂ ਭਾਕਰ

**ਪੈਰਿਸ:** ਪੈਰਿਸ ਓਲੰਪਿਕ ਖੇਡਾਂ ਵਿਚ ਦੋ ਕਾਂਸੇ ਦੇ ਤਗ਼ਮੇ ਜਿੱਤ ਕੇ ਇਤਿਹਾਸ ਰਚਣ ਵਾਲੀ ਨਿਸ਼ਾਨੇਬਾਜ਼ ਮਨੂ ਭਾਕਰ ਸਮਾਪਤੀ ਸਮਾਰੋਹ ਵਿਚ ਭਾਰਤ ਦੀ ਝੰਡਾਬਰਦਾਰ ਹੋਵੇਗੀ। ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਇਕ ਅਧਿਕਾਰੀ ਨੇ ਕਿਹਾ, "ਮਨੂ ਨੂੰ ਝੰਡਾਬਰਦਾਰ ਵਜੋਂ ਚੁਣਿਆ ਗਿਆ ਹੈ। ਉਸ ਨੇ ਬੇਮਿਸਾਲ ਪ੍ਰਦਰਸ਼ਨ ਕੀਤਾ ਅਤੇ ਉਹ ਇਸ ਦੀ ਹੱਕਦਾਰ ਹੈ।" ਹਰਿਆਣਾ ਦੀ ਇਸ 22 ਸਾਲਾ ਨਿਸ਼ਾਨੇਬਾਜ਼ ਨੇ ਇਸ ਤੋਂ ਪਹਿਲਾਂ ਕਿਹਾ ਸੀ, "ਭਾਰਤੀ ਦਲ ਵਿਚ ਕਈ ਅਜਿਹੇ ਖਿਡਾਰੀ ਹਨ, ਜੋ ਵੱਧ ਹੱਕਦਾਰ ਹਨ ਪਰ ਜੇ ਮੈਨੂੰ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ ਤਾਂ ਇਹ ਅਸਲੀ ਸਨਮਾਨ ਹੋਵੇਗਾ।" ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਅਜੇ ਤੱਕ ਪੁਰਸ਼ ਝੰਡਾਬਰਦਾਰ ਦੇ ਨਾਮ ਦਾ ਐਲਾਨ ਨਹੀਂ ਕੀਤਾ ਹੈ।

ਮਨੂ ਨੇ 10 ਮੀਟਰ ਏਅਰ ਪਿਸਟਲ ਵਿਚ ਕਾਂਸੀ ਤਗ਼ਮਾ ਜਿੱਤ ਕੇ ਪੈਰਿਸ ਓਲੰਪਿਕ ਵਿਚ ਭਾਰਤ ਦਾ ਖਾਤਾ ਖੋਲ੍ਹਿਆ ਸੀ। ਇਸ ਤਰ੍ਹਾਂ ਉਹ ਓਲੰਪਿਕ ਵਿਚ ਤਗ਼ਮਾ ਜਿੱਤਣ ਵਾਲੀ ਪਹਿਲੀ ਭਾਰਤੀ ਨਿਸ਼ਾਨੇਬਾਜ਼ ਬਣੀ ਸੀ। ਇਸ ਤੋਂ ਬਾਅਦ ਉਸ ਨੇ ਸਰਬਜੋਤ ਸਿੰਘ ਨਾਲ ਮਿਲ ਕੇ 10 ਮੀਟਰ ਏਅਰ ਪਿਸਟਲ ਵਿਚ ਮਿਕਸਡ ਟੀਮ ਦਾ ਕਾਂਸੀ ਤਗ਼ਮਾ ਵੀ ਜਿੱਤਿਆ। ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਇਕ ਅਧਿਕਾਰੀ ਨੇ ਕਿਹਾ, "ਮਨੂ ਨੂੰ ਝੰਡਾਬਰਦਾਰ ਦੇ ਰੂਪ ਵਿਚ ਚੁਣਿਆ ਗਿਆ ਹੈ। ਉਸ ਨੇ ਕਾਫੀ ਵਧੀਆ ਪ੍ਰਦਰਸ਼ਨ ਕੀਤਾ ਅਤੇ ਉਹ ਇਸ ਦੀ ਹੱਕਦਾਰ ਹੈ।"

## ਮਹੇਸ਼ਵਰੀ ਤੇ ਰਾਏਜ਼ਾ ਕੁਆਲੀਫਿਕੇਸ਼ਨ 'ਚ 14ਵੇਂ ਤੇ 23ਵੇਂ ਸਥਾਨ 'ਤੇ

**ਚੈਟੋਰੌਕਸ:** ਭਾਰਤੀ ਨਿਸ਼ਾਨੇਬਾਜ਼ ਮਹੇਸ਼ਵਰੀ ਚੌਹਾਨ ਅਤੇ ਰਾਏਜ਼ਾ ਢਿੱਲੋਂ ਪੈਰਿਸ ਓਲੰਪਿਕ ਖੇਡਾਂ ਦੇ ਮਹਿਲਾ ਸਕੀਟ ਮੁਕਾਬਲਿਆਂ ਵਿਚ ਕ੍ਰਮਵਾਰ 14ਵੇਂ ਅਤੇ 23ਵੇਂ ਸਥਾਨ 'ਤੇ ਰਹਿੰਦਿਆਂ ਫਾਈਨਲ 'ਚ ਜਗ੍ਹਾ ਬਣਾਉਣ ਵਿਚ ਨਾਕਾਮ ਰਹੀਆਂ। ਪੰਜ ਸੀਰੀਜ਼ ਦੇ ਕੁਆਲੀਫਿਕੇਸ਼ਨ ਦੀਆਂ ਆਖ਼ਰੀ ਦੋ ਸੀਰੀਜ਼ ਖੇਡੀਆਂ ਗਈਆਂ, ਜਿਸ ਮਗਰੋਂ ਮਹੇਸ਼ਵਰੀ ਦਾ ਕੁੱਲ ਸਕੋਰ 118 ਰਿਹਾ। ਉਸ ਨੇ ਪੰਜ ਸੀਰੀਜ਼ ਵਿਚ 23, 24, 24, 25 ਅਤੇ 22 ਅੰਕ ਜੋੜੇ। ਰਾਏਜ਼ਾ ਦਾ ਕੁੱਲ ਸਕੁੱਲ ਸਕੋਰ 113 ਸੀ ਅਤੇ ਉਸ ਨੇ ਪੰਜ ਸੀਰੀਜ਼ ਵਿਚ 21, 22, 23, 23, 24 ਅੰਕ ਬਣਾਏ। ਇਸ ਮੁਕਾਬਲੇ ਵਿਚ 29 ਨਿਸ਼ਾਨੇਬਾਜ਼ਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ ਸਿਖਰਲੇ ਛੇ ਨੇ ਫਾਈਨਲ ਵਿਚ ਜਗ੍ਹਾ ਬਣਾਈ। ਇਟਲੀ ਦੀ 2016 ਰੀਓ ਓਲੰਪਿਕ ਦੀ ਸੋਨ ਤਗ਼ਮਾ ਜੇਤੂ ਡਾਇਨਾ ਬਕੋਸੀ ਵੀ ਫਾਈਨਲ ਵਿਚ ਜਗ੍ਹਾ ਬਣਾਉਣ 'ਚ ਨਾਕਾਮ ਰਹੀ। ਉਹ 117 ਅੰਕ ਨਾਲ 15ਵੇਂ ਸਥਾਨ 'ਤੇ ਰਹੀ। ਪਹਿਲੇ ਦਿਨ ਦੇ ਕੁਆਲੀਫਿਕੇਸ਼ਨ ਮਗਰੋਂ ਮਹੇਸ਼ਵਰੀ ਤਿੰਨ ਸੀਰੀਜ਼ ਵਿਚ 23, 24 ਅਤੇ 24 ਨਾਲ 71 ਅੰਕ ਜੋੜ ਕੇ ਅੱਠਵੇਂ ਸਥਾਨ 'ਤੇ ਚੱਲ ਰਹੀ ਸੀ ਤੇ ਫਾਈਨਲ ਵਿਚ ਜਗ੍ਹਾ ਬਣਾਉਣ ਦੀ ਦੌੜ 'ਚ ਸੀ। ਹਾਲਾਂਕਿ ਚੌਥੀ ਸੀਰੀਜ਼ ਵਿਚ ਪੂਰੇ 24 ਅੰਕ ਹਾਸਲ ਕਰਨ ਦੇ ਬਾਵਜੂਦ ਉਹ ਸਿਖਰਲੇ ਛੇ ਨਿਸ਼ਾਨੇਬਾਜ਼ਾਂ ਵਿਚ ਜਗ੍ਹਾ ਨਹੀਂ ਬਣਾ ਸਕੀ। ਇਸ ਤੋਂ ਪਹਿਲਾਂ ਭਾਰਤੀ ਨਿਸ਼ਾਨੇਬਾਜ਼ ਵਿਜੈਵੀਰ ਸਿੱਧੂ ਅਤੇ ਅਨੀਸ਼ ਭਾਨਵਾਲਾ ਕੁਆਲੀਫਿਕੇਸ਼ਨ ਵਿਚ ਚੰਗੇ ਪ੍ਰਦਰਸ਼ਨ ਦੇ ਬਾਵਜੂਦ ਆਖ਼ਰੀ ਸੀਰੀਜ਼ ਵਿਚ ਖਰਾਬ ਪ੍ਰਦਰਸ਼ਨ ਮਗਰੋਂ ਪੁਰਸ਼ 25 ਮੀਟਰ ਰੈਪਿਡ ਫਾਇਰ ਪਿਸਟਲ ਮੁਕਾਬਲੇ ਦੇ ਫਾਈਨਲ ਵਿੱਚ ਜਗ੍ਹਾ ਬਣਾਉਣ 'ਚ ਨਾਕਾਮ ਰਹੇ।

## ਬੰਗਲਾਦੇਸ਼ ਵਿਚ ਸਰਕਾਰ ਦਾ ਤਖਤਾ ਪਲਟਿਆ

**ਢਾਕਾ:** ਸਰਕਾਰੀ ਨੌਕਰੀਆਂ 'ਚ ਵਿਵਾਦਿਤ ਰਾਖਵੇਂਕਰਨ ਖਿਲਾਫ਼ ਦੇਸ਼ ਭਰ ਵਿਚ ਜਾਰੀ ਹਿੰਸਕ ਪ੍ਰਦਰਸ਼ਨਾਂ ਦਰਮਿਆਨ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਚੋਰੀ ਛੁਪੇ ਪਹਿਲਾਂ ਹੈਲੀਕਾਪਟਰ ਰਾਹੀਂ ਅਗਰਤਲਾ ਤੇ ਉਥੋਂ ਹਵਾਈ ਸੈਨਾ ਦੇ ਮਾਲਵਾਹਕ ਜਹਾਜ਼ (ਸੀ-130ਜੇ) 'ਤੇ ਸਵਾਰ ਹੋ ਕੇ ਭਾਰਤ ਦੇ ਹਿੰਡਨ ਏਅਰਬੇਸ ਲਈ ਰਵਾਨਾ ਹੋ ਗਏ। ਉਧਰ ਬੰਗਲਾਦੇਸ਼ ਦੀ ਫੌਜ ਨੇ ਅੰਤਰਿਮ ਸਰਕਾਰ ਦੀ ਕਮਾਨ ਆਪਣੇ ਹੱਥਾਂ ਵਿਚ ਲੈ ਲਈ ਹੈ। ਥਲ ਸੈਨਾ ਮੁਖੀ ਵਕਾਰ-ਉਜ਼-ਜ਼ਮਾਨ ਨੇ ਫੌਜ ਤੇ ਪੁਲਿਸ ਨੂੰ ਮੁਜ਼ਾਹਰਾਕਾਰੀਆਂ 'ਤੇ ਗੋਲੀ ਨਾ ਚਲਾਉਣ ਦੇ ਹੁਕਮ ਦਿੱਤੇ ਹਨ। ਬੰਗਲਾਦੇਸ਼ ਵਿਚ ਪ੍ਰਦਰਸ਼ਨਾਂ ਦੇ ਲੰਘੇ ਦਿਨੀਂ ਹਿੰਸਕ ਰੂਪ ਧਾਰਨ ਮਗਰੋਂ ਪਿਛਲੇ ਦੋ ਦਿਨਾਂ ਵਿਚ 100 ਤੋਂ ਵੱਧ ਲੋਕਾਂ ਦੀ ਜਾਨ ਜਾਂਦੀ ਰਹੀ ਹੈ। ਮੁਲਕ ਦੀ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਨੇ ਦੇਸ਼ ਦੀ ਅਵਾਮ ਨੂੰ ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ। ਰਾਸ਼ਟਰਪਤੀ ਨੇ ਜੇਲ੍ਹ 'ਚ ਬੰਦ ਵਿਰੋਧੀ ਧਿਰ ਦੀ ਆਗੂ ਤੇ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ।

## ਅਮਰੀਕਾ ਦੇ ਨੋਆ ਨੇ ਫਰਾਟਾ ਦੌੜ ਜਿੱਤੀ

**ਪੈਰਿਸ:** ਅਮਰੀਕਾ ਦੇ ਨੋਆ ਲਾਇਲਸ ਨੇ ਪੈਰਿਸ ਓਲੰਪਿਕ ਦੀ 100 ਮੀਟਰ ਫਰਾਟਾ ਦੌੜ ਵਿਚ ਸੋਨ ਤਗ਼ਮਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਨੋਆ ਕਾਫ਼ੀ ਕਰੀਬੀ ਮੁਕਾਬਲੇ ਦੌਰਾਨ ਜਮਾਇਕਾ ਦੇ ਕਿਸ਼ਨੇ ਥੌਂਪਸਨ ਨੂੰ 0.005 ਸੈਕਿੰਡ ਦੇ ਫ਼ਰਕ ਨਾਲ ਹਰਾ ਕੇ ਦੁਨੀਆ ਦਾ ਸਭ ਤੋਂ ਤੇਜ਼ ਦੌੜਾਕ ਬਣਿਆ।

ਨੋਆ ਨੇ ਇਹ ਦੌੜ 9.784 ਸੈਕਿੰਡ ਦੇ ਸਮੇਂ ਨਾਲ ਪੂਰੀ ਕੀਤੀ। ਉਹ ਮਹਾਨ ਖਿਡਾਰੀ ਉਸੈਨ ਬੋਲਟ ਦੇ 9.63 ਸੈਕਿੰਡ ਦੇ ਓਲੰਪਿਕ ਰਿਕਾਰਡ ਨੂੰ ਤੋੜਨ 'ਚ ਸਿਰਫ਼ 0.16 ਸੈਕਿੰਡ ਦੇ ਫ਼ਰਕ ਨਾਲ ਪਛੜ ਗਿਆ। ਨੋਆ 2004 ਮਗਰੋਂ 100 ਮੀਟਰ ਦੌੜ ਵਿਚ ਸੋਨ ਤਗ਼ਮਾ ਜਿੱਤਣ ਵਾਲਾ ਅਮਰੀਕਾ ਦਾ ਪਹਿਲਾ ਅਥਲੀਟ ਬਣ ਗਿਆ ਹੈ। ਜਮਾਇਕਾ ਦੇ ਕਿਸ਼ਨੇ ਥੌਂਪਸਨ

## ਅਰਮਾਂਡ ਡੁਪਲਾਂਟਿਸ ਨੇ ਨੌਂਵੀ ਵਾਰ ਪੋਲ ਵਾਲਟ ਵਿਚ ਸੋਨ ਤਗ਼ਮਾ ਜਿੱਤਿਆ

**ਸੇਂਟ ਡੇਨਿਸ:** ਪੈਰਿਸ ਓਲੰਪਿਕ ਵਿਚ ਸਵੀਡਨ ਦੇ ਅਰਮਾਂਡ ਡੁਪਲਾਂਟਿਸ ਨੇ ਆਪਣਾ ਚੰਗਾ ਪ੍ਰਦਰਸ਼ਨ ਜਾਰੀ ਰੱਖਿਆ ਅਤੇ ਪੋਲ ਵਾਲਟ ਵਿਚ ਨੌਂਵੀ ਵਾਰ ਰਿਕਾਰਡ ਬਣਾਉਂਦਿਆਂ ਸੋਨ ਤਗ਼ਮਾ ਜਿੱਤਿਆ। ਅਥਲੈਟਿਕਸ ਪ੍ਰਤੀਯੋਗਤਾ ਖ਼ਤਮ ਹੋਣ ਮੌਕੇ ਕਰੀਬ 80,000 ਦਰਸ਼ਕਾਂ ਦੀ ਮੌਜੂਦਗੀ ਵਿਚ 6.025 ਮੀਟਰ ਦੀ ਛਾਲ ਲਗਾਉਂਦਿਆਂ ਉਸ ਨੇ ਆਪਣਾ ਹੀ ਵਿਸ਼ਵ ਰਿਕਾਰਡ ਤੋੜ ਦਿੱਤਾ। ਸਵੀਡਨ ਦੇ ਰਾਜਾ ਅਤੇ ਰਾਣੀ ਵੀ ਡੁਪਲਾਂਟਿਸ ਦੀ ਇਸ ਉਪਲਬਧੀ ਮੌਕੇ ਮੌਜੂਦ ਸਨ। ਲਗਾਤਾਰ ਦੂਜਾ ਸੋਨ ਤਗ਼ਮਾ ਜਿੱਤਣ ਕਾਰਨ ਅਤੇ ਇਕ ਸੈਂਟੀਮੀਟਰ ਦੇ ਅੰਤਰ ਤੋਂ ਨੌਵੀਂ ਬਾਰ ਰਿਕਾਰਡ ਤੋੜ ਕੇ ਡੁਪਲਾਂਟਿਸ ਹੁਣ ਇਸ ਮੁਕਾਬਲੇ ਦੇ ਸਭ ਤੋਂ ਮਹਾਨ ਖਿਡਾਰੀ ਸਰਗੇਈ ਬੁਬਕਾ ਦੇ ਨੇੜੇ ਪਹੁੰਚ ਗਏ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਗਵਾ ਪਾਰਟੀ ਦੀ ਹਰਿਆਣਾ ਦੇ ਸਿੱਖਾਂ ਦੀਆਂ ਵੋਟਾਂ 'ਤੇ ਅੱਖ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵੱਲੋਂ ਰੇਲਵੇ ਤੇ ਫੂਡ ਪ੍ਰੋਸੈਸਿੰਗ ਬਾਰੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਹਰਿਆਣਾ ਤੋਂ ਰਾਜ ਸਭਾ ਵਿਚ ਭੇਜਿਆ ਜਾ ਸਕਦਾ ਹੈ। ਬਿੱਟੂ ਹਰਿਆਣਾ ਵਿਚ ਖ਼ਾਲੀ ਪਈ ਇਕੋ-ਇਕ ਰਾਜ ਸਭਾ ਸੀਟ ਤੋਂ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ।

ਸੂਤਰਾਂ ਨੇ ਦੱਸਿਆ ਕਿ ਬਿੱਟੂ ਨੂੰ ਹਰਿਆਣਾ 'ਚ ਖ਼ਾਲੀ ਪਈ ਰਾਜ ਸਭਾ ਦੀ ਸੀਟ ਤੋਂ ਭਾਜਪਾ ਦਾ ਉਮੀਦਵਾਰ ਬਣਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਕਿਉਂਕਿ ਭਗਵਾਂ ਪਾਰਟੀ ਦੀ ਅੱਖ ਹਰਿਆਣਾ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਲਈ ਸੂਬੇ ਵਿਚ ਚੰਗਾ ਪ੍ਰਭਾਵ ਰੱਖਦੇ ਸਿੱਖ ਭਾਈਚਾਰੇ ਦੀਆਂ ਵੋਟਾਂ 'ਤੇ ਲੱਗੀ ਹੋਈ ਹੈ। ਬਿੱਟੂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦਾ ਪੋਤਾ ਹੈ। ਬੇਅੰਤ ਸਿੰਘ ਦੀ 1995 ਵਿਚ ਅਤਿਵਾਦੀਆਂ ਨੇ ਹੱਤਿਆ ਕਰ ਦਿੱਤੀ ਸੀ। ਭਾਜਪਾ ਕੋਲ ਸੂਬੇ ਵਿਚ ਕੋਈ ਵੀ ਪ੍ਰਸਿੱਧ ਸਿੱਖ ਚਿਹਰਾ ਨਹੀਂ ਹੈ, ਜਿਸ ਵਾਸਤੇ ਪਾਰਟੀ ਕੇਂਦਰੀ ਰਾਜ ਮੰਤਰੀ ਬਿੱਟੂ ਦੇ ਨਾਮ 'ਤੇ ਵਿਚਾਰ ਕਰ ਰਹੀ ਹੈ।

ਬਿੱਟੂ ਦੀ ਨਾਮਜ਼ਦਗੀ ਨਾਲ ਸਿੱਖ ਜਥੇਬੰਦੀਆਂ ਵੱਲੋਂ ਹਰਿਆਣਾ ਵਿਚ ਸਿੱਖ ਭਾਈਚਾਰੇ ਨੂੰ ਢੁਕਵੀਂ ਨੁਮਾਇੰਦਗੀ ਨਾ ਦੇਣ ਦੇ ਲਗਾਏ ਜਾਂਦੇ ਦੋਸ਼ਾਂ ਨੂੰ ਵੀ ਠੱਲ੍ਹ ਪਵੇਗੀ। ਇਕ ਸੀਨੀਅਰ ਪਾਰਟੀ ਆਗੂ ਨੇ ਕਿਹਾ ਕਿ ਬਿੱਟੂ ਦੀ ਰਾਜ ਸਭਾ ਲਈ ਨਾਮਜ਼ਦਗੀ ਬਾਜ਼ੀ ਪਲਟਣ ਵਾਲੀ ਸਾਬਤ ਹੋ ਸਕਦੀ ਹੈ। ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਲੁਧਿਆਣਾ ਤੋਂ ਭਾਜਪਾ ਦੀ ਟਿਕਟ 'ਤੇ ਹਾਰਨ ਤੋਂ ਬਾਅਦ ਬਿੱਟੂ ਕੋਲ ਦਸੰਬਰ ਮਹੀਨੇ ਦੇ ਅੱਧ ਤੱਕ ਦਾ ਸਮਾਂ ਹੈ। ਉਦੋਂ ਤੱਕ ਉਨ੍ਹਾਂ ਨੂੰ ਚੁਣ ਕੇ ਸੰਸਦ (ਲੋਕ ਸਭਾ ਜਾਂ ਰਾਜ ਸਭਾ) ਵਿਚ ਪਹੁੰਚਣਾ ਹੋਵੇਗਾ। ਇਸ ਵੇਲੇ ਹਰਿਆਣਾ ਸਰਕਾਰ ਵਿਚ ਵੀ ਕੋਈ ਸਿੱਖ ਮੰਤਰੀ ਨਹੀਂ ਹੈ ਕਿਉਂਕਿ ਨਾਇਬ ਸਿੰਘ ਸੈਣੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਸੂਬੇ ਦੇ ਇਕੋ ਇਕ ਸਿੱਖ ਭਾਜਪਾ ਵਿਧਾਇਕ ਸੰਦੀਪ ਸਿੰਘ ਨੂੰ ਵੀ ਮੰਤਰੀ ਮੰਡਲ ਤੋਂ ਲਾਂਭੇ ਕਰ ਦਿੱਤਾ ਗਿਆ ਸੀ।



## ਰਾਘਵ ਚੱਢਾ ਵੱਲੋਂ ਪੰਜਾਬ ਦਾ ਬਕਾਇਆ ਜਾਰੀ ਕਰਨ ਦੀ ਮੰਗ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਰਾਜ ਸਭਾ ਵਿਚ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਰੋਕੇ ਹੋਏ ਵਿਕਾਸ ਕਾਰਜਾਂ ਦੇ ਹਜ਼ਾਰਾਂ ਕਰੋੜ ਰੁਪਏ ਦੇ ਫ਼ੰਡ ਤੁਰਤ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਨੇ ਪੇਂਡੂ ਵਿਕਾਸ ਫ਼ੰਡ ਦੇ 5600 ਕਰੋੜ ਰੁਪਏ, ਮੰਡੀ ਵਿਕਾਸ ਫ਼ੰਡ ਦੇ 1100 ਕਰੋੜ, ਰਾਸ਼ਟਰੀ ਸਿਹਤ ਮਿਸ਼ਨ ਫ਼ੰਡ ਦੇ 1100 ਕਰੋੜ ਰੁਪਏ ਰੋਕੇ ਹੋਏ ਹਨ।

## 'ਆਪ' ਨੇ ਸੰਸਦ ਦੀ ਛੱਤ ਚੋਣ ਦੇ ਮਾਮਲੇ 'ਤੇ ਭਾਜਪਾ ਨੂੰ ਘੇਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਪਏ ਮੀਂਹ ਦੌਰਾਨ ਨਵੀਂ ਸੰਸਦ ਭਵਨ ਦੀ ਛੱਤ 'ਚੋਂ ਪਾਣੀ ਰਿਸਣ ਦੇ ਮਾਮਲੇ 'ਤੇ ਭਾਜਪਾ ਨੂੰ ਘੇਰਿਆ ਹੈ। 'ਆਪ' ਪੰਜਾਬ ਦੇ ਸੀਨੀਅਰ ਆਗੂ ਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਆਗੂ ਹਮੇਸ਼ਾ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੀ ਗੱਲ ਕਰਦੇ ਹਨ, ਜਦਕਿ ਉਨ੍ਹਾਂ ਦੇ ਸਾਰੇ ਕੰਮ ਭ੍ਰਿਸ਼ਟਾਚਾਰ ਨਾਲ ਭਰੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਮਾਰਤ ਪਹਿਲੀ ਬਰਸਾਤ ਵਿਚ ਹੀ ਲੀਕ ਹੋਣੀ ਸ਼ੁਰੂ ਹੋ ਗਈ। ਇੰਨਾ ਹੀ ਨਹੀਂ ਪਿਛਲੇ ਕੁਝ ਦਿਨ ਪਹਿਲਾਂ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਛੱਤ ਵੀ ਡਿੱਗ ਗਈ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਮੰਦਰ, ਸੰਸਦ ਭਵਨ ਤੋਂ ਹੀ ਪਾਣੀ ਨਹੀਂ ਰਿਸ ਰਿਹਾ ਸਗੋਂ, ਉਨ੍ਹਾਂ ਵੱਲੋਂ ਬਣਾਏ ਰਾਮ ਮੰਦਰ ਦੀ ਛੱਤ 'ਚੋਂ ਵੀ ਪਾਣੀ ਰਿਸ ਰਿਹਾ ਹੈ।

# ਪੰਜਾਬ ਸਰਕਾਰ ਨੇ ਮੁਫ਼ਤ ਬੱਸ ਸਫ਼ਰ ਉਤੇ 1548 ਕਰੋੜ ਰੁਪਏ ਖਰਚੇ

**ਚੰਡੀਗੜ੍ਹ:** ਪੰਜਾਬ ਵਿਚ ਰੋਜ਼ਾਨਾ ਪੌਣੇ ਚਾਰ ਲੱਖ ਔਰਤਾਂ ਮੁਫ਼ਤ ਬੱਸ ਸਫ਼ਰ ਦਾ ਲਾਹਾ ਲੈ ਰਹੀਆਂ ਹਨ। 'ਆਪ' ਸਰਕਾਰ ਵੱਲੋਂ ਆਪਣੇ 28 ਮਹੀਨਿਆਂ ਦੇ ਕਾਰਜਕਾਲ ਦੌਰਾਨ 1,548 ਕਰੋੜ ਰੁਪਏ ਤੋਂ ਵੱਧ ਦੀ ਮੁਫ਼ਤ ਬੱਸ ਸੇਵਾ ਦੀ ਸਹੂਲਤ ਮੁਹੱਈਆ ਕਰਵਾਈ ਜਾ ਚੁੱਕੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਹਰ ਘੰਟੇ 16 ਹਜ਼ਾਰ ਦੇ ਕਰੀਬ ਜਦਕਿ ਹਰ ਮਿੰਟ ਵਿਚ 265 ਔਰਤਾਂ ਮੁਫ਼ਤ ਬੱਸ ਸੇਵਾ ਦਾ ਲਾਹਾ ਲੈ ਰਹੀਆਂ ਹਨ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ 'ਆਪ' ਸਰਕਾਰ ਨੇ 28 ਮਹੀਨਿਆਂ ਦੌਰਾਨ ਪੰਜਾਬ ਰੋਡਵੇਜ਼, ਪਨਬੱਸ ਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿਚ ਮਹਿਲਾਵਾਂ ਲਈ ਮੁਫ਼ਤ ਯਾਤਰਾ ਯਕੀਨੀ ਬਣਾਉਣ ਲਈ 1,548 ਕਰੋੜ ਰੁਪਏ ਖ਼ਰਚ ਕੀਤੇ ਹਨ। ਉਨ੍ਹਾਂ ਕਿਹਾ ਕਿ ਮਾਰਚ 2022 ਤੋਂ ਮਾਰਚ 2023 ਤੱਕ ਕੁੱਲ 664.63 ਕਰੋੜ ਰੁਪਏ ਖ਼ਰਚ ਕੇ ਜਦਕਿ ਵਿੱਤੀ ਵਰ੍ਹੇ 2023-2024 ਦੌਰਾਨ 694.64 ਕਰੋੜ ਰੁਪਏ ਖ਼ਰਚ ਕੇ ਮਹਿਲਾਵਾਂ ਨੂੰ ਮੁਫ਼ਤ ਯਾਤਰਾ ਦਾ ਲਾਭ ਦਿੱਤਾ ਗਿਆ ਹੈ। ਭੁੱਲਰ ਨੇ ਕਿਹਾ ਕਿ ਇਹ ਮੁਫ਼ਤ ਯਾਤਰਾ ਸਕੀਮ ਔਰਤਾਂ ਨੂੰ ਮਹਿਜ਼ ਆਉਣ-ਜਾਣ ਦੀ ਸਹੂਲਤ ਦੇਣਾ ਹੀ ਨਹੀਂ, ਸਗੋਂ ਪੰਜਾਬ ਦੀ ਹਰ ਮਹਿਲਾ ਲਈ ਸਵੈਮਾਣ, ਆਜ਼ਾਦੀ ਅਤੇ ਵਿਕਾਸ ਨੂੰ ਦਰਸਾਉਂਦੀ ਹੈ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਮਹਿਲਾਵਾਂ ਲਈ ਮੁਫ਼ਤ ਬੱਸ ਸਫ਼ਰ ਸਹੂਲਤ 'ਆਪ' ਸਰਕਾਰ ਦੇ ਅਗਾਂਹਵਧੂ ਅਤੇ ਬਰਾਬਰੀ ਵਾਲੇ ਪੰਜਾਬ ਦੇ ਸੰਕਲਪ ਨੂੰ ਉਜਾਗਰ ਕਰਦੀ ਹੈ, ਜਿੱਥੇ ਹਰ ਨਾਗਰਿਕ ਲਿੰਗ ਆਧਾਰਤ ਪੱਖਪਾਤ ਤੋਂ ਬਿਨਾ ਸੂਬੇ ਦੇ ਵਿਕਾਸ ਅਤੇ ਖ਼ੁਸ਼ਹਾਲੀ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ।



ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਲਈ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਯਾਤਰਾ ਯੋਜਨਾ ਲਈ ਜਿੱਥੇ ਸੂਬਾ ਸਰਕਾਰ ਨੂੰ ਵੱਡੀ ਅਦਾਇਗੀ ਕਰਨੀ ਪੈ ਰਹੀ ਹੈ, ਉੱਥੇ ਹੀ ਪ੍ਰਾਈਵੇਟ ਟਰਾਂਸਪੋਰਟਰਾਂ ਵੀ ਪ੍ਰੇਸ਼ਾਨ ਹਨ। ਮੁਫ਼ਤ ਬੱਸ ਸਫ਼ਰ ਕਰਕੇ ਜ਼ਿਆਦਾਤਰ ਔਰਤ ਸਵਾਰੀਆਂ ਸਰਕਾਰੀ ਬੱਸਾਂ ਵਿਚ ਸਫਰ ਕਰਨਾ ਪਸੰਦ ਕਰਦੀਆਂ ਹਨ।

# ਰਾਮਪੁਰਾ ਫੂਲ ਨੇੜੇ ਹਾਦਸੇ 'ਚ ਪਿਓ-ਪੁੱਤ ਸਣੇ 3 ਹਲਾਕ

**ਬਠਿੰਡਾ:** ਇੱਥੇ ਰਾਮਪੁਰਾ ਫੂਲ ਵਿਚ ਸੜਕ ਹਾਦਸੇ ਵਿਚ ਕਾਰ ਸਵਾਰ ਪਿਓ-ਪੁੱਤ ਸਣੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਓਵਰਬ੍ਰਿਜ ਪਾਰ ਕਰਨ ਲੱਗਿਆਂ ਕਾਰ ਸੜਕ ਵਿਚਾਲੇ ਖੜ੍ਹੇ ਟਿੱਪਰ ਨਾਲ ਟਕਰਾਅ ਗਈ। ਇਸ ਹਾਦਸੇ ਵਿਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਕਾਰ ਵਿਚ ਸਵਾਰ ਤਿੰਨ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਮ੍ਰਿਤਕਾਂ ਦੀ ਪਛਾਣ ਸਤੀਸ਼ ਗਰਗ, ਉਸ ਦੇ ਪੁੱਤਰ ਹਿਮਾਂਸ਼ੂ ਗਰਗ (20) ਅਤੇ ਦੋਸਤ ਵਿਕਰਮ ਗਰਗ (25) ਪੁੱਤਰ ਬਲਰਾਮ ਗਰਗ ਵਜੋਂ ਹੋਈ ਹੈ। ਹਾਦਸੇ ਦਾ ਪਤਾ ਲੱਗਦੇ ਹੀ ਥਾਣਾ ਰਾਮਪੁਰਾ ਸਿਟੀ ਦੀ ਪੁਲਿਸ ਮੌਕੇ 'ਤੇ ਪੁੱਜੀ ਗਈ। ਜਾਣਕਾਰੀ ਮੁਤਾਬਕ ਸਤੀਸ਼ ਗਰਗ, ਵਿਕਰਮ ਅਤੇ ਉਸ ਦਾ ਦੋਸਤ ਆਪਣੀ ਕਾਰ (ਨੰਬਰ ਪੀਬੀ03 ਬੀਬੀ 0688) ਰਾਹੀਂ ਲੁਧਿਆਣਾ ਤੋਂ ਕਾਸਮੈਟਿਕ ਦਾ ਸਾਮਾਨ ਲੈ ਕੇ ਬਠਿੰਡਾ ਪਰਤ ਰਹੇ ਸਨ। ਸਤੀਸ਼ ਗਰਗ ਅਤੇ ਉਸ ਦਾ ਪੁੱਤਰ ਹਿਮਾਂਸ਼ੂ ਗਰਗ ਬਠਿੰਡਾ ਦੇ ਕਿਲ੍ਹਾ ਮੁਬਾਰਕ ਰੋਡ 'ਤੇ ਮਨਿਆਰੀ ਦੀ ਦੁਕਾਨ ਚਲਾਉਂਦੇ ਸਨ। ਇਸ ਹਾਦਸੇ ਕਾਰਨ ਬਠਿੰਡਾ ਵਿਚ ਸੋਗ ਦੀ ਲਹਿਰ ਹੈ। ਮੌਕੇ 'ਤੇ ਪੁੱਜੀ ਥਾਣਾ ਸਿਟੀ ਰਾਮਪੁਰਾ ਦੀ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਟਿੱਪਰ ਨੂੰ ਕਬਜ਼ੇ ਵਿਚ ਲੈ ਲਿਆ ਹੈ।

# ਸੀ-ਪਾਇਟ ਕੇਂਦਰ 'ਚ ਨੌਜਵਾਨਾਂ ਨੂੰ ਮਿਲੇਗੀ ਸਿਖਲਾਈ

**ਸੰਗਰੂਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੇੜਲੇ ਪਿੰਡ ਖੇੜੀ (ਹਲਕਾ ਸੁਨਾਮ) ਵਿਚ ਲਗਭਗ 29 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੈਂਟਰ ਫਾਰ ਟਰੇਨਿੰਗ ਐਂਡ ਐਂਪਲਾਇਮੈਂਟ ਆਫ ਪੰਜਾਬ ਯੂਥ (ਸੀ-ਪਾਈਟ) ਦਾ ਨੀਂਹ ਪੱਥਰ ਰੱਖਿਆ।



ਮੁੱਖ ਮੰਤਰੀ ਨੇ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੀ-ਪਾਇਟ ਕੇਂਦਰ 10 ਏਕੜ ਰਕਬੇ ਵਿਚ ਬਣੇਗਾ ਅਤੇ ਇਸ ਕੇਂਦਰ ਵਿਚ ਸਾਲਾਨਾ 1200 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ 14 ਸੀ-ਪਾਇਟ ਕੈਂਪ ਹਨ, ਜਿਨ੍ਹਾਂ ਵਿਚ ਹੁਣ ਤੱਕ 2,52,656 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ ਅਤੇ ਇਸ ਵਿਚੋਂ 1,14,670 ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੀ-ਪਾਇਟ ਨੂੰ ਹੋਰ ਮਜ਼ਬੂਤ ਕਰਨ ਲਈ ਪਿੰਡ ਖੇੜੀ ਵਿਚ ਸਥਾਪਤ ਹੋਣ ਵਾਲੇ ਕੈਂਪਸ ਵਿਚ ਕਲਾਸ ਰੂਮ, ਰਹਿਣ-ਸਹਿਣ, ਖਾਣ-ਪੀਣ, ਆਧੁਨਿਕ ਖੇਡ ਮੈਦਾਨ ਸਣੇ ਉੱਚ ਦਰਜੇ ਦੀਆਂ ਸਹੂਲਤਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਬਾਕੀ 14 ਸੀ-ਪਾਇਟ ਕੈਂਪਸ ਵੀ ਕਲਾਸਾਂ ਅਤੇ ਹੋਰ ਆਧੁਨਿਕ ਸਹੂਲਤਾਂ ਨਾਲ ਅਪਗ੍ਰੇਡ ਕੀਤੇ ਜਾ ਰਹੇ ਹਨ, ਇਸ ਉਦੇਸ਼ ਲਈ ਪੰਜਾਬ ਸਰਕਾਰ ਵੱਲੋਂ 78.50 ਕਰੋੜ ਰੁਪਏ ਦੇ ਬਜਟ ਦੀ ਵਿਵਸਥਾ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਸੀ-ਪਾਇਟ ਵੱਲੋਂ ਹੁਣ ਨੌਜਵਾਨਾਂ ਲਈ ਡਰੋਨ, ਸੁਰੱਖਿਆ ਸੇਵਾਵਾਂ ਅਤੇ ਖ਼ੁਦਾਈ ਦੀ ਸਿਖਲਾਈ ਵੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਇਕ ਸੀ-ਪਾਇਟ ਕੈਂਪਸ ਵਿਚ 'ਸੈਂਟਰ ਆਫ ਐਕਸੀਲੈਂਸ ਇਨ ਡਰੋਨ ਟਰੇਨਿੰਗ, ਰਿਪੇਅਰ ਐਂਡ ਅਸੈਂਬਲੀ ਦੀ ਸਥਾਪਨਾ' ਕੀਤੀ ਜਾਵੇਗੀ।

## ਗੁਰਦੁਆਰਾ ਬੇਰ ਸਾਹਿਬ 'ਚ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਬਦਲਿਆ

**ਜਲੰਧਰ:** ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਦੇ ਨਿਸ਼ਾਨ ਸਾਹਿਬ ਦਾ ਕੇਸਰੀ ਰੰਗ ਦਾ ਚੋਲਾ ਉਤਾਰ ਕੇ ਬਸੰਤੀ (ਪੀਲਾ) ਚੋਲਾ ਪਹਿਨਾ ਦਿੱਤਾ ਗਿਆ। ਚੋਲੇ ਸਬੰਧੀ ਭਖੇ ਵਿਵਾਦ ਤੋਂ ਬਾਅਦ ਇਸ ਪਹਿਲੇ ਗੁਰਦੁਆਰੇ ਦੇ ਚੋਲੇ ਦਾ ਰੰਗ ਬਦਲਿਆ ਗਿਆ ਹੈ। ਹਾਲ ਹੀ ਵਿਚ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਸਿੱਖ ਰਹਿਤ ਮਰਿਆਦਾ' ਅਨੁਸਾਰ ਹੀ ਚੋਲੇ ਦਾ ਰੰਗ ਵਰਤਣ ਦਾ ਹੁਕਮ ਦਿੱਤਾ ਸੀ।

ਗੁਰਦੁਆਰੇ ਦੇ ਮੈਨੇਜਰ ਗੁਰਬਖ਼ਸ਼ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦਾ ਸਰਕੂਲਰ ਲਾਗੂ ਕਰ ਦਿੱਤਾ ਹੈ। ਸੁਲਤਾਨਪੁਰ ਲੋਧੀ ਦਾ ਸਿੱਖ ਇਤਿਹਾਸ ਵਿਚ ਬਹੁਤ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਨੇ ਇੱਥੇ ਲਗਭਗ 14 ਸਾਲ ਤੋਂ ਵੱਧ ਸਮਾਂ ਰਹਿ ਕੇ ਗਿਆਨ ਪ੍ਰਾਪਤ ਕੀਤਾ ਸੀ। ਜ਼ਿਕਰਯੋਗ ਹੈ ਕਿ ਮਰਿਆਦਾ ਵਿਚ ਜ਼ਿਕਰ ਹੈ ਕਿ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਬਸੰਤੀ ਜਾਂ ਸੁਰਮਈ (ਸਲੇਟੀ ਨੀਲਾ) ਹੋਣਾ ਚਾਹੀਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਆਪਣੇ 'ਮਹਾਨ ਕੋਸ਼' ਵਿਚ ਜ਼ਿਕਰ ਕੀਤਾ ਹੈ ਕਿ ਖ਼ਾਲਸਾਈ ਝੰਡੇ ਦੇ ਕੱਪੜੇ ਦਾ ਰੰਗ ਬਸੰਤੀ ਸੀ।

# ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ 'ਚ ਭਾਜਪਾ ਦਾ ਵਿਰੋਧ ਕਰਨਗੇ ਕਿਸਾਨ

**ਮਾਨਸਾ:** ਕੁੱਲ ਹਿੰਦ ਕਿਸਾਨ ਮਹਾਸਭਾ ਦੀ ਮਾਨਸਾ ਵਿਚ ਕੇਂਦਰੀ ਕਮੇਟੀ ਮੀਟਿੰਗ ਦੇ ਦੂਜੇ ਦਿਨ ਖੇਤੀ ਬਜਟ ਵਿਚ ਵਾਧਾ ਕਰਨ, ਖੇਤੀ ਦੇ ਨਿਜੀਕਰਨ 'ਤੇ ਰੋਕ, ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਗਤੀਵਿਧੀਆਂ ਨੂੰ ਨਿਯੰਤਰਨ ਕਰਨ, ਸਰਕਾਰੀ ਸੰਸਥਾਵਾਂ ਦੇ ਨਿੱਜੀਕਰਨ ਨੂੰ ਰੋਕਣ ਤੇ ਸਰਕਾਰੀ ਸੰਸਥਾਵਾਂ ਵਿਚ ਖਾਲੀ ਸੀਟਾਂ ਭਰਨ ਦਾ ਮਤਾ ਪਾਸ ਕੀਤਾ ਗਿਆ।

ਇਸ ਦੇ ਨਾਲ ਹੀ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾਉਣ, ਕਿਸਾਨਾਂ-ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ, ਮਨਰੇਗਾ ਵਿਚ 200 ਦਿਨ ਕੰਮ 700 ਰੁਪਏ ਮਜ਼ਦੂਰੀ, ਜੰਗਲਾਤ ਅਧਿਕਾਰ ਕਾਨੂੰਨ-2005 ਅਤੇ ਭੂਮੀ ਗ੍ਰਹਿਣ ਕਾਨੂੰਨ-2013 ਨੂੰ ਸਖ਼ਤੀ ਨਾਲ ਲਾਗੂ ਕਰਨ, ਨਵੇਂ ਬਿਜਲੀ ਬਿੱਲ ਤੇ ਸਮਾਰਟ ਮੀਟਰ ਦੀ ਵਾਪਸੀ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਸਿਆਸੀ ਪ੍ਰਸਤਾਵ ਪਾਸ ਕੀਤੇ ਗਏ।



ਮੀਟਿੰਗ ਵਿਚ ਵੈਨਜ਼ੁਏਲਾ ਦੀਆਂ ਖੱਬੇ-ਪੱਖੀ ਤਾਕਤਾਂ ਦਾ ਫੇਰ ਤੋਂ ਸਵਾਗਤ ਕਰਦੇ ਹੋਏ ਅਮਰੀਕਾ ਦੁਆਰਾ ਉੱਥੇ ਅਸਥਿਰਤਾ ਫੈਲਾਉਣ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕੀਤੀ ਗਈ। ਫਲਸਤੀਨ ਉੱਤੇ ਇਜ਼ਰਾਈਲ ਵਲੋਂ ਕੀਤੇ ਜਾ ਰਹੇ ਹਮਲੇ ਰੋਕਣ ਦਾ ਮਤਾ ਪਾਸ ਕੀਤਾ ਗਿਆ। ਪ੍ਰਸਤਾਵ ਪੇਸ਼ ਕਰਦਿਆਂ ਸੰਗਠਨ ਦੇ ਕੌਮੀ ਆਗੂ ਕਾਰਾਕਾਟ (ਬਿਹਾਰ) ਦੇ ਸੰਸਦ ਮੈਂਬਰ ਕਾਮਰੇਡ ਰਾਜਾ ਰਾਮ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਨਾਲ-ਨਾਲ ਪੇਂਡੂ ਦੇ ਪਛੜੇ ਵਰਗ, ਗਰੀਬਾਂ ਦੇ ਹਿੱਤਾਂ ਦੀ ਲੜਾਈ ਨੂੰ ਵੀ ਤਾਕਤ ਦੇਣ ਦਾ ਜ਼ਿੰਮਾ ਲੈਣਾ ਪਵੇਗਾ। ਕੁੱਲ ਹਿੰਦ ਕਿਸਾਨ ਮਹਾਸਭਾ ਦੇ ਕੌਮੀ ਪ੍ਰਧਾਨ ਰੁਲਦੂ ਸਿੰਘ ਨੇ ਕਿਹਾ ਕਿ ਹਰਿਆਣਾ ਵਰਗੇ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਵਿੱਚ ਭਾਜਪਾ ਨੂੰ ਹਰਾਉਣ ਲਈ ਜਥੇਬੰਦੀ ਦੀ ਲੜਾਈ ਜਾਰੀ ਰਹੇਗੀ।

ਉਨ੍ਹਾਂ ਕਿਹਾ ਕਿ ਦੇਸ਼ ਦੇ ਜਿਹੜੇ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਥੇ ਬਾਕਾਇਦਾ ਲੋਕ ਸਭਾ ਚੋਣਾਂ ਵਾਂਗ ਭਾਜਪਾ ਖ਼ਿਲਾਫ਼ ਉੱਚੀ-ਸੁੱਚੀ ਲੜਾਈ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਪੇਂਡੂ ਖੇਤ ਮਜ਼ਦੂਰਾਂ ਦੇ ਹਿੱਤਾਂ ਲਈ ਜਥੇਬੰਦੀ ਆਪਣਾ ਅੰਦੋਲਨ ਕਾਇਮ ਰੱਖੇਗੀ।

# ਨੈਸ਼ਨਲ ਇੰਡੋ-ਅਮੈਰੀਕਨ ਮਿਊਜ਼ੀਅਮ ਵਲੋਂ ਨਵੀਂ ਓਰਲ ਇਤਿਹਾਸਕ ਪਹਿਲਕਦਮੀ ਦੀ ਸ਼ੁਰੂਆਤ





(1) ਸ਼ਿਕਾਗੋ ਦੇ ਕੌਂਸਲ ਜਨਰਲ ਸ਼੍ਰੀ ਸੋਮਨਾਥ ਘੋਸ਼ ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ (2) ਪਦਮਾ ਰੰਗਾਸਵਾਮੀ, ਪ੍ਰੋਜੈਕਟ ਡਾਇਰੈਕਟਰ, ਪ੍ਰੋਜੈਕਟ ਦੀ ਸ਼ੁਰੂਆਤ ਕਰਨ ਮੌਕੇ ਸੰਬੋਧਨ ਕਰਦੇ ਹੋਏ।





(3) ਰਾਜਾ ਨਦੀਮਪੱਲੀ, NIAM ਦੀ ਸਥਾਈ ਪ੍ਰਦਰਸ਼ਨੀ ਦੇਸੀ ਰੂਟਸ ਐਂਡ ਵਿੰਗਜ਼ ਦੇ ਕਿਊਰੇਟਰ, ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ। (4) ਗੈਸਟ ਸਪੀਕਰ ਨਿਸ਼ਾ ਗਰੋਵਰ ਆਪਣੇ ਪੜਦਾਦਾ, ਭਾਰਤੀ ਸੁਤੰਤਰਤਾ ਸੈਨਾਨੀ, ਹਰਦਿਆਲ ਮਾਥੁਰ ਬਾਰੇ ਗੱਲ ਕਰਦੇ ਹੋਏ।

ਸ਼ਿਕਾਗੋ: ਨੈਸ਼ਨਲ ਇੰਡੋ-ਅਮੈਰੀਕਨ ਮਿਊਜ਼ੀਅਮ (ਐਨਆਈਏਐਮ) ਨੇ 19 ਜੁਲਾਈ, 2024 ਨੂੰ ਬ੍ਰੌਡਨਿੰਗ ਨੈਰੇਟਿਵਜ਼ ਨਾਮਕ ਆਪਣੀ ਨਵੀਨਤਮ ਓਰਲ ਹਿਸਟਰੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ। ਲੋਮਬਾਰਡ ਵਿਚ 815 ਐਸ. ਮੇਨ ਸੇਂਟ ਵਿਚ ਐਨਆਈਏਐਮ ਦੇ ਉਮੰਗ ਅਤੇ ਪਰਾਗੀ ਪਟੇਲ ਸੈਂਟਰ ਵਿਚ ਆਯੋਜਿਤ ਇਸ ਸਮਾਗਮ ਵਿਚ ਕੌਂਸਲ ਜਨਰਲ, ਸ਼੍ਰੀ ਸੋਮਨਾਥ ਘੋਸ਼, ਹੋਰ ਬੁਲਾਰਿਆਂ, ਅਤੇ ਕਮਿਊਨਿਟੀ ਦੇ ਮੈਂਬਰਾਂ ਨੇ ਹਿੱਸਾ ਲਿਆ। ਗੇਲੋਰਡ ਅਤੇ ਡੋਰਥੀ ਡੋਨਲੀ ਫਾਊਂਡੇਸ਼ਨ ਦੁਆਰਾ ਫੰਡ ਕੀਤਾ ਗਿਆ, ਬ੍ਰੌਡਨਿੰਗ ਨੈਰੇਟਿਵਜ਼ ਪ੍ਰੋਜੈਕਟ ਭਾਰਤੀ ਅਮਰੀਕੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਅਤੇ ਸਫਲ ਪ੍ਰਵਾਸੀ ਸਮੂਹ ਵਜੋਂ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਸਮਾਜਿਕ-ਆਰਥਿਕ ਪੱਧਰ ਦੀ ਇੱਕ ਵਿਸ਼ਾਲ ਸ਼੍ਰੇਣੀ ਤੋਂ ਭਾਰਤੀ ਅਮਰੀਕੀਆਂ ਦੀਆਂ ਆਵਾਜ਼ਾਂ ਨੂੰ ਜੋੜ ਕੇ NIAM ਦੇ ਓਰਲ ਹਿਸਟਰੀ ਕੁਲੈਕਸ਼ਨ ਨੂੰ ਵਿਭਿੰਨਤਾ ਦੇਵੇਗਾ, ਜਿਸ ਵਿਚ ਹਾਸ਼ੀਏ 'ਤੇ ਅਤੇ ਘੱਟ ਨੁਮਾਇੰਦਗੀ ਵਾਲੇ ਸਮੂਹ, ਜਿਵੇਂ LGBTQ+, ਰੀਟੇਲ ਕਲਰਕ, ਗੈਸ ਸਟੇਸ਼ਨ ਅਟੈਂਡੈਂਟ, ਸ਼ੈਲਟਰਾਂ ਵਿਚ ਰਹਿ ਰਹੇ ਲੋਕ ਜਾਂ ਸਰਕਾਰ ਕੋਲੋਂ ਸਹਾਇਤਾ ਪ੍ਰਾਪਤ ਅਤੇ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਲੋਕ ਸ਼ਾਮਲ ਹਨ।

ਕੌਂਸਲ ਜਨਰਲ ਨੇ ਭਾਰਤੀ ਅਮਰੀਕੀ ਅਨੁਭਵ ਦੀ ਵਿਆਖਿਆ ਕਰਨ ਲਈ ਇਸ ਨੂੰ ਦੂਜਿਆਂ ਦੇ ਹੱਥਾਂ ਵਿਚ ਛੱਡਣ ਦੀ ਬਜਾਏ ਖੁਦ ਆਪਣੀ ਕਹਾਣੀ ਨੂੰ ਕੈਪਚਰ ਕਰਨ ਦੀ ਮਹੱਤਤਾ ਬਾਰੇ ਗੱਲ ਕੀਤੀ। NIAM ਬੋਰਡ ਦੇ ਮੈਂਬਰਾਂ ਨੇ ਉਸ ਪ੍ਰਕਿਰਿਆ ਦੀ ਵਿਆਖਿਆ ਕੀਤੀ ਜਿਸ ਦੁਆਰਾ ਪ੍ਰੋਜੈਕਟ ਟੀਮ ਦੇ ਚੰਗੇ ਸਿਖਿਅਤ ਪੇਸ਼ੇਵਰਾਂ ਦੁਆਰਾ ਇੰਟਰਵਿਊ ਕੀਤੀ ਜਾਵੇਗੀ। ਪ੍ਰੋਜੈਕਟ ਡਾਇਰੈਕਟਰ ਪਦਮਾ ਰੰਗਾਸਵਾਮੀ, ਬੋਰਡ ਮੈਂਬਰ ਦੇਵਾਲੀਨਾ ਲਾਅ, ਪ੍ਰਦਰਸ਼ਨੀ ਚੇਅਰ ਰਾਜਾ ਨਦੀਮਪੱਲੀ ਅਤੇ ਪ੍ਰੋਜੈਕਟ ਮੈਨੇਜਰ ਅਮਿਤਾ ਬੈਨਰਜੀ ਸਮੇਤ ਟੀਮ ਦੇ ਮੈਂਬਰਾਂ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ। ਸ਼ਿਕਾਗੋ ਹਿਸਟਰੀ ਮਿਊਜ਼ੀਅਮ ਦੇ ਮੁੱਖ ਓਰਲ ਹਿਸਟੋਰੀਅਨ, NIAM ਡਿਜੀਟਲ ਆਰਕਾਈਵਿਸਟ ਇਨਾ ਕੌਕਸ ਅਤੇ ਸਲਾਹਕਾਰ ਪੀਟਰ ਆਲਟਰ ਨੇ ਹਾਜ਼ਰੀਨ ਨੂੰ ਇਸ ਦੇ ਵੈੱਬ ਪੰਨਿਆਂ ਦਾ ਵੱਧ ਤੋਂ ਵੱਧ ਲਾਭ ਲੈਣ ਬਾਰੇ ਜਾਣਕਾਰੀ ਦਿੱਤੀ। ਨਵੇਂ ਓਰਲ ਇਤਿਹਾਸ ਨੂੰ NIAM ਦੀ ਵੈੱਬਸਾਈਟ 'ਤੇ ਪੋਸਟ ਕੀਤਾ ਜਾਵੇਗਾ ਅਤੇ ਇਤਿਹਾਸਕਾਰਾਂ ਅਤੇ ਖੋਜਕਰਤਾਵਾਂ ਸਮੇਤ ਸਭ ਤੋਂ ਵੱਧ ਸੰਭਵ ਦਰਸ਼ਕਾਂ ਤੱਕ ਪਹੁੰਚਯੋਗ ਬਣਾਇਆ ਜਾਵੇਗਾ।

ਹਾਜ਼ਰੀਨ ਨੇ NIAM ਦੀ ਨਵੀਨਤਮ ਪ੍ਰਦਰਸ਼ਨੀ ਦੇਸੀ ਰੂਟਸ ਐਂਡ ਵਿੰਗਜ਼ ਨੂੰ ਵੀ ਦੇਖਿਆ, ਜੋ ਕਿ 1620 ਤੋਂ ਵਿਸ਼ਵ ਯੁੱਧ 1 ਤੱਕ ਅਮਰੀਕਾ ਵਿਚ ਭਾਰਤੀ ਪ੍ਰਵਾਸੀਆਂ ਦੇ ਬਹੁਤ ਘੱਟ ਜਾਣੇ-ਪਛਾਣੇ ਇਤਿਹਾਸ ਨੂੰ ਬਿਆਨ ਕਰਦੀ ਹੈ। ਪ੍ਰਦਰਸ਼ਨੀ ਵਿੱਚ ਬਹੁਤ ਸਾਰੇ ਵਿਅਕਤੀਆਂ ਜਿਨ੍ਹਾਂ ਦੀ ਕਹਾਣੀ ਪ੍ਰਦਰਸ਼ਿਤ ਕੀਤੀ ਗਈ ਵਿਚ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਏ ਹਰਦਿਆਲ ਮਾਥੁਰ ਦੀ ਕਹਾਣੀ ਵੀ ਸ਼ਾਮਲ ਹੈ। ਉਹ (1884 – 1939) ਤੱਕ ਅਮਰੀਕਾ ਰਹੇ ਅਤੇ ਅੰਗਰੇਜ਼ਾਂ ਤੋਂ ਭਾਰਤ ਦੀ ਆਜ਼ਾਦੀ ਲਈ ਆਪਣਾ ਜੀਵਨ ਕੁਰਬਾਨ ਕੀਤਾ। ਉਸਦੀ ਪੜਪੋਤੀ, ਨਿਸ਼ਾ ਗਰੋਵਰ, ਬ੍ਰੌਡਨਿੰਗ ਨੈਰੇਟਿਵਜ਼ ਇਵੈਂਟ ਦੇ ਵਿਸ਼ੇਸ਼ ਬੁਲਾਰਿਆਂ ਵਿਚੋਂ ਇੱਕ ਸੀ। ਉਸਨੇ ਆਪਣੇ ਪੜਦਾਦੇ ਦੀ ਇੱਕ ਦਿਲਚਸਪ ਕਹਾਣੀ ਸੁਣਾਈ।

ਦੇਸੀ ਰੂਟਸ ਐਂਡ ਵਿੰਗਜ਼ ਵੀਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਦੁਪਹਿਰ ਤੋਂ ਸ਼ਾਮ 4 ਵਜੇ ਤੱਕ ਲੋਮਬਾਰਡ ਦੇ 815 ਐਸ. ਮੇਨ ਸੇਂਟ ਵਿਚ ਲੋਕਾਂ ਲਈ ਖੁੱਲ੍ਹਾ ਹੈ। ਦਾਖਲਾ $10 ਹੈ, 5 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੁਫ਼ਤ। ਮੁਫਤ ਪਾਰਕਿੰਗ ਵੀ ਉਪਲੱਬਧ ਹੈ।

# ਸ਼ੰਭੂ ਬਾਰਡਰ: ਸੁਪਰੀਮ ਕੋਰਟ ਵੱਲੋਂ ਕਿਸਾਨਾਂ ਨੂੰ ਸਮਝਾਉਣ ਦੀ ਸਲਾਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਸਮੇਤ ਹੋਰ ਮੰਗਾਂ ਨੂੰ ਲੈ ਕੇ ਸ਼ੰਭੂ ਬਾਰਡਰ ਉਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਸੰਪਰਕ ਕਰਨ ਲਈ ਇਕ ਕਮੇਟੀ ਬਣਾਉਣ ਵਾਸਤੇ ਕੁਝ ਨਿਰਪੱਖ ਵਿਅਕਤੀਆਂ ਦੇ ਨਾਮ ਸੁਝਾਉਣ।

ਅਦਾਲਤ ਨੇ ਕਿਹਾ ਕਿ ਕਿਸੇ ਨੂੰ ਵੀ ਹਾਲਾਤ ਵਿਗਾੜਨੇ ਨਹੀਂ ਚਾਹੀਦੇ ਹਨ। ਕੇਸ ਦੀ ਸੁਣਵਾਈ 12 ਅਗਸਤ ਲਈ ਮੁਲਤਵੀ ਕਰਦਿਆਂ ਅਦਾਲਤ ਨੇ ਕਿਹਾ ਕਿ ਅਗਲੇ ਹੁਕਮਾਂ ਤੱਕ ਅੰਤਰਿਮ ਪ੍ਰਬੰਧ ਜਾਰੀ ਰਹੇਗਾ। ਸੁਪਰੀਮ ਕੋਰਟ ਨੇ ਕਿਹਾ ਕਿ ਜਮਹੂਰੀ ਪ੍ਰਬੰਧ 'ਚ ਲੋਕਾਂ ਨੂੰ ਆਪਣੀਆਂ ਸ਼ਿਕਾਇਤਾਂ ਦੱਸਣ ਦਾ ਪੂਰਾ ਹੱਕ ਹੈ ਅਤੇ ਉਹ ਸਾਰੀਆਂ ਧਿਰਾਂ ਨੂੰ ਸ਼ਾਮਲ ਕਰਦਿਆਂ ਗੱਲਬਾਤ ਦੀ ਸਹਿਜ ਸ਼ੁਰੂਆਤ ਚਾਹੁੰਦੇ ਹਨ।



ਸਿਖਰਲੀ ਅਦਾਲਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਹਰਿਆਣਾ ਸਰਕਾਰ ਦੀ ਅਰਜ਼ੀ 'ਤੇ ਸੁਣਵਾਈ ਕਰ ਰਹੀ ਹੈ ਜਿਸ 'ਚ ਸੂਬਾ ਸਰਕਾਰ ਨੂੰ ਇਕ ਹਫ਼ਤੇ ਦੇ ਅੰਦਰ ਸ਼ੰਭੂ ਬਾਰਡਰ ਤੋਂ ਬੈਰੀਕੇਡ ਹਟਾਉਣ ਲਈ ਕਿਹਾ ਗਿਆ ਸੀ ਜਿਥੇ ਅੰਦੋਲਨਕਾਰੀ ਕਿਸਾਨ 13 ਫਰਵਰੀ ਤੋਂ ਡੇਰੇ ਲਗਾ ਕੇ ਬੈਠੇ ਹਨ।

ਜਸਟਿਸ ਸੂਰਿਆਕਾਂਤ ਅਤੇ ਜਸਟਿਸ ਆਰ. ਮਹਾਦੇਵਨ ਦੇ ਬੈਂਚ ਨੇ ਕਿਹਾ,''ਕਿਸੇ ਨੂੰ ਵੀ ਹਾਲਾਤ ਹੋਰ ਨਹੀਂ ਵਿਗਾੜਨੇ ਚਾਹੀਦੇ ਹਨ। ਕਿਸਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਈ ਜਾਵੇ ਪਰ ਇਕ ਸੂਬੇ ਵਜੋਂ ਤੁਸੀਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰੋ ਕਿ ਜਿਥੋਂ ਤੱਕ ਟਰੈਕਟਰਾਂ, ਜੇ.ਸੀ.ਬੀ. ਮਸ਼ੀਨਾਂ ਅਤੇ ਹੋਰ ਖੇਤੀ ਉਪਕਰਨਾਂ ਦਾ ਸਵਾਲ ਹੈ ਤਾਂ ਉਹ ਖੇਤ ਜਾਂ ਖੇਤੀ ਵਾਲੀ ਜ਼ਮੀਨ 'ਚ ਜਾਣੇ ਚਾਹੀਦੇ ਹਨ।'' ਬੈਂਚ ਨੇ ਕਿਹਾ ਕਿ ਜਮਹੂਰੀ ਪ੍ਰਬੰਧ 'ਚ ਕਿਸਾਨਾਂ ਨੂੰ ਆਪਣੀਆਂ ਸ਼ਿਕਾਇਤਾਂ ਦੱਸਣ ਦਾ ਪੂਰਾ ਅਧਿਕਾਰ ਹੈ ਅਤੇ ਇਹ ਸ਼ਿਕਾਇਤਾਂ ਆਪਣੀ ਥਾਂ 'ਤੇ ਰਹਿ ਕੇ ਵੀ ਜ਼ਾਹਿਰ ਕੀਤੀਆਂ ਜਾ ਸਕਦੀਆਂ ਹਨ।

ਸੁਣਵਾਈ ਦੌਰਾਨ ਹਰਿਆਣਾ ਸਰਕਾਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਨ੍ਹਾਂ 24 ਜੁਲਾਈ ਦੇ ਅਦਾਲਤ ਦੇ ਨਿਰਦੇਸ਼ਾਂ ਮੁਤਾਬਕ ਕੰਮ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵੱਲੋਂ ਪੇਸ਼ ਹੋਏ ਵਕੀਲ ਨੇ ਪੜਾਅਵਾਰ ਹਾਈਵੇਅ ਖੋਲ੍ਹਣ ਦਾ ਜ਼ਿਕਰ ਕੀਤਾ। ਬੈਂਚ ਨੇ ਕਿਹਾ,''ਤੁਸੀਂ ਆਪਣੀਆਂ ਤਜਵੀਜ਼ਾਂ ਆਪਸ 'ਚ ਕਿਉਂ ਨਹੀਂ ਸਾਂਝੀਆਂ ਕਰਦੇ ਹੋ? ਹਰ ਵਾਰ ਦੋ ਸੂਬਿਆਂ ਵਿਚਕਾਰ ਲੜਾਈ ਹੋਣਾ ਜ਼ਰੂਰੀ ਨਹੀਂ ਹੈ।''

ਮਹਿਤਾ ਨੇ ਦਲੀਲ ਦਿੱਤੀ ਕਿ ਕੋਈ ਸੂਬਾ ਇਹ ਨਹੀਂ ਆਖ ਸਕਦਾ ਕਿ ਕਿਸਾਨਾਂ ਨੂੰ ਦੇਸ਼ ਦੀ ਰਾਜਧਾਨੀ 'ਚ ਜਾਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਨੋਟਿਸ ਜਾਰੀ ਹੋਣ ਦੇ ਬਾਵਜੂਦ ਕਿਸਾਨ ਸੁਪਰੀਮ ਕੋਰਟ ਅੱਗੇ ਪੇਸ਼ ਨਹੀਂ ਹੋਏ। ਬੈਂਚ ਨੇ ਸੂਬਿਆਂ ਨੂੰ ਕਮੇਟੀ 'ਚ ਸ਼ਾਮਲ ਕੀਤੇ ਜਾ ਸਕਣ ਵਾਲੇ ਵਿਅਕਤੀਆਂ ਦੇ ਨਾਮ ਸੁਝਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਦੇਸ਼ 'ਚ ਬਹੁਤ ਤਜਰਬੇਕਾਰ ਹਸਤੀਆਂ ਹਨ ਜੋ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਜਾਣਦੀਆਂ ਹਨ।

## ਹਰਿਆਣਾ 'ਚ ਸਾਰੀਆਂ ਫਸਲਾਂ ਦੀ ਖਰੀਦ ਐਮ.ਐਸ.ਪੀ. 'ਤੇ ਕਰਾਂਗੇ: ਸੈਣੀ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਥਾਨੇਸਰ (ਕੁਰੂਕਸ਼ੇਤਰ) 'ਚ ਵਿਧਾਨ ਸਭਾ ਹਲਕਾ ਪੱਧਰ ਦੀ ਚੋਣ ਰੈਲੀ ਦੌਰਾਨ ਐਲਾਨ ਕੀਤਾ ਕਿ ਸੂਬਾ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ 'ਤੇ ਐਮ.ਐਸ.ਪੀ. 'ਤੇ ਖਰੀਦੇਗੀ। ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਕਿਸਾਨਾਂ ਦੀਆਂ 14 ਫ਼ਸਲਾਂ ਐਮ.ਐਸ.ਪੀ. ਉਤੇ ਖਰੀਦੀਆਂ ਜਾਂਦੀਆਂ ਹਨ। ਹੁਣ ਤਕਰੀਬਨ 10 ਹੋਰ ਫ਼ਸਲਾਂ ਐਮ.ਐਸ.ਪੀ. ਦੇ ਘੇਰੇ 'ਚ ਆ ਜਾਣਗੀਆਂ। ਮੁੱਖ ਮੰਤਰੀ ਨੇ ਕਿਸਾਨਾਂ ਦਾ 133 ਕਰੋੜ ਰੁਪਏ ਤੋਂ ਵੱਧ ਦਾ ਆਬਿਆਨਾ ਮੁਆਫ਼ ਕਰਨ ਦਾ ਵੀ ਐਲਾਨ ਕੀਤਾ ਹੈ।

# ਜੌੜਾਮਾਜਰਾ ਨੇ ਵਿਦੇਸ਼ ਮੰਤਰਾਲੇ ਦੀ ਪ੍ਰਵਾਨਗੀ ਤੋਂ ਬਿਨਾਂ ਕੈਨੇਡਾ ਦਾ ਦੌਰਾ ਕੀਤਾ

**ਚੰਡੀਗੜ੍ਹ:** ਪੰਜਾਬ ਦੇ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਆਪਣਾ ਕੈਨੇਡਾ ਦੌਰਾ ਕੇਂਦਰੀ ਵਿਦੇਸ਼ ਮੰਤਰਾਲੇ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਮੁਕੰਮਲ ਕਰ ਲਿਆ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਤੋਂ ਕੈਬਨਿਟ ਮੰਤਰੀ ਜੌੜਾਮਾਜਰਾ ਨੇ ਰਾਜਸੀ ਪ੍ਰਵਾਨਗੀ ਮੰਗੀ ਸੀ ਪਰ ਕੇਂਦਰੀ ਮੰਤਰਾਲੇ ਇਹ ਪ੍ਰਵਾਨਗੀ ਠੁਕਰਾ ਦਿੱਤੀ ਸੀ।

ਕੇਂਦਰੀ ਵਿਦੇਸ਼ ਮੰਤਰਾਲੇ ਨੇ 2 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਪੈਰਿਸ ਦੌਰੇ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਅਮਰੀਕਾ ਦੌਰੇ ਨੂੰ ਸਿਆਸੀ ਪ੍ਰਵਾਨਗੀ ਨਹੀਂ ਦਿੱਤੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰੀ ਵਿਦੇਸ਼ ਮੰਤਰਾਲੇ ਨੇ ਕੈਬਨਿਟ ਮੰਤਰੀ ਜੌੜਾਮਾਜਰਾ ਨੂੰ ਸਿਆਸੀ ਪ੍ਰਵਾਨਗੀ ਨਾ ਦੇਣ ਪਿੱਛੇ ਕੋਈ ਕਾਰਨ ਨਹੀਂ ਦੱਸਿਆ ਸੀ। ਹੁਣ ਦੇਖਣਾ ਹੋਵੇਗਾ ਕਿ ਕੇਂਦਰੀ ਤੋਂ ਮਨਜ਼ੂਰੀ ਨਾ ਮਿਲਣ ਦੇ ਬਾਵਜੂਦ ਜੌੜਾਮਾਜਰਾ ਦਾ ਕੈਨੇਡਾ ਚਲੇ ਜਾਣ ਨੂੰ ਲੈ ਕੇ ਕੇਂਦਰੀ ਵਿਦੇਸ਼ ਮੰਤਰਾਲਾ ਕੀ ਕਦਮ ਚੁੱਕਦਾ ਹੈ।



ਜਲ ਸਰੋਤ ਮੰਤਰੀ ਕੈਨੇਡਾ ਦੇ ਕਈ ਸ਼ਹਿਰਾਂ ਦਾ ਦੌਰਾ ਕਰ ਕੇ ਆਏ ਹਨ। ਹਾਲ ਹੀ ਵਿਚ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਵੀ ਸਵਿਟਜ਼ਰਲੈਂਡ ਦਾ ਦੌਰਾ ਕਰ ਕੇ ਆਈ ਹੈ। ਇਸ ਤੋਂ ਪਹਿਲਾਂ ਸ਼ੁਰੂਆਤ ਸਮੇਂ ਵਿਚ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਵੀ ਕੇਂਦਰੀ ਵਿਦੇਸ਼ ਮੰਤਰਾਲੇ ਨੇ ਪ੍ਰਵਾਨਗੀ ਨਹੀਂ ਦਿੱਤੀ ਸੀ ਜੋ ਕਿ ਜਰਮਨੀ ਅਤੇ ਬੈਲਜੀਅਮ ਆਦਿ ਮੁਲਕਾਂ ਵਿਚ ਜਾਣਾ ਚਾਹੁੰਦੇ ਸਨ। ਇਕ ਸੀਨੀਅਰ ਅਧਿਕਾਰੀ ਨੇ ਜੌੜਾਮਾਜਰਾ ਦੇ ਕੈਨੇਡਾ ਦੌਰੇ ਦੀ ਰਾਜਸੀ ਪ੍ਰਵਾਨਗੀ ਨਾ ਦਿੱਤੇ ਜਾਣ ਦੀ ਪੁਸ਼ਟੀ ਕੀਤੀ ਹੈ। ਅਕਾਲੀ ਹਕੂਮਤ ਸਮੇਂ ਤਤਕਾਲੀ ਸਪੀਕਰ ਚਰਨਜੀਤ ਸਿੰਘ ਅਟਵਾਲ ਅਤੇ ਨਿਰਮਲ ਸਿੰਘ ਕਾਹਲੋਂ ਵੀ ਵਿਦੇਸ਼ ਦੌਰੇ ਕਰਦੇ ਰਹੇ ਹਨ। ਕੇਂਦਰ ਸਰਕਾਰ ਦੀ ਹੁਣ ਰਾਜਸੀ ਪ੍ਰਵਾਨਗੀ ਨਾ ਦੇਣ ਪਿੱਛੇ ਸਿਆਸੀ ਮਨਸ਼ਾ ਹੀ ਹੋ ਸਕਦੀ ਹੈ। ਹਾਲਾਂਕਿ ਪਹਿਲਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਕੈਨੇਡਾ ਦਾ ਦੌਰਾ ਕਰਕੇ ਆਏ ਸਨ ਅਤੇ ਹਾਲ ਹੀ ਵਿਚ ਉਨ੍ਹਾਂ ਨੇ ਜਰਮਨੀ ਦਾ ਦੌਰਾ ਕੀਤਾ ਹੈ। ਉਨ੍ਹਾਂ ਨੂੰ ਕੇਂਦਰ ਨੇ ਪ੍ਰਵਾਨਗੀ ਦੇਣ ਤੋਂ ਇਨਕਾਰ ਨਹੀਂ ਕੀਤਾ ਸੀ।

ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਕੈਨੇਡਾ ਦਾ ਪਰਿਵਾਰਕ ਦੌਰਾ ਸੀ ਅਤੇ ਉਹ ਕੈਨੇਡਾ ਆਪਣੇ ਬੱਚਿਆਂ ਨੂੰ ਮਿਲਣ ਗਏ ਸਨ। ਉਨ੍ਹਾਂ ਕਿਹਾ ਇਹ ਜਾਣਕਾਰੀ ਨਹੀਂ ਹੈ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਨੇ ਰਾਜਸੀ ਪ੍ਰਵਾਨਗੀ ਨਹੀਂ ਦਿੱਤੀ।

## ਪਿੰਡ ਸੇਖੂ ਵਿਚ ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਰਾਮਾਂ ਮੰਡੀ:** ਇੱਥੋਂ ਨੇੜਲੇ ਪਿੰਡ ਸੇਖੂ ਦੇ ਨੌਜਵਾਨ ਮਨਦੀਪ ਸਿੰਘ (23) ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਥਾਣਾ ਮੁਖੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸਵੇਰੇ ਸੂਚਨਾ ਮਿਲੀ ਸੀ ਕਿ ਪਿੰਡ ਤਰਖਾਣਵਾਲਾ ਦੇ ਰਜਵਾਹੇ ਦੀ ਪਟੜੀ 'ਤੇ ਇਕ ਨੌਜਵਾਨ ਬੇਹੋਸ਼ੀ ਦੀ ਹਾਲਤ ਵਿਚ ਪਿਆ ਹੈ। ਇਸ ਮਗਰੋਂ ਪੁਲਿਸ ਨੇ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੂੰ ਮੌਕੇ 'ਤੇ ਬੁਲਾ ਕੇ ਉਸ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਮਨਦੀਪ ਸਿੰਘ ਦੇ ਪਿਤਾ ਗੁਲਾਬ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਘਟਨਾ 'ਚ ਸ਼ਾਮਲ ਜਗਦੇਵ ਉਰਫ਼ ਸੈਮ ਵਾਸੀ ਤਰਖਾਣਵਾਲਾ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਯਾਦ ਰਹੇ ਕਿ ਪੰਜਾਬ ਵਿਚ ਨਿੱਤ ਦਿਨ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ਪਰ ਇਸ ਪਾਸੇ ਕੁਝ ਵੀ ਨਹੀਂ ਕੀਤਾ ਜਾ ਰਿਹਾ।

## 'ਰੋਜ਼ਾਨਾ ਸਪੋਕਸਮੈਨ' ਦੇ ਬਾਨੀ ਸੰਪਾਦਕ ਜੋਗਿੰਦਰ ਸਿੰਘ ਦਾ ਦੇਹਾਂਤ



**ਮੁਹਾਲੀ:** ਮੁਹਾਲੀ ਤੋਂ ਛਪਦੇ ਪੰਜਾਬੀ ਅਖ਼ਬਾਰ 'ਰੋਜ਼ਾਨਾ ਸਪੋਕਸਮੈਨ' ਦੇ ਬਾਨੀ ਸੰਪਾਦਕ ਜੋਗਿੰਦਰ ਸਿੰਘ (83) ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਉਨ੍ਹਾਂ ਨੇ ਫੋਰਟਿਸ ਹਸਪਤਾਲ ਵਿਚ ਆਖਰੀ ਸਾਹ ਲਏ। ਜੋਗਿੰਦਰ ਸਿੰਘ ਪੇਸ਼ੇ ਤੋਂ ਇਕ ਵਕੀਲ ਸਨ। ਉਨ੍ਹਾਂ ਨੇ ਆਪਣੀ ਅਤੇ ਪਰਿਵਾਰ ਦੀ ਸਖ਼ਤ ਮਿਹਨਤ ਨਾਲ 1 ਜਨਵਰੀ 1994 ਨੂੰ 'ਸਪੋਕਸਮੈਨ' ਮਾਸਕ ਰਸਾਲਾ ਸ਼ੁਰੂ ਕੀਤਾ ਸੀ ਅਤੇ 1 ਦਸੰਬਰ 2005 ਨੂੰ ਸਪੋਕਸਮੈਨ ਨਾਂ ਦੇ ਰੋਜ਼ਾਨਾ ਅਖ਼ਬਾਰ ਵਿਚ ਬਦਲ ਦਿੱਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋਗਿੰਦਰ ਸਿੰਘ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸੇ ਦੌਰਾਨ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜੇਮਾਜਰਾ, ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਣੇ ਵੱਡੀ ਗਿਣਤੀ ਵਿਚ ਸਿਆਸੀ ਤੇ ਸਮਾਜਿਕ ਆਗੂਆਂ ਨੇ ਵੀ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਕੁੰਵਰ ਵਿਜੈਪ੍ਰਤਾਪ ਵੱਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ

**ਅੰਮ੍ਰਿਤਸਰ:**'' 'ਆਪ' ਵਿਧਾਇਕ ਕੁੰਵਰ ਵਿਜੈਪ੍ਰਤਾਪ ਸਿੰਘ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲੋਂ ਸਾਲ 2015 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਉਸ ਤੋਂ ਬਾਅਦ ਹੋਈ ਗੋਲੀਬਾਰੀ, ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਸਣੇ ਹੋਰ ਮੁੱਦਿਆਂ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਹੈ। ਵਿਧਾਇਕ ਨੇ ਨਿੱਜੀ ਤੌਰ 'ਤੇ ਸਪੀਕਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਕੋਲ ਆਪਣੀ ਮੰਗ ਰੱਖੀ ਹੈ। ਉਨ੍ਹਾਂ ਨੂੰ ਵਿਧਾਨ ਸਭਾ ਵਿਚ ਇਨ੍ਹਾਂ ਮੁੱਦਿਆਂ ਨੂੰ ਉਠਾਉਣ ਲਈ ਘੱਟੋ-ਘੱਟ 40 ਮਿੰਟ ਦਾ ਸਮਾਂ ਦੇਣ ਦੀ ਵੀ ਅਪੀਲ ਕੀਤੀ ਹੈ। ਜਸਟਿਸ ਰਣਜੀਤ ਸਿੰਘ ਕਮੇਟੀ ਦੀ ਰਿਪੋਰਟ 'ਤੇ ਸਤੰਬਰ 2018 'ਚ ਵਿਸ਼ੇਸ਼ ਸੈਸ਼ਨ



ਬੁਲਾਏ ਜਾਣ ਦੇ ਰਿਕਾਰਡ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਲ 2015 'ਚ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੇ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੇ ਮਾਮਲਿਆਂ ਦੀ ਸਥਿਤੀ ਸਪੱਸ਼ਟ ਹੋਣੀ ਚਾਹੀਦੀ ਹੈ। ਖੇਤੀ ਸੰਕਟ ਬਾਰੇ ਉਨ੍ਹਾਂ ਨੇ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ, ਫ਼ਸਲੀ ਵਿਭਿੰਨਤਾ, ਕਰਜ਼ੇ ਦੇ ਬੋਝ ਨੂੰ ਘੱਟ ਕਰਨ, ਖਰਾਬ ਮੌਸਮ ਦੇ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ 'ਤੇ ਚਰਚਾ ਕਰਨ 'ਤੇ ਵੀ ਜ਼ੋਰ ਦਿੱਤਾ।

# ਕਿਸਾਨਾਂ ਨੇ ਬੀ.ਟੀ. ਨਰਮੇ ਦੀਆਂ ਕਿਸਮਾਂ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਨਰਮਾ ਪੱਟੀ 'ਚ ਹੁਣ ਨਰਮੇ ਦੇ ਮਾੜੇ ਬੀਜਾਂ ਦੀ ਗੂੰਜ ਪੈ ਗਈ ਹੈ। ਬੇਵੱਸ ਹੋਏ ਕਿਸਾਨਾਂ ਨੇ ਨਰਮੇ 'ਤੇ ਗੁਲਾਬੀ ਸੁੰਡੀ ਦੇ ਹਮਲੇ ਲਈ ਬੀ.ਟੀ. ਨਰਮੇ ਦੀਆਂ ਕਈ ਕਿਸਮਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਖੇਤੀ ਮਹਿਕਮੇ ਨੇ ਮਾਨਸਾ ਜ਼ਿਲ੍ਹੇ ਵਿਚ ਉਨ੍ਹਾਂ ਨੌਂ ਬੀਜ ਡੀਲਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ ਜਿਨ੍ਹਾਂ ਦੇ ਬੀਜਾਂ ਦੇ 11 ਨਮੂਨੇ ਫ਼ੇਲ੍ਹ ਹੋ ਗਏ ਸਨ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਗਿਆਨਾ ਦੇ ਕਿਸਾਨ ਜਸਵਿੰਦਰ ਸਿੰਘ ਨੇ ਆਪਣੇ ਖੇਤ ਵਿਚੋਂ ਨਰਮਾ ਵਾਹ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਇਕ ਬੀ.ਟੀ. ਕੰਪਨੀ ਦੇ ਬੀਜ ਕਾਰਨ ਹੀ ਉਸ ਦੀ ਫ਼ਸਲ 'ਤੇ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਇਆ ਹੈ ਹਾਲਾਂਕਿ ਅਪਰੈਲ ਮਹੀਨੇ ਵਿਚ ਜਦੋਂ ਖੇਤੀ ਮਹਿਕਮੇ ਨੇ ਬੀ.ਟੀ. ਨਰਮੇ ਦੇ 84 ਨਮੂਨੇ ਜਾਂਚੇ ਸਨ ਤਾਂ ਉਹ ਨਮੂਨੇ ਪਾਸ ਹੋ ਗਏ ਸਨ।



ਮਾਨਸਾ ਜ਼ਿਲ੍ਹੇ ਵਿਚ ਕਈ ਕਿਸਾਨਾਂ ਨੇ ਨਰਮੇ ਦੇ ਬੀਜਾਂ ਦੀ ਗੁਣਵੱਤਾ 'ਤੇ ਸਵਾਲ ਚੁੱਕੇ ਸਨ, ਜਿਸ ਮਗਰੋਂ ਖੇਤੀ ਮਹਿਕਮਾ ਹਰਕਤ ਵਿਚ ਆਇਆ ਸੀ। ਪਿੰਡ ਖਿਆਲੀ ਚਹਿਲਾਂ ਵਾਲੀ ਦੇ ਕਿਸਾਨ ਕੁਲਦੀਪ ਸਿੰਘ ਚਹਿਲ ਨੇ ਕਿਹਾ ਕਿ ਉਸ ਨੇ ਚਾਰ ਏਕੜ ਜ਼ਮੀਨ ਠੇਕੇ ਉਤੇ ਲੈ ਕੇ ਬਿਜਾਈ ਕੀਤੀ ਸੀ ਪ੍ਰੰਤੂ ਬੀਜ ਉੱਗਦਾ ਹੀ ਨਹੀਂ ਹੈ। ਉਸ ਨੇ ਲਾਗਤ ਖ਼ਰਚੇ ਸਿਰ ਪੈਣ ਦੀ ਗੱਲ ਵੀ ਆਖੀ। ਮਲੋਟ, ਅਬੋਹਰ ਤੇ ਫ਼ਾਜ਼ਿਲਕਾ ਦੇ ਪਿੰਡਾਂ ਵਿਚ ਸੈਂਕੜੇ ਕਿਸਾਨਾਂ ਨੇ ਸੁੰਡੀ ਦੇ ਹਮਲੇ ਮਗਰੋਂ ਫਸਲ ਹੀ ਵਾਹ ਦਿੱਤੀ ਹੈ ਅਤੇ ਉਨ੍ਹਾਂ ਨੇ ਹੁਣ ਝੋਨਾ ਲਾਇਆ ਹੈ। ਇਕ ਖੇਤੀ ਅਧਿਕਾਰੀ ਦਾ ਕਹਿਣਾ ਹੈ ਕਿ ਬਹੁਤੇ ਕਿਸਾਨ ਤਾਂ ਸੁੰਡੀ ਦੇ ਹਮਲੇ ਦੇ ਸ਼ੁਰੂ ਵਿਚ ਹੀ ਨਿਰਾਸ਼ ਹੋ ਜਾਂਦੇ ਹਨ ਅਤੇ ਫ਼ਸਲ ਵੱਲ ਧਿਆਨ ਦੇਣ ਦੀ ਥਾਂ ਵਾਹੁਣ ਨੂੰ ਤਰਜੀਹ ਦਿੰਦੇ ਹਨ। ਇਸ ਵਾਰ ਨਰਮੇ ਹੇਠ 99,720 ਹੈਕਟੇਅਰ ਰਕਬਾ ਸੀ ਜਦੋਂ ਕਿ ਟੀਚਾ ਦੋ ਲੱਖ ਹੈਕਟੇਅਰ ਦਾ ਸੀ। ਹੁਣ ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਅਗਲੇ ਵਰ੍ਹੇ ਰਕਬਾ ਹੋਰ ਘਟ ਜਾਣਾ ਹੈ। ਇਕ ਪ੍ਰਾਈਵੇਟ ਬੀਜ ਕੰਪਨੀ ਦੇ ਅਧਿਕਾਰੀ ਨੇ ਕਿਹਾ ਕਿ ਬੀਜਾਂ ਵਿਚ ਕਿਧਰੇ ਕੋਈ ਖ਼ਾਮੀ ਨਹੀਂ ਹੈ ਬਲਕਿ ਸੁੰਡੀ ਦੇ ਹਮਲੇ ਕਰ ਕੇ ਪੌਦੇ ਵੱਧ-ਫੁੱਲ ਨਹੀਂ ਰਹੇ ਹਨ। ਉਨ੍ਹਾਂ ਕਿਹਾ ਕਿ ਮੀਂਹ ਘੱਟ ਪੈਣ ਕਰ ਕੇ ਵੀ ਪੌਦਿਆਂ ਦਾ ਕੱਦ ਮਧਰਾ ਰਹਿ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਆਗੂਆਂ ਨੇ ਮਾਨਸਾ ਦੇ ਖੇਤੀਬਾੜੀ ਅਫ਼ਸਰ ਨਾਲ ਮੀਟਿੰਗ ਕਰ ਕੇ ਪ੍ਰਭਾਵਿਤ ਕਿਸਾਨਾਂ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।

## ਧੋਖਾਧੜੀ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ: ਖੁੱਡੀਆਂ

**ਚੰਡੀਗੜ੍ਹ:** ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਕਿਸਾਨਾਂ ਨਾਲ ਧੋਖਾਧੜੀ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਹਨ ਕਿ ਕਿਸਾਨਾਂ ਨੂੰ ਚੰਗੇ ਬੀਜ ਅਤੇ ਖਾਦਾਂ ਮੁਹੱਈਆ ਕਰਾਉਣ ਵਾਸਤੇ ਕੋਈ ਢਿੱਲ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਮਾੜੇ ਬੀਜ ਦੀ ਸਪਲਾਈ ਕਰਨ ਵਾਲੇ ਕਸੂਰਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਉਨ੍ਹਾਂ ਨੇ ਕਈ ਡੀਲਰਾਂ ਦੇ ਲਾਇਸੈਂਸ ਰੱਦ ਵੀ ਕਰ ਦਿੱਤੇ ਹਨ।

# ਭਗਵੰਤ ਮਾਨ ਨੂੰ ਪੈਰਿਸ ਜਾਣ ਤੋਂ ਰੋਕਣ ਦਾ ਮਾਮਲਾ ਭਖਿਆ



**ਚੰਡੀਗੜ੍ਹ:** 'ਆਪ' ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੈਰਿਸ ਜਾਣ ਤੋਂ ਰੋਕਣ ਉਤੇ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਹੈ। 'ਆਪ' ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੈਰਿਸ ਓਲੰਪਿਕ ਵਿਚ ਜਾਣ ਲਈ ਇਜਾਜ਼ਤ ਨਾ ਦੇ ਕੇ ਪੰਜਾਬ ਦੇ 3 ਕਰੋੜ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ।

ਉਨ੍ਹਾਂ ਕਿਹਾ ਕਿ 'ਆਪ' ਆਗੂਆਂ ਨੂੰ ਕੌਮਾਂਤਰੀ ਪੱਧਰ 'ਤੇ ਜਾਣ ਤੋਂ ਰੋਕਣਾ ਕੋਈ ਨਵੀਂ ਗੱਲ ਨਹੀਂ ਹੈ। ਇਸੇ ਦੌਰਾਨ 'ਆਪ' ਦੇ ਸੀਨੀਅਰ ਆਗੂ ਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਭਾਜਪਾ ਸੁਰੱਖਿਆ ਦੇ ਨਾਂ 'ਤੇ ਸਿਆਸਤ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੂੰ ਓਲੰਪਿਕ ਖੇਡਾਂ ਵਾਸਤੇ ਪੈਰਿਸ ਜਾਣ ਦੀ ਇਜਾਜ਼ਤ ਨਾ ਦੇਣ 'ਤੇ ਆਮ ਆਦਮੀ ਪਾਰਟੀ ਦੇ ਐਕਸ ਐਂਪਲਾਈਜ਼ ਵਿੰਗ ਦੇ ਆਗੂਆਂ ਨੇ ਵੀ ਕੇਂਦਰ ਸਰਕਾਰ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। 'ਆਪ' ਦੇ ਐਕਸ ਐਂਪਲਾਈਜ਼ ਵਿੰਗ ਦੇ ਸੂਬਾ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ ਨੇ ਕਿਹਾ ਕਿ ਪ੍ਰਵਾਨਗੀ ਨਾ ਦੇਣਾ ਕੇਂਦਰ ਸਰਕਾਰ ਦਾ ਇਹ ਆਪਾ ਵਿਰੋਧੀ ਕਦਮ ਹੈ ਕਿਉਂਕਿ ਮੁੱਖ ਮੰਤਰੀ ਦਾ ਪੈਰਿਸ ਜਾਣਾ ਇਸ ਗੱਲੋਂ ਵਿਸ਼ੇਸ਼ ਸੀ ਕਿ ਭਾਰਤੀ ਹਾਕੀ ਟੀਮ ਵਿਚ ਬਹੁ-ਗਿਣਤੀ ਖਿਡਾਰੀ ਪੰਜਾਬੀ ਹਨ।

ਦੱਸ ਦਈਏ ਕਿ ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੇ ਦਸ ਮੈਂਬਰੀ ਵਫ਼ਦ ਨੂੰ ਪੈਰਿਸ ਓਲੰਪਿਕ ਵਿਚ ਸ਼ਾਮਲ ਭਾਰਤੀ ਖਿਡਾਰੀਆਂ ਲਈ ਉਲੀਕੇ 'ਹੌਸਲਾ ਵਧਾਉ ਦੌਰੇ' ਨੂੰ ਰਾਜਸੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ। ਦਸ ਮੈਂਬਰੀ ਵਫ਼ਦ ਨੇ 3 ਅਗਸਤ ਤੋਂ 9 ਅਗਸਤ ਤੱਕ ਫਰਾਂਸ ਦਾ ਦੌਰਾ ਕਰਨਾ ਸੀ। ਪੈਰਿਸ ਓਲੰਪਿਕ ਵਿਚ ਖੇਡ ਰਹੀ ਭਾਰਤੀ ਹਾਕੀ ਟੀਮ ਦੇ ਕੁੱਲ 19 (ਸਮੇਤ ਤਿੰਨ ਰਾਖਵੇਂ ਖਿਡਾਰੀ) ਖਿਡਾਰੀਆਂ 'ਚੋਂ ਦਸ ਪੰਜਾਬੀ ਹਨ। ਹਾਕੀ ਟੀਮ ਦੀ ਕਪਤਾਨੀ ਅਤੇ ਉਪ ਕਪਤਾਨੀ ਵੀ ਪੰਜਾਬ ਦੇ ਖਿਡਾਰੀਆਂ ਕੋਲ ਹੈ। ਭਗਵੰਤ ਮਾਨ ਅਜਿਹੇ ਤੀਜੇ 'ਆਪ' ਆਗੂ ਹਨ ਜਿਨ੍ਹਾਂ ਨੂੰ ਕੇਂਦਰ ਨੇ ਵਿਦੇਸ਼ ਦੌਰੇ 'ਤੇ ਜਾਣ ਤੋਂ ਰੋਕਿਆ ਹੈ। ਇਸ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੂੰ ਸਿੰਗਾਪੁਰ ਦੌਰੇ ਲਈ ਅਤੇ ਗੋਪਾਲ ਰਾਏ ਨੂੰ ਵਿਦੇਸ਼ ਜਾਣ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਸੀ।

### ਪ੍ਰਧਾਨ ਮੰਤਰੀ ਇਕੱਲੇ ਹੀ ਵਿਦੇਸ਼ ਜਾਣਾ ਚਾਹੁੰਦੇ ਨੇ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਉਹ ਆਪਣੇ ਨਿੱਜੀ ਖਰਚੇ 'ਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਵਾਸਤੇ ਪੈਰਿਸ ਜਾਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਇਕੱਲੇ ਹੀ ਵਿਦੇਸ਼ ਜਾਣਾ ਚਾਹੁੰਦੇ ਹਨ ਤੇ ਪ੍ਰਧਾਨ ਮੰਤਰੀ ਨਹੀਂ ਚਾਹੁੰਦੇ ਕਿ ਕੌਮਾਂਤਰੀ ਮੰਚ 'ਤੇ ਕੋਈ ਦੂਜਾ ਵਿਅਕਤੀ ਦੇਸ਼ ਦੀ ਨੁਮਾਇੰਦਗੀ ਕਰੇ। ਮਾਨ ਨੇ ਕਿਹਾ ਕਿ ਉਨ੍ਹਾਂ ਕੋਲ ਡਿਪਲੋਮੈਟਿਕ ਪਾਸਪੋਰਟ ਹੈ ਪਰ ਫਿਰ ਵੀ ਉਨ੍ਹਾਂ ਨੂੰ ਇਨਕਾਰ ਕੀਤਾ ਗਿਆ ਹੈ।

## ਡਾ. ਅਮਰ ਸਿੰਘ ਨੇ ਲੋਕ ਸਭਾ ਵਿਚ ਫ਼ਤਹਿਗੜ੍ਹ ਸਾਹਿਬ ਦੇ ਮਸਲੇ ਉਠਾਏ

**ਫ਼ਤਹਿਗੜ੍ਹ ਸਾਹਿਬ:** ਫ਼ਤਹਿਗੜ੍ਹ ਸਾਹਿਬ ਹਲਕੇ ਤੋਂ ਦੂਸਰੀ ਵਾਰ ਬਣੇ ਲੋਕ ਸਭਾ ਮੈਂਬਰ ਡਾ.ਅਮਰ ਸਿੰਘ ਨੇ ਸੰਸਦ ਵਿਚ ਫ਼ਤਹਿਗੜ੍ਹ ਸਾਹਿਬ ਦੀ ਇਤਿਹਾਸਕ ਧਰਤੀ ਬਾਰੇ ਜ਼ੋਰਦਾਰ ਮੰਗਾਂ ਉਠਾਈਆਂ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਇਸ ਮਹਾਨ ਧਰਤੀ ਉਪਰ ਲਸਾਨੀ ਕੁਰਬਾਨੀ ਹੈ, ਜਿਸ ਦੀ ਦੁਨੀਆਂ ਦੇ ਕਿਸੇ ਵੀ ਧਰਮ ਵਿਚ ਮਿਸਾਲ ਨਹੀਂ ਮਿਲਦੀ। ਇਸ ਲਈ ਫ਼ਤਹਿਗੜ੍ਹ ਸਾਹਿਬ ਨੂੰ ਕੌਮਾਂਤਰੀ ਟੂਰਿਸਟ ਸਰਕਟ ਵਿਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਫ਼ਤਹਿਗੜ੍ਹ ਸਾਹਿਬ ਵਿਚ ਵਿਸ਼ਵ ਪੱਧਰੀ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਵੀ ਖੋਲ੍ਹਣ ਦੀ ਮੰਗ ਕੀਤੀ ਹੈ। ਕਿਸਾਨਾਂ ਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆ ਉਨ੍ਹਾਂ ਕਿਸਾਨਾਂ ਲਈ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਦੀ ਲੀਗਲ ਗਾਰੰਟੀ ਦਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ।

# ਕੇਂਦਰ ਨੇ ਸੰਧਵਾਂ ਨੂੰ ਅਮਰੀਕਾ ਦੌਰੇ 'ਤੇ ਜਾਣ ਤੋਂ ਰੋਕਿਆ



**ਚੰਡੀਗੜ੍ਹ:** ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੈਰਿਸ ਓਲੰਪਿਕ 'ਚ ਜਾਣ ਦੀ ਪ੍ਰਵਾਨਗੀ ਨਾ ਦਿੱਤੇ ਜਾਣ ਮਗਰੋਂ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਅਮਰੀਕਾ ਜਾਣ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਅਮਰੀਕਾ ਵੱਲੋਂ 'ਨੈਸ਼ਨਲ ਲੈਜਿਸਲੇਚਰ ਕਾਨਫਰੰਸ' ਸੱਦੀ ਗਈ ਹੈ, ਜਿਸ ਵਿਚ ਭਾਰਤ ਦੇ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਪੀਕਰਾਂ ਸਣੇ ਦੁਨੀਆਂ ਭਰ ਤੋਂ ਲਗਭਗ ਤਿੰਨ ਹਜ਼ਾਰ ਆਗੂਆਂ ਨੂੰ ਸੱਦਾ ਦਿੱਤਾ ਗਿਆ ਹੈ। ਪੰਜਾਬ ਵਿਧਾਨ ਸਭਾ ਸਪੀਕਰ ਨੇ ਅਮਰੀਕਾ ਵਿਚ ਨੈਸ਼ਨਲ ਲੈਜਿਸਲੇਚਰ ਕਾਨਫਰੰਸ ਵਿਚ ਹਿੱਸਾ ਲੈਣ ਲਈ ਜਾਣਾ ਸੀ, ਜਿਨ੍ਹਾਂ ਨੂੰ ਕੇਂਦਰੀ ਵਿਦੇਸ਼ ਮੰਤਰਾਲੇ ਨੇ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇੰਨਾ ਹੀ ਨਹੀਂ ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼, ਕਰਨਾਟਕ ਤੇ ਕੇਰਲ ਦੇ ਸਪੀਕਰਾਂ ਨੂੰ ਵੀ ਇਸ ਲਈ ਪ੍ਰਵਾਨਗੀ ਨਹੀਂ ਦਿੱਤੀ ਹੈ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਵੱਲੋਂ ਗ਼ੈਰ-ਭਾਜਪਾ ਸ਼ਾਸਿਤ ਸੂਬਿਆਂ ਦੇ ਵਿਧਾਨ ਸਭਾ ਸਪੀਕਰਾਂ ਨੂੰ ਅਮਰੀਕਾ 'ਚ ਹੋ ਰਹੀ ਕਾਨਫਰੰਸ 'ਚ ਹਿੱਸਾ ਲੈਣ ਦੀ ਇਜਾਜ਼ਤ ਨਾ ਦੇਣ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, "ਜੇ ਦੇਸ਼ ਦੇ ਵਿਧਾਇਕ, ਸੰਸਦ ਮੈਂਬਰ ਤੇ ਚੁਣੇ ਹੋਏ ਆਗੂ ਗਿਆਨਵਾਨ ਹੋਣਗੇ ਤਾਂ ਹੀ ਸੂਬੇ ਅਤੇ ਦੇਸ਼ ਤਰੱਕੀ ਕਰ ਸਕਦਾ ਹੈ। ਭਾਜਪਾ ਵੱਲੋਂ ਹਰੇਕ ਮਾਮਲੇ 'ਚ ਵਰਤੀ ਜਾਂਦੀ ਰਾਜਨੀਤੀ ਸੂਬਿਆਂ ਤੇ ਦੇਸ਼ ਦੀ ਭਲਾਈ ਅਤੇ ਤਰੱਕੀ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਅਮਰੀਕਾ ਨੇ ਗਿਆਨ ਦੇ ਆਦਾਨ-ਪ੍ਰਦਾਨ ਕਰਨ ਲਈ 3 ਹਜ਼ਾਰ ਤੋਂ ਵੱਧ ਕਾਨੂੰਨਸਾਜ਼ਾਂ ਨੂੰ ਸੱਦਾ ਦਿੱਤਾ ਹੈ, ਜਿਸ ਵਿਚ ਅਮਰੀਕਾ ਸਣੇ ਹੋਰ ਜਮਹੂਰੀ ਮੁਲਕਾਂ ਦੇ ਨੁਮਾਇੰਦਿਆਂ ਨਾਲ ਉਸਾਰੂ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਣਾ ਹੈ।"

ਸੰਧਵਾਂ ਨੇ ਕਿਹਾ ਕਿ ਗ਼ੈਰ-ਭਾਜਪਾ ਸ਼ਾਸਿਤ ਸੂਬੇ ਪੰਜਾਬ, ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਕੇਰਲ ਦੇ ਸਪੀਕਰਾਂ ਨੂੰ ਅਮਰੀਕਾ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਉਨ੍ਹਾਂ ਆਖਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਇਹ ਕਾਰਵਾਈਆਂ ਜਾਣ-ਬੁੱਝ ਕੇ ਕਰ ਰਹੀ ਹੈ, ਕਿਉਂਕਿ ਭਾਜਪਾ ਦੇਸ਼ ਨੂੰ ਮਜ਼ਬੂਤ ਨਹੀਂ ਕਰਨਾ ਚਾਹੁੰਦੀ। ਦੇਸ਼ ਨੂੰ ਤਕੜਾ ਕਰਨ ਲਈ ਰਾਜਨੀਤੀ ਸੇਵਾ ਭਾਵਨਾ ਨਾਲ ਕਰਨੀ ਅਤੀ ਜ਼ਰੂਰੀ ਹੈ। ਉਨ੍ਹਾਂ ਕਿਹਾ, "ਸਪੀਕਰ ਤਾਂ ਸਾਰੀਆਂ ਪਾਰਟੀਆਂ ਲਈ ਸਾਂਝਾ ਅਤੇ ਬਰਾਬਰ ਹੁੰਦਾ ਹੈ ਪਰ ਭਾਜਪਾ ਵੱਖਰੇ ਰਾਹ ਤੁਰ ਰਹੀ ਹੈ, ਜੋ ਦੇਸ਼ ਹਿੱਤ 'ਚ ਬਿਲਕੁਲ ਵੀ ਨਹੀਂ ਹੈ।"

# ਝਗੜਾ ਰੋਕਣ ਗਈ ਥਾਣਾ ਮੁਖੀ ਹਮਲੇ 'ਚ ਗੰਭੀਰ ਜ਼ਖ਼ਮੀ

**ਅੰਮ੍ਰਿਤਸਰ:** ਪਿੰਡ ਮੁਧਲ ਨੇੜੇ ਕੁਝ ਹਥਿਆਰਬੰਦਾਂ ਨੇ ਵੇਰਕਾ ਥਾਣੇ ਦੀ ਮੁਖੀ ਅਮਨਜੋਤ ਕੌਰ ਨੂੰ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ। ਪੁਲਿਸ ਨੇ ਇਸ ਸਬੰਧੀ ਫ਼ੌਜ ਦੇ ਜਵਾਨ ਸੁਖਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦੋਂਕਿ ਉਸ ਦੇ ਫ਼ਰਾਰ ਸਾਥੀਆਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ।

ਪੁਲਿਸ ਦੇ ਡਿਪਟੀ ਕਮਿਸ਼ਨਰ (ਜਾਂਚ) ਹਰਪ੍ਰੀਤ ਸਿੰਘ ਮੰਡੇਰ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇੱਥੋਂ ਦੇ ਵੇਰਕਾ ਥਾਣੇ ਅਧੀਨ ਪੈਂਦੇ ਪਿੰਡ ਮੁਧਲ ਵਿਚ ਇਕ ਸਰਾਂ ਦੇ ਬਾਹਰ ਦੋ ਹਥਿਆਰਬੰਦ ਧੜੇ ਆਪਸ ਵਿਚ ਭਿੜ ਰਹੇ ਹਨ। ਥਾਣਾ ਵੇਰਕਾ ਦੀ ਐਸ.ਐਚ.ਓ. ਅਮਨਜੋਤ ਕੌਰ ਆਪਣੇ ਸਾਥੀਆਂ ਨਾਲ ਮੌਕੇ 'ਤੇ ਪੁੱਜੀ ਅਤੇ ਦੋਵਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਮੁਲਜ਼ਮਾਂ ਨੇ ਐਸ.ਐਚ.ਓ. ਉਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੇ ਸਿਰ, ਬਾਹਾਂ ਅਤੇ ਕੰਨ 'ਤੇ ਸੱਟਾਂ ਲੱਗੀਆਂ। ਗੰਭੀਰ ਹਾਲਤ 'ਚ ਉਸ ਨੂੰ ਪ੍ਰਾਈਵੇਟ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਇਸ ਹਮਲੇ ਵਿਚ ਉਨ੍ਹਾਂ ਨਾਲ ਏ.ਐਸ.ਆਈ. ਅਮਰਬੀਰ ਸਿੰਘ ਵੀ ਜ਼ਖ਼ਮੀ ਹੋ ਗਿਆ।

ਸਹਾਇਕ ਪੁਲਿਸ ਕਮਿਸ਼ਨਰ ਗੁਰਿੰਦਰਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਸੁਖਜੀਤ ਗਰੁੱਪ ਦਾ ਪਿੰਡ ਮੁਧਲ ਦੇ ਗੁਰਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਇਕ ਹੋਰ ਗਰੁੱਪ ਨਾਲ ਝਗੜਾ ਹੋ ਗਿਆ ਸੀ। ਸੁਖਜੀਤ ਤੇ ਉਸ ਦੇ ਸਾਥੀ ਤੇਜ਼ਧਾਰ ਹਥਿਆਰਾਂ ਨਾਲ ਲੈਸ ਸਨ। ਝੜਪ ਤੋਂ ਬਾਅਦ ਗੁਰਪ੍ਰੀਤ ਦਾ ਗਰੁੱਪ ਮੌਕੇ ਤੋਂ ਫ਼ਰਾਰ ਹੋ ਗਿਆ। ਥੋੜ੍ਹੀ ਦੇਰ ਬਾਅਦ ਐਸ.ਐਚ.ਓ. ਅਮਨਜੋਤ ਕੌਰ ਪੁਲਿਸ ਟੀਮ ਨਾਲ ਉਥੇ ਪਹੁੰਚ ਗਈ। ਪੁਲਿਸ ਨੇ ਸੁਖਜੀਤ ਤੇ ਉਸ ਦੇ ਹਥਿਆਰਬੰਦ ਸਾਥੀਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਭੜਕ ਕੇ ਉਨ੍ਹਾਂ ਪੁਲਿਸ 'ਤੇ ਹਮਲਾ ਕਰ ਦਿੱਤਾ।

# ਕੁਆਲਾਲੰਪੁਰ ਅਤੇ ਅੰਮ੍ਰਿਤਸਰ ਵਿਚਕਾਰ ਹੁਣ ਰੋਜ਼ ਉਡਣਗੇ ਜਹਾਜ਼

## ਆਸਟਰੇਲੀਆ, ਨਿਊਜ਼ੀਲੈਂਡ ਤੇ ਦੱਖਣ-ਪੂਰਬੀ ਏਸ਼ੀਆ ਨਾਲ ਪੰਜਾਬ ਦੇ ਹਵਾਈ ਸੰਪਰਕ ਨੂੰ ਮਿਲਿਆ ਹੁਲਾਰਾ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਹਵਾਈ ਅੱਡੇ ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਹਵਾਈ ਸੰਪਰਕ 'ਚ ਅਗਸਤ ਮਹੀਨੇ ਤੋਂ ਵਾਧਾ ਹੋਇਆ ਹੈ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਭਾਰਤ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਨੇ ਪਹਿਲੀ ਅਗਸਤ ਤੋਂ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਦਰਮਿਆਨ ਹਫ਼ਤੇ 'ਚ ਚਾਰ ਉਡਾਣਾਂ ਦੀ ਗਿਣਤੀ ਨੂੰ ਰੋਜ਼ਾਨਾ ਕਰ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਦੀਆਂ ਹੁਣ ਰੋਜ਼ਾਨਾ ਉਡਾਣਾਂ ਦੇ ਨਾਲ-ਨਾਲ ਏਅਰ ਏਸ਼ੀਆ ਐਕਸ ਦੀਆਂ ਹਫ਼ਤੇ 'ਚ ਚਾਰ ਅਤੇ ਬਟਿਕ ਏਅਰ ਦੀਆਂ ਤਿੰਨ ਉਡਾਣਾਂ ਨਾਲ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਵਿਚਕਾਰ ਮਹੱਤਵਪੂਰਨ ਵਾਧਾ ਹੋਇਆ ਹੈ। ਪੰਜਾਬ ਦੇ ਯਾਤਰੀਆਂ ਤੋਂ ਇਲਾਵਾ, ਇਨ੍ਹਾਂ ਉਡਾਣਾਂ ਤੋਂ ਗੁਆਂਢੀ ਰਾਜ ਦੇ ਯਾਤਰੀ ਵੀ ਲਾਭ ਲੈ ਰਹੇ ਹਨ। ਸ੍ਰੀ ਗੁਮਟਾਲਾ ਨੇ ਕਿਹਾ ਕਿ ਉਡਾਣਾਂ ਵਿਚ ਵਾਧੇ ਨਾਲ ਸਿੱਧਾ ਪੰਜਾਬ ਪਹੁੰਚਣਾ ਹੁਣ ਹੋਰ ਸੁਖਾਲਾ ਹੋ ਗਿਆ ਹੈ।



ਆਸਟਰੇਲੀਆ ਦੇ ਮੈਲਬਰਨ, ਸਿਡਨੀ, ਐਡੀਲੇਡ, ਬ੍ਰਿਸਬਨ, ਪਰਥ ਅਤੇ ਨਿਊਜ਼ੀਲੈਂਡ ਦੇ ਆਕਲੈਂਡ ਵਰਗੇ ਸ਼ਹਿਰਾਂ 'ਚ ਵੱਸਦੇ ਪੰਜਾਬੀ ਕੁਆਲਾਲੰਪੁਰ ਵਿਚ ਦੋ ਤੋਂ ਤਿੰਨ ਘੰਟੇ ਰੁਕ ਕੇ ਵੀ ਸਿਰਫ਼ 15 ਤੋਂ 18 ਘੰਟਿਆਂ 'ਚ ਪੰਜਾਬ ਲਈ ਆਪਣੀ ਯਾਤਰਾ ਪੂਰੀ ਕਰ ਸਕਦੇ ਹਨ। ਇਸ ਦੇ ਨਾਲ ਸਿੰਗਾਪੁਰ ਏਅਰਲਾਈਨਜ਼ ਦੀ ਸਹਾਇਕ ਏਅਰਲਾਈਨ ਸਕੂਟ ਵੀ ਯਾਤਰੀਆਂ ਨੂੰ ਸਿੰਗਾਪੁਰ ਅਤੇ ਦੱਖਣ-ਪੂਰਬੀ ਏਸ਼ੀਆ ਨਾਲ ਹਫ਼ਤੇ 'ਚ ਪੰਜ ਉਡਾਣਾਂ ਨਾਲ ਜੋੜਦੀ ਹੈ। ਇਨ੍ਹਾਂ ਸਾਰੀਆਂ ਏਅਰਲਾਈਨਾਂ ਰਾਹੀਂ ਵੱਡੀ ਗਿਣਤੀ ਸੈਲਾਨੀ ਬਹੁਤ ਹੀ ਘੱਟ ਸਮੇਂ ਅਤੇ ਕਿਰਾਏ 'ਚ ਬਾਲੀ, ਬੈਂਕਾਕ, ਫੁਕੇਟ, ਵੀਅਤਨਾਮ ਆਦਿ ਵੀ ਆ-ਜਾ ਸਕਦੇ ਹਨ।

# ਬੁੱਢਾ ਨਾਲਾ ਪ੍ਰੋਜੈਕਟ: ਸੀ.ਬੀ.ਆਈ., ਵਿਜੀਲੈਂਸ ਤੇ ਨਿਆਂਇਕ ਜਾਂਚ ਦੀ ਸਿਫ਼ਾਰਸ਼

**ਲੁਧਿਆਣਾ:** ਪੰਜਾਬ ਵਿਧਾਨ ਸਭਾ ਕਮੇਟੀ ਨੇ 650 ਕਰੋੜ ਰੁਪਏ ਦੀ ਬੁੱਢਾ ਨਾਲਾ ਯੋਜਨਾ ਦੇ ਮਾਮਲੇ ਵਿਚ ਸੀ.ਬੀ.ਆਈ., ਵਿਜੀਲੈਂਸ ਤੇ ਨਿਆਇਕ ਜਾਂਚ ਦੀ ਸਿਫ਼ਾਰਸ਼ ਕੀਤੀ ਹੈ। ਕਮੇਟੀ ਨਾਲ ਜੁੜੇ 14 ਵਿਧਾਇਕਾਂ ਨੇ ਇਸ ਲਈ ਸਹਿਮਤੀ ਦੇ ਦਿੱਤੀ ਹੈ। ਕਮੇਟੀ ਨੇ ਇਸ ਸਬੰਧੀ ਸਪੀਕਰ ਨੂੰ ਚਿੱਠੀ ਵੀ ਭੇਜ ਦਿੱਤੀ ਹੈ।

ਉਧਰ, 1400 ਕਰੋੜ ਦੀ ਨਹਿਰੀ ਪਾਣੀ ਯੋਜਨਾ ਵਿਚ ਤਾਇਨਾਤ 2 ਅਧਿਕਾਰੀਆਂ ਨੂੰ ਹਟਾਉਣ ਲਈ ਵੀ ਸੂਬਾ ਸਰਕਾਰ ਤੇ ਲੋਕਲ ਬਾਡੀਜ਼ ਵਿਭਾਗ ਨੂੰ ਲਿਖਿਆ ਗਿਆ ਹੈ। ਜਾਣਕਾਰੀ ਅਨੁਸਾਰ ਸਾਲ 2020 'ਚ ਸਰਕਾਰ ਨੇ ਬੁੱਢਾ ਨਾਲਾ ਨੂੰ ਬੁੱਢਾ ਦਰਿਆ ਬਣਾਉਣ ਲਈ 650 ਕਰੋੜ ਰੁਪਏ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਸੀ। ਮੁੱਖ ਮੰਤਰੀ ਨੇ ਦੋ ਸਾਲ ਦੇ ਅੰਦਰ ਯੋਜਨਾ ਨੂੰ ਪੂਰਾ ਕਰਨ ਦੇ ਹੁਕਮ ਦਿੱਤੇ ਸਨ, ਪਰ 650 ਕਰੋੜ ਖਰਚ ਹੋਣ ਦੇ ਬਾਵਜੂਦ ਬੁੱਢਾ ਦਰਿਆ ਸਾਫ਼ ਨਹੀਂ ਹੋ ਸਕਿਆ। ਇਸ ਲਈ ਇਸ ਯੋਜਨਾ ਨੂੰ ਲੈ ਕੇ ਸਵਾਲ ਉਠ ਰਹੇ ਹਨ। ਇਸ 'ਤੇ ਪੰਜਾਬ ਵਿਧਾਨ ਸਭਾ ਕਮੇਟੀ ਦੇ ਚੇਅਰਮੈਨ ਅਤੇ 'ਆਪ' ਵਿਧਾਇਕ ਗੁਰਪ੍ਰੀਤ ਗੋਗੀ ਨੇ ਬੁੱਢਾ ਨਾਲਾ ਯੋਜਨਾ ਦੀ ਸੀ.ਬੀ.ਆਈ., ਵਿਜੀਲੈਂਸ ਅਤੇ ਨਿਆਇਕ ਜਾਂਚ ਦੀ ਸਿਫ਼ਾਰਸ਼ ਕਰ ਦਿੱਤੀ ਹੈ। ਕਮੇਟੀ ਦੇ ਮੈਂਬਰ 14 ਵਿਧਾਇਕਾਂ ਨੇ ਇਸ ਲਈ ਸਹਿਮਤੀ ਦਿੱਤੀ ਹੈ।



ਸਰਕਾਰ ਵੱਲੋਂ ਜਾਰੀ ਕਰੋੜਾਂ ਦੇ ਫੰਡ ਨਾਲ ਬੁੱਢੇ ਨਾਲੇ ਨੂੰ ਸਾਫ਼ ਕੀਤਾ ਜਾਣਾ ਸੀ, ਪਰ ਚਾਰ ਸਾਲ ਬਾਅਦ ਵੀ ਬੁੱਢਾ ਨਾਲਾ ਸਾਫ਼ ਨਹੀਂ ਹੋ ਸਕਿਆ। ਟਰੀਟਮੈਂਟ ਪਲਾਂਟ ਬਣਾਏ ਗਏ ਅਤੇ ਸਾਰੇ ਅਫ਼ਸਰਾਂ ਨੇ ਦੌਰੇ ਵੀ ਕੀਤੇ, ਪਰ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਨਿਗਮ ਦਾ ਦਾਅਵਾ ਹੈ ਕਿ ਯੋਜਨਾ ਨੂੰ ਲੈ ਕੇ 99 ਫੀਸਦੀ ਕੰਮ ਪੂਰਾ ਹੋ ਚੁੱਕਿਆ ਹੈ, ਪਰ ਬੁੱਢੇ ਦਰਿਆ ਦੀ ਕਾਇਆ ਕਲਪ ਨਹੀਂ ਹੋ ਸਕੀ।

ਬੁੱਢਾ ਨਾਲੇ ਦੀ ਕਾਇਆ ਕਲਪ ਨੂੰ ਲੈ ਕੇ ਡੀ.ਪੀ.ਆਰ. ਬਣਾਉਣ ਵਾਲੇ ਅਫ਼ਸਰ ਸਵਾਲਾਂ ਦੇ ਘੇਰੇ 'ਚ ਹਨ। ਹਾਲੇ ਤੱਕ ਇਹ ਮਾਮਲਾ ਸਿਰਫ਼ ਰਾਜਸੀ ਪਾਰਟੀਆਂ ਵੱਲੋਂ ਬਿਆਨਾਂ ਤੱਕ ਸੀਮਤ ਸੀ, ਪਰ ਜਾਂਚ ਦੀ ਸਿਫ਼ਾਰਸ਼ ਤੋਂ ਬਾਅਦ ਇਸ 'ਚ ਕਈ ਖੁਲਾਸੇ ਹੋ ਸਕਦੇ ਹਨ। ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿ ਕਿਉਂਕਿ ਪੰਜਾਬ ਵਿਧਾਨ ਸਭਾ ਕਮੇਟੀ ਦੀ ਮੀਟਿੰਗ 'ਚ ਡੀ.ਪੀ.ਆਰ. ਨੂੰ ਲੈ ਕੇ ਵੀ ਸਵਾਲ ਖੜ੍ਹੇ ਹੋਏ ਸਨ। ਅਜਿਹੇ 'ਚ ਜਾਂਚ ਸ਼ੁਰੂ ਹੋਣ 'ਤੇ ਡੀ.ਪੀ.ਆਰ. ਬਣਾਉਣ ਵਾਲੇ ਵਿਭਾਗੀ ਅਧਿਕਾਰੀ ਰਾਡਾਰ 'ਤੇ ਰਹਿਣਗੇ।

# ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਕੇਂਦਰੀ ਏਜੰਸੀ ਦੇ ਲਪੇਟੇ ਵਿਚ ਆਇਆ

## ਆਸ਼ੂ ਦੀ ਵਿਦੇਸ਼ 'ਚ ਲੈਣ-ਦੇਣ ਦੀ ਜਾਣਕਾਰੀ ਈ.ਡੀ. ਹੱਥ ਲੱਗੀ

**ਲੁਧਿਆਣਾ:** ਟਰਾਂਸਪੋਰਟੇਸ਼ਨ ਘਪਲੇ ਦੇ ਮਾਮਲੇ ਵਿਚ ਵਿਜੀਲੈਂਸ ਤੋਂ ਬਾਅਦ ਹੁਣ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਪੰਜ ਰੋਜ਼ਾ ਰਿਮਾਂਡ 'ਤੇ ਲਿਆ ਹੋਇਆ ਹੈ। ਸੂਤਰਾਂ ਮੁਤਾਬਕ ਸਾਬਕਾ ਮੰਤਰੀ ਦੇ ਵਿਦੇਸ਼ੀ ਲੈਣ-ਦੇਣ ਦੀ ਜਾਣਕਾਰੀ ਈ.ਡੀ. ਹੱਥ ਲੱਗੀ ਹੈ। ਈ.ਡੀ. ਦੀ ਜਾਂਚ 'ਚ ਪਤਾ ਲੱਗਿਆ ਕਿ ਭਾਰਤ ਭੂਸ਼ਣ ਆਸ਼ੂ ਨੇ ਕਈ ਫਰਜ਼ੀ ਸੰਸਥਾਵਾਂ ਰਾਹੀਂ ਵੀ ਪੈਸੇ ਕਮਾਏ ਹਨ।

ਆਸ਼ੂ ਨੇ ਆਪਣੇ ਅਤੇ ਆਪਣੇ ਪਰਿਵਾਰ ਦੇ ਨਾਮ ਉਤੇ ਕਈ ਜਾਇਦਾਦਾਂ ਖਰੀਦੀਆਂ। ਹੁਣ ਜਾਂਚ ਏਜੰਸੀ ਨੇ ਆਸ਼ੂ ਦੇ ਕਰੀਬੀਆਂ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਵਿਚ ਈਡੀ ਨੂੰ ਆਸ਼ੂ ਤੇ ਉਸ ਦੇ ਕਰੀਬੀਆਂ ਦੇ ਖਾਤਿਆਂ 'ਚ ਵਿਦੇਸ਼ੀ ਐਂਟਰੀਆਂ ਮਿਲੀਆਂ ਹਨ।



ਆਸ਼ੂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਈਡੀ ਨੇ 24 ਅਗਸਤ 2023, 4 ਸਤੰਬਰ 2023 ਅਤੇ 6 ਸਤੰਬਰ 2023 ਨੂੰ ਭਾਰਤ ਭੂਸ਼ਣ ਆਸ਼ੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਘਰਾਂ ਤੇ ਦਫ਼ਤਰਾਂ ਉਤੇ ਛਾਪੇ ਮਾਰੇ ਸਨ। ਤਲਾਸ਼ੀ ਦੌਰਾਨ ਨਕਦੀ ਜ਼ਬਤ ਕੀਤੀ ਗਈ ਸੀ ਅਤੇ ਬੈਂਕ ਖਾਤੇ ਵੀ ਫਰੀਜ਼ ਕੀਤੇ ਗਏ ਸਨ। ਇਸ ਮਾਮਲੇ 'ਚ ਜ਼ਬਤ ਤੇ ਫਰੀਜ਼ ਕੀਤੇ ਗਏ ਸਾਮਾਨ ਦੀ ਕੁੱਲ ਕੀਮਤ 8.46 ਕਰੋੜ ਰੁਪਏ ਸੀ।

ਭਾਰਤ ਭੂਸ਼ਣ ਆਸ਼ੂ ਤੋਂ ਕੀਤੀ ਜਾ ਰਹੀ ਪੁੱਛ-ਪੜਤਾਲ ਮਗਰੋਂ ਹੁਣ ਉਨ੍ਹਾਂ ਦੇ ਕਈ ਕਰੀਬੀ ਵੀ ਈਡੀ ਦੇ ਰਡਾਰ 'ਤੇ ਹਨ। ਆਸ਼ੂ 'ਤੇ ਦੋਸ਼ ਲੱਗ ਰਹੇ ਹਨ ਕਿ ਉਨ੍ਹਾਂ ਨੇ ਆਪਣੀ ਕਰੀਬੀਆਂ ਜ਼ਰੀਏ ਵਿਦੇਸ਼ਾਂ ਵਿਚ ਕੁੱਝ ਲੈਣ-ਦੇਣ ਕੀਤਾ ਹੈ।

ਕਰੀਬੀਆਂ ਨਾਲ ਪ੍ਰਾਪਰਟੀ ਖਰੀਦਣ ਦੇ ਵੀ ਦੋਸ਼ ਹਨ। ਇਸ ਤੋਂ ਇਲਾਵਾ ਟਰਾਂਸਪੋਰਟ ਘਪਲੇ ਵਿੱਚ ਠੇਕੇਦਾਰ ਕੋਲੋਂ ਵੀ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ।

### ਆਸ਼ੂ ਦੀ ਗ੍ਰਿਫ਼ਤਾਰੀ ਤੋਂ ਬਾਅਦ ਕਾਂਗਰਸੀਆਂ ਨੇ ਚੁੱਪ ਧਾਰੀ

**ਲੁਧਿਆਣਾ:** ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਈਡੀ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਤੋਂ ਬਾਅਦ ਲੁਧਿਆਣਾ ਦੇ ਕਾਂਗਰਸੀਆਂ ਨੇ ਚੁੱਪ ਧਾਰੀ ਹੋਈ ਹੈ। ਕਿਸੇ ਵੇਲੇ ਚੰਗੇ ਦੋਸਤ ਕਹੇ ਜਾਣ ਵਾਲੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਹਾਲੇ ਕੋਈ ਟਿੱਪਣੀ ਨਹੀਂ ਦਿੱਤੀ ਅਤੇ ਨਾ ਹੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੁਝ ਕਿਹਾ ਹੈ। ਚਰਨਜੀਤ ਸਿੰਘ ਚੰਨੀ ਜਦੋਂ ਮੁੱਖ ਮੰਤਰੀ ਸਨ ਤਾਂ ਆਸ਼ੂ ਉਨ੍ਹਾਂ ਦੀ ਕੈਬਨਿਟ 'ਚ ਵਜ਼ੀਰ ਸਨ। ਵਿਧਾਨ ਸਭਾ 'ਚ ਵੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਸ਼ੂ ਨੂੰ ਜਰਨੈਲ ਦੱਸਿਆ ਸੀ।

# ਪੰਜਾਬ ਦੇ ਹਵਾਈ ਅੱਡਿਆਂ ਤੋਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦੀ ਮੰਗ ਉਠੀ



**ਜਲੰਧਰ:** ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਦੌਰਾਨ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਮੁੱਦਿਆਂ ਨੂੰ ਬਾਖ਼ੂਬੀ ਉਭਾਰਿਆ। ਹੁਣ ਤੱਕ ਵੱਖ-ਵੱਖ ਮੰਤਰਾਲਿਆਂ ਕੋਲ ਸੰਤ ਸੀਚੇਵਾਲ ਵੱਲੋਂ ਚੁੱਕੇ ਗਏ 14 ਦੇ ਕਰੀਬ ਸਵਾਲਾਂ ਦੇ ਜਵਾਬ ਆ ਚੁੱਕੇ ਹਨ। ਉਨ੍ਹਾਂ ਸੁਭਾਨਪੁਰ ਅਤੇ ਕਰਤਾਰਪੁਰ ਰੇਲਵੇ ਲਾਈਨ 'ਤੇ ਅੰਡਰਬ੍ਰਿਜ ਅਤੇ ਫਲਾਈਓਵਰ ਬਣਾਉਣ ਸਣੇ ਸੂਬੇ ਦੇ ਹਵਾਈ ਅੱਡਿਆਂ ਨੂੰ ਅਪਗ੍ਰੇਡ ਕਰਨ ਦੇ ਨਾਲ ਇੱਥੋਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾਂ ਵੱਲੋਂ ਕੀਤੇ ਗਏ ਲਿਖਤੀ ਸਵਾਲਾਂ ਵਿਚ ਪਾਣੀ ਦੇ ਸੰਕਟ ਦਾ ਮੁੱਦਾ ਵੀ ਸ਼ਾਮਲ ਹੈ। ਸੰਤ ਸੀਚੇਵਾਲ ਨੇ ਵਰਲਡ ਨੇਚਰ ਫੰਡ ਦੀ ਰਿਪੋਰਟ ਸਾਂਝੀ ਕੀਤੀ, ਜਿਸ ਅਨੁਸਾਰ 2050 ਤੱਕ ਪਾਣੀ ਦੇ ਸੰਕਟ ਦਾ ਸਾਹਮਣਾ ਕਰਨ ਵਾਲੇ 30 ਸ਼ਹਿਰਾਂ ਵਿਚ ਪੰਜਾਬ ਦੇ ਤਿੰਨ ਸ਼ਹਿਰ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਵੀ ਸ਼ਾਮਲ ਹਨ। ਉਨ੍ਹਾਂ ਸਵਾਲ ਕੀਤਾ ਕਿ ਇਨ੍ਹਾਂ ਸ਼ਹਿਰਾਂ ਵਿਚ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਕਿਹੜੇ ਕਦਮ ਚੁੱਕੇ ਗਏ ਹਨ। ਰਾਜ ਸਭਾ ਮੈਂਬਰ ਨੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ, ਵਾਤਾਵਰਨ ਨੂੰ ਬਚਾਉਣ ਅਤੇ ਲੋਕ ਹਿੱਤ ਦੇ ਮੁੱਦਿਆਂ ਸਬੰਧੀ ਸਵਾਲ ਕੀਤੇ ਹਨ। ਇਸੇ ਤਰ੍ਹਾਂ ਉਨ੍ਹਾਂ ਪੰਜਾਬ ਅਤੇ ਦੇਸ਼ 'ਚ ਵਧ ਰਹੇ ਕੈਂਸਰ ਦੇ ਮਾਮਲਿਆਂ ਅਤੇ ਇਲਾਜ ਸਬੰਧੀ, ਦਹੇਜ ਪ੍ਰਥਾ 'ਤੇ ਕਾਬੂ ਪਾਉਣ ਲਈ ਸਰਕਾਰ ਵੱਲੋਂ ਕੀਤੇ ਗਏ ਉਪਰਾਲਿਆਂ, ਪੰਚਾਇਤਾਂ ਦੇ ਵਿਕਾਸ, ਹਵਾ ਪ੍ਰਦੂਸ਼ਣ ਨਾਲ ਮੌਤਾਂ, ਕਿਸਾਨੀ ਅੰਦੋਲਨ ਦੀਆਂ ਮੰਗਾਂ ਲਾਗੂ ਨਾ ਕਰਨ ਸਬੰਧੀ ਤੇ ਰੋਕੇ ਗਏ ਫੰਡ ਸਬੰਧੀ ਸਵਾਲਾਂ ਦੇ ਲਿਖਤੀ ਜਵਾਬ ਮੰਗੇ।

### ਮੀਤ ਹੇਅਰ ਨੇ ਰਾਜਪੁਰਾ ਨੂੰ ਚੰਡੀਗੜ੍ਹ ਨਾਲ ਰੇਲ ਰਾਹੀਂ ਜੋੜਨ ਦਾ ਮੁੱਦਾ ਚੁੱਕਿਆ

**ਚੰਡੀਗੜ੍ਹ:** ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਵਿਚ ਮਾਲਵਾ ਖੇਤਰ ਲਈ ਰਾਜਪੁਰਾ-ਚੰਡੀਗੜ੍ਹ ਨੂੰ ਰੇਲ ਰਾਹੀਂ ਜੋੜਨ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਮਾਲਵਾ ਦੇ ਲੋਕ ਸਿਹਤ ਸਹੂਲਤਾਂ, ਪੜ੍ਹਾਈ ਤੇ ਸਰਕਾਰੀ ਕੰਮਕਾਜ ਲਈ ਚੰਡੀਗੜ੍ਹ 'ਤੇ ਨਿਰਭਰ ਹਨ। ਇਸ ਲਈ ਰਾਜਪੁਰਾ ਤੋਂ ਚੰਡੀਗੜ੍ਹ ਤੱਕ ਰੇਲਵੇ ਲਾਈਨ ਵਿਛਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਇਕ ਸਿਆਸੀ ਪਰਿਵਾਰ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਅਜਿਹਾ ਨਹੀਂ ਹੋਣ ਦਿੱਤਾ ਗਿਆ, ਪਰ ਹੁਣ 'ਆਪ' ਦੀ ਸਰਕਾਰ ਕੇਂਦਰ ਨੂੰ ਰੇਲ ਲਾਈਨ ਲਈ ਪੂਰਾ ਸਹਿਯੋਗ ਕਰੇਗੀ। ਉਨ੍ਹਾਂ ਕਿਹਾ ਕਿ ਚਾਰ ਸਾਲਾਂ ਤੋਂ ਰੇਲ ਵਿਚ ਬਜ਼ੁਰਗਾਂ ਨੂੰ ਛੋਟ ਦੇਣੀ ਬੰਦ ਕੀਤੀ ਹੋਈ ਹੈ, ਉਸ ਨੂੰ ਮੁੜ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਟਰਾਂਸਜੇਂਡਰ ਤੇ ਔਰਤਾਂ ਨੂੰ ਮਿਲਣ ਵਾਲੀ ਛੋਟ ਮੁੜ ਸ਼ੁਰੂ ਕੀਤੀ ਜਾਵੇ।

## ਪਾਕਿਸਤਾਨ ਤੋਂ ਆਈ ਔਰਤ ਕੋਲੋਂ ਦੋ ਕਿਲੋ ਸੋਨਾ ਬਰਾਮਦ

**ਅੰਮ੍ਰਿਤਸਰ:** ਕਸਟਮ ਵਿਭਾਗ ਨੇ ਅਟਾਰੀ ਸਰਹੱਦ 'ਤੇ ਪਾਕਿਸਤਾਨ ਤੋਂ ਆਈ ਇਕ ਔਰਤ ਕੋਲੋਂ ਲਗਭਗ ਡੇਢ ਕਰੋੜ ਰੁਪਏ ਮੁੱਲ ਤੋਂ ਵੱਧ ਦਾ ਦੋ ਕਿਲੋ 332 ਗਰਾਮ ਸੋਨਾ ਬਰਾਮਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਵਾਈ ਅੱਡੇ 'ਤੇ ਦੋ ਵੱਖ-ਵੱਖ ਮਾਮਲਿਆਂ ਵਿਚ ਤਿੰਨ ਯਾਤਰੂਆਂ ਕੋਲੋਂ ਲਗਭਗ 18 ਲੱਖ ਰੁਪਏ ਮੁੱਲ ਦੀਆਂ ਇਕ ਲੱਖ ਤੋਂ ਵੱਧ ਵਿਦੇਸ਼ੀ ਸਿਗਰਟਾਂ ਬਰਾਮਦ ਕੀਤੀਆਂ ਗਈਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਅਟਾਰੀ ਸਰਹੱਦ ਰਸਤੇ ਇਹ ਔਰਤ ਪਾਕਿਸਤਾਨ ਤੋਂ ਭਾਰਤ ਪਰਤੀ ਸੀ। ਇਸ ਦੇ ਸਾਮਾਨ ਦੀ ਜਾਂਚ ਕਰਦਿਆਂ ਪ੍ਰਾਪਤ ਭਾਂਡਿਆਂ ਦੇ ਹੈਂਡਲਾਂ ਵਿਚੋਂ ਸੋਨਾ ਬਰਾਮਦ ਹੋਇਆ। ਭਾਂਡਿਆਂ ਦੇ ਹੈਂਡਲ 24 ਕੈਰੇਟ ਸੋਨੇ ਦੇ ਹਨ ਜਿਨ੍ਹਾਂ ਦੀ ਗਿਣਤੀ ਲਗਭਗ 14 ਹੈ ਤੇ ਵਜ਼ਨ ਲਗਭਗ ਦੋ ਕਿਲੋ 332 ਗ੍ਰਾਮ ਹੈ। ਇਸ ਦੀ ਬਾਜ਼ਾਰੀ ਕੀਮਤ 1.62 ਕਰੋੜ ਰੁਪਏ ਹੈ। ਇਸੇ ਤਰ੍ਹਾਂ ਹਵਾਈ ਅੱਡੇ 'ਤੇ ਸਿੰਗਾਪੁਰ ਦੀ ਸਕੂਟ ਹਵਾਈ ਕੰਪਨੀ ਰਾਹੀਂ ਅੰਮ੍ਰਿਤਸਰ ਪੁੱਜੇ ਇਕ ਯਾਤਰੂ ਕੋਲੋਂ 55,200 ਵਿਦੇਸ਼ੀ ਸਿਗਰਟਾਂ ਬਰਾਮਦ ਹੋਈਆਂ ਹਨ ਜਿਸ ਦੀ ਕੀਮਤ 9,38,400 ਰੁਪਏ ਹੈ। ਇਸੇ ਤਰ੍ਹਾਂ ਏਅਰ ਇੰਡੀਆ ਐਕਸਪ੍ਰੈੱਸ ਦੀ ਉਡਾਣ ਰਾਹੀਂ ਸ਼ਾਰਜਾਹ ਤੋਂ ਪੁੱਜੇ ਦੋ ਯਾਤਰੂਆਂ ਕੋਲੋਂ 51 ਹਜ਼ਾਰ ਵਿਦੇਸ਼ੀ ਸਿਗਰਟਾਂ ਬਰਾਮਦ ਹੋਈਆਂ ਹਨ। ਇਨ੍ਹਾਂ ਦੀ ਬਾਜ਼ਾਰ ਵਿਚ ਕੀਮਤ ਲਗਭਗ 8 ਲੱਖ 67 ਹਜ਼ਾਰ ਰੁਪਏ ਹੈ।

## ਕਿਸਾਨ ਜਥੇਬੰਦੀਆਂ ਵੱਲੋਂ ਡੀ.ਸੀ. ਦਫਤਰਾਂ ਅੱਗੇ ਧਰਨਿਆਂ ਦਾ ਐਲਾਨ

**ਟੱਲੇਵਾਲ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੀ ਸੂਬਾ ਕਮੇਟੀ ਦੀ ਮੀਟਿੰਗ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਪਿੰਡ ਚੀਮਾ ਦੇ ਗੁਰਦੁਆਰੇ ਵਿਚ ਹੋਈ। ਇਸ ਮੀਟਿੰਗ ਦੌਰਾਨ ਜਥੇਬੰਦੀ ਨੇ ਦੋ ਅਹਿਮ ਫੈਸਲੇ ਕੀਤੇ।

ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਪਹਿਲੇ ਫੈਸਲੇ ਅਨੁਸਾਰ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਸਣੇ ਸਮੂਹ ਕਿਰਤੀ ਪੰਜਾਬੀਆਂ ਨਾਲ ਕੀਤੀ ਵਾਅਦਾ ਖ਼ਿਲਾਫ਼ੀ ਵਿਰੁੱਧ ਖੇਤੀ ਨੀਤੀ ਮੋਰਚਾ ਸ਼ੁਰੂ ਕਰਨ ਦੇ ਪਹਿਲੇ ਪੜਾਅ ਤਹਿਤ 27 ਤੋਂ 31 ਅਗਸਤ ਤੱਕ ਡੀ.ਸੀ. ਦਫ਼ਤਰਾਂ ਅੱਗੇ ਦਿਨ-ਰਾਤ ਪੰਜ ਰੋਜ਼ਾ ਧਰਨੇ ਲਾਏ ਜਾਣਗੇ। ਤਿਆਰੀ ਮੁਹਿੰਮ ਦੌਰਾਨ ਜਥੇਬੰਦੀ ਦੀ ਹਰ ਪਿੰਡ ਇਕਾਈ ਵੱਲੋਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਸੂਚੀ ਬਣਾਈ ਜਾਵੇਗੀ ਅਤੇ ਹਰ ਪਰਿਵਾਰ ਵੱਲੋਂ ਸਰਕਾਰੀ ਸਹਾਇਤਾ ਤੇ ਨੌਕਰੀ ਲਈ ਲਿਖਤੀ ਦਰਖ਼ਾਸਤ ਸਣੇ ਇਹ ਸੂਚੀਆਂ ਡੀ.ਸੀ. ਨੂੰ ਸੌਂਪੀਆਂ ਜਾਣਗੀਆਂ। ਨਸ਼ਿਆਂ ਤੋਂ ਪੀੜਤ ਪਰਿਵਾਰਾਂ ਦੀਆਂ ਪਿੰਡ ਵਾਰ ਸੂਚੀਆਂ ਵੀ ਸੌਂਪੀਆਂ ਜਾਣਗੀਆਂ। ਮੋਰਚੇ ਦੇ ਦੂਜੇ ਦਿਨ ਖ਼ੁਦਕੁਸ਼ੀ ਪੀੜਤ ਪਰਿਵਾਰ ਅਤੇ ਤੀਜੇ ਦਿਨ ਨਸ਼ਿਆਂ ਤੋਂ ਪੀੜਤ ਪਰਿਵਾਰ ਧਰਨਿਆਂ ਵਿਚ ਸ਼ਾਮਲ ਹੋਣਗੇ।

ਮੀਟਿੰਗ ਦੇ ਦੂਜੇ ਫ਼ੈਸਲੇ ਰਾਹੀਂ ਐਸ.ਕੇ.ਐਮ. ਦੇ ਸੱਦੇ ਤਹਿਤ ਕੇਂਦਰ ਸਰਕਾਰ ਖ਼ਿਲਾਫ਼ ਕਾਰਪੋਰੇਟ ਵਿਰੋਧੀ ਦਿਵਸ ਵਜੋਂ 10 ਅਗਸਤ ਨੂੰ ਜ਼ਿਲ੍ਹਾ/ਤਹਿਸੀਲ ਕੇਂਦਰਾਂ 'ਤੇ ਸੰਸਾਰ ਵਪਾਰ ਸੰਸਥਾ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਗਿਆ ਹੈ।

## ਸੰਧਵਾਂ ਨੇ ਰਾਸ਼ਟਰਪਤੀ ਨੂੰ ਖੇਤਰੀ ਭਾਸ਼ਾਵਾਂ ਬਾਰੇ ਖਤ ਲਿਖਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਹਾਲੀਆ ਨਿਯੁਕਤੀ ਦੇ ਹਵਾਲੇ ਨਾਲ ਰਾਸ਼ਟਰਪਤੀ ਨੂੰ ਸੰਵਿਧਾਨਕ ਨਿਯੁਕਤੀਆਂ ਨਾਲ ਸਬੰਧਿਤ ਅਧਿਕਾਰਤ ਨੋਟੀਫਿਕੇਸ਼ਨਾਂ ਵਿਚ ਖੇਤਰੀ ਭਾਸ਼ਾਵਾਂ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ 31 ਜੁਲਾਈ 2024 ਨੂੰ ਰਾਜਪਾਲ ਦੇ ਸਹੁੰ ਚੁੱਕ ਸਮਾਗਮ ਦੌਰਾਨ ਰਾਸ਼ਟਰਪਤੀ ਸਕੱਤਰੇਤ ਨੇ ਰਾਜਪਾਲ ਦੀ ਨਿਯੁਕਤੀ ਬਾਰੇ ਜਾਰੀ ਕੀਤਾ ਨੋਟੀਫਿਕੇਸ਼ਨ ਪੰਜਾਬੀ ਵਿੱਚ ਮੁਹੱਈਆ ਨਹੀਂ ਕਰਵਾਇਆ। ਰਾਸ਼ਟਰਪਤੀ ਸਕੱਤਰੇਤ ਸੰਵਿਧਾਨਕ ਨਿਯੁਕਤੀਆਂ ਨਾਲ ਸਬੰਧਿਤ ਨੋਟੀਫਿਕੇਸ਼ਨਾਂ 'ਚ ਅੰਗਰੇਜ਼ੀ ਤੇ ਹਿੰਦੀ ਨਾਲ ਖੇਤਰੀ ਭਾਸ਼ਾ ਨੂੰ ਵੀ ਸ਼ਾਮਲ ਕਰਨਾ ਯਕੀਨੀ ਬਣਾਵੇ।

# ਅੰਮ੍ਰਿਤਪਾਲ ਦੀ ਨਜ਼ਰਬੰਦੀ: ਅਦਾਲਤ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਕੌਮੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਤਹਿਤ ਨਜ਼ਰਬੰਦੀ ਦੇ ਹੁਕਮਾਂ ਖ਼ਿਲਾਫ਼ ਇਕ ਵਕੀਲ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ, ਜਿਸ 'ਤੇ ਅਗਲੀ ਸੁਣਵਾਈ 28 ਅਗਸਤ ਨੂੰ ਹੋਵੇਗੀ।

ਵਕੀਲ ਅਮਰਜੀਤ ਸਿੰਘ ਨੇ ਦੱਸਿਆ ਕਿ ਅਸੀਂ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਦੇ ਹੁਕਮਾਂ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਹੈ। ਚੀਫ ਜਸਟਿਸ ਨੇ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਨੋਟਿਸ



ਜਾਰੀ ਕੀਤੇ ਹਨ ਅਤੇ 28 ਅਗਸਤ ਨੂੰ ਅਗਲੀ ਸੁਣਵਾਈ 'ਤੇ ਪੇਸ਼ ਹੋਣ ਲਈ ਆਖਿਆ ਹੈ। ਦੱਸਣਯੋਗ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਤੇ ਸੰਸਦੀ ਹਲਕੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਜੋ ਕਿ ਐਨ.ਐਸ.ਏ. ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹਨ, ਨੇ ਐਨ.ਐਸ.ਏ. ਤਹਿਤ ਆਪਣੀ ਨਜ਼ਰਬੰਦੀ ਨੂੰ 20 ਜੁਲਾਈ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ

### ਰਿਹਾਈ ਮਗਰੋਂ ਨਵੀਂ ਪਾਰਟੀ ਦਾ ਹੋਵੇਗਾ ਗਠਨ: ਖਾਲਸਾ

**ਅੰਮ੍ਰਿਤਸਰ:** ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਮੁੜ ਆਖਿਆ ਕਿ ਪੰਜਾਬ ਵਿਚ ਨਵੀਂ ਸਿੱਖ ਸਿਆਸੀ ਪਾਰਟੀ ਦਾ ਗਠਨ ਕੀਤਾ ਜਾਵੇਗਾ ਪਰ ਇਹ ਸਿਆਸੀ ਪਾਰਟੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਬਣਾਈ ਜਾਵੇਗੀ। ਮਰਹੂਮ ਅਕਾਲੀ ਆਗੂ ਮੋਹਨ ਸਿੰਘ ਤੁੜ ਦੀ ਬਰਸੀ ਵਿਚ ਸ਼ਾਮਲ ਹੋਣ ਲਈ ਪੁੱਜੇ ਸ੍ਰੀ ਖ਼ਾਲਸਾ ਨੇ ਕਿਹਾ ਕਿ ਪੰਜਾਬ ਵਿਚ ਨਵੀਂ ਸਿੱਖ ਸਿਆਸੀ ਪਾਰਟੀ ਦਾ ਗਠਨ ਸੰਸਦ ਮੈਂਬਰ ਤੇ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮਗਰੋਂ ਕੀਤਾ ਜਾਵੇਗਾ।

# ਆਜ਼ਾਦੀ ਦਿਹਾੜਾ: ਸਰਹੱਦੀ ਜ਼ਿਲ੍ਹਿਆਂ 'ਚ ਚੌਕਸੀ ਵਧਾਈ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਸੂਬੇ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹਨ। ਪੰਜਾਬ ਪੁਲਿਸ ਦੇ ਮੁਲਾਜ਼ਮਾਂ ਵੱਲੋਂ 10 ਸਰਹੱਦੀ ਜ਼ਿਲ੍ਹਿਆਂ ਦੇ 91 ਐਂਟਰੀ ਅਤੇ ਐਗਜ਼ਿਟ ਪੁਆਇੰਟਾਂ 'ਤੇ ਚੈਕਿੰਗ ਕੀਤੀ ਗਈ। ਇਸ ਦੌਰਾਨ 1100 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੇ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ, ਰੋਪੜ, ਮੁਹਾਲੀ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਵਿਚ ਤਲਾਸ਼ੀ ਮੁਹਿੰਮਾਂ ਚਲਾਈਆਂ।

ਇਨ੍ਹਾਂ ਤਲਾਸ਼ੀ ਮੁਹਿੰਮਾਂ ਦੌਰਾਨ ਪੁਲਿਸ ਨੇ 14 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਇਸ ਦੇ ਨਾਲ ਹੀ ਪੁਲਿਸ ਨੇ 431 ਸ਼ੱਕੀ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿਚ ਲਿਆ ਗਿਆ ਹੈ। ਇਸ ਦੌਰਾਨ ਪੁਲਿਸ ਨੇ ਸੂਬੇ ਵਿਚ ਦਾਖ਼ਲ ਹੋਣ ਵਾਲੇ ਤੇ ਬਾਹਰ ਜਾਣ ਵਾਲੇ 3,668 ਵਾਹਨਾਂ ਦੀ ਚੈਕਿੰਗ ਕੀਤੀ, ਜਿਨ੍ਹਾਂ ਵਿਚੋਂ 139 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ 12 ਵਾਹਨਾਂ ਨੂੰ ਜ਼ਬਤ ਕੀਤਾ ਗਿਆ ਹੈ।

ਪੰਜਾਬ ਪੁਲਿਸ ਦੇ ਵਿਸ਼ੇਸ਼ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਕਿਹਾ ਕਿ ਸੂਬੇ ਦੇ 10 ਜ਼ਿਲ੍ਹਿਆਂ ਵਿਚ ਲਾਏ ਗਏ ਨਾਕਿਆਂ ਦੌਰਾਨ ਪਟਿਆਲਾ ਪੁਲਿਸ ਨੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪਟਿਆਲਾ ਪੁਲਿਸ ਨੇ ਹਥਿਆਰਾਂ ਦੀ ਖੇਪ ਦੀ ਡਿਲਿਵਰੀ ਕਰਨ ਜਾ ਰਹੇ ਅਸਲਾ ਤਸਕਰ, ਰਾਜਸਥਾਨ ਦੇ ਵਸਨੀਕ ਤਰੁਣ ਨੂੰ ਕਾਬੂ ਕੀਤਾ ਹੈ। ਪੁਲਿਸ ਨੇ ਉਸ ਕੋਲੋਂ ਚਾਰ ਪਿਸਤੌਲ ਸਣੇ ਮੈਗਜ਼ੀਨ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਤਰੁਣ ਤੋਂ ਹੋਰ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 10 ਅਗਸਤ, 2024

## ਬੰਗਲਾਦੇਸ਼ ਵਿਚ ਤਖਤਾ ਪਲਟ

ਬੰਗਲਾਦੇਸ਼ ਵਿਚ ਤਖਤਾ ਪਲਟ ਗਿਆ ਹੈ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਸਤੀਫ਼ੇ ਤੋਂ ਬਾਅਦ ਦੇਸ਼ ਛੱਡ ਗਏ ਹਨ। ਇਸ ਤੋਂ ਬਾਅਦ ਬੰਗਲਾਦੇਸ਼ ਦੇ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਸੰਸਦ ਭੰਗ ਕਰ ਦਿੱਤੀ ਅਤੇ ਮਗਰੋਂ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਨੂੰ ਅੰਤਰਿਮ ਸਰਕਾਰ ਦਾ ਮੁਖੀ ਥਾਪ ਦਿੱਤਾ ਗਿਆ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਾਲੀਆਂ ਸਾਰੀਆਂ ਤਾਕਤਾਂ ਹਾਸਲ ਹੋਣਗੀਆਂ। ਇਸ ਦੌਰਾਨ ਬੰਗਲਾਦੇਸ਼ ਦੀ ਫੌਜ ਨੇ ਸਿਖਰਲੇ ਅਹੁਦਿਆਂ ਵਿਚ ਵੱਡਾ ਫੇਰਬਦਲ ਕਰਦਿਆਂ ਨੈਸ਼ਨਲ ਟੈਲੀਕਮਿਊਨੀਕੇਸ਼ਨ ਮੌਨੀਟਰਿੰਗ ਸੈਂਟਰ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਜ਼ਿਆਊਲ ਅਹਿਸਨ ਨੂੰ ਸੇਵਾਵਾਂ ਤੋਂ ਮੁਕਤ ਕਰ ਦਿੱਤਾ ਹੈ। ਲੈਫਟੀਨੈਂਟ ਜਨਰਲ ਮੁਹੰਮਦ ਸੈਫੁਲ ਆਲਮ ਨੂੰ ਵਿਦੇਸ਼ ਮੰਤਰਾਲੇ ਦਾ ਚਾਰਜ ਦਿੱਤਾ ਗਿਆ ਹੈ। ਕੁਝ ਹੋਰ ਅਧਿਕਾਰੀਆਂ ਦੇ ਤਬਾਦਲੇ ਵੀ ਕੀਤੇ ਹਨ। ਸਾਬਕਾ ਵਿਦੇਸ਼ ਮੰਤਰੀ ਹਸਨ ਮਹਿਮੂਦ ਅਤੇ ਸਾਬਕਾ ਮੰਤਰੀ ਜ਼ੁਨੈਦ ਅਹਿਮਦ ਪਲਕ ਨੂੰ ਦੇਸ਼ ਛੱਡਣ ਮੌਕੇ ਢਾਕਾ ਹਵਾਈ ਅੱਡੇ 'ਤੇ ਹਿਰਾਸਤ ਵਿਚ ਲੈ ਲਿਆ ਗਿਆ। ਜੇਲ੍ਹ ਵਿਚ ਬੰਦ ਬੰਗਲਾਦੇਸ਼ ਨੈਸ਼ਨਲ ਪਾਰਟੀ (ਬੀ.ਐੱਨ.ਪੀ.) ਦੀ ਚੇਅਰਪਰਸਨ ਅਤੇ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪਹਿਲੀ ਜੁਲਾਈ ਤੋਂ ਹੁਣ ਤੱਕ ਗ੍ਰਿਫ਼ਤਾਰ ਕੀਤੇ ਲੋਕਾਂ ਨੂੰ ਰਿਹਾਅ ਕਰਨ ਦਾ ਅਮਲ ਸ਼ੁਰੂ ਹੋ ਗਿਆ ਹੈ। ਬੰਗਲਾਦੇਸ਼ ਵਿਚ ਸਰਕਾਰ ਵਿਰੋਧੀ ਮੁਜ਼ਾਹਰਿਆਂ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਸਾਢੇ ਚਾਰ ਸੌ ਤੋਂ ਉਪਰ ਹੋ ਗਈ ਹੈ। ਖਬਰਾਂ ਹਨ ਕਿ ਸ਼ੇਖ ਹਸੀਨਾ ਨੇ ਲੰਡਨ ਜਾਣਾ ਹੈ। ਪਹਿਲਾਂ ਉਹ ਨਵੀਂ ਦਿੱਲੀ ਨੇੜੇ ਗਾਜ਼ੀਆਬਾਦ ਵਿਚ ਹਿੰਡਨ ਏਅਰਬੇਸ 'ਤੇ ਪੁੱਜੇ। ਸ਼ੇਖ ਹਸੀਨਾ ਦੀ ਧੀ ਸਾਇਮਾ ਵਾਜ਼ਿਦ ਦਿੱਲੀ ਰਹਿੰਦੀ ਹੈ ਅਤੇ ਉਹ ਦੱਖਣ-ਪੂਰਬ ਏਸ਼ੀਆ ਲਈ ਕੌਮੀ ਸਿਹਤ ਸੰਸਥਾ (ਡਬਲਿਊ.ਐੱਚ.ਓ.) ਦੀ ਖੇਤਰੀ ਡਾਇਰੈਕਟਰ ਹੈ। ਦਿੱਲੀ ਪਹੁੰਚਣ 'ਤੇ ਸ਼ੇਖ ਹਸੀਨਾ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਵੀ ਮਿਲੀ।

ਯਾਦ ਰਹੇ ਕਿ ਬੰਗਲਾਦੇਸ਼ ਦੇ ਬਾਨੀ ਸ਼ੇਖ ਮੁਜੀਬੁਰ ਰਹਿਮਾਨ ਦੀ ਧੀ ਸ਼ੇਖ ਹਸੀਨਾ ਮੁਲਕ 'ਤੇ 2009 ਤੋਂ ਰਾਜ ਕਰ ਰਹੀ ਸੀ। ਇਸ ਸਾਲ ਜਨਵਰੀ ਵਿਚ ਹੋਈਆਂ 12ਵੀਆਂ ਆਮ ਚੋਣਾਂ ਦੌਰਾਨ ਉਹ ਲਗਾਤਾਰ ਰਿਕਾਰਡ ਚੌਥੀ ਵਾਰ ਅਤੇ ਕੁੱਲ ਮਿਲਾ ਕੇ 5ਵੀਂ ਵਾਰ ਚੁਣੀ ਗਈ ਸੀ। ਇਨ੍ਹਾਂ ਚੋਣਾਂ ਦਾ ਸਾਬਕਾ ਪ੍ਰਧਾਨ ਮੰਤਰੀ ਖ਼ਾਲਿਦਾ ਜ਼ਿਆ ਦੀ ਮੁੱਖ ਵਿਰੋਧੀ ਪਾਰਟੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐੱਨ.ਪੀ.) ਅਤੇ ਉਸ ਦੇ ਭਾਈਵਾਲਾਂ ਨੇ ਬਾਈਕਾਟ ਕੀਤਾ ਸੀ। ਹੁਣ ਮੁਲਕ ਵਿਚ ਪ੍ਰਦਰਸ਼ਨ ਰਾਖਵਾਂਕਰਨ ਦੇ ਵਿਰੋਧ ਵਿਚ ਸ਼ੁਰੂ ਹੋਏ। 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਲਈ ਜੰਗ ਲੜਨ ਵਾਲਿਆਂ ਦੇ ਸਕੇ-ਸਬੰਧੀਆਂ ਨੂੰ ਸਰਕਾਰੀ ਨੌਕਰੀਆਂ ਵਿਚ 30 ਫੀਸਦ ਰਾਖਵਾਂਕਰਨ ਦੇਣ ਦੇ ਫੈਸਲੇ ਖਿਲਾਫ਼ ਦੇਸ਼ ਭਰ ਵਿਚ ਰੋਸ ਪ੍ਰਦਰਸ਼ਨਾਂ ਸ਼ੁਰੂ ਹੋ ਗਏ ਸਨ ਅਤੇ ਹਿੰਸਾ ਫੈਲ ਗਈ ਸੀ। ਹਸੀਨਾ ਦੇ ਅਸਤੀਫ਼ੇ ਮਗਰੋਂ ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਚ ਦਾਖ਼ਲ ਹੋ ਗਏ। ਰਾਜਧਾਨੀ ਢਾਕਾ ਵਿਚ ਹਸੀਨਾ ਦੇ ਦਫ਼ਤਰ ਨੂੰ ਅੱਗ ਲਾ ਦਿੱਤੀ ਗਈ। ਪ੍ਰਦਰਸ਼ਨਕਾਰੀਆਂ ਨੇ ਹਸੀਨਾ ਦੇ ਪਿਤਾ ਮੁਜੀਬੁਰ ਰਹਿਮਾਨ ਦੇ ਬੁੱਤ ਦੀ ਭੰਨ-ਤੋੜ ਵੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਬੰਗਬੰਧੂ ਭਵਨ ਜਿਸ ਨੂੰ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਅੱਗ ਲਾ ਦਿੱਤੀ। ਇਹ ਮਿਊਜ਼ੀਅਮ ਸ਼ੇਖ ਮੁਜੀਬੁਰ ਰਹਿਮਾਨ ਨੂੰ ਸਮਰਪਿਤ ਸੀ। ਜ਼ਿਕਰਯੋਗ ਹੈ ਕਿ ਮੁਲਕ ਵਿਚ ਇਹ ਸਭ ਕੁਝ ਆਮ ਚੋਣਾਂ ਤੋਂ ਮਹਿਜ਼ ਸੱਤ ਮਹੀਨਿਆਂ ਬਾਅਦ ਵਾਪਰਿਆ ਹੈ। ਉਦੋਂ ਚੋਣਾਂ ਬਾਰੇ ਵੀ ਵਿਵਾਦ ਉਠਿਆ ਸੀ। ਚੋਣਾਂ 'ਚ ਹੇਰ-ਫੇਰ ਅਤੇ ਧੱਕੇਸ਼ਾਹੀ ਦੇ ਦੋਸ਼ ਲੱਗੇ ਸਨ।

ਉਧਰ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਰਾਤੀਂ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਬੰਗਲਾਦੇਸ਼ ਦੇ ਮੌਜੂਦਾ ਹਾਲਾਤ ਬਾਰੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਤੋਂ ਪਹਿਲਾਂ ਰਹੇ ਕਈ ਪ੍ਰਧਾਨ ਮੰਤਰੀਆਂ ਜਿਨ੍ਹਾਂ ਵਿਚ ਇੰਦਰਾ ਗਾਂਧੀ ਤੇ ਅਟਲ ਬਿਹਾਰੀ ਵਾਜਪਾਈ ਸ਼ਾਮਿਲ ਹਨ, ਵਾਂਗ ਮੰਨਿਆ ਕਿ ਭਾਰਤ ਕੋਲ ਸ਼ੇਖ ਹਸੀਨਾ ਦੇ ਸਮਰਥਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਜਦੋਂ 2001 ਤੋਂ ਲੈ ਕੇ 2006 ਤੱਕ ਬੀ.ਐੱਨ.ਪੀ. ਸੱਤਾ ਵਿਚ ਸੀ, ਉਦੋਂ ਨਾ ਸਿਰਫ਼ ਭਾਰਤ ਦਾ ਉੱਤਰ-ਪੂਰਬ ਖੇਤਰ ਗਹਿਰੀ ਗੜਬੜੀ ਦਾ ਸ਼ਿਕਾਰ ਸੀ ਬਲਕਿ ਪਾਕਿਸਤਾਨ ਪੱਖੀ ਤੱਤਾਂ ਨੇ ਚਿਟਾਗਾਂਗ ਬੰਦਰਗਾਹ ਰਾਹੀਂ ਬੰਗਲਾਦੇਸ਼ ਵਿਚ ਅਤਿ ਆਧੁਨਿਕ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਧੱਕਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਸਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸ਼ੇਖ ਹਸੀਨਾ ਦੀ ਸੱਤਾ 'ਚ ਵਾਪਸੀ ਦਾ ਭਾਰਤ ਨੂੰ ਲਾਭ ਮਿਲਿਆ ਸੀ। ਭਾਰਤ ਅਤੇ ਸ਼ੇਖ ਹਸੀਨਾ ਦੇ ਬੰਗਲਾਦੇਸ਼ ਦਰਮਿਆਨ ਸਿਆਸੀ ਅਤੇ ਆਰਥਿਕ ਭਾਈਵਾਲੀ ਬਾਕੀ ਦੇ ਗੁਆਂਢੀ ਦੇਸ਼ਾਂ ਲਈ ਆਦਰਸ਼ ਬਣ ਗਈ। ਸੜਕਾਂ, ਰੇਲਵੇ, ਆਵਾਜਾਈ ਅਧਿਕਾਰ, ਨਾਗਰਿਕ ਆਵਾਜਾਈ, ਰੱਖਿਆ ਸਹਿਯੋਗ, ਕਿਸੇ ਵੀ ਖੇਤਰ ਦਾ ਨਾਂ ਲੈ ਲਓ, ਭਾਰਤ ਤੇ ਬੰਗਲਾਦੇਸ਼ ਆਪਸੀ ਸਹਿਯੋਗ ਨਾਲ ਚੱਲੇ। ਹੁਣ ਸਵਾਲ ਹੈ ਕਿ ਅਗਾਂਹ ਕੀ ਹੋਵੇਗਾ? ਕਿਹਾ ਜਾ ਰਿਹਾ ਹੈ ਕਿ ਮੁਲਕ ਵਿਚ ਭੰਨ-ਤੋੜ ਪਿੱਛੇ ਪਾਕਿਸਤਾਨ ਪੱਖੀ ਜਮਾਤ-ਏ-ਇਸਲਾਮੀ ਦਾ ਹੱਥ ਹੋ ਸਕਦਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਹੁਣ ਪਾਕਿਸਤਾਨੀ ਫੌਜ ਨੂੰ ਉਥੇ ਖੁੱਲ੍ਹ ਕੇ ਖੇਡਣ ਦਾ ਇਕ ਹੋਰ ਮੌਕਾ ਮਿਲ ਗਿਆ ਹੈ। ਇਸੇ ਕਰ ਕੇ ਸਿਆਸੀ ਮਾਹਿਰ ਚਿਰਾਂ ਤੋਂ ਇਹੀ ਰਾਇ ਰੱਖ ਰਹੇ ਸਨ ਕਿ ਸ਼ੇਖ ਹਸੀਨਾ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਹੈ ਜੋ ਜਮਾਤ-ਏ-ਇਸਲਾਮੀ ਅਤੇ ਇਸ ਦੇ ਸਿਆਸੀ ਚਿਹਰੇ ਬੀ.ਐੱਨ.ਪੀ. ਦਾ ਮੁਕਾਬਲਾ ਕਰ ਸਕਦਾ ਹੋਵੇ ਪਰ ਹੁਣ ਸ਼ੇਖ ਹਸੀਨਾ ਮੁਲਕ ਛੱਡ ਗਈ ਹੈ; ਸੰਭਵ ਹੈ ਕਿ ਬਰਤਾਨੀਆ ਉਸ ਨੂੰ ਸਿਆਸੀ ਸ਼ਰਨ ਦੇ ਦੇਵੇ। ਹੁਣ ਮੋਦੀ ਸਰਕਾਰ ਲਈ ਅਜ਼ਮਾਇਸ਼ ਦੀ ਘੜੀ ਹੋਵੇਗੀ ਕਿ ਕੱਟੜਪੰਥੀਆਂ ਵਾਲੀ ਨਵੀਂ ਸਰਕਾਰ ਨਾਲ ਕਿਸ ਤਰ੍ਹਾਂ ਦੇ ਰਿਸ਼ਤੇ ਰੱਖੇ ਜਾਣ। ਸਿਤਮਜ਼ਰੀਫੀ ਇਹ ਵੀ ਹੈ ਕਿ ਧਰਮ ਦੇ ਮਾਮਲੇ ਵਿਚ ਮੋਦੀ ਸਰਕਾਰ ਕਿਤੇ ਵੱਧ ਕੱਟੜਪੰਥੀ ਹੈ। ਆਉਣ ਵਾਲਾ ਸਮਾਂ ਦੋਹਾਂ ਮੁਲਕਾਂ ਲਈ ਪਰਖ ਦਾ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਉਡੀਕੇ ਪੰਜਾਬ!

ਲੋਕ-ਰਾਜ ਦੀ ਕਰਨ ਜੋ ਕਦਰ ਆਗੂ ਗਲਤੀ ਹੋਣ ਤੋਂ ਹਟਦੇ ਨੇ ਫੱਟ ਮੀਆਂ।
ਰਹਿੰਦੇ ਚਿੰਬੜੇ ਨਾਲ਼ ਜੋ ਗੱਦੀਆਂ ਦੇ ਨਾਂ ਇਤਿਹਾਸ 'ਚੋਂ ਲੈਂਦੇ ਨੇ ਕੱਟ ਮੀਆਂ।
ਲੋਕ-ਰੋਹ ਜਦ ਕਰਨ ਅਣਡਿੱਠ ਯਾਰੋ ਸਾਰੇ ਸਿਸਟਮ ਨੂੰ ਵੱਜਦੀ ਸੱਟ ਮੀਆਂ।
ਰੁਕ ਦੇਖ ਕੇ ਬਾਈਡਨ ਅਮਰੀਕਨਾਂ ਦਾ ਚੋਣ ਲੜਨ ਤੋਂ ਪਿੱਛੇ ਗਿਆ ਹਟ ਮੀਆਂ।
ਗੁੱਸਾ ਦੇਖਿਆ 'ਬੰਗਲਾ ਦੇਸ਼ੀਆਂ' ਦਾ ਸ਼ੇਖ ਹੁਸੀਨਾ ਵੀ ਉਡ ਗਈ ਝੱਟ ਮੀਆਂ।
ਹੁਣ ਦੇਖੀਏ ਕਦੋਂ 'ਭਰਦਾਨ' ਦਲ ਦਾ ਬਣਿਆਂ ਰਹਿਣ ਦੀ ਛੱਡਦਾ ਰੱਟ ਮੀਆਂ!

# ਗਹਿਰਾ ਹੋ ਰਿਹਾ ਖੇਤੀ ਸੰਕਟ ਅਤੇ ਕਿਸਾਨਾਂ ਦੀ ਆਮਦਨ

**ਤਕਰੀਬਨ ਹਰ ਬਜਟ 'ਚ ਖੇਤੀਬਾੜੀ ਨੂੰ ਦਿੱਤੇ ਹੁਲਾਰੇ ਮੁਤਾਬਿਕ ਤਾਂ ਹੁਣ ਤੱਕ ਦਿਹਾਤੀ ਅਰਥਚਾਰੇ ਦੀ ਕਾਇਆ ਕਲਪ ਹੋ ਜਾਣੀ ਚਾਹੀਦੀ ਸੀ ਪਰ ਇੰਨਾ ਧਿਆਨ ਦੇਣ ਦੇ ਬਾਵਜੂਦ ਇੱਕ ਵਾਰ ਵੀ ਅਜਿਹਾ ਨਹੀਂ ਲੱਗਾ ਕਿ ਖੇਤੀਬਾੜੀ ਮੁੜ ਉਭਾਰ ਦੇ ਰਾਹ 'ਤੇ ਹੈ। ਇਸ ਦਾ ਕਾਰਨ ਇਹ ਹੈ ਕਿ ਭਾਵੇਂ ਬੁਨਿਆਦੀ ਤੌਰ 'ਤੇ ਜ਼ੋਰ ਹਮੇਸ਼ਾ ਫ਼ਸਲ ਦੀ ਉਤਪਾਦਕਤਾ ਵਧਾਉਣ 'ਤੇ ਰਿਹਾ ਹੈ, ਇਸ ਆਸ 'ਚ ਕਿ ਇਸ ਨਾਲ ਕਿਸਾਨਾਂ ਨੂੰ ਵਧੀਆ ਭਾਅ ਤੇ ਚੰਗੀ ਆਮਦਨੀ ਮਿਲੇਗੀ ਪਰ ਖੇਤੀ ਸੰਕਟ ਵਧਿਆ ਹੀ ਹੈ।**





### ਦਵਿੰਦਰ ਸ਼ਰਮਾ

ਪਿਛਲੇ ਕਰੀਬ 25 ਸਾਲਾਂ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਭਾਰਤ ਦੇ ਤਕਰੀਬਨ ਹਰ ਵਿੱਤ ਮੰਤਰੀ ਨੇ ਆਪਣਾ ਬਜਟ ਭਾਸ਼ਣ ਇਸ ਗੱਲ 'ਤੇ ਜ਼ੋਰ ਦਿੰਦਿਆਂ ਸ਼ੁਰੂ ਕੀਤਾ ਕਿ ਖੇਤੀਬਾੜੀ ਦੀ ਭਾਰਤੀ ਅਰਥਵਿਵਸਥਾ 'ਚ ਮਹੱਤਵਪੂਰਨ ਭੂਮਿਕਾ ਹੈ। 'ਕਿਸਾਨ ਦੀ ਆਜ਼ਾਦੀ' ਤੋਂ ਲੈ ਕੇ 'ਦੇਸ਼ ਦੇ ਅਰਥਚਾਰੇ ਦੀ ਜੀਵਨ ਰੇਖਾ' ਤੱਕ ਕਈ ਵਿਸ਼ੇਸ਼ਣ ਬਜਟ ਦੀਆਂ ਤਜਵੀਜ਼ਾਂ 'ਤੇ ਧਿਆਨ ਕੇਂਦਰਿਤ ਕਰਾਉਣ ਲਈ ਵਰਤੇ ਗਏ ਹਨ। ਅਰੁਣ ਜੇਤਲੀ ਨੇ ਖੇਤੀ ਆਮਦਨ ਵਧਾਉਣ ਦੀ ਗੱਲ ਕੀਤੀ ਸੀ ਤੇ ਇਸ ਨੂੰ ਸਰਕਾਰ ਦੀਆਂ ਪੰਜ ਸਿਖਰਲੀਆਂ ਤਰਜੀਹਾਂ 'ਚ ਰੱਖਿਆ ਸੀ। ਹੁਣ ਨਿਰਮਲਾ ਸੀਤਾਰਾਮਨ ਨੇ ਵੀ ਆਪਣੀਆਂ ਨੌਂ ਤਰਜੀਹਾਂ 'ਚ ਖੇਤੀਬਾੜੀ ਨੂੰ ਉੱਤੇ ਰੱਖ ਕੇ ਇਸ ਨੂੰ ਬਣਦੀ ਮਾਨਤਾ ਦਿੱਤੀ ਹੈ।

ਲਗਭੱਗ ਹਰ ਬਜਟ 'ਚ ਖੇਤੀਬਾੜੀ ਨੂੰ ਦਿੱਤੇ ਹੁਲਾਰੇ ਮੁਤਾਬਿਕ ਤਾਂ ਹੁਣ ਤੱਕ ਦਿਹਾਤੀ ਅਰਥਚਾਰੇ ਦੀ ਕਾਇਆ ਕਲਪ ਹੋ ਜਾਣੀ ਚਾਹੀਦੀ ਸੀ ਪਰ ਇੰਨਾ ਧਿਆਨ ਦੇਣ ਦੇ ਬਾਵਜੂਦ ਇੱਕ ਵਾਰ ਵੀ ਅਜਿਹਾ ਨਹੀਂ ਲੱਗਾ ਕਿ ਖੇਤੀਬਾੜੀ ਮੁੜ ਉਭਾਰ ਦੇ ਰਾਹ 'ਤੇ ਹੈ। ਇਸ ਦਾ ਕਾਰਨ ਹੈ ਕਿ ਭਾਵੇਂ ਬੁਨਿਆਦੀ ਤੌਰ 'ਤੇ ਜ਼ੋਰ ਹਮੇਸ਼ਾ ਫ਼ਸਲ ਦੀ ਉਤਪਾਦਕਤਾ ਵਧਾਉਣ 'ਤੇ ਰਿਹਾ ਹੈ, ਇਸ ਆਸ 'ਚ ਕਿ ਇਸ ਨਾਲ ਕਿਸਾਨਾਂ ਨੂੰ ਵਧੀਆ ਭਾਅ ਤੇ ਚੰਗੀ ਆਮਦਨੀ ਮਿਲੇਗੀ ਪਰ ਖੇਤੀ ਸੰਕਟ ਵਧਿਆ ਹੀ ਹੈ। ਜੇਕਰ ਸਫਲ ਹਰੀ ਕ੍ਰਾਂਤੀ ਤੋਂ ਬਾਅਦ ਅਤੇ ਹਰ ਤਰ੍ਹਾਂ ਦੀ ਮਾਲੀ ਇਮਦਾਦ ਦੇ ਬਾਵਜੂਦ ਖੇਤੀ ਨਾਲ ਜੁੜੇ ਪਰਿਵਾਰ ਦੀ ਪ੍ਰਤੀ ਮਹੀਨਾ ਔਸਤ ਆਮਦਨੀ ਕਰੀਬ 10218 ਰੁਪਏ ਤੱਕ ਹੀ ਪਹੁੰਚੀ ਹੈ ਤਾਂ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਖੇਤੀ 'ਤੇ ਗੰਭੀਰ ਸੰਕਟ ਦਾ ਸਾਇਆ ਹੈ।

ਜ਼ਮੀਨੀ ਹਕੀਕਤ 'ਤੇ ਨਿਗ੍ਹਾ ਮਾਰਦੇ ਹਾਂ: ਅਧਿਕਾਰਤ ਅਨੁਮਾਨਾਂ ਮੁਤਾਬਿਕ ਕਰਨਾਟਕ ਵਿੱਚ ਪਿਛਲੇ 15 ਮਹੀਨਿਆਂ ਦੌਰਾਨ ਕਰੀਬ 1182 ਕਿਸਾਨ ਖ਼ੁਦਕੁਸ਼ੀ ਕਰ ਕੇ ਮਰੇ ਹਨ। ਮਹਾਰਾਸ਼ਟਰ ਵਿੱਚ ਇਸ ਸਾਲ ਜਨਵਰੀ ਤੋਂ ਜੂਨ ਤੱਕ 1267 ਕਿਸਾਨਾਂ ਨੇ ਆਪਣੀ ਜਾਨ ਲਈ ਹੈ ਜਿੱਥੇ ਅਮਰਾਵਤੀ ਡਿਵੀਜ਼ਨ ਦੇ ਇਕੱਲੇ ਵਿਦਰਭ ਇਲਾਕੇ 'ਚ ਹੀ ਅਜਿਹੇ 557 ਕੇਸ ਸਾਹਮਣੇ ਆਏ ਹਨ।

ਕਿਸਾਨ ਖ਼ੁਦਕੁਸ਼ੀਆਂ ਕੋਈ ਨਵਾਂ ਵਰਤਾਰਾ ਨਹੀਂ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਇਕੱਠੀ ਕੀਤੀ ਜਾਣਕਾਰੀ ਪਿਛਲੇ 27 ਸਾਲਾਂ 'ਚ ਕਿਸਾਨ ਖ਼ੁਦਕੁਸ਼ੀਆਂ ਦਾ ਵੱਡਾ ਅੰਕੜਾ ਪੇਸ਼ ਕਰਦੀ ਹੈ। ਪਿਛਲੇ 25 ਸਾਲਾਂ 'ਚ ਖੇਤੀਬਾੜੀ ਲਈ ਬਜਟ ਵਿਚ ਗੁੰਜਾਇਸ਼ ਵਧੀ ਹੈ। 1995 ਤੋਂ 2014 ਦਰਮਿਆਨ 2,96,438 ਕਾਸ਼ਤਕਾਰਾਂ ਨੇ ਖ਼ੁਦਕੁਸ਼ੀ ਵਰਗਾ ਗੰਭੀਰ ਕਦਮ ਚੁੱਕਿਆ। 2014 ਤੋਂ 2022 ਤੱਕ 1,00,474 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਸਾਧਾਰਨ ਸ਼ਬਦਾਂ 'ਚ ਕਿਹਾ ਜਾਵੇ ਤਾਂ 1995 ਤੋਂ 2022 ਤੱਕ ਕਰੀਬ ਚਾਰ ਲੱਖ ਕਿਸਾਨਾਂ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕੀਤੀ ਹੈ ਤੇ ਉਹ ਵੀ ਅਜਿਹੇ ਸਮਿਆਂ 'ਚ ਜਦੋਂ ਹਰ ਸਾਲ ਬਜਟ 'ਚ ਖੇਤੀਬਾੜੀ ਦੀ ਦਸ਼ਾ ਬਦਲਣ ਦਾ ਵਾਅਦਾ ਕੀਤਾ ਗਿਆ। ਬਜਟ 'ਚ ਰੱਖੀ ਰਾਸ਼ੀ ਤੇ ਲਗਾਤਾਰ ਜਾਰੀ ਖੇਤੀ ਸੰਕਟ ਵਿਚਲਾ ਫ਼ਰਕ ਪ੍ਰਤੱਖ ਨਜ਼ਰ ਆਉਂਦਾ ਹੈ।

ਤਿਲੰਗਾਨਾ ਹੁਣ ਖੇਤੀ ਕਰਜ਼ੇ ਮੁਆਫ਼ ਕਰਨ ਦੇ ਦੂਜੇ ਗੇੜ ਵਿੱਚ ਹੈ। ਇਹ 6.4 ਲੱਖ ਕਿਸਾਨਾਂ ਵੱਲ ਬਕਾਇਆ 6198 ਕਰੋੜ ਰੁਪਏ ਦੇ ਕਰਜ਼ੇ 'ਤੇ ਲੀਕ ਮਾਰੇਗਾ ਤੇ ਹਰ ਕਰਜ਼ਦਾਰ ਕਾਸ਼ਤਕਾਰ ਨੂੰ 1.5 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਮਿਲੇਗੀ। ਪਹਿਲੇ ਗੇੜ 'ਚ 11.34 ਲੱਖ ਕਿਸਾਨਾਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 6190 ਕਰੋੜ ਰੁਪਏ ਮਿਲੇ ਸਨ। ਤੀਜਾ ਗੇੜ ਜੋ ਇਸੇ ਮਹੀਨੇ ਸ਼ੁਰੂ ਹੋ ਰਿਹਾ ਹੈ, ਤਹਿਤ 17.75 ਲੱਖ ਕਿਸਾਨਾਂ ਨੂੰ 12224 ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਮਿਲੇਗੀ। ਕੁੱਲ ਮਿਲਾ ਕੇ ਰਾਜ ਵਿੱਚ 35.5 ਲੱਖ ਕਿਸਾਨਾਂ ਨੂੰ ਕਰਜ਼ਾ ਮੁਕਤੀ ਦਿੱਤੀ ਜਾ ਰਹੀ ਹੈ।

ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓ.ਈ.ਸੀ.ਡੀ.) ਦੇ ਹਾਲੀਆ ਆਲਮੀ ਮੁਲਾਂਕਣ ਮੁਤਾਬਿਕ 54 ਵੱਡੇ ਅਰਥਚਾਰਿਆਂ 'ਚ ਉਤਪਾਦਕ ਸਬਸਿਡੀ ਸਹਾਇਤਾ ਕੰਮ ਆਈ ਹੈ, ਸਿਰਫ਼ ਭਾਰਤ ਦੇ ਮਾਮਲੇ 'ਚ ਕਿਸਾਨ ਆਪਣੇ ਨੁਕਸਾਨ ਦੀ ਪੂਰਤੀ ਕਰਨ ਲਈ ਢੁੱਕਵੀਂ ਮਾਇਕ ਸਹਾਇਤਾ ਤੋਂ ਵਾਂਝੇ ਰਹਿ ਗਏ ਹਨ। ਰਿਪੋਰਟ ਦੱਸਦੀ ਹੈ ਕਿ ਭਾਰਤੀ ਕਿਸਾਨ ਸੰਨ 2000 ਤੋਂ ਬਾਅਦ ਸਾਲ-ਦਰ-ਸਾਲ ਘਾਟਾ ਸਹਿ ਰਹੇ ਹਨ। ਕੀ ਅਰਥਚਾਰੇ ਦਾ ਕੋਈ ਹੋਰ ਸੈਕਟਰ ਇਸ ਤਰ੍ਹਾਂ ਲਗਾਤਾਰ ਨੁਕਸਾਨ ਸਹਿ ਕੇ ਆਪਣੀ ਹੋਂਦ ਬਚਾ ਸਕਿਆ ਹੈ?

ਅਸੀਂ ਕਾਰਜ ਵਿਧੀ 'ਚ ਭਾਵੇਂ ਕੋਈ ਖਾਮੀ ਲੱਭ ਸਕਦੇ ਹਾਂ ਪਰ ਤੱਥ ਇਹੀ ਹੈ ਕਿ ਉਤਪਾਦਕਤਾ ਤੇ ਪੈਦਾਵਾਰ ਵਧਾਉਣ ਲਈ ਤਕਨੀਕ ਜਾਂ ਹੋਰਨਾਂ ਸਕੀਮਾਂ 'ਚ ਕਿਸੇ ਵੀ ਪੱਧਰ ਤੱਕ ਦੇ ਪੂੰਜੀ ਨਿਵੇਸ਼ ਦੇ ਬਾਵਜੂਦ ਕਿਸਾਨਾਂ ਦੀ ਆਮਦਨ ਨਹੀਂ ਵਧ ਸਕੀ ਹੈ। ਇਹ ਕਿਤੇ ਵੀ ਨਹੀਂ ਵਾਪਰਿਆ। ਓ.ਈ.ਸੀ.ਡੀ. ਦਾ ਅਧਿਐਨ ਇਸ ਦੀ ਗਵਾਹੀ ਭਰਦਾ ਹੈ।

ਇਸੇ ਨੂੰ ਮੈਂ 'ਵਾਇਆ ਬਠਿੰਡਾ' ਪਹੁੰਚ ਕਹਿੰਦਾ ਹਾਂ। ਖੇਤੀ ਆਮਦਨੀਆਂ ਵਧਾਉਣ ਲਈ ਸਿੱਧਾ ਯਤਨ ਕਿਉਂ ਨਹੀਂ ਕੀਤਾ ਜਾ ਸਕਦਾ, ਬਜਾਇ ਕਿ ਇਸ ਨੂੰ 'ਇਨਪੁਟ ਸਪਲਾਇਰ' ਜਾਂ ਤਕਨੀਕੀ ਮਾਧਿਅਮਾਂ ਰਾਹੀਂ ਕੀਤਾ ਜਾਵੇ। ਇਹ ਪਹੁੰਚ ਨਾ ਤਾਂ ਅਤੀਤ 'ਚ ਕੰਮ ਆਈ ਹੈ ਤੇ ਨਾ ਹੀ ਭਵਿੱਖ 'ਚ ਆਵੇਗੀ। ਅਧਿਐਨ ਦੱਸਦੇ ਹਨ ਕਿ 'ਇਨਪੁਟ ਸਪਲਾਇਰ' (ਬੀਜ, ਖਾਦਾਂ ਤੇ ਉਪਕਰਨ ਉਪਲਬਧ ਕਰਾਉਣ ਵਾਲੇ) ਮੁਨਾਫ਼ਾ ਕਮਾਉਂਦੇ ਹਨ; ਕਿਸਾਨ ਇੱਥੇ ਵੀ ਹੇਠਲੇ ਪੱਧਰ 'ਤੇ ਹੀ ਰਹਿ ਜਾਂਦੇ ਹਨ। ਸਪਲਾਈ ਲੜੀਆਂ ਦੇ ਪੱਖ ਤੋਂ ਵੀ ਆਖ਼ਿਰੀ ਮੁਨਾਫਿਆਂ 'ਚ ਕਾਸ਼ਤਕਾਰਾਂ ਦਾ ਹਿੱਸਾ ਮਹਿਜ਼ 5-10 ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਹੁੰਦਾ ਹੈ। ਯੂ.ਕੇ. ਦੀ ਹਾਲੀਆ ਰਿਪੋਰਟ ਮੁਤਾਬਿਕ, ਭਾਵੇਂ 2021 ਵਿੱਚ ਸਟਰਾਅਬੈਰੀ ਤੇ ਰੈਸਪਬੈਰੀਆਂ ਦੇ ਮੰਡੀਕਰਨ ਤੋਂ ਹੋਣ ਵਾਲਾ ਪ੍ਰਚੂਨ ਮੁਨਾਫ਼ਾ 27 ਪੈਂਸ ਵਧਿਆ ਪਰ ਕਿਸਾਨ ਦਾ ਹਿੱਸਾ ਇਸ 'ਚ ਸਿਰਫ਼ 3.5 ਪੈਂਸ ਹੀ ਸੀ। ਇਸ ਤੋਂ ਪਹਿਲਾਂ ਵੀ ਕੁਝ ਅਧਿਐਨਾਂ ਵਿੱਚ ਸਾਹਮਣੇ ਆਇਆ ਸੀ ਕਿ ਖ਼ਪਤਕਾਰ ਰੋਜ਼ਾਨਾ ਵਰਤੋਂ 'ਚ ਆਉਣ ਵਾਲੀਆਂ ਜਿਹੜੀਆਂ ਛੇ ਜ਼ਰੂਰੀ ਵਸਤਾਂ 'ਤੇ ਨਿਰਭਰ ਕਰਦੇ ਹਨ, ਉਨ੍ਹਾਂ 'ਚੋਂ ਕਿਸਾਨਾਂ ਨੂੰ ਸਿਰਫ਼ ਇੱਕ ਪ੍ਰਤੀਸ਼ਤ ਪ੍ਰਚੂਨ ਲਾਭ ਹੁੰਦਾ ਹੈ। ਇਸ ਲਈ ਹਾਲੀਆ ਬਜਟ 'ਚ ਸਪਲਾਈ ਲੜੀਆਂ ਮਜ਼ਬੂਤ ਕਰਨ 'ਤੇ ਦਿੱਤਾ ਗਿਆ ਜ਼ੋਰ ਤਾਂ ਹੀ ਲਾਭਦਾਇਕ ਹੋਵੇਗਾ ਜੇਕਰ ਮੂਲ ਉਤਪਾਦਕ ਨੂੰ ਉਸ ਦੇ ਹਿੱਸੇ ਦੀ ਗਰੰਟੀ ਮਿਲੇਗੀ।

> **ਖੇਤੀ ਖੇਤਰ ਬਾਰੇ ਗੰਭੀਰ ਹੋ ਕੇ ਨਵੇਂ ਸਿਰਿਓਂ ਵਿਚਾਰ ਕਰਨ ਦੀ ਲੋੜ ਹੈ। ਕਿਸਾਨਾਂ ਦੀ ਆਮਦਨੀ ਅਤੇ ਭਲਾਈ ਲਈ ਕੌਮੀ ਕਮਿਸ਼ਨ ਕਾਇਮ ਕੀਤਾ ਜਾਵੇ ਜੋ ਖੇਤੀ ਤੋਂ ਆਮਦਨੀ ਵਧਾਉਣ ਦੇ ਢੰਗ-ਤਰੀਕੇ ਦੱਸੇ। ਇਸ ਦੀ ਸ਼ੁਰੂਆਤ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਲਈ ਕਾਨੂੰਨੀ ਢਾਂਚਾ ਯਕੀਨੀ ਬਣਾਉਣ ਤੋਂ ਕੀਤੀ ਜਾ ਸਕਦੀ ਹੈ।**

ਬਜਟ 'ਚ ਖੇਤੀ ਖੇਤਰ ਲਈ ਕੁੱਲ ਬਜਟ ਦਾ ਮਹਿਜ਼ 3.15 ਪ੍ਰਤੀਸ਼ਤ ਪੈਸਾ ਰੱਖਣਾ, ਉਹ ਵੀ ਉਦੋਂ ਜਦ ਦੇਸ਼ ਦੀ ਲਗਭਗ ਅੱਧੀ ਆਬਾਦੀ ਦਾ ਰੁਜ਼ਗਾਰ ਖੇਤੀ ਹੋਵੇ, ਇਸ ਤੋਂ ਕੋਈ ਜ਼ਿਆਦਾ ਪ੍ਰਾਪਤੀ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਇਸ ਸਾਲ ਖੇਤੀ ਖੇਤਰ ਲਈ 1.52 ਲੱਖ ਕਰੋੜ ਰੁਪਏ ਰੱਖੇ ਹਨ। ਪਿਛਲੇ ਸਾਲ ਦੇ ਮੁਕਾਬਲੇ ਇਜ਼ਾਫ਼ਾ ਭਾਵੇਂ 26000 ਕਰੋੜ ਰੁਪਏ ਜ਼ਿਆਦਾ ਹੈ ਪਰ ਲਾਜ਼ਮੀ ਤੌਰ 'ਤੇ ਇਹ ਗੈਰ-ਯੋਜਨਾਬੱਧ ਖ਼ਰਚਿਆਂ ਲਈ ਹਨ। ਇਹ ਦੇਖਦਿਆਂ ਕਿ ਖੇਤੀ ਬਜਟ ਵਿੱਚ 60000 ਕਰੋੜ ਰੁਪਏ ਦੀ ਉਹ ਮੱਦ ਵੀ ਸ਼ਾਮਿਲ ਹੈ ਜੋ ਪ੍ਰਧਾਨ ਮੰਤਰੀ ਕਿਸਾਨ ਸਕੀਮ ਲਈ ਹੈ ਅਤੇ ਜਿਸ ਤਹਿਤ ਲਾਭਪਾਤਰੀ ਕਿਸਾਨ ਦੇ ਬੈਂਕ ਖਾਤੇ ਵਿੱਚ ਪ੍ਰਤੀ ਮਾਹ 500 ਰੁਪਏ ਦਿੱਤੇ ਜਾਂਦੇ ਹਨ, ਫਿਰ ਤਾਂ ਖੇਤੀ ਬਜਟ ਲਈ ਕੇਵਲ 92000 ਕਰੋੜ ਰੁਪਏ ਹੀ ਬਚਦੇ ਹਨ। ਕੋਈ ਹੈਰਾਨੀ ਨਹੀਂ ਕਿ ਪਰਿਵਾਰਕ ਖ਼ਪਤ ਖ਼ਰਚ ਸੂਚਕ ਅੰਕ 2022-23 ਸਾਨੂੰ ਦੱਸਦਾ ਹੈ ਕਿ ਦਿਹਾਤੀ ਖੇਤਰ ਵਿੱਚ ਇੱਕ ਪਰਿਵਾਰ ਦਾ ਮਾਸਿਕ ਔਸਤਨ ਖ਼ਰਚ ਮਹਿਜ਼ 3268 ਰੁਪਏ ਹੈ। ਜੇਕਰ ਖੇਤੀ ਤੋਂ ਆਮਦਨੀ ਕਾਰਗਰ ਨਹੀਂ ਹੋਵੇਗੀ ਤਾਂ ਜ਼ਾਹਿਰ ਹੈ ਕਿ ਪੇਂਡੂ ਇਲਾਕਿਆਂ ਵਿੱਚ ਲੋਕ ਖ਼ਰੀਦ ਕਰਨ 'ਤੇ ਘੱਟ ਪੈਸੇ ਖ਼ਰਚਣਗੇ।

ਇਸ ਲਈ ਖੇਤੀ ਖੇਤਰ ਬਾਰੇ ਗੰਭੀਰ ਹੋ ਕੇ ਨਵੇਂ ਸਿਰਿਓਂ ਵਿਚਾਰ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਰੋਜ਼ੀ-ਰੋਟੀ ਜਿਹੇ ਮੁੱਦੇ ਦੇ ਹੱਲ ਦੀ ਬੇਹੱਦ ਲੋੜ ਹੈ ਤਾਂ ਕਿ ਖੇਤੀ ਆਮਦਨੀ ਸਮਾਜ ਦੇ ਹੋਰਨਾਂ ਵਰਗਾਂ ਦੇ ਪੱਧਰ ਤੱਕ ਪਹੁੰਚ ਸਕੇ। ਮੇਰਾ ਸੁਝਾਅ ਹੈ ਕਿ ਕਿਸਾਨਾਂ ਦੀ ਆਮਦਨੀ ਅਤੇ ਭਲਾਈ ਲਈ ਕੌਮੀ ਕਮਿਸ਼ਨ ਕਾਇਮ ਕੀਤਾ ਜਾਵੇ ਜੋ ਤੈਅ ਸਮਾਂ ਸੀਮਾ 'ਚ ਖੇਤੀ ਤੋਂ ਆਮਦਨੀ ਵਧਾਉਣ ਦੇ ਵਿਸ਼ੇਸ਼ ਢੰਗ-ਤਰੀਕੇ ਦੱਸੇ। ਇਸ ਦੀ ਸ਼ੁਰੂਆਤ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਲਈ ਕਾਨੂੰਨੀ ਢਾਂਚਾ ਯਕੀਨੀ ਬਣਾਉਣ ਤੋਂ ਕੀਤੀ ਜਾ ਸਕਦੀ ਹੈ।

# ਓਲੰਪਿਕ ਖੇਡਾਂ 'ਚ ਭਾਰਤ ਅਤੇ ਸਰਕਾਰ ਦੀ ਨੀਤੀ

> ***ਕੁਝ ਦਹਾਕੇ ਪਹਿਲਾਂ ਸਾਡੇ ਦੇਸ਼ ਦੇ ਕੁਝ ਅਖੌਤੀ ਬੁੱਧੀਜੀਵੀਆਂ ਨੇ ਦੇਸ਼ ਦੀ ਵਧਦੀ ਜਨਸੰਖਿਆਂ ਦਾ ਰੌਲਾ ਤਾਂ ਬਹੁਤ ਪਾਇਆ ਪਰ ਇਹ ਵਧਦੀ ਨੌਜਵਾਨ ਸ਼ਕਤੀ ਦੇਸ਼ ਲਈ ਵਰਦਾਨ ਕਿਵੇਂ ਬਣੇ, ਇਸ ਪਾਸੇ ਤੁਰਨ ਦੀ ਖੇਚਲ ਬਹੁਤ ਘੱਟ ਨੇ ਕੀਤੀ। ਨੌਜਵਾਨਾਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਆਲਮੀ ਮਿਆਰ ਦੀਆਂ ਸਹੂਲਤਾਂ ਵਾਲੀ ਸਿਖਲਾਈ ਅਤੇ ਆਰਥਿਕ ਸਹਾਇਤਾ ਬਹੁਤ ਜ਼ਰੂਰੀ ਹੈ। ਕਿਸੇ ਦੇਸ਼ ਦਾ ਖੇਡਾਂ ਪ੍ਰਤੀ ਮੋਹ ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ ਕਿੰਨਾ ਹਿੱਸਾ ਖੇਡਾਂ ਉੱਪਰ ਖਰਚ ਕਰਦਾ ਹੈ।***

ਇਸ ਸਮੇਂ ਦੁਨੀਆ ਭਰ ਦੀਆਂ ਨਜ਼ਰਾਂ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਚੱਲ ਰਹੀਆਂ ਓਲੰਪਿਕ ਖੇਡਾਂ ਵੱਲ ਲੱਗੀਆਂ ਹੋਈਆਂ ਹਨ। 11 ਅਗਸਤ ਤੱਕ ਚੱਲਣ ਵਾਲੇ ਇਸ ਖੇਡ ਮੇਲੇ ਵਿਚ ਦੁਨੀਆ ਭਰ ਦੇ 10500 ਖਿਡਾਰੀ 32 ਤਰ੍ਹਾਂ ਦੇ 329 ਖੇਡ ਮੁਕਾਬਲਿਆਂ ਵਿਚ ਆਪਣੇ ਜੌਹਰ ਦਿਖਾ ਰਹੇ ਹਨ। ਭਾਰਤੀ ਹਾਕੀ ਟੀਮ, ਨਿਸ਼ਾਨੇਬਾਜ਼ ਕੁੜੀ ਮਨੂ ਭਾਕਰ, ਨਿਸ਼ਾਨੇਬਾਜ਼ ਨੌਜਵਾਨ ਸਰਬਜੋਤ ਸਿੰਘ, ਸਵਪਨਿਲ ਕੁਸਲੇ ਸਮੇਤ ਬਹੁਤ ਸਾਰੇ ਭਾਰਤੀ ਖਿਡਾਰੀਆਂ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ ਹੈ। ਭਾਰਤੀ ਹਾਕੀ ਟੀਮ ਨੇ ਬਰਤਾਨੀਆ ਖਿਲਾਫ ਸ਼ਾਨਦਾਰ ਜਿੱਤ ਹਾਸਲ ਕੀਤੀ ਪਰ ਇਹ ਸੈਮੀਫਾਈਨਲ ਵਿਚ ਜਰਮਨ ਕੋਲੋਂ ਹਾਰ ਗਈ। ਭਾਰਤੀ ਖਿਡਾਰੀਆਂ ਦੀਆਂ ਪ੍ਰਾਪਤੀਆਂ ਸ਼ਲਾਘਾਯੋਗ ਹਨ, ਉਨ੍ਹਾਂ ਉੱਪਰ ਮਾਣ ਕੀਤਾ ਜਾ ਸਕਦਾ ਹੈ ਪਰ ਦੇਸ਼ ਦੀ ਨੌਜਵਾਨ ਵਸੋਂ ਦੇ ਹਿਸਾਬ ਨਾਲ ਹੋਰ ਵੱਧ ਸੰਭਾਵਨਾਵਾਂ ਤਲਾਸ਼ੀਆਂ ਜਾਣੀਆਂ ਚਾਹੀਦੀਆਂ ਹਨ।

ਲੰਘੀਆਂ ਟੋਕੀਓ ਓਲੰਪਿਕ (2020) ਖੇਡਾਂ ਵਿਚ ਅਮਰੀਕਾ ਨੇ 113 ਤਗਮਿਆਂ ਨਾਲ ਪਹਿਲਾ ਸਥਾਨ, ਚੀਨ ਨੇ 89 ਤਗਮਿਆਂ ਨਾਲ ਦੂਜਾ ਸਥਾਨ ਹਾਸਲ ਕੀਤਾ ਸੀ, ਇਸ ਤੋਂ ਬਾਅਦ ਜਪਾਨ, ਬਰਤਾਨੀਆਂ ਦਾ ਨੰਬਰ ਆਇਆ ਸੀ। ਭਾਰਤ ਨੇ ਇਕ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸੋਨ ਤਗਮੇ ਸਮੇਤ ਕੁੱਲ ਸੱਤ ਮੈਡਲ ਜਿੱਤੇ ਸਨ। ਓਲੰਪਿਕ ਖੇਡਾਂ ਸ਼ੁਰੂ ਹੋਈਆਂ ਨੂੰ ਕਰੀਬ ਡੇਢ ਸਦੀ ਹੋ ਗਈ ਹੈ ਤੇ ਓਲੰਪਿਕ ਵਿਚ ਵੱਧ ਤਗਮੇ ਜਿੱਤਦੇ ਆ ਰਹੇ ਮੁਲਕ ਨੌਜਵਾਨਾਂ ਦੀ ਘਾਟ ਨਾਲ ਜੂਝ ਰਹੇ ਹਨ। ਇਕ ਪਾਸੇ ਨੌਜਵਾਨਾਂ ਦੀ ਘਾਟ ਪੂੰਜੀਵਾਦੀ ਮੁਲਕਾਂ ਵਿਚ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ, ਦੂਜੇ ਪਾਸੇ ਭਾਰਤ ਦੁਨੀਆ ਦਾ ਇਕੋ-ਇਕ ਅਜਿਹਾ ਮੁਲਕ ਹੈ ਜਿੱਥੇ ਨੌਜਵਾਨਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਸੋ, ਸਾਨੂੰ ਇਸ ਸਵਾਲ ਦਾ ਜਵਾਬ ਲੱਭਣ ਵਾਲੇ ਪਾਸੇ ਤੁਰਨਾ ਚਾਹੀਦਾ ਹੈ ਕਿ ਨੌਜਵਾਨਾਂ ਦੀ ਘਾਟ ਨਾਲ ਜੂਝ ਰਹੇ ਜਾਂ ਸਾਡੇ ਨਾਲੋਂ ਕਿਤੇ ਜ਼ਿਆਦਾ ਛੋਟੇ ਮੁਲਕ ਇੰਨੇ ਜ਼ਿਆਦਾ ਤਗਮੇ ਕਿਵੇਂ ਜਿੱਤ ਰਹੇ ਹਨ।

ਭਾਰਤ ਵਿਚ ਪ੍ਰਤਿਭਾਸ਼ਾਲੀ, ਮਿਹਨਤੀ, ਬਹਾਦਰ ਨੌਜਵਾਨਾਂ ਦੀ ਅਥਾਹ ਸ਼ਕਤੀ ਹੈ। ਦੇਸ਼ ਦੀ ਔਸਤ ਉਮਰ ਲੱਗਭੱਗ 29 ਸਾਲ ਹੈ। ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ 25 ਸਾਲ ਤੋਂ ਘੱਟ ਉਮਰ ਦੀ ਹੈ ਤੇ 65 ਫੀਸਦ ਆਬਾਦੀ ਦੀ ਉਮਰ 35 ਸਾਲ ਤੋਂ ਘੱਟ ਹੈ। ਦੂਜੇ ਪਾਸੇ ਇਸ ਵਾਰ ਓਲੰਪਿਕ ਵਿਚ ਵੱਧ ਮੈਡਲ ਜਿੱਤ ਰਹੇ ਅਮਰੀਕਾ, ਚੀਨ, ਫਰਾਂਸ ਵਰਗੇ ਮੁਲਕਾਂ ਦੀ ਔਸਤ ਉਮਰ ਇਸ ਤੋਂ ਕਿਤੇ ਜ਼ਿਆਦਾ ਹੈ।

ਕੁਝ ਦਹਾਕੇ ਪਹਿਲਾਂ ਸਾਡੇ ਦੇਸ਼ ਦੇ ਕੁਝ ਅਖੌਤੀ ਬੁੱਧੀਜੀਵੀਆਂ ਨੇ ਦੇਸ਼ ਦੀ ਵਧਦੀ ਜਨਸੰਖਿਆਂ ਦਾ ਰੌਲਾ ਤਾਂ ਬਹੁਤ ਪਾਇਆ ਪਰ ਇਹ ਵਧਦੀ ਨੌਜਵਾਨ ਸ਼ਕਤੀ ਦੇਸ਼ ਲਈ ਵਰਦਾਨ ਕਿਵੇਂ ਬਣੇ, ਇਸ ਪਾਸੇ ਤੁਰਨ ਦੀ ਖੇਚਲ ਬਹੁਤ ਘੱਟ ਨੇ ਕੀਤੀ। ਨੌਜਵਾਨਾਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਆਲਮੀ ਮਿਆਰ ਦੀਆਂ ਸਹੂਲਤਾਂ ਵਾਲੀ ਸਿਖਲਾਈ ਅਤੇ ਆਰਥਿਕ ਸਹਾਇਤਾ ਬਹੁਤ ਜ਼ਰੂਰੀ ਹੈ। ਕਿਸੇ ਦੇਸ਼ ਦਾ ਖੇਡਾਂ ਪ੍ਰਤੀ ਮੋਹ ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ ਕਿੰਨਾ ਹਿੱਸਾ ਖੇਡਾਂ ਉੱਪਰ ਖਰਚ ਕਰਦਾ ਹੈ। ਚੀਨ, ਰੂਸ, ਅਮਰੀਕਾ ਵਰਗੇ ਮੁਲਕਾਂ ਨੇ ਖੇਡਾਂ ਨੂੰ ਕਾਫੀ ਅਹਿਮੀਅਤ ਦਿੱਤੀ ਹੈ। ਸਾਡੇ ਦੇਸ਼ ਵਿਚ ਇਸ ਸਾਲ ਖੇਡਾਂ ਲਈ 3442 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ ਜਿਸ ਵਿਚੋਂ 900 ਕਰੋੜ ਰੁਪਏ ਸਿਰਫ਼ 'ਖੇਲੋ ਇੰਡੀਆ' ਲਈ ਰੱਖੇ ਗਏ ਹਨ। 2016-17 ਵਿਚ ਲਾਂਚ ਕੀਤੀ ਇਹ 'ਖੇਲੋ ਇੰਡੀਆ' ਯੋਜਨਾ ਵਿਚ ਪੰਜਾਬ, ਹਰਿਆਣਾ ਵਰਗੇ ਸੂਬਿਆਂ ਨਾਲ ਪੱਖਪਾਤ ਹੋਣ ਕਾਰਨ ਇਹ ਵਿਵਾਦਾਂ ਵਿਚ ਘਿਰ ਗਈ ਹੈ। ਸਵਾਲ ਉੱਠ ਰਹੇ ਹਨ ਕਿ ਜਦ ਪੈਰਿਸ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਗਏ ਭਾਰਤੀ ਖਿਡਾਰੀਆਂ 'ਚ ਪੰਜਵਾਂ ਹਿੱਸਾ ਅਥਲੀਟ ਹਰਿਆਣਾ ਦੇ ਹਨ ਤਾਂ ਹਰਿਆਣਾ ਨੂੰ ਸਕੀਮ ਤਹਿਤ ਮਹਿਜ਼ 66.6 ਕਰੋੜ ਰੁਪਏ ਹੀ ਕਿਉਂ ਦਿੱਤੇ ਗਏ ਹਨ। ਪੁਰਸ਼ਾਂ ਦੀ ਹਾਕੀ ਟੀਮ 'ਚ ਅੱਧਿਓਂ ਵੱਧ ਖਿਡਾਰੀ ਪੰਜਾਬ ਨਾਲ ਸਬੰਧਿਤ ਹਨ ਪਰ ਪੰਜਾਬ ਨੂੰ ਮਹਿਜ਼ 78 ਕਰੋੜ ਰੁਪਏ ਮਿਲੇ ਹਨ।

ਦੂਜੇ ਪਾਸੇ ਗੁਜਰਾਤ ਨੂੰ 426 ਕਰੋੜ ਰੁਪਏ ਦਾ ਗੱਫਾ ਦਿੱਤਾ ਗਿਆ ਹੈ। ਅਸਲ ਵਿਚ ਭਾਰਤ 2036 ਓਲੰਪਿਕ ਗੁਜਰਾਤ ਵਿਚ ਕਰਵਾਉਣ ਦੀ ਤਿਆਰੀ ਕਰ ਰਿਹਾ ਹੈ ਹਾਲਾਂਕਿ ਅਜੇ 2028 ਓਲੰਪਿਕ ਲਾਸ ਏਂਜਲਸ ਅਤੇ 2032 ਓਲੰਪਿਕ ਬ੍ਰਿਸਬੇਨ ਵਿਚ ਹੋਣਗੇ। ਇਸ ਤੋਂ ਪਹਿਲਾਂ ਭਾਰਤ ਨੇ 2010 ਵਿਚ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਜ਼ਰੂਰ ਕੀਤੀ ਸੀ ਪਰ ਅੱਜ ਤੱਕ ਕਦੇ ਵੀ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਨਹੀਂ ਕੀਤੀ। ਵੈਸੇ ਖੇਡਾਂ ਦੇ ਖੇਤਰ ਵਿਚ ਗੁਜਰਾਤ ਦੀ ਕੋਈ ਵੱਡੀ ਪ੍ਰਾਪਤੀ ਨਹੀਂ। ਓਲੰਪਿਕ ਖਿਡਾਰੀ ਦੇਣ ਦੇ ਹਿਸਾਬ ਨਾਲ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਦੇ ਨੇੜੇ ਹੋਣ ਕਾਰਨ ਇਹ ਖੇਡਾਂ ਹਰਿਆਣਾ ਤੇ ਪੰਜਾਬ ਵਿਚ ਕਰਵਾਈਆਂ ਜਾਣੀਆਂ ਚਾਹੀਦੀਆਂ ਸਨ ਪਰ ਭਾਜਪਾ ਸਰਕਾਰ ਵੱਲੋਂ ਦੇਸ਼ ਦਾ ਪੱਛਮੀ ਸੂਬਾ ਗੁਜਰਾਤ ਚੁਣਨ ਦਾ ਇਕਮਾਤਰ ਕਾਰਨ ਇਹ ਹੈ ਕਿ ਉਹ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਗ੍ਰਹਿ ਸੂਬਾ ਹੈ, ਉਸ ਨੂੰ ਭਾਜਪਾ ਆਪਣਾ ਗੜ੍ਹ ਮੰਨਦੀ ਹੈ। ਇਸ ਤੋਂ ਪਹਿਲਾਂ ਬਿਹਤਰੀਨ ਖੇਡ ਸਟੇਡੀਅਮ ਵੀ ਗੁਜਰਾਤ ਦੇ ਅਹਿਮਦਾਬਾਦ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਉੱਪਰ ਬਣਾਇਆ ਜਾ ਚੁੱਕਾ ਹੈ। ਹੁਣ ਓਲੰਪਿਕ ਖੇਡਾਂ ਲਈ ਉਸੇ ਨਰਿੰਦਰ ਮੋਦੀ ਖੇਡ ਸਟੇਡੀਅਮ ਤੋਂ ਕਰੀਬ 35 ਕਿਲੋਮੀਟਰ ਦੂਰ ਪੈਂਦੇ ਤਿੰਨ ਪਿੰਡਾਂ ਗੋਧਾਵੀ, ਗਰੋਡੀਆ ਅਤੇ ਮਨੀਪੁਰ ਦੀ ਕਰੀਬ 200 ਏਕੜ ਨਿੱਜੀ ਮਾਲਕੀ ਵਾਲੀ ਜ਼ਮੀਨ 'ਤੇ ਸਪੋਰਟਸ ਸਿਟੀ ਬਣਾਉਣ ਦੀ ਤਜਵੀਜ਼ ਹੈ। ਪਿਛਲੇ ਦਿਨੀਂ ਉਸ ਜ਼ਮੀਨ ਦਾ ਸੂਬੇ ਦੇ ਅਧਿਕਾਰੀਆਂ ਨੇ ਸਰਵੇਖਣ ਕੀਤਾ ਪਰ ਕਿਸਾਨ ਆਪਣੀ ਵਾਹੀਯੋਗ ਜ਼ਮੀਨ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਸੂਬਾ ਸਰਕਾਰ ਨੇ ਈਵੈਂਟ ਦੀ ਮੇਜ਼ਬਾਨੀ ਲਈ ਛੇ ਸਪੋਰਟਸ ਕੰਪਲੈਕਸ ਬਣਾਉਣ ਲਈ 6000 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਗੁਜਰਾਤ ਸਰਕਾਰ ਲੱਖਾਂ ਡਾਲਰਾਂ ਦੀ ਲਾਗਤ ਨਾਲ ਪ੍ਰਸਤਾਵਿਤ ਖੇਡ ਬੁਨਿਆਦੀ ਢਾਂਚਾ ਬਣਾਉਣ ਦੀ ਤਿਆਰੀ ਕਰ ਰਹੀ ਹੈ।

ਮੋਦੀ ਸਰਕਾਰ ਦੇਸ਼ ਵਿਚ ਖੇਡਾਂ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਨ ਵੱਲ ਧਿਆਨ ਦੇਣ ਦੀ ਬਜਾਇ ਈਵੈਂਟ ਕਰਵਾ ਕੇ ਸੁਰਖੀਆਂ ਵਿਚ ਰਹਿਣਾ ਚਾਹੁੰਦੀ ਹੈ। ਓਲੰਪਿਕ ਦੀ ਮੇਜ਼ਬਾਨੀ ਕਰਨ ਤੋਂ ਪਹਿਲਾਂ ਮਹੱਤਵਪੂਰਨ ਇਹ ਹੈ ਕਿ ਦੇਸ਼ ਵਿਚ ਖੇਡਾਂ ਲਈ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਦੇਸ਼ ਦੇ ਸਕੂਲਾਂ, ਕਾਲਜਾਂ ਵਿਚ ਖੇਡ ਮੈਦਾਨ ਨਹੀਂ ਹਨ। ਸਕੂਲਾਂ ਵਿਚ ਕੋਚ ਤਾਂ ਦੂਰ ਦੀ ਗੱਲ, ਅਜੇ ਤੱਕ ਸਰੀਰਕ ਸਿੱਖਿਆ ਦੇ ਅਧਿਆਪਕ ਪੂਰੇ ਨਹੀਂ ਹਨ। ਵਿਦਿਆਰਥੀ ਨੂੰ ਕੌਮਾਂਤਰੀ ਮਿਆਰ ਦੇ ਖੇਡ ਗਰਾਊਂਡ ਦੇ ਜੇ ਜਦੋਂ ਤੱਕ ਸਿਖਲਾਈ ਮੁਹੱਈਆ ਕਰਵਾਉਣ ਦੇ ਯਤਨ ਨਹੀਂ ਹੁੰਦੇ, ਤਦ ਤੱਕ ਖੇਡਾਂ ਦੇ ਖੇਤਰ ਵਿਚ ਆਮ ਨੌਜਵਾਨਾਂ ਦਾ ਅੱਗੇ ਆਉਣਾ ਮੁਸ਼ਕਿਲ ਹੈ। ਹਕੀਕਤ ਇਹ ਹੈ ਕਿ ਕਈ ਖੇਡਾਂ ਦਾ ਸਾਜ਼ੋ-ਸਮਾਨ ਮਹਿੰਗਾ ਹੋਣ ਕਾਰਨ ਉਹ ਚੋਣਵੇਂ ਘਰਾਂ ਦੇ ਨੌਜਵਾਨਾਂ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਗਰੀਬ ਘਰਾਂ ਨਾਲ ਸਬੰਧਿਤ ਖਿਡਾਰੀਆਂ ਨੂੰ ਖੇਡ ਸਹੂਲਤਾਂ ਦੇ ਨਾਲ-ਨਾਲ ਪੌਸ਼ਟਿਕ ਖੁਰਾਕ ਦੇਣਾ ਵੀ ਯਕੀਨੀ ਬਣਾਇਆ ਜਾਵੇ। ਸਰਕਾਰ ਖਿਡਾਰੀਆਂ ਨੂੰ ਨੌਕਰੀਆਂ ਦੇਣ ਤੋਂ ਵੀ ਭੱਜ ਰਹੀ ਹੈ। ਪੰਜਾਬ ਨਾਲ ਸਬੰਧਿਤ ਪੈਰਾ ਉਲੰਪਿਕ ਖਿਡਾਰੀ ਤਰੁਣ ਸ਼ਰਮਾ ਨੌਕਰੀ ਲੈਣ ਲਈ ਸਰਕਾਰ ਖਿਲਾਫ ਕਈ ਵਾਰ ਪ੍ਰਦਰਸ਼ਨ ਕਰ ਚੁੱਕਾ ਹੈ, ਹੁਣ ਵੀ ਉਸ ਨੂੰ ਨਿਗੂਣੀ ਤਣਖਾਹ ਵਾਲੀ ਕੱਚੀ ਨੌਕਰੀ ਹੀ ਨਸੀਬ ਹੋਈ ਹੈ।

ਭਾਰਤੀ ਮੀਡੀਆ ਅਤੇ ਇਸ਼ਤਿਹਾਰ ਦੇਣ ਵਾਲੇ ਕਾਰਪੋਰੇਟ ਘਰਾਣਿਆਂ ਵੱਲੋਂ ਸਿਰਜੇ ਬਿਰਤਾਂਤ ਕਾਰਨ ਪਿਛਲੇ ਕੁਝ ਸਾਲਾਂ ਤੋਂ ਕ੍ਰਿਕਟ ਖਿਡਾਰੀਆਂ ਨੂੰ ਜ਼ਿਆਦਾ ਅਹਿਮੀਅਤ ਮਿਲੀ ਹੈ ਜਿਸ ਦਾ ਅਸਰ ਬਾਕੀ ਖੇਡਾਂ ਉੱਪਰ ਪਿਆ ਸਾਫ ਨਜ਼ਰ ਆਉਂਦਾ ਹੈ। ਇਹ ਕਿੰਨਾ ਦਿਲਚਸਪ ਤੱਥ ਹੈ ਕਿ ਜਿਹੜੇ ਮੁਲਕ ਓਲੰਪਿਕ ਖੇਡਾਂ ਵਿਚ ਮੋਹਰੀ ਹਨ, ਉਹਨਾਂ ਦਾ ਕ੍ਰਿਕਟ ਦੇ ਖੇਤਰ ਵਿਚ ਕੋਈ ਖਾਸ ਨਾਮ ਨਹੀਂ। ਭਾਰਤ ਵਿਚ ਸਾਰੀਆਂ ਖੇਡਾਂ ਨੂੰ ਬਰਾਬਰ ਅਹਿਮੀਅਤ ਨਾ ਦੇ ਸਕਣ ਦਾ ਹੀ ਨਤੀਜਾ ਹੈ ਕਿ ਐਤਕੀਂ ਪੈਰਿਸ ਉਲੰਪਿਕ ਵਿਚ ਵੀ ਭਾਰਤ ਵੱਲੋਂ ਸਾਰੇ ਵਰਗਾਂ ਵਿਚ ਖਿਡਾਰੀ ਨਹੀਂ ਭੇਜੇ ਜਾ ਸਕੇ ਹਨ। ਪੈਰਿਸ ਉਲੰਪਿਕ ਵਿਚ ਭਾਰਤ ਤੋਂ 100 ਤੋਂ ਵੱਧ ਅਥਲੀਟ ਜ਼ਰੂਰ ਭੇਜੇ ਗਏ ਪਰ ਇਸ ਸਿਰਫ 16 ਵਰਗਾਂ ਦੇ 69 ਮੈਡਲ ਈਵੈਂਟਾਂ ਲਈ ਖੇਡ ਰਹੇ ਹਨ।

ਵੈਸੇ ਇਹ ਸ਼ੁਭ ਸੰਕੇਤ ਹੈ ਕਿ ਭਾਰਤ ਵੱਲੋਂ ਪੈਰਿਸ ਓਲੰਪਿਕਸ ਲਈ ਭੇਜੇ ਭਾਰਤੀ ਖੇਡ ਦਲ ਵਿਚ 40 ਫ਼ੀਸਦੀ ਔਰਤਾਂ ਹਨ। ਪਾਰਲੀਮੈਂਟ ਸਮੇਤ ਭਾਰਤ ਦੀ ਹੋਰ ਕੋਈ ਅਜਿਹੀ ਸੰਸਥਾ ਨਹੀਂ ਹੈ ਜਿੱਥੇ ਇਸ ਅਨੁਪਾਤ ਨਾਲ ਔਰਤਾਂ ਦੀ ਸ਼ਮੂਲੀਅਤ ਹੋਵੇ। ਔਰਤ ਖਿਡਾਰੀਆਂ ਦੀ ਗਿਣਤੀ ਇਸ ਤੋਂ ਵੀ ਜ਼ਿਆਦਾ ਹੋ ਸਕਦੀ ਹੈ ਜੇ ਸਾਡੀ ਸਰਕਾਰ ਔਰਤ ਖਿਡਾਰੀਆਂ ਦੇ ਸਮਾਜਿਕ, ਆਰਥਿਕ ਹਿੱਤਾਂ ਲਈ ਬਚਨਵੱਧ ਹੋਵੇ। ਪਿਛਲੀਆਂ ਓਲੰਪਿਕ ਖੇਡਾਂ ਜਿੱਤਣ ਵਾਲੀਆਂ ਮਹਿਲਾ ਭਲਵਾਨਾਂ ਵੱਲੋਂ ਜਦ ਭਾਜਪਾ ਆਗੂ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ ਗੰਭੀਰ ਕਿਸਮ ਦੇ ਦੋਸ਼ ਲਗਾਏ ਗਏ ਸਨ ਤਾਂ ਸਰਕਾਰ ਵੱਲੋਂ ਮਹਿਲਾ ਪਹਿਲਵਾਨਾਂ ਦਾ ਸਾਥ ਦੇਣ ਦੀ ਬਜਾਇ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ। ਇਸੇ ਤਰ੍ਹਾਂ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਖਿਲਾਫ ਜਦ ਮਹਿਲਾ ਕੋਚ ਨੇ ਛੇੜਛਾੜ ਦੇ ਇਲਜ਼ਾਮ ਲਗਾਏ ਸਨ ਤਾਂ ਉਸ ਸਮੇਂ ਵੀ 'ਸੱਤਾ' ਧਿਰ ਵੱਲੋਂ ਉਸ ਮਹਿਲਾ ਕੋਚ/ਖਿਡਾਰੀ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਹਾਲਾਂਕਿ ਰੌਲਾ ਪੈਣ ਤੋਂ ਬਾਅਦ ਮੰਤਰੀ ਤੋਂ ਸਰਕਾਰ ਨੂੰ ਦੂਰੀ ਬਣਾਉਣੀ ਪਈ ਸੀ। ਉਂਝ ਇਹ ਵਰਤਾਰਾ ਕੌਮਾਂਤਰੀ ਪੱਧਰ ਉੱਪਰ ਵੀ ਦੇਖਣ ਨੂੰ ਮਿਲ ਰਿਹਾ ਹੈ ਕਿ ਪੈਰਿਸ ਓਲੰਪਿਕ ਵਿਚ ਨੀਦਰਲੈਂਡ ਦੀ ਵਾਲੀਬਾਲ ਟੀਮ ਵੱਲੋਂ ਖੇਡਿਆ ਡੱਚ ਖਿਡਾਰੀ ਸਟੀਵਨ ਵੈਨ ਡੀ ਵੇਲਡੇ 12 ਸਾਲਾ ਨਾਬਾਲਗ ਕੁੜੀ ਨਾਲ ਬਲਾਤਕਾਰ ਦਾ ਇਲਜ਼ਾਮ ਹੈ। ਇਹ ਮੰਗ ਦੁਨੀਆ ਭਰ ਵਿਚ ਉੱਠਣੀ ਚਾਹੀਦੀ ਹੈ ਕਿ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਵਾਲੇ ਕਿਸੇ ਖਿਡਾਰੀ ਉੱਪਰ ਗੰਭੀਰ ਕਿਸਮ ਦੇ ਦੋਸ਼ ਨਹੀਂ ਹੋਣੇ ਚਾਹੀਦੇ। ਉਂਝ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸੰਸਾਰ ਪੱਧਰ 'ਤੇ ਹੁੰਦੀਆਂ ਹਰ ਤਰ੍ਹਾਂ ਦੀਆਂ ਖੇਡਾਂ ਉੱਪਰ ਵੱਡੀਆਂ ਸਾਮਰਾਜੀ ਤਾਕਤਾਂ ਦਾ ਗਲਬਾ ਹੈ ਜਿਨ੍ਹਾਂ ਵੱਲੋਂ ਸਾਰੇ ਮੁਲਕਾਂ ਨਾਲ ਇਕਸਾਰ ਪੈਮਾਨਾ ਨਹੀਂ ਅਪਣਾਇਆ ਜਾਂਦਾ ਹੈ।

ਓਲੰਪਿਕ ਵਿਚ ਖੇਡ ਰਹੀ ਭਾਰਤੀ ਹਾਕੀ ਟੀਮ ਵਿਚ ਜ਼ਿਆਦਾਤਰ ਖਿਡਾਰੀ ਪੰਜਾਬ ਨਾਲ ਸਬੰਧਿਤ ਹਨ ਜਿਸ ਕਾਰਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਭਾਰਤੀ ਟੀਮ ਦੇ ਸੈਮੀਫਾਈਨਲ ਮੈਚ ਦੌਰਾਨ ਟੀਮ ਦੀ ਹੌਸਲਾ ਅਫਜ਼ਾਈ ਲਈ ਫਰਾਂਸ ਜਾਣਾ ਚਾਹੁੰਦੇ ਸਨ ਪਰ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ। ਕੇਂਦਰ ਸਰਕਾਰ ਵੱਲੋਂ ਇਜਾਜ਼ਤ ਨਾ ਦੇਣਾ ਸਵਾਲ ਖੜ੍ਹੇ ਕਰਦਾ ਹੈ।

ਹਕੀਕਤ ਇਹ ਹੈ ਕਿ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੇ ਕੋਈ ਅਜਿਹੀ ਖੇਡ ਨੀਤੀ ਨਹੀਂ ਬਣਾਈ ਜਿਸ ਨਾਲ ਦੇਸ਼ ਵਿਚ ਖੇਡਾਂ ਨੂੰ ਹਕੀਕੀ ਰੂਪ ਵਿਚ ਉਤਸ਼ਾਹਿਤ ਕੀਤਾ ਜਾ ਸਕੇ। ਭਾਰਤੀ ਹਾਕਮ ਜਮਾਤਾਂ ਖੇਡਾਂ ਨੂੰ ਆਪਣੀ ਸਿਆਸੀ ਚੜ੍ਹਤ ਬਣਾਉਣ ਲਈ ਵਰਤਦੀਆਂ ਹਨ। ਦੇਸ਼ ਵਿਚ ਅਥਾਹ ਸੰਭਾਵਨਾਵਾਂ ਮੌਜੂਦ ਹਨ, ਬਸ ਲੋੜ ਹੈ ਅਜਿਹੀ ਖੇਡ ਦੀ ਨੀਤੀ ਅਤੇ ਸਰਕਾਰਾਂ ਦੀ ਸਾਫ ਨੀਅਤ ਦੀ ਜਿਸ ਨਾਲ ਦੇਸ਼ ਦੇ ਨੌਜਵਾਨ ਆਲਮੀ ਪੱਧਰ ਉੱਪਰ ਚੰਗੀਆਂ ਪ੍ਰਾਪਤੀਆਂ ਕਰ ਸਕਣ।



ਪੈਰਿਸ ਓਲੰਪਿਕ ਵਿਚ ਭਾਰਤੀ ਦਲ ਦੀ ਸ਼ਮੂਲੀਅਤ।











ਦੋ ਤਗਮੇ ਜਿੱਤਣ ਵਾਲੀ ਮਨੂ ਭਾਕਰ, ਸਰਬਜੋਤ ਸਿੰਘ ਤੇ ਮਨੂ ਭਾਕਰ, ਸਵਪਨਿਲ ਕੁਸਲੇ ਅਤੇ (ਐਨ ਸੱਜੇ) ਭਾਰਤ ਦੀ ਹਾਕੀ ਟੀਮ।

# ਮੇਰੀ ਪਕਿਸਤਾਨ ਫੇਰੀ



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ।

ਕਾਫ਼ੀ ਸਮੇਂ ਤੋਂ ਲਹਿੰਦਾ ਪੰਜਾਬ ਤੇ ਪਾਕਿਸਤਾਨ 'ਚ ਰਹਿ ਗਏ ਗੁਰੂ ਘਰਾਂ ਦੇ ਦਰਸ਼ਨ ਕਰਨ ਦੀ ਰੀਝ ਮਨ ਵਿਚ ਸੀ। ਪਾਸਪੋਰਟ ਬਣਵਾਇਆ। ਨਵੰਬਰ 2001 ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਪਾਕਿਸਤਾਨ ਜਾਣ ਦਾ ਮੌਕਾ ਬਣ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਪੁਰਬ 'ਤੇ ਪਾਕਿਸਤਾਨ ਜਾਣ ਵਾਲਿਆਂ ਤੋਂ ਪਾਸਪੋਰਟ ਮੰਗ ਲਏ। ਅਸੀਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਪਾਸਪੋਰਟ ਜਮ੍ਹਾਂ ਕਰਾਉਣ ਲਈ ਗਏ। ਉਥੇ ਡਾ. ਬਿਕ੍ਰਮਜੀਤ ਸਿੰਘ ਨੂਰ ਨਾਲ ਮੇਲ ਹੋਇਆ ਜੋ ਪਾਕਿਸਤਾਨ ਜਾਣ ਲਈ ਸਾਥੀ ਬਣ ਗਿਆ। ਰੇਲ ਰਾਹੀਂ ਅੰਮ੍ਰਿਤਸਰ ਪੁੱਜ ਕੇ ਅਟਾਰੀ ਜਾਣ ਲਈ ਬੱਸ ਵਿਚ ਸਵਾਰ ਹੋ ਕੇ ਅਟਾਰੀ ਰੇਲਵੇ ਸਟੇਸ਼ਨ ਪੁੱਜ ਗਏ। ਸਟੇਸ਼ਨ ਦੇ ਨੇੜਿਓਂ ਭਾਰਤੀ ਕਰੰਸੀ ਪਾਕਿਸਤਾਨੀ ਕਰੰਸੀ ਨਾਲ ਬਦਲ ਲਈ।

ਆਪਣਾ ਸਾਮਾਨ ਸੰਭਾਲ ਕੇ ਰੇਲ ਵਿਚ ਬੈਠ ਗਿਆ। ਡੱਬੇ ਵਿਚ ਮੈਂ ਆਪਣਾ ਸੂਟਕੇਸ ਅਤੇ ਬਿਸਤਰਬੰਦ ਸੰਭਾਲ ਕੇ ਉਪਰਲੀ ਬਰਥ 'ਤੇ ਟਿਕਾ ਦਿੱਤੇ। ਡੱਬੇ ਵਿਚ ਕਈ ਪਟਿਆਲਵੀ ਯਾਤਰੀ ਸਨ। ਉਨ੍ਹਾਂ ਵਿਚ ਭੁਪਿੰਦਰ ਨਾਂ ਦਾ ਯਾਤਰੀ ਸੀ ਜਿਸ ਨੂੰ ਉਹ ਭਿੰਦਾ ਕਹਿੰਦੇ ਸਨ, ਸਾਥੀ ਬਣ ਗਿਆ। ਅਟਾਰੀ ਤੋਂ ਅੱਗੇ ਜਾ ਕੇ ਰੇਲ ਪਾਕਿਸਤਾਨ ਦੀ ਹੱਦ ਵਿਚ

ਨਿਰੰਜਨ ਸਿੰਘ ਸੈਲਾਨੀ
ਫੋਨ: +91-9876228703

ਦਾਖ਼ਲ ਹੋ ਗਈ। ਅਸੀਂ ਆਸੇ ਪਾਸੇ ਨਿਹਾਰ ਰਹੇ ਸਾਂ। ਅਸੀਂ ਦੇਖਿਆ ਸਭ ਕੁਝ ਸਾਡੇ ਪੰਜਾਬ ਵਰਗਾ ਹੀ ਸੀ। ਉਹੀ ਲੋਕ, ਉਹੀ ਗੁਹਾਰੇ ਤੇ ਉਹੀ ਪਿੰਡ ਸਨ। ਛੇਤੀ ਹੀ ਲਾਹੌਰ ਸਟੇਸ਼ਨ ਆ ਗਿਆ। ਲਾਹੌਰ ਦੇਖ ਕੇ ਉਤਸੁਕਤਾ ਵਧ ਗਈ। ਲੋਕ ਆਲੇ-ਦੁਆਲੇ ਡੱਬਿਆਂ ਤੋਂ ਬਾਹਰ ਦੇਖਣ ਲੱਗੇ। ਸੁਣਿਆ ਸੀ- 'ਜਿਸ ਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਨਹੀਂ'... ਬਦਾਮੀ ਬਾਗ ਰੇਲਵੇ ਸਟੇਸ਼ਨ ਆ ਗਿਆ। ਲਾਹੌਰ ਬਹੁਤ ਪ੍ਰਾਚੀਨ ਸ਼ਹਿਰ ਹੈ ਜੋ ਰਾਵੀ ਦਰਿਆ ਦੇ ਕਿਨਾਰੇ 'ਤੇ ਵਸਿਆ ਹੋਇਆ ਹੈ। ਰਾਵੀ ਬਾਰੇ ਲੋਕ ਗੀਤ ਹੈ:

ਵਗਦੀ ਏ ਰਾਵੀ ਵਿਚ ਸੁਰਮਾ ਕਿਸ ਨੇ ਡੋਲ੍ਹਿਆ,
ਰੱਖੇ ਮੂੰਹ ਫੁਲਾਈ, ਕਦੇ ਹੱਸ ਕੇ ਨਾ ਬੋਲਿਆ।

ਪਹਿਲਾਂ ਬਸਤੀਆਂ ਨਦੀਆਂ, ਦਰਿਆਵਾਂ ਦੇ ਕਿਨਾਰਿਆਂ 'ਤੇ ਵਸਾਈਆਂ ਜਾਂਦੀਆਂ ਸਨ ਤਾਂ ਕਿ ਪਾਣੀ ਦੀ ਘਾਟ ਨਾ ਰਹੇ। ਸ਼ਹਿਰ ਦੀ ਆਬਾਦੀ ਹੁਣ ਇੱਕ ਕਰੋੜ ਤੋਂ ਉਪਰ ਹੈ। ਭਾਰਤ ਵਾਲੇ ਪਾਸੇ ਸਭ ਤੋਂ ਨੇੜੇ ਸ਼ਹਿਰ ਅੰਮ੍ਰਿਤਸਰ ਹੈ ਜੋ 31 ਕਿਲੋਮੀਟਰ 'ਤੇ ਹੈ। ਪਹਿਲੇ ਜ਼ਮਾਨੇ ਵਿਚ ਦੋਵਾਂ ਸ਼ਹਿਰਾਂ ਵਿਚਕਾਰ ਤਾਂਗੇ ਚਲਦੇ ਸਨ। ਰੇਲ ਚਲਦੀ ਨੂੰ ਰਾਤ ਹੋ ਗਈ। ਅਖ਼ੀਰ ਅਸੀਂ ਨਨਕਾਣਾ ਸਾਹਿਬ ਪੁੱਜ ਗਏ। ਰੇਲ ਵਿਚ ਕਈ ਪਾਕਿਸਤਾਨ ਜਾਸੂਸ ਵੀ ਸਫ਼ਰ ਕਰ ਰਹੇ ਸਨ ਜੋ ਯਾਤਰੀਆਂ 'ਤੇ ਨਿਗਾਹ ਰੱਖਦੇ ਸਨ ਕਿ ਕੋਈ ਯਾਤਰੀ ਗਲਤ ਗਤੀਵਿਧੀਆਂ ਵਿਚ ਸ਼ਾਮਲ ਤਾਂ ਨਹੀਂ। ਮੈਂ ਆਪਣੀ ਲਿਖੀ ਕਵਿਤਾਵਾਂ ਦੀ ਕਿਤਾਬ 'ਧੁਖਦੇ ਅਹਿਸਾਸ' ਦੀਆਂ 5-6 ਕਾਪੀਆਂ ਨਾਲ ਲਿਆਇਆ ਸਾਂ ਤਾਂ ਜੋ ਲਹਿੰਦੇ ਪੰਜਾਬ ਦੇ ਅਦੀਬਾਂ ਨੂੰ ਦਿੱਤੀਆਂ ਜਾ ਸਕਣ। ਨਨਕਾਣਾ ਸਾਹਿਬ ਦੇ ਰੇਲਵੇ ਸਟੇਸ਼ਨ 'ਤੇ ਗੁਰਦੁਆਰਾ ਸਾਹਿਬ ਵੱਲੋਂ ਬੱਸਾਂ ਆਈਆਂ ਹੋਈਆਂ ਸਨ। ਉਥੇ ਸਾਨੂੰ 4-5 ਜਣਿਆਂ ਨੂੰ ਇਕ ਕਮਰਾ ਦੇ ਦਿੱਤਾ ਗਿਆ। ਕਮਰੇ ਵਿਚ ਸਾਮਾਨ ਟਿਕਾ ਕੇ ਅਸੀਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਚਲੇ ਗਏ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ, ਆਲੇ-ਦੁਆਲੇ ਦਰਸ਼ਨ ਕਰ ਕੇ ਲੰਗਰ ਹਾਲ ਵਿਚੋਂ ਲੰਗਰ ਛਕ ਕੇ ਕਮਰੇ ਵਿਚ ਆ ਕੇ ਘੂਕ ਸੌਂ ਗਏ। ਬੜੀ ਗੂੜ੍ਹੀ ਨੀਂਦ ਆਈ। ਸਫ਼ਰ ਦੇ ਥੱਕਿਆਂ ਨੂੰ ਪਤਾ ਹੀ ਨਾ ਲੱਗਾ। ਸਵੇਰੇ ਉਠੇ ਅਸੀਂ ਤਾਜ਼ਾ ਦਮ ਸਾਂ। ਇਸ਼ਨਾਨ ਕਰਨ ਲਈ ਗਏ। ਉਥੇ ਸਿੰਧ ਤੋਂ ਸਹਿਜਧਾਰੀ ਸੰਗਤ ਆਈ ਹੋਈ ਸੀ। ਉਨ੍ਹਾਂ ਨੇ ਯਾਤਰੀਆਂ ਨੂੰ ਹਰ ਤਰ੍ਹਾਂ ਦਾ ਸਾਮਾਨ ਮੁਫ਼ਤ ਦਿੱਤਾ ਜਿਵੇਂ ਬੁਰਸ਼, ਤੌਲੀਏ, ਟੁੱਥਪੇਸਟ ਆਦਿ। ਉਹ ਸਿੰਧ ਪ੍ਰਾਂਤ ਤੋਂ ਸਭ ਸਾਲ ਯਾਤਰੂਆਂ ਦੀ ਸੇਵਾ ਲਈ ਆਉਂਦੇ ਹਨ। ਉਨ੍ਹਾਂ ਵਿਚ ਸੇਵਾ ਭਾਵ ਤੇ ਨਿਰਮਾਣਤਾ ਬਹੁਤ ਸੀ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਕੁਝ ਦੇਰ ਗੁਰਬਾਣੀ ਸਰਵਣ ਕੀਤੀ।

ਕਮਰੇ ਵਿਚ ਆ ਕੇ ਅਸੀਂ ਨਨਕਾਣਾ ਸਾਹਿਬ ਸ਼ਹਿਰ ਦੇਖਣ ਲਈ ਚੱਲ ਪਏ। ਉਹ ਸਾਰੇ ਥਾਂ ਘੁੰਮ ਫਿਰ ਕੇ ਦੇਖੇ ਜਿੱਥੇ-ਜਿੱਥੇ ਗੁਰੂ ਸਾਹਿਬ ਵਿਚਰਦੇ ਰਹੇ ਜਿਵੇਂ ਜਿੱਥੇ ਗੁਰੂ ਸਾਹਿਬ ਦੇ ਸਿਰ 'ਤੇ ਸੱਪ ਨੇ ਛਾਂ ਕੀਤੀ, ਮੱਝਾਂ ਚਾਰੀਆਂ, ਪਾਂਧੇ ਕੋਲੋਂ ਪੜ੍ਹਨ ਗਏ। ਪੰਡਤ ਨੂੰ ਸਿੱਖਿਆ ਦਿੱਤੀ ਤੇ ਸ਼ਬਦ ਉਚਾਰੇ। ਕਈ ਥਾਵਾਂ 'ਤੇ ਗੁਰੂ ਸਾਹਿਬ ਸੰਬੰਧੀ ਯਾਦਗਾਰ ਵਜੋਂ ਗੁਰਦੁਆਰੇ ਬਣਾਏ ਗਏ ਹਨ। ਮੁਹੱਲਿਆਂ 'ਚ ਦੇਖਿਆ ਕਿ ਗੈਸ ਪਾਇਪ ਲਾਈਨ ਰਾਹੀਂ ਸਪਲਾਈ ਕੀਤੀ ਜਾਂਦੀ ਹੈ, ਸਾਡੇ ਵਾਂਗ ਸਿਲੰਡਰ ਸਿਸਟਮ ਨਹੀਂ ਹੈ। ਡਾ. ਨੂਰ ਦੀ ਬਨੈਣ ਕੁਝ ਫਟੀ ਹੋਈ ਸੀ। ਨੂਰ ਨੇ ਨਵੀਂ ਬਨੈਣ ਖਰੀਦੀ। ਉਹ ਛੋਟੀ ਵਿਚ ਸਾਮਾਨ ਘੱਟ ਹੀ ਲਿਆਇਆ ਸੀ। ਸ਼ਹਿਰ ਵਿਚ ਸਿੱਖਾਂ ਦੀ ਕਾਫ਼ੀ ਆਬਾਦੀ ਹੈ। ਹੋਰ ਕੌਮਾਂ ਵੀ ਰਹਿੰਦੀਆਂ ਹਨ। ਅਸੀਂ ਰਾਇ ਭੋਇ ਦੇ ਨਵਾਬ ਦਾ ਮਹਿਲ ਵੀ ਦੇਖਿਆ। ਉਸ ਨੇ ਗੁਰੂ ਨਾਨਕ ਜੀ ਦੀ ਪ੍ਰਤਿਭਾ ਨੂੰ ਕਾਫ਼ੀ ਪਹਿਲਾਂ ਹੀ ਪਛਾਣ ਲਿਆ ਸੀ। ਉਹ ਮਹਿਤਾ ਕਾਲੂ ਨੂੰ ਸਮਝਾਉਂਦੇ ਰਹਿੰਦੇ ਕਿ ਨਾਨਕ ਨੂੰ ਤਾੜਿਆ ਨਾ ਕਰ। ਬੀਬੀ ਨਾਨਕੀ ਨੂੰ ਵੀ ਇਸ ਬਾਰੇ ਪਹਿਲਾਂ ਹੀ ਗਿਆਨ ਹੋ ਗਿਆ ਸੀ।

ਸ਼ਹਿਰ ਦੇਖ ਕੇ ਅਸੀਂ ਮੁੜ ਕਮਰੇ ਵਿਚ ਆ ਗਏ। ਡਾ. ਨੂਰ ਨੇ ਪੈਕਟ ਵਿਚੋਂ ਬਨੈਣ ਕੱਢ ਕੇ ਦੇਖੀ ਉਹ ਛਿੱਦੀ-ਛਿੱਦੀ ਜਿਹੀ ਸੀ, ਉਸ ਨੇ ਕੀ ਚਲਣਾ ਸੀ। ਉਸੇ ਦੁਕਾਨ 'ਤੇ ਮੋੜਨੀ ਪਈ। ਲੰਗਰ-ਪਾਣੀ ਦਾ ਵਕਤ ਹੋ ਗਿਆ ਸੀ। ਅਸੀਂ ਲੰਗਰ ਹਾਲ ਵਿਚ ਪੁੱਜ ਗਏ। ਉਥੇ ਦੁਨੀਆ ਭਰ ਦੇ 36 ਪ੍ਰਕਾਰ ਦੇ ਪਕਵਾਨ ਬਣਾ ਕੇ ਰਖੇ ਪਏ ਸਨ। ਸੰਗਤਾਂ ਦੇ ਨਾਲ ਸਿੰਧੀ ਵੀ ਬਹੁਤ ਗਿਣਤੀ ਵਿਚ ਮੌਜੂਦ ਸਨ। ਬਦਾਮਾਂ ਵਾਲੇ ਦੁੱਧ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਦਾਲਾਂ, ਸਬਜ਼ੀਆਂ, ਚੌਲ, ਮਿਠਾਈਆਂ ਸਜਾਈਆਂ ਪਈਆਂ ਸਨ ਜੋ ਜਿਸ ਨੂੰ ਪਸੰਦ ਹੈ, ਖਾਓ। ਲੋੜ ਤੋਂ ਵੀ ਵੱਧ ਸਵਾਦੀ ਖਾਣਾ ਖਾ ਕੇ ਅਸੀਂ ਕਮਰੇ ਵਿਚ ਆ ਕੇ ਸੌਂ ਗਏ। ਅਖੰਡ ਪਾਠ ਦਾ ਭੋਗ ਪਿਆ। ਅਸੀਂ ਬਾਣੀ ਸੁਣੀ, ਕੀਰਤਨ ਸੁਣਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਸੁਣਿਆ ਤੇ ਦੇਗ ਛਕੀ।

ਦੁਪਹਿਰ ਪਿਛੋਂ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਵਿਚ ਬਹੁਤ ਖ਼ਲਕਤ ਸੀ। ਵਿਦੇਸ਼ਾਂ ਤੋਂ ਵੀ ਸੰਗਤ ਜਨਮ ਦਿਨ ਮਨਾਉਣ ਲਈ ਆਈ ਹੋਈ ਸੀ। ਗੁਰਦੁਆਰਾ ਸਾਹਿਬ ਦੇ ਬਾਹਰ ਲਹਿੰਦੇ ਪੰਜਾਬ ਦੇ ਲੋਕ ਪੁੱਛ ਰਹੇ ਸਨ ਕਿ ਜੇ ਕੋਈ ਸਾਡੇ ਪਿੰਡ ਦਾ ਆਇਆ ਹੋਵੇ। ਉਹ ਪੂਰਬੀ ਪੰਜਾਬ ਤੋਂ ਆਪਣਾ ਪਿੰਡ, ਘਰ ਘਾਟ ਛੱਡ ਕੇ ਲਹਿੰਦੇ ਪੰਜਾਬ ਆਏ ਸਨ। ਉਨ੍ਹਾਂ ਦੀ ਤਾਂਘ ਸੀ ਕਿ ਉਨ੍ਹਾਂ ਦੇ ਪਿੰਡ ਦਾ ਕੋਈ ਜੇ ਮਿਲ ਜਾਏ ਤਾਂ ਆਪਣੇ ਪਿੰਡ ਦੇ ਦੋਸਤਾਂ ਤੇ ਪਿੱਛੇ ਰਹਿ ਗਏ ਪਰਿਵਾਰ ਦੇ ਮੈਂਬਰਾਂ ਦੀ ਖ਼ਬਰ ਸਾਰ ਲੈ ਸਕਣ। ਕਈਆਂ ਦੀ ਮੁਰਾਦ ਪੂਰੀ ਹੋ ਜਾਂਦੀ ਤੇ ਉਸ ਨੂੰ ਉਸ ਦਾ ਕੋਈ ਸੰਗੀ ਮਿਲ ਜਾਂਦਾ ਤਾਂ ਉਸ ਨੂੰ ਅੰਤਾਂ ਦਾ ਸਕੂਨ ਮਿਲਦਾ। ਵਿਛੜੀਆਂ ਰੂਹਾਂ ਦਾ ਮੇਲ ਹੋ ਜਾਂਦਾ।

ਸ਼ੋਭਾ ਯਾਤਰਾ ਵਿਚ ਕਈ ਤਰ੍ਹਾਂ ਦੇ ਲੰਗਰ ਚਲਾਏ ਜਾ ਰਹੇ ਸਨ। ਕੋਈ ਆਪਣੇ ਬਾਗ ਵਿਚੋਂ ਮਾਲਟੇ, ਸੰਤਰੇ ਲਿਆ ਕੇ ਵੰਡ ਰਿਹਾ ਸੀ। ਉਥੋਂ ਦੇ ਮਾਲਟੇ ਬਹੁਤ ਰਸੀਲੇ ਤੇ ਸੁਆਦ ਸਨ। ਸ਼ਹਿਰ ਦੇ ਬਾਸ਼ਿੰਦੇ ਆਪਣਿਆਂ ਚੁਬਾਰਿਆਂ ਅਤੇ ਛੱਤਾਂ 'ਤੇ ਖੜ੍ਹ ਕੇ ਸ਼ੋਭਾ ਯਾਤਰਾ ਦੇ ਦਰਸ਼ਨ ਕਰ ਰਹੇ ਸਨ। ਸ਼ੋਭਾ ਯਾਤਰਾ ਕਾਫ਼ੀ ਲੰਮੀ ਸੀ। ਲੋਕਾਂ ਦੇ ਚਿਹਰਿਆਂ 'ਤੇ ਸ਼ੋਭਾ ਯਾਤਰਾ ਵਿਚ ਸ਼ਾਮਲ ਹੋ ਕੇ ਅਲੱਗ ਤਰ੍ਹਾਂ ਦਾ ਨੂਰ ਤੇ ਜਮਾਲ ਝਲਕ ਰਿਹਾ ਸੀ। ਨਨਕਾਣਾ ਸਾਹਿਬ ਦੀ ਮਿੱਟੀ ਮੈਂ ਆਪਣੇ ਕੋਲ ਰੱਖ ਲਈ।



ਲਾਹੌਰ ਦੀ ਬਾਦਸ਼ਾਹੀ ਮਸਜਿਦ।

ਫਿਰ ਅਸੀਂ ਰੇਲ ਰਾਹੀਂ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਏ। ਸਫ਼ਰ ਲੰਮਾ ਸੀ। ਅਸੀਂ ਹਸਨ ਅਬਦਾਲ ਪੰਜਾ ਸਾਹਿਬ ਪੁੱਜ ਗਏ। ਉਥੇ ਵੀ ਸਾਨੂੰ 5-6 ਜਣਿਆਂ ਨੂੰ ਇਕ ਕਮਰਾ ਮਿਲ ਗਿਆ। ਆਰਾਮ ਕਰ ਕੇ ਅਸੀਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਗਏ। ਸਰੋਵਰ ਵਿਚ ਸੁਨਹਿਰੀ ਪੰਜਾ ਲੱਗਿਆ ਸਾਫ਼-ਸਾਫ਼ ਝਲਕ ਰਿਹਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਕੁਝ ਦੇਰ ਗੁਰਬਾਣੀ ਸਰਵਣ ਕੀਤੀ।

ਇਹ ਪਹਾੜੀ ਇਲਾਕਾ ਹੈ। ਪਠਾਨਾਂ ਦੀ ਕਾਫ਼ੀ ਆਬਾਦੀ ਹੈ। ਪੰਜਾ ਸਾਹਿਬ ਦੇ ਰੇਲਵੇ ਸਟੇਸ਼ਨ 'ਤੇ ਬੰਦੀ ਸਿੰਘਾਂ ਨੂੰ ਲੰਗਰ ਛਕਾਉਣ ਲਈ ਰੇਲ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਰੋਕੀ ਸੀ ਅਤੇ ਸਿੰਘਾਂ ਨੂੰ ਲੰਗਰ ਛਕਾਇਆ ਸੀ। ਅੰਗਰੇਜ਼ ਸਰਕਾਰ ਗੱਡੀ ਨੂੰ ਰੋਕਣਾ ਨਹੀਂ ਚਾਹੁੰਦੀ ਸੀ। ਸਿੰਘ ਕੈਦੀ ਕਈ ਦਿਨਾਂ ਦੇ ਭੁੱਖੇ ਸਨ। ਇਸ ਨੂੰ ਪੰਜਾ ਸਾਹਿਬ ਦਾ ਸਾਕਾ ਕਹਿੰਦੇ ਹਨ। ਇਸ ਸਾਕੇ ਬਾਰੇ ਪੰਜਾਬੀ ਦੇ ਸਿਰਕੱਢ ਸਾਹਿਤਕਾਰ ਕਰਤਾਰ ਸਿੰਘ ਦੁੱਗਲ ਨੇ ਕਮਾਲ ਦੀ ਕਹਾਣੀ 'ਕਰਾਮਾਤ' ਲਿਖੀ ਸੀ। ਅਖੰਡ ਪਾਠ ਦਾ ਭੋਗ ਪੈਣ ਉਪਰੰਤ ਅਸੀਂ ਉਹ ਸਥਾਨ ਦੇਖਣ ਚੱਲ ਪਏ ਜਿੱਥੇ ਬਾਬਾ ਨਾਨਕ ਦੇ ਕਹੇ ਤੋਂ ਮਰਦਾਨਾ ਵਲੀ ਕੰਧਾਰੀ ਤੋਂ ਪਾਣੀ ਮੰਗਣ ਗਿਆ ਸੀ। ਇਹ ਕਾਫ਼ੀ ਉਚਾਈ 'ਤੇ ਹੈ। ਅਸੀਂ ਹੌਲੀ-ਹੌਲੀ ਚੜ੍ਹਾਈ ਚੜ੍ਹਦੇ ਗਏ। ਇਹ ਮਿੱਟੀ ਤੇ ਪੱਥਰਾਂ ਦਾ ਪਹਾੜ ਹੈ। ਉਚਾਈ 'ਤੇ ਹੋਣ ਕਾਰਨ ਕਾਫ਼ੀ ਜ਼ੋਰ ਲੱਗ ਰਿਹਾ ਸੀ।

ਅੰਤ ਅਸੀਂ ਉਸ ਸਥਾਨ 'ਤੇ ਪੁੱਜ ਗਏ ਜਿੱਥੇ ਕਦੀ ਵਲੀ ਕੰਧਾਰੀ ਰਹਿੰਦਾ ਸੀ। ਉਹ ਬਹੁਤ ਹੰਕਾਰੀ ਸੀ। ਨੇੜੇ ਹੀ ਪਾਣੀ ਦਾ ਸ੍ਰੋਤ ਸੀ। ਉਹ ਕਿਸੇ ਨੂੰ ਵੀ ਪਾਣੀ ਨਹੀਂ ਸੀ ਦਿੰਦਾ। ਮਰਦਾਨੇ ਨੇ ਜਾ ਕੇ ਕੰਧਾਰੀ ਤੋਂ ਪਾਣੀ ਮੰਗਿਆ ਪਰ ਉਸ ਨੇ ਜਵਾਬ ਦੇ ਦਿੱਤਾ। ਪਿਆਸਾ ਮਰਦਾਨਾ ਬਾਬੇ ਨਾਨਕ ਕੋਲ ਪੁੱਜਿਆ। ਇਹ ਕਾਫ਼ੀ ਵਾਟ ਸੀ। ਬਾਬਾ ਜੀ ਉਸ ਥਾਂ 'ਤੇ ਬੈਠੇ ਸਨ ਜਿੱਥੇ ਹੁਣ ਪੰਜਾ ਸਾਹਿਬ ਗੁਰਦੁਆਰਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ। ਬਾਬਾ ਜੀ ਨੇ ਨੇੜੇ ਪਏ ਪੱਥਰ ਨੂੰ ਚੁੱਕਣ ਲਈ ਕਿਹਾ। ਦੇਖਦੇ ਹੀ ਦੇਖਦੇ ਉਥੇ ਪਾਣੀ ਦਾ ਝਰਨਾ ਨਮੂਦਾਰ ਹੋ ਗਿਆ। ਕੰਧਾਰੀ ਦਾ ਪਾਣੀ ਸ੍ਰੋਤ ਖਾਲੀ ਹੋ ਗਿਆ। ਹੰਕਾਰੀ ਕੰਧਾਰੀ ਨੂੰ ਬਹੁਤ ਗੁੱਸਾ ਆਇਆ। ਉਸ ਨੇ ਪਹਾੜੀ ਤੋਂ ਇਕ ਵੱਡਾ ਸਾਰਾ ਪੱਥਰ ਬਾਬਾ ਜੀ ਵੱਲ ਰੋੜ੍ਹ ਦਿੱਤਾ। ਪੱਥਰ ਨੂੰ ਬਾਬਾ ਜੀ ਨੇ ਹੱਥ ਨਾਲ ਰੋਕ ਲਿਆ, ਉਸੇ ਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਇਸ਼ਨਾਨ ਕਰਨ ਲਈ ਸਰੋਵਰ ਬਣਿਆ ਹੋਇਆ ਹੈ। ਪੰਜਾ ਸਾਹਿਬ ਜਿਸ ਦੇ ਦਰਸ਼ਨ ਕਰਨ ਲਈ ਸੰਗਤਾਂ ਦੂਰੋਂ ਨੇੜਿਓਂ ਆਉਂਦੀਆਂ ਰਹਿੰਦੀਆਂ ਹਨ।

ਉਥੋਂ ਰਾਵਲਪਿੰਡੀ 40 ਮੀਲ ਹੈ। ਅਸੀਂ ਬੱਸ ਰਾਹੀਂ ਉਥੇ ਪੁੱਜ ਗਏ। ਇਹ ਪੋਠੋਹਾਰ ਦਾ ਇਲਾਕਾ ਹੈ ਜਿਸ ਵਿਚ ਸਾਹਿਤ ਦੇ ਉਘੇ ਨਾਂ ਇੱਥੇ ਜੰਮੇ। ਜਿਵੇਂ ਕਰਤਾਰ ਸਿੰਘ ਦੁੱਗਲ, ਕਾਨਾ ਸਿੰਘ, ਸਵਿੰਦਰ ਸਿੰਘ ਉਪਲ, ਆਸ਼ਾ ਸ਼ੈਲੀ, ਵਣਜਾਰਾ ਬੇਦੀ, ਬਲਰਾਜ ਸਾਹਨੀ, ਭੀਸ਼ਮ ਸਾਹਨੀ, ਮਹਿੰਦਰ ਸਿੰਘ ਸਰਨਾ, ਪ੍ਰੋ. ਤੇਜਾ ਸਿੰਘ, ਪ੍ਰੋ. ਮੋਹਨ ਸਿੰਘ ਆਦਿ ਹਨ। ਰਾਵਲਪਿੰਡੀ ਵਿਚ ਕਦੀ ਗਾਰਡਨ ਕਾਲਜ ਵਿਚ ਕਰਤਾਰ ਸਿੰਘ ਦੁੱਗਲ ਪੜ੍ਹਦੇ ਸਨ। ਪੋਠੋਹਾਰ ਦੇ ਕੁਦਰਤੀ ਨਜ਼ਾਰੇ ਵੇਖਣ ਵਾਲੇ ਹਨ। ਇਸ ਵਿਚ ਸੁਹਾਂ ਦਰਿਆ ਵਹਿੰਦਾ ਹੈ।

ਪ੍ਰੋ. ਮੋਹਨ ਸਿੰਘ ਨੇ ਲਿਖਿਆ ਹੈ:
ਮੇਰੇ ਫੁੱਲ ਸੁਹਾਂ ਵਿਚ ਪਾਣੇ,
ਗੰਗਾ ਬਾਹਮਣੀ ਕੀ ਜਾਣੇ,
ਬੈਠ ਸੁਹਾਂ ਦੀ ਉਚੀ ਕੰਧੀਂ,
ਹੋਸ਼ ਨਾ ਰਹਿੰਦੀ ਦੁਨੀਆਂ ਸੰਦੀ।

ਪ੍ਰੋ. ਮੋਹਨ ਸਿੰਘ ਨੇ ਪੋਠੋਹਾਰ ਦੀ ਨਦੀ ਸੁਹਾਂ ਵਿਚੋਂ ਲੰਘਦੀ ਕੁੜੀ ਬਾਰੇ ਕਵਿਤਾ ਲਿਖੀ ਹੈ:
ਸਿਰ ਤੇ ਚੁੱਕੀ ਪੰਡ ਘਾਹ ਦੀ,
ਵਿਚ ਵਿਚ ਫੁੱਲ ਸਰੋਂ ਦੇ
ਬਿਗੜੀਆਂ ਵਾਲੀ ਸੁੱਬਣ ਕੁੰਜ ਕੇ
ਫੜ ਕੇ ਮੇਰੀ ਬਾਂਹ ਠਿੱਲ੍ਹ ਪਈ ਵਿਚ ਸੁਹਾਂ,
ਗਿੱਟਿਆਂ ਤਾਣੀ ਗੋਡਿਆਂ ਤਾਣੀ
ਪੱਟਾਂ ਤਾਣੀ ਚੜ੍ਹ ਗਿਆ ਪਾਣੀ,
ਗੋਡਿਆਂ ਤਾਣੀ ਗਿੱਟਿਆਂ ਤਾਣੀ ਲਹਿ ਗਿਆ ਪਾਣੀ,
ਵੀਰਾ ਜੀਨਾ ਰਹੇਂ ਕਹਿ ਕੇ ਛੱਡ ਕੇ
ਮੇਰੀ ਬਾਂਹ ਕੁੜੀ ਪੋਠੋਹਾਰ ਦੀ,
ਪਰ ਹਾਲੇ ਤੱਕ ਨਾ ਭੁੱਲੇ,
ਮੈਨੂੰ ਉਸ ਦੀ ਇਕ ਛੋਹ ਪਿਆਰ ਦੀ

ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਅਸੀਂ ਬਾਬਾ ਨਾਨਕ ਨਾਲ ਸੰਬੰਧਿਤ ਹੋਰ ਸਥਾਨਾਂ ਦੇ ਦਰਸ਼ਨ ਕਰਨ ਲਈ ਚੱਲ ਪਏ। ਅਸੀਂ ਚੂਹੜਕਾਣੇ ਪੁੱਜ ਗਏ ਜਿੱਥੇ ਗੁਰੂ ਜੀ ਨੇ ਭੁੱਖੇ ਸਾਧੂਆਂ ਨੂੰ 20 ਰੁਪਏ ਦਾ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ ਸੀ। ਗੁਰਦੁਆਰੇ ਵਿਚ ਅਸੀਂ ਮੱਥਾ ਟੇਕਿਆ। ਇੱਥੇ ਸੰਗਤ ਨੂੰ ਮਿਠਾਈ ਵੰਡੀ ਗਈ ਜੋ ਬਹੁਤ ਸਵਾਦੀ ਸੀ। ਬਾਹਰ ਅਮਰੂਦਾਂ ਦਾ ਬਾਗ ਸੀ। ਭਿੰਦਾ ਕੁਝ ਪੱਕੇ-ਪੱਕੇ ਅਮਰੂਦ ਤੋੜ ਲਿਆਇਆ। ਅਸੀਂ ਸਭ ਨੇ ਖਾਧੇ। ਡਾ. ਨੂਰ ਸਮਾਣੇ ਤੋਂ ਕਿਸੇ ਦੀ ਚਿੱਠੀ ਲਿਆਇਆ ਸੀ। ਉਹ ਮੈਨੂੰ ਨਾਲ ਲੈ ਕੇ 'ਕਾਮੋਕੀ ਮੰਡੀ' ਚਲਾ ਗਿਆ। ਇਹ ਖੰਨਾ ਵਾਂਗ ਪ੍ਰਸਿਧ ਮੰਡੀ ਹੈ। ਜਿਸ ਕੋਲ ਜਾਣਾ ਸੀ, ਉਸ ਦੇ ਘਰ ਅਸੀਂ ਪੁੱਜ ਗਏ। ਉਸ ਨੂੰ ਚਿੱਠੀ ਦਿੱਤੀ। ਉਹ ਬਹੁਤ ਖੁਸ਼ ਹੋਇਆ। ਸਾਡੀ ਉਥੋਂ ਦੀ ਮਸ਼ਹੂਰ ਮਿਠਾਈ ਖਿਲਾ ਕੇ ਖ਼ੂਬ ਸੇਵਾ ਕੀਤੀ ਗਈ। ਨੇੜੇ ਹੀ ਡਾ. ਨੂਰ ਦਾ ਜੱਦੀ ਪਿੰਡ ਹੈ। ਉਨ੍ਹਾਂ ਦੇ ਘਰ ਡਾਟ ਵਿਚ ਕੁਝ ਚਾਂਦੀ ਦੇ ਰੁਪਏ ਲੁਕਾਏ ਹੋਏ ਸਨ। ਅਸੀਂ ਮੋਟਰ ਸਾਈਕਲ ਸਵਾਰ ਨੂੰ ਉਸ ਪਿੰਡ ਲੈ ਕੇ ਜਾਣ ਲਈ ਕਿਹਾ। ਉਹ ਜਾਣ ਲਈ ਤਿਆਰ ਹੋ ਗਿਆ ਪਰ ਉਸ ਨੇ ਦੱਸਿਆ ਕਿ ਤਿੰਨ ਸਵਾਰੀਆਂ ਦੀ ਇਜਾਜ਼ਤ ਨਹੀਂ। ਅਸੀਂ ਗਏ ਹੀ ਨਹੀਂ। ਪਾਕਿਸਤਾਨ ਸਾਨੂੰ ਓਪਰਾ ਨਹੀਂ ਲੱਗਿਆ। ਲੋਕ ਸਿੱਖਾਂ ਨੂੰ ਵੇਖ ਕੇ ਖੁਸ਼ ਹੁੰਦੇ।

ਘੁੰਮਦੇ-ਘੁੰਮਾਉਂਦੇ ਅਸੀਂ ਲਾਹੌਰ ਪੁੱਜ ਗਏ। ਇਹ ਬਹੁਤ ਰੌਣਕ ਵਾਲਾ ਸ਼ਹਿਰ ਹੈ। ਕਹਿੰਦੇ ਹਨ ਕਿ ਇਹ ਲਵ ਦੇ ਨਾਂ 'ਤੇ ਵਸਾਇਆ ਗਿਆ ਹੈ। ਇੱਥੇ ਅਸੀਂ ਗੁਰਦੁਆਰਾ ਡੇਹਰਾ ਸਾਹਿਬ ਵਿਚ ਠਹਿਰੇ। ਯਾਤਰੀਆਂ ਦੇ ਠਹਿਰਨ ਲਈ ਤੰਬੂ ਵੀ ਲਾਏ ਹੋਏ ਸਨ। ਸਮਾਧ ਮਹਾਰਾਜਾ ਰਣਜੀਤ ਸਿੰਘ ਵੀ ਨੇੜੇ ਹੀ ਸੀ। ਅਸੀਂ ਰਾਤ ਨੂੰ ਉਥੇ ਸੌਂਦੇ। ਦਿਨੇ ਸ਼ਹਿਰ ਘੁੰਮਣ ਚਲੇ ਜਾਂਦੇ। ਸਾਰੀਆਂ ਥਾਵਾਂ ਘੁੰਮ ਕੇ ਦੇਖੀਆਂ। ਲਾਹੌਰ ਦਾ ਕਿਲ੍ਹਾ, ਨੂਰਜਹਾਂ ਦੀ ਕਬਰ, ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਵਿਚ ਅਜਾਇਬ ਘਰ ਬਣਿਆ ਹੋਇਆ ਸੀ ਜਿੱਥੇ ਬਹੁਤ ਨਾਯਾਬ ਤੇ ਕੀਮਤੀ ਚੀਜ਼ਾਂ ਪਈਆਂ ਹਨ। ਕੁਝ ਦੂਰੀ 'ਤੇ ਹੁਸਨ-ਏ-ਬਾਜ਼ਾਰ, ਹੀਰਾ ਮੰਡੀ ਹੈ ਜਿੱਥੇ ਤਵਾਇਫ਼ਾਂ ਰਹਿੰਦੀਆਂ ਹਨ। ਗਲੀਆਂ ਵਿਚ ਦੱਲੇ ਗਾਹਕ ਲੱਭਦੇ ਫਿਰਦੇ ਹਨ। ਕਈ ਸਾਥੀ ਤਵਾਇਫ਼ਾਂ ਕੋਲ ਚਲੇ ਗਏ ਪਰ ਮੈਂ ਨਹੀਂ ਗਿਆ। ਇਕ ਦਲਾਲ ਮੇਰੇ ਗਲ ਪੈ ਗਿਆ। ਕਹਿੰਦਾ ਤੂੰ ਜੇ ਕੁਝ ਨਹੀਂ ਕਰਨਾ ਤਾਂ ਇੱਥੇ ਆਇਆ ਕਿਉਂ ਹੈਂ? ਮੈਂ ਉਥੋਂ ਖਿਸਕਣ ਵਿਚ ਹੀ ਗਨੀਮਤ ਸਮਝੀ। ਲਾਹੌਰ ਵਿਚ ਅਸੀਂ ਇੰਜ ਘੁੰਮ ਰਹੇ ਸੀ ਜਿਵੇਂ ਆਪਣੇ ਸ਼ਹਿਰ ਵਿਚ ਘੁੰਮ ਰਹੇ ਹੋਈਏ। ਬੋਲੀ ਵੀ ਉਹ ਬੜੀ ਮਿੱਠੀ ਮਾਝੀ ਬੋਲਦੇ ਸਨ। ਕੋਈ ਖ਼ਾਸ ਫ਼ਰਕ ਨਹੀਂ ਸੀ। ਹਾਂ, ਫ਼ਰਕ ਸਿਰਫ਼ ਬਾਜ਼ਾਰ ਵਿਚ ਸਾਇਨ ਬੋਰਡ ਉਰਦੂ ਵਿਚ ਲਿਖੇ ਹੋਏ ਸਨ। ਮੈਂ ਉਹ ਵੀ ਪੜ੍ਹ ਲੈਂਦਾ ਸਾਂ ਕਿਉਂਕਿ ਮੈਂ ਉਰਦੂ ਦੀ ਦਸਵੀਂ ਪਾਸ ਸਾਂ। ਇਕ ਦਿਨ ਅਸੀਂ ਸ਼ਾਲੀਮਾਰ ਬਾਗ਼ ਦੇਖਣ ਲਈ ਚਲੇ ਗਏ ਜੋ ਬਾਦਸ਼ਾਹ ਸ਼ਾਹ ਜਹਾਨ ਨੇ ਬਣਵਾਇਆ ਸੀ। ਇਸ ਦਾ ਦਰਵਾਜ਼ਾ ਵੀ ਬਹੁਤ ਸ਼ਾਨਦਾਰ ਹੈ।

ਇਕ ਦਿਨ ਅਸੀਂ ਲਾਹੌਰ ਦਾ ਉਘਾ ਅਨਾਰਕਲੀ ਬਾਜ਼ਾਰ ਦੇਖਣ ਚਲੇ ਗਏ। ਇਕ ਦੁਕਾਨ ਤੋਂ ਅਸੀਂ ਚਾਹ ਆਦਿ ਪੀਤੀ। ਉਸ ਨੇ ਸਾਡੇ ਤੋਂ ਪੈਸੇ ਨਹੀਂ ਲਏ। ਕਹਿੰਦਾ ਤੁਸੀਂ ਤਾਂ ਸਾਡੇ ਮਹਿਮਾਨ ਹੋ। ਇਸ ਤਰ੍ਹਾਂ ਦਾ ਵਿਹਾਰ ਸਾਡੇ ਨਾਲ ਕਈ ਦੁਕਾਨਦਾਰਾਂ ਨੇ ਕੀਤਾ। ਅਸੀਂ ਆਪਣੇ 'ਤੇ ਮਾਣ ਮਹਿਸੂਸ ਕੀਤਾ ਕਿ ਇਹ ਸਾਡੇ ਪੰਜਾਬੀ ਭਰਾ ਹਨ। ਇੱਥੇ ਬਹੁਤ ਭੀੜ ਸੀ। ਲੋਕ ਵਸਤਾਂ ਖਰੀਦ ਰਹੇ ਸਨ। ਮੈਂ ਵੀ 'ਦੋ ਘੋੜੇ' ਦੀ ਬੋਸਕੀ ਕੁਝ ਗਜ਼ ਖ਼ਰੀਦ ਲਈ। ਲਾਹੌਰ ਵਿਚ ਪ੍ਰਦੂਸ਼ਣ ਬਹੁਤ ਹੈ ਜਿਵੇਂ ਸ਼ਿਮਲੇ ਹੈ। ਅੱਖਾਂ 'ਚੋਂ ਪਾਣੀ ਆ ਜਾਂਦਾ ਹੈ। ਇੱਥੇ ਟੀ-ਪੁਆਇੰਟ ਹੈ ਜਿੱਥੇ ਆ ਕੇ ਅਦੀਬ ਬੈਠਦੇ ਹਨ। ਅਸੀਂ ਵੀ ਕੁਝ ਦੇਰ ਉਥੇ ਬੈਠੇ ਤੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ।

ਸਰਕਾਰ ਵੱਲੋਂ ਲਾਹੌਰ ਦੇ ਮਸ਼ਹੂਰ ਅਲਹਮਰਾ ਹਾਲ ਵਿਚ ਸਭਿਆਚਾਰਕ ਪ੍ਰੋਗਰਾਮ ਸਾਡੇ ਦੇਖਣ ਲਈ ਕੀਤਾ ਗਿਆ। ਸਾਨੂੰ ਬੱਸਾਂ ਵਿਚ ਹਾਲ ਵਿਚ ਲਿਜਾਇਆ ਗਿਆ। ਲਾਹੌਰ ਦੀ ਮਹਿਲਾ ਡੀ.ਸੀ. ਖ਼ੁਦ ਪ੍ਰਬੰਧ ਦੇਖਣ ਲਈ ਹਾਜ਼ਰ ਸੀ। ਹਾਲ ਖਚਾਖਚ ਭਰਿਆ ਹੋਇਆ ਸੀ। ਲਾਹੌਰ ਦੀਆਂ ਹਸੀਨਾਵਾਂ ਵੀ ਮਾਡਰਨ ਪਹਿਰਾਵੇ ਵਿਚ ਹਾਜ਼ਰ ਸਨ। ਪ੍ਰੋਗਰਾਮ ਸ਼ੁਰੂ ਹੋਇਆ। ਗੀਤ ਸੰਗੀਤ, ਗਿੱਧਾ ਤੇ ਭੰਗੜਾ ਪੇਸ਼ ਕੀਤੇ ਗਏ। ਕਈ ਤਰ੍ਹਾਂ ਦੇ ਨਾਚ ਜਿਵੇਂ ਸੰਮੀ ਤੇ ਝੂਮਰ ਆਦਿ। ਬੁੱਢਿਆਂ ਨੇ ਆਪਣਾ ਨਾਚ ਪੇਸ਼ ਕੀਤਾ। ਇੱਕ ਤ੍ਰੀਮਤ ਨੇ ਆਪਣੇ ਗੀਤ ਵਿਚ ਸਿੱਖੜੇ ਕਹਿ ਦਿੱਤਾ, ਉਹ ਇਸ ਗੱਲ ਨੂੰ ਭੁੱਲ ਗਈ ਕਿ ਹਾਲ ਵਿਚ ਸਿੱਖ ਬਹੁ-ਗਿਣਤੀ ਵਿਚ ਹਾਜ਼ਰ ਸਨ। ਉਸ ਨੂੰ ਸਾਰਿਆਂ ਤੋਂ ਮੁਆਫ਼ੀ ਮੰਗਣੀ ਪਈ। ਹਾਲ ਵਿਚ ਅਦੀਬ ਤੌਕੀਰ ਚੁਗਤਾਈ ਵੀ ਹਾਜ਼ਰ ਸੀ। ਮੈਂ ਉਸ ਨੂੰ ਆਪਣੀ ਕਿਤਾਬ ਭੇਂਟ ਕੀਤੀ ਤੇ ਦਿਲੀ ਰੀਝ ਦੱਸੀ ਕਿ ਮੈਂ ਕੁਝ ਕਿਤਾਬਾਂ ਹੋਰ ਅਦੀਬਾਂ ਨੂੰ ਦੇਣੀਆਂ ਚਾਹੁੰਦਾ ਹਾਂ। ਉਸ ਕਿਹਾ, "ਤੁਸੀਂ ਕਿੱਥੇ ਭਟਕਦੇ ਫਿਰੋਗੇ, ਸ਼ਹਿਰ ਬਹੁਤ ਵੱਡਾ ਹੈ, ਮੈਂ ਖ਼ੁਦ ਹੀ ਉਨ੍ਹਾਂ ਕੋਲ ਪਹੁੰਚਾ ਦਿਆਂਗਾ।" ਮੈਂ ਸਾਰੀਆਂ ਕਿਤਾਬਾਂ ਉਸ ਨੂੰ ਦੇ ਦਿੱਤੀਆਂ ਤੇ ਉਸ ਨੇ ਅਗਾਂਹ ਅਦੀਬਾਂ ਨੂੰ ਵੰਡ ਦਿੱਤੀਆਂ ਸਨ।

ਪ੍ਰੋਗਰਾਮ ਖ਼ਤਮ ਹੋਣ ਤੇ ਸਾਨੂੰ ਬੱਸਾਂ ਰਾਹੀਂ ਟਿਕਾਣੇ 'ਤੇ ਪਹੁੰਚਾਇਆ ਗਿਆ। ਲਾਹੌਰ ਦੇ ਠਹਿਰਾਓ ਦੇ ਆਖ਼ਰੀ ਦਿਨ ਅਸੀਂ ਲੋੜ ਅਨੁਸਾਰ ਵਸਤਾਂ ਖਰੀਦੀਆਂ। ਇਕ ਥਾਂ ਪਾਕਿਸਤਾਨੀ ਫ਼ਿਲਮ ਦੀ ਸ਼ੂਟਿੰਗ ਹੁੰਦੀ ਦੇਖੀ ਜਿਸ ਵਿਚ ਗਾਇਕਾ ਨਸੀਬੋ ਲਾਲ ਗਾ ਰਹੀ ਸੀ ਤੇ ਅਦਾਕਾਰੀ ਕਰ ਰਹੀ ਸੀ।

ਅਖ਼ੀਰ ਉਹ ਦਿਨ ਆ ਗਿਆ ਜਿਸ ਦਿਨ ਲਾਹੌਰ ਤੋਂ ਵਿਦਾ ਹੋਣਾ ਸੀ। ਦਿਲ ਤਾਂ ਨਹੀਂ ਕਰ ਰਿਹਾ ਸੀ ਪਰ ਮੁੜਨਾ ਪੈਣਾ ਹੀ ਸੀ। ਲਾਹੌਰ ਤੋਂ ਗੱਡੀ ਵਿਚ ਬੈਠ ਕੇ ਅਟਾਰੀ ਪੁੱਜ ਗਏ। ਉਥੇ ਸਾਡੇ ਸਾਮਾਨ ਦੀ ਪੜਤਾਲ ਕੀਤੀ ਗਈ। ਪਾਕਿਸਤਾਨ ਕਰੰਸੀ ਭਾਰਤੀ ਕਰੰਸੀ ਵਿਚ ਬਦਲ ਲਈ। ਕੁਝ ਸਿੱਕੇ ਤੇ ਨੋਟ ਪਾਕਿਸਤਾਨ ਦੀ ਕਰੰਸੀ ਦੇ ਨਿਸ਼ਾਨੀ ਦੇ ਤੌਰ 'ਤੇ ਸੰਭਾਲ ਕੇ ਰੱਖ ਲਏ। ਅੰਮ੍ਰਿਤਸਰ ਤੋਂ ਅਸੀਂ ਰਾਜਪੁਰੇ ਸ਼ਾਮ ਨੂੰ ਪਹੁੰਚ ਗਏ।

# ਅੱਜ ਖੇਤੋਂ ਹੋ ਕੇ ਆਇਆ ਹਾਂ



## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅੱਜ ਕੱਲ੍ਹ ਅਮਰੀਕਾ ਤੋਂ ਪੰਜਾਬ ਆਇਆ ਹੋਇਆ ਹਾਂ। ਬੜੇ ਚਿਰ ਬਾਅਦ ਮਨ 'ਚ ਰੀਝ ਆਈ ਕਿ ਅੱਜ ਬਾਬਾ ਸ਼ਾਹ ਇਨਾਇਤ ਅਲੀ ਜੀ ਦੀ ਦਰਗਾਹ 'ਤੇ ਨਤਮਸਤਕ ਹੋਣ ਪਿੰਡ ਤਾਂ ਜਾਣਾ ਹੀ ਹੈ ਕਿਉਂ ਨਾ ਨਾਲ ਹੀ ਆਪਣੇ ਖੇਤਾਂ ਦਾ ਗੇੜਾ ਲਾਇਆ ਜਾਵੇ। ਚੇਤਿਆਂ ਵਿਚ ਵਸੇ ਉਨ੍ਹਾਂ ਖੇਤਾਂ ਨੂੰ ਮੁੜ ਤੋਂ ਮਿਲਿਆ ਜਾਵੇ ਜਿਹੜੇ ਅਕਸਰ ਹੀ ਮੇਰੇ ਸੁਪਨਿਆਂ ਵਿਚ ਆਉਂਦੇ ਅਤੇ ਮੈਨੂੰ ਆਪਣੀ ਮੋਹ ਭਿੱਜੀ ਗਲਵੱਕੜੀ ਵਿਚ ਲੈਂਦੇ। ਇਹੀ ਖੇਤ ਜਿਨ੍ਹਾਂ ਵਿਚ ਮੇਰਾ ਬਚਪਨ ਅਤੇ ਜਵਾਨੀ ਦੇ ਦਿਨ ਬੀਤੇ। ਖੇਤ ਜਿਨ੍ਹਾਂ ਵਿਚ ਹੱਲ ਵਾਹਿਆ ਸੀ। ਕਦੇ ਝੋਨਾ ਵੀ ਲਾਇਆ ਤੇ ਝਾੜਿਆ। ਕਣਕ ਦੀ ਵਾਢੀ ਕੀਤੀ ਅਤੇ ਫਲ੍ਹਿਆਂ ਨਾਲ ਗਹਾਈ ਵੀ। ਬਹੁਤ ਹੀ ਪਿਆਰੀਆਂ ਅਤੇ ਅਸੀਮ ਯਾਦਾਂ ਨੂੰ ਨਵਿਆਉਣ ਦੀ ਤਮੰਨਾ ਹੀ ਮੈਨੂੰ ਉਨ੍ਹਾਂ ਰਾਹਾਂ ਵੱਲ ਲੈ ਤੁਰੀ ਜਿਨ੍ਹਾਂ ਨੂੰ ਦਿਨ ਵਿਚ ਕਈ ਵਾਰ ਪੈਦਲ ਗਾਹੁੰਦਿਆਂ ਵੀ ਥਕਾਵਟ ਨਹੀਂ ਸੀ ਹੁੰਦੀ।

ਮੈਂ ਐਕਟਿਵਾ 'ਤੇ ਮੰਡ ਨੂੰ ਜਾਂਦੀ ਪੱਕੀ ਸੜਕ 'ਤੇ ਪੈ ਗਿਆ ਜਿਹੜੀ ਧੁੱਸੀ ਬੰਨ੍ਹ ਤੱਕ ਜਾਂਦੀ ਹੈ। ਕਦੇ ਇਹ ਪਹੇ ਕੱਚੇ ਅਤੇ ਧੂੰਧਲ ਭਰੇ ਸਨ ਜਿਨ੍ਹਾਂ 'ਤੇ ਮੰਡ ਵਿਚ ਪਸ਼ੂ ਚਾਰਨ ਲਈ ਲਿਜਾਇਆ ਕਰਦਾ ਸਾਂ। ਧੁੱਸੀ ਬੰਨ੍ਹ ਤੋਂ ਉਤਰ ਕੇ ਜਦ ਨਿਗਾਹ ਮਾਰੀ ਤਾਂ ਸਾਰੇ ਮੰਡ ਵਿਚ ਫ਼ਸਲਾਂ ਲਹਿਰਾ ਰਹੀਆਂ ਸਨ। ਲਹਿਰਾਂ ਝੋਨਾ ਲੱਗਾ ਹੋਇਆ ਸੀ ਭਾਵੇਂ ਕਈ ਖੇਤਾਂ ਵਿਚ ਕਮਾਦ ਵੀ ਸੀ। ਦੱਸਦੇ ਨੇ ਪਿਛਲੇ ਸਾਲ ਬਿਆਸ ਦਰਿਆ ਵਿਚ ਅਜੇਹਾ ਹੜ੍ਹ ਆਇਆ ਕਿ ਮੰਡ ਵਿਚ ਕਮਾਦ ਤੋਂ ਬਗੈਰ ਸਾਰੀਆਂ ਹੀ ਫ਼ਸਲਾਂ ਮਾਰੀਆਂ ਗਈਆਂ। ਦਰਅਸਲ ਇਸ ਵਿਚ ਮਨੁੱਖ ਦਾ ਲਾਲਚੀ ਸੁਭਾਅ ਕੁਝ ਹੱਦ ਤੀਕ ਕਸੂਰਵਾਰ ਹੈ। ਮੈਨੂੰ ਯਾਦ ਹੈ ਕਿ ਧੁੱਸੀ ਬੰਨ੍ਹ ਦੇ ਕੋਲ ਇਕ ਨਾਲਾ ਵਗਦਾ ਹੁੰਦਾ ਸੀ ਜਿਸ ਵਿਚ ਦਰਿਆ ਦਾ ਪਾਣੀ ਅਕਸਰ ਹੀ ਵਗਦਾ ਰਹਿੰਦਾ ਅਤੇ ਅਸੀਂ ਪਸ਼ੂ ਚਾਰਨ ਲਈ ਇਹ ਨਾਲਾ ਪਾਰ ਕਰਦੇ ਸਾਂ। ਪਰ ਉਸ ਨਾਲੇ ਦਾ ਕੋਈ ਨਾਮੋ-ਨਿਸ਼ਾਨ ਹੀ ਨਹੀਂ। ਅਸੀਂ ਆਪਣੇ ਖੇਤ ਵੱਡੇ ਕਰਨ ਦੀ ਖ਼ਾਤਰ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਤੋਂ ਵੀ ਗੁਰੇਜ਼ ਨਹੀਂ ਕਰਦੇ ਅਤੇ ਇਸ ਅਵੱਗਿਆ ਕਾਰਨ ਉਫ਼ਲਿਆ ਬਿਆਸ ਤਬਾਹੀ ਤਾਂ ਮਚਾਊਗਾ ਹੀ। ਮੰਡ ਵਿਚ ਵੀ ਜਦ ਸਬਮਰਸੀਬਲ ਮੋਟਰਾਂ ਲਾਉਣ ਦੀ ਨੌਬਤ ਆ ਜਾਵੇ ਤਾਂ ਆਉਣ ਵਾਲੇ ਵਕਤ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ। ਕਦੇ ਸਮਾਂ ਹੀ ਕਿ ਨਾਲੇ ਦੇ ਕੰਢੇ ਹੱਥ ਨਾਲ ਰੇਤ ਪੁੱਟਿਆਂ ਪਾਣੀ ਨੇ ਸਿੰਮ ਆਉਣਾ ਅਤੇ ਅਸੀਂ ਸਿਮਟ ਚਾਰਦਿਆਂ ਪਾਣੀ ਪੀ ਲੈਣਾ। ਬਿਆਸ ਦੇ ਕੰਢੇ ਵੀ ਪਾਣੀ ਮੁੱਲ ਵਿਕੇਗਾ, ਅਜੇਹਾ ਵਕਤ ਬਹੁਤ ਜਲਦੀ ਆਉਣ ਵਾਲਾ ਹੈ।

ਵਾਪਸ ਧੁੱਸੀ ਬੰਨ੍ਹ 'ਤੇ ਚੜ੍ਹਦਿਆਂ ਯਾਦ ਆਉਂਦਾ ਇਸ ਦੇ ਦੋਹੀਂ ਪਾਸੀਂ ਸਫ਼ੈਦਿਆਂ ਦੇ ਹਰਾ ਕਚੂਰ ਜੰਗਲ ਜੋ ਧੁੱਸੀ ਬੰਨ੍ਹ ਦੀ ਮਜ਼ਬੂਤੀ ਵੀ ਸੀ ਅਤੇ ਕੁਦਰਤੀ ਵਾਤਾਵਰਣ ਨੂੰ ਸੰਤੁਲਿਤ ਕਰਨ ਵਿਚ ਸਾਜ਼ਗਾਰ ਵੀ। ਹੁਣ ਜੰਗਲਾਤ ਮਹਿਕਮੇ ਅਤੇ ਸਥਾਨਕ ਲੋਕਾਂ ਦੀਆਂ ਨਾਪਾਕ ਕੋਸ਼ਿਸ਼ਾਂ ਸਦਕਾ ਰਹਿ ਗਏ ਨੇ ਵਿਰਲੇ ਵਿਰਲੇ ਸਫ਼ੈਦੇ।

ਵਾਪਸ ਪਿੰਡ ਨੂੰ ਮੁੜਦਿਆਂ ਮੈਂ ਆਪਣੇ ਖੂਹ ਨੂੰ ਜਾਂਦੀ ਪਹੀ ਵੱਲ ਮੋੜ ਕੱਟਿਆ ਤਾਂ ਆਲੇ ਦੁਆਲੇ ਦੇ ਖੇਤਾਂ ਦੇ ਲਾਲਚ ਕਾਰਨ ਪਹੀ ਵੀ ਸੁੰਗੜ ਕੇ ਪਗਡੰਡੀ ਹੀ ਬਣ ਗਈ। ਹੈਰਾਨੀ ਇਸ ਗੱਲ ਦੀ ਕਿ ਸਾਡੇ ਖੇਤ ਤੋਂ ਅੱਗੇ ਖੂਹ ਨੂੰ ਜਾਂਦੀ ਪਹੀ ਦਾ ਤਾਂ ਨਾਮੋ-ਨਿਸ਼ਾਨ ਹੀ ਨਹੀਂ। ਇਹ ਹੁਣ ਖੇਤਾਂ ਦਾ ਹਿੱਸਾ ਬਣ ਚੁੱਕੀ ਸੀ। ਜਦ ਮੈਂ ਆਪਣੀ ਮੋਟਰ 'ਤੇ ਪਹੁੰਚਿਆ ਤਾਂ ਮਨ ਬਹੁਤ ਉਦਾਸ ਹੋ ਗਿਆ। ਕਦੇ ਇਸ ਮੋਟਰ 'ਤੇ ਮੇਰਾ ਬਾਪ ਹਨੇਰੇ-ਸਵੇਰੇ ਇਕ ਚੱਕਰ ਜ਼ਰੂਰ ਲਾਉਂਦਾ ਸੀ। ਉਸ ਨੇ ਕਨਾਲ ਕੁ ਜਗ੍ਹਾ ਖ਼ਾਲੀ ਰੱਖਣੀ ਤਾਂ ਕਿ ਗਰਮੀਆਂ ਅਤੇ ਸਰਦੀਆਂ ਦੀਆਂ ਸਬਜ਼ੀਆਂ ਲਾਈਆਂ ਜਾਣ। ਕਈ ਵਾਰ ਤਾਂ ਉਹ ਸਵੇਰੇ ਸਵੇਰੇ ਸਾਡੇ ਲਈ ਸਾਗ, ਮੇਥੀ, ਬਾਥੂ, ਪਾਲਕ ਜਾਂ ਗਾਜਰਾਂ/ਮੂਲੀਆਂ/ਸ਼ਲਗਮ ਆਦਿ ਲੈ ਕੇ ਸਵਖਤੇ ਹੀ ਸਾਈਕਲ 'ਤੇ ਕਪੂਰਥਲੇ ਆ ਜਾਇਆ ਕਰਦੇ ਸਨ। ਪਰ ਹੁਣ ਇਹ ਬੀਤੇ ਦੀ ਗੱਲ ਹੋ ਗਈ ਹੈ। ਸਾਰੇ ਖੇਤਾਂ ਵਿਚ ਝੋਨਾ ਲੱਗਾ ਹੋਇਆ ਸੀ ਅਤੇ ਖੜ੍ਹੇ ਪਾਣੀ ਦੇ ਹੁੰਮ੍ਹਸ ਕਾਰਨ ਦਮ ਵੀ ਘੁੱਟਦਾ ਸੀ। ਕਦੇ ਇਹ ਮੋਟਰ ਧਰਤੀ 'ਤੇ ਸੀ, ਫਿਰ ਖੂਹੀ ਪੁੱਟ ਕੇ ਲਾਈ ਅਤੇ ਹੁਣ ਕੁਝ ਦਿਨ ਪਹਿਲਾਂ ਹੀ ਸਬਮਰਸੀਬਲ ਮੋਟਰ ਲਾਈ ਹੈ ਤਾਂ ਜੋ ਧਰਤੀ ਵਿਚਲੇ ਪਾਣੀ ਦੀ ਹਰੇਕ ਬੂੰਦ ਨੂੰ ਵੀ ਨਿਚੋੜਿਆ ਜਾ ਸਕੇ। ਪੰਜਾਬ ਦੇ ਜ਼ਿਆਦਾਤਰ ਬਲਾਕ ਡਾਰਕ ਜ਼ੋਨ ਵਿਚ ਆ ਚੁੱਕੇ ਹਨ। ਜੇਕਰ ਅਸੀਂ ਖੇਤੀ ਦੀਆਂ ਤਰਜੀਹਾਂ ਨੂੰ ਨਾ ਬਦਲਿਆ ਤਾਂ ਕੁਝ ਕੁ ਸਾਲਾਂ ਵਿਚ ਪੰਜਾਬ ਦਾ ਮਾਰੂਥਲ ਵਿਚ ਤਬਦੀਲ ਹੋਣਾ ਤੈਅ ਹੈ। ਮੁਫ਼ਤ ਬਿਜਲੀ ਨੇ ਜਿੱਥੇ ਬਿਜਲੀ ਦੀ ਸੰਜਮੀ ਵਰਤੋਂ ਨੂੰ ਵਿਸਾਰ ਦਿੱਤਾ ਹੈ, ਉਥੇ ਹਰ ਵੇਲੇ ਆਟੋਮੈਟਿਕ ਚੱਲਦੀਆਂ ਮੋਟਰਾਂ ਕਾਰਨ ਪਾਣੀ ਦੀ ਬੇਲੋੜੀ ਅਤੇ ਬੇਤਹਾਸ਼ਾ ਵਰਤੋਂ ਨੇ ਪੰਜ-ਆਬ ਨੂੰ ਆਬ ਵਿਹੂਣਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕੀ ਸਰਕਾਰ ਮੁਫ਼ਤ ਬਿਜਲੀ ਦੇਣਾ ਬੰਦ ਨਹੀਂ ਕਰ ਸਕਦੀ ਤਾਂ ਕਿ ਪੰਜਾਬ ਦਾ ਪਾਣੀ ਤਾਂ ਬਚ ਜਾਵੇ।

ਮੋਟਰ ਕੋਲ ਸਿਰਫ਼ ਇਕ ਸਫ਼ੈਦੇ ਦਾ ਬੂਟਾ ਹੈ। ਬਾਪ ਦਾ ਹੱਥੀਂ ਲਾਏ ਅੰਬ ਅਤੇ ਜਾਮਣ, ਫ਼ਸਲ ਦੀ ਪੈਦਾਵਾਰ ਵਧਾਉਣ ਦੀ ਮਨੁੱਖੀ ਲਾਲਚ ਦਾ ਸ਼ਿਕਾਰ ਹੋ ਗਏ। ਇਸ ਮੋਟਰ 'ਤੇ ਅੰਬ ਦੇ ਬੂਟੇ ਤੋਂ ਮਿਲਿਆ ਪੱਕਿਆ ਅੰਬ ਹੀ ਸੀ ਜਦੋਂ ਮੇਰੇ ਬਾਪ ਨੇ ਮੈਨੂੰ 'ਕੇਰਾਂ ਦਿੱਤਾ ਤਾਂ ਨਿਮਨ ਨਜ਼ਮ ਪੈਦਾ ਹੋਈ ਸੀ;

ਮਾਂ ਦੀ ਮੌਤ ਤੋਂ ਬਾਅਦ
ਪਹਿਲੀ ਵਾਰ ਮੈਂ ਪਿੰਡ ਆਇਆ ਹਾਂ।
ਕੰਧ 'ਤੇ ਲਟਕਦੀ ਮਾਂ ਦੀ ਤਸਵੀਰ
ਮੇਰੇ ਨਾਲ ਗੱਲਾਂ ਹੀ ਨਹੀਂ ਕਰਦੀ
ਤੇ ਮੈਂ ਕਮਰੇ ਦੀ ਚੁੱਪ ਵਿਚ ਘਿਰਿਆ
ਚੁੱਪ ਹੀ ਹੋ ਜਾਂਦਾ ਹਾਂ।
ਮੇਰੀ ਚੁੱਪ ਨੂੰ ਤੋੜਦੀ ਹੈ
ਘਰ ਵੜਦੇ ਬਾਪ ਦੇ ਪੈਰਾਂ ਦੀ ਬਿੜਕ
ਉਹ ਅੰਦਰ ਲੰਘ ਆਉਂਦਾ ਹੈ
ਤੇ ਮੈਨੂੰ ਦੇਖ ਕੇ
ਆਪਣੇ ਬੋਝੇ ਵਿਚ ਅੰਬ ਕੱਢਦਿਆਂ ਕਹਿੰਦਾ ਹੈ,
"ਅੱਜ ਨਵੇਂ ਖੂਹ ਵਾਲੇ ਅੰਬ ਤੋਂ
ਆਹ ਪੱਕਾ ਅੰਬ ਲੱਭਾ ਸੀ
ਲੈ ਫੜ ਚੂਪ ਲੈ"
ਤੇ ਮੈਂ ਬਾਪ ਦੇ ਝੁਰੜੀਆਂ ਭਰੇ ਹੱਥ 'ਚੋਂ
ਅੰਬ ਫੜਦਿਆਂ ਸੋਚਦਾ ਹਾਂ
ਕਿ
ਮਾਂ ਦੀ ਮੌਤ ਤੋਂ ਬਾਅਦ
ਬਾਪ
ਮਾਂ ਵੀ ਬਣ ਗਿਆ ਹੈ।

ਤੇ ਹੁਣ ਕਦੇ ਨਹੀਂ ਮਿਲਣੀ ਬਾਪ ਦੇ ਰੀਝ ਨਾਲ ਲਾਏ ਅੰਬ ਦੀ ਛੋਹ, ਉਸ ਦੇ ਪੱਕੇ ਅੰਬ ਚੂਪਣ ਦਾ ਅਨੰਦ। ਰਸਭਰੀਆਂ ਜਾਮਣਾਂ ਲਈ ਤਰਸਣਾ ਸਿਰਫ਼ ਮੇਰੇ ਹੀ ਹਿੱਸੇ ਨਹੀਂ ਆਇਆ ਸਗੋਂ ਅਗਲੀ ਪੀੜ੍ਹੀ ਵੀ ਉਸ ਵਕਤ ਨੂੰ ਤਰਸੇਗੀ ਜਦ ਬਰਸਾਤਾਂ ਵਿਚ ਰਸੀਆਂ ਜਾਮਣਾਂ ਖਾਂਦਿਆਂ ਜੀਭ ਜਾਮਣੀ ਹੋ ਜਾਂਦੀ ਸੀ।

ਆਲੇ-ਦੁਆਲੇ ਝਾਤ ਮਾਰਦਾ ਹਾਂ ਇੰਜ ਜਾਪਦਾ ਜਿਵੇਂ ਖੇਤਾਂ ਦਾ ਮੁਹਾਂਦਰਾ ਮਨੁੱਖ ਦੀ ਸਵੈ-ਮਾਰੂ ਬਿਰਤੀ ਨੂੰ ਪ੍ਰਗਟਾਅ ਰਹੇ ਹੋਣ। ਕਈ ਵਾਰ ਲਾਲਚੀ ਬੰਦਾ ਇਨ੍ਹਾਂ ਖੇਤਾਂ ਵਿਚ ਆਪਣਿਆਂ ਦੀਆਂ ਕਬਰਾਂ ਵੀ ਪੁੱਟ ਲੈਂਦਾ। ਭੜੋਲਿਆਂ ਨੂੰ ਭਰਨ ਵਾਲੀਆਂ ਫ਼ਸਲਾਂ ਪੈਦਾ ਕਰਨ ਵਾਲੇ ਖੇਤਾਂ ਵਿਚ ਹੁਣ ਖ਼ੁਦਕੁਸ਼ੀਆਂ ਕਿਉਂ ਉੱਗਣ ਲੱਗ ਪਈਆਂ, ਅਸੀਂ ਇਹ ਵਿਚਾਰਿਆ ਹੀ ਨਹੀਂ? ਅਸੀਂ ਕਣਕ ਤੇ ਝੋਨੇ ਦੇ ਚੱਕਰ ਵਿਚ ਅਜਿਹੇ ਫਸ ਗਏ ਕਿ ਘਰ ਦੀਆਂ ਹੱਥੀਂ ਉਗਾਈਆਂ ਸਬਜ਼ੀਆਂ ਦੀ ਥਾਂ ਮੰਡੀ ਦੀਆਂ ਜ਼ਹਿਰੀਲੀਆਂ ਸਬਜ਼ੀਆਂ ਖਾਣ ਲੱਗ ਪਏ। ਘਰ ਵਿਚ ਲਵੇਰਾ ਰੱਖਣ ਦੀ ਬਜਾਏ ਦੋਧੀ ਕੋਲੋਂ ਨਕਲੀ/ ਮਿਲਾਵਟੀ ਦੁੱਧ ਲੈਣਾ ਮੁਨਾਸਬ ਸਮਝਣ ਲੱਗ ਪਏ। ਇਹ ਵੀ ਸੋਚਣ ਦੀ ਗੱਲ ਹੈ ਕਿ ਪੰਜਾਬ ਵਿਚ ਦੁਧਾਰੂ ਪਸ਼ੂਆਂ ਦੀ ਗਿਣਤੀ ਤਾਂ ਘਟ ਰਹੀ ਹੈ ਪਰ ਦੁੱਧ ਦੀ ਵਧੀ ਮੰਗ ਕਿਵੇਂ ਪੂਰੀ ਹੁੰਦੀ? ਜ਼ਾਹਿਰ ਹੈ ਨਕਲੀ ਦੁੱਧ ਦਾ ਕਾਰੋਬਾਰ ਬਹੁਤ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਸਬਜ਼ੀਆਂ, ਖਰਬੂਜੇ ਤੇ ਹਦਵਾਣੇ ਉਗਾਉਣ ਵਾਲੇ ਜ਼ਿਮੀਂਦਾਰਾਂ ਦਾ ਨਿੱਜੀ ਤੌਰ 'ਤੇ ਇਹ ਮੰਨਣਾ ਹੈ ਕਿ ਉਹ ਜ਼ਹਿਰੀਲੇ ਸਪਰੇਅ ਤੇ ਖਾਦਾਂ ਦੀ ਬਹੁਤਾਤ ਨਾਲ ਉਗਾਈਆਂ ਚੀਜ਼ਾਂ ਆਪ ਨਹੀਂ ਖਾਂਦੇ ਸਗੋਂ ਇਹ ਸਭ ਕੁਝ ਮੰਡੀ ਲਈ ਹੀ ਹੁੰਦਾ ਹੈ। ਮਤਲਬ ਕਿ ਜ਼ਹਿਰ ਦਾ ਵਪਾਰ ਖ਼ੂਬ ਕਰੋ। ਪਰ ਇਸ ਜ਼ਹਿਰ ਤੋਂ ਤੁਸੀਂ ਕਿੰਨਾ ਕੁ ਚਿਰ ਆਪਣੇ ਪਰਿਵਾਰ ਨੂੰ ਬਚਾਉਗੇ? ਕੀ ਅਸੀਂ ਕਨਾਲ ਕੁ ਜਗ੍ਹਾ ਵਿਚ ਆਪਣੀ ਲੋੜ ਦੀਆਂ ਸਬਜ਼ੀਆਂ ਨਹੀਂ ਉਗਾ ਸਕਦੇ? ਕੀ ਅਸੀਂ ਆਪਣੇ ਪਰਿਵਾਰ ਦੀ ਚੰਗੇਰੀ ਸਿਹਤ ਲਈ ਇਕ ਲਵੇਰੀ ਗਾਂ ਰੱਖਣ ਤੋਂ ਵੀ ਅਪੰਗ ਹੋ ਗਏ? ਕਿਰਤ-ਬਿਰਤੀ ਦੇ ਪੰਜਾਬੀਆਂ ਵਿਚ ਕਿਰਤ ਤੋਂ ਮੁਨਕਰੀ ਨੇ ਪੰਜਾਬੀਆਂ ਦੀ ਪਛਾਣ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ ਅਤੇ ਸਾਡਾ ਸਮਾਜਿਕ ਤਾਣਾ-ਬਾਣਾ ਜਰਜਰੀ ਹੋ ਗਿਆ ਹੈ।

ਮੋਟਰ 'ਤੇ ਖੜ੍ਹਿਆਂ ਹੀ ਜਦ ਮੇਰੀ ਨਜ਼ਰ ਉਜੜੇ ਖੂਹ ਦੀ ਤਰਸਯੋਗ ਹਾਲਤ 'ਤੇ ਜਾਂਦੀ ਹੈ ਤਾਂ ਮਨ ਮਸੋਸਿਆ ਜਾਂਦਾ ਹੈ। ਕਦੇ ਇਸ ਖੂਹ ਦੇ ਚੌਗਿਰਦੇ ਵਿਚ ਅੰਬ, ਜਾਮਣ, ਬੋਹੜ, ਪਿੱਪਲ ਆਦਿ ਦਰਖ਼ਤਾਂ ਦੀ ਭਿੜੀ ਹੁੰਦੀ ਸੀ ਅਤੇ ਇਸ ਦਾ ਠੰਢਾ ਠਾਰ ਪਾਣੀ ਗਰਮੀਆਂ ਵਿਚ ਬਹੁਤ ਰਾਹਤ ਦਿੰਦਾ ਸੀ। ਇਸ ਦੇ ਔਲੂ ਵਿਚ ਆਪ ਵੀ ਨਹਾਉਣਾ ਅਤੇ ਪਸ਼ੂਆਂ ਨੂੰ ਵੀ ਨਹਾਉਣਾ। ਗਾਧੀ 'ਤੇ ਬੈਠ ਕੇ ਖੂਹ ਨੂੰ ਵਾਹੁਣ ਦੀ ਬਾਦਸ਼ਾਹੀ ਸਵਾਰੀ ਦਾ ਲੁਤਫ਼ ਸਾਹਵੇਂ ਅਜੋਕੀ ਕਾਰ ਦੀ ਸਵਾਰੀ ਦਾ ਕੀ ਮੁਕਾਬਲਾ। ਬਰਸਾਤਾਂ ਦੇ ਦਿਨਾਂ ਵਿਚ ਖੂਹ ਦਾ ਪਾਣੀ ਧਰਤੀ ਤੋਂ ਸਿਰਫ਼ ਦਸ ਕੁ ਫੁੱਟ ਹੀ ਨੀਵਾਂ ਹੁੰਦਾ ਸੀ। ਅਸੀਂ ਖੂਹ ਵਿਚ ਛਾਲਾਂ ਮਾਰਨੀਆਂ, ਟੁੱਭੀਆਂ ਲਾਉਣੀਆਂ ਤੇ ਫਿਰ ਟਿੰਡਾਂ ਰਾਹੀ ਉੱਪਰ ਆ ਜਾਣਾ। ਇਸ ਖੇਡ ਵਿਚ ਹੀ ਅਸਾਂ ਦੁਪਹਿਰਾਂ ਕੱਟ ਲੈਣੀਆਂ। ਬਹੁਤ ਹੀ ਅਣਭੋਲ ਅਤੇ ਪਿਆਰੀਆਂ ਯਾਦਾਂ ਦੀ ਰੀਲ ਮਨ ਦੇ ਪਿਛਵਾੜੇ ਚੱਲਣ ਲੱਗੀ। ਕਦੇ ਇਸ ਖੂਹ 'ਤੇ ਧੂਣੀ ਬਾਲ ਕੇ ਛੱਲੀਆਂ ਭੁੰਨ ਕੇ ਖਾਣਾ ਅਤੇ ਕਦੇ ਗੰਨੇ ਚੂਪਦਿਆਂ ਚੂਪਦਿਆਂ ਛਿੱਲਾਂ ਦੀ ਢੇਰੀ ਲਾ ਦੇਣਾ। ਉਨ੍ਹਾਂ ਸਮਿਆਂ ਵਿਚ ਤੁਸੀਂ ਕਿਸੇ ਵੀ ਖੇਤ ਵਿਚੋਂ ਗੰਨ ਭੰਨ ਸਕਦੇ ਸੀ, ਛੱਲੀਆਂ ਤੋੜ ਕੇ ਭੁੰਨ ਸਕਦੇ ਸੀ। ਕੋਈ ਰੋਕ-ਟੋਕ ਨਹੀਂ ਸੀ। ਹੁਣ ਤਾਂ ਉਹ ਦਿਨ ਸਿਰਫ਼ ਬੀਤੇ ਦੀ ਮਿੱਠੀ ਜਿਹੀ ਯਾਦ ਨੇ। ਬੀਤੇ ਵਿਚ ਪਰਤਣਾ ਅਸੰਭਵ ਹੁੰਦਾ ਜਦ ਤੁਸੀਂ ਵੱਧ ਉਪਜਾਊ ਕਰਨ ਦੀ ਦੌੜ ਵਿਚ ਆਪਣੀ ਵਿਰਾਸਤ ਤੋਂ ਬਹੁਤ ਦੂਰ ਚਲੇ ਜਾਵੋ।

ਦਰਅਸਲ ਇਹ ਖੂਹ ਸਾਂਝਾਂ ਅਤੇ ਸੱਥਾਂ ਦਾ ਸਥਾਨ ਹੁੰਦੇ। ਇੱਥੇ ਹੀ ਮਜਲਸਾਂ ਅਤੇ ਮਹਿਫ਼ਲਾਂ ਸਜਦੀਆਂ। ਪੀਘਾਂ ਝੂਟੀਆਂ ਜਾਂਦੀਆਂ। ਇਸ ਦੀ ਸੰਘਣੀ ਛਾਂ ਅਤੇ ਮਿੱਠੜੇ ਪਾਣੀ ਨਾਲ ਜ਼ਿੰਦਗੀ ਨੂੰ ਸਹਿਜਤਾ, ਸੰਤੋਖੀ ਪੁਣਾ, ਸ਼ੁਕਰਾਨੇ ਅਤੇ ਸਬਰ ਵਰਗੀਆਂ ਦਾਤਾਂ ਨਸੀਬ ਹੁੰਦੀਆਂ। ਇਹ ਸਭ ਕੁਝ ਵਿਸਰ ਜਾਵੇ ਤਾਂ ਮਨੁੱਖ ਤਾਂ ਹਾਬੜ ਜਾਣਾ ਸੁਭਾਵਕ।

ਆਲੇ-ਦੁਆਲੇ ਨਿਗਾਹ ਮਾਰੀ ਤਾਂ ਚਾਰੇ ਪਾਸੇ ਖੇਤ ਤਲਾਬ ਬਣੇ ਹੋਏ। ਕੁਝ ਵਿਚ ਝੋਨਾ ਲੱਗ ਚੁੱਕਾ ਅਤੇ ਕੁਝ ਵਿਚ ਲਾਇਆ ਜਾ ਰਿਹਾ। ਝੋਨਾ ਲਾਉਣ ਵਾਲੇ ਅਤੇ ਟਰੈਕਟਰ ਨਾਲ ਵੀ ਕੱਦੂ ਕਰਨ ਵਾਲੇ ਪਰਵਾਸੀ ਮਜ਼ਦੂਰ। ਕਿਧਰੇ ਨਹੀਂ ਨਜ਼ਰ ਆਉਂਦਾ ਕੋਈ ਪੰਜਾਬੀ ਜੋ ਪਨੀਰੀ ਪੁੱਟਦਾ ਹੋਵੇ, ਟਰੈਕਟਰ ਨਾਲ ਕੱਦੂ ਕਰ ਰਿਹਾ ਹੋਵੇ ਜਾਂ ਖੇਤ ਵਿਚ ਗੇੜਾ ਲਾਉਣ ਹੀ ਆਇਆ ਹੋਵੇ। ਕਦੇ ਸਮਾਂ ਸੀ ਕਿ ਝੋਨਾ ਸਾਰਾ ਪਰਿਵਾਰ ਰਲ ਕੇ ਲਾਉਂਦਾ, ਕੋਈ ਪਨੀਰੀ ਪੁੱਟਦਾ, ਕੋਈ ਪਨੀਰੀ ਫੜਾਉਂਦਾ, ਕੋਈ ਖੂਹ ਵਾਹੁੰਦਾ। ਸਾਰਾ ਪਰਿਵਾਰ ਸਵੇਰ ਤੋਂ ਸ਼ਾਮ ਤੀਕ ਕਿਰਤ ਕਰਦੇ, ਖੇਤਾਂ ਦੇ ਕਿਰਤ ਯੋਗੀ ਬਣੇ, ਖੇਤਾਂ ਵਿਚ ਵੱਸਦੇ ਰੱਬ ਦਾ ਰੂਪ ਲੱਗਦੇ। ਪੰਜਾਬੀਆਂ ਵਿਚੋਂ ਕਿਰਤ ਕਰਨ ਦੀ ਆਦਤ ਦਾ ਖ਼ਤਮ ਹੋ ਜਾਣਾ ਖ਼ਤਰਨਾਕ ਰੁਝਾਨ। ਇਸ ਨੇ ਸਾਡੀ ਪੰਜਾਬੀਅਤ ਦਾ ਕੀਤਾ ਹੈ ਅਜੇਹਾ ਨੁਕਸਾਨ ਕਿ ਇਸ ਦੀ ਭਰਪਾਈ ਵੀ ਸੰਭਵ ਨਹੀਂ। ਅਫ਼ਸੋਸ ਇਸ ਗੱਲ ਦਾ ਕਿ ਆਪਣੇ ਹੀ ਖੇਤ ਵਿਚ ਕੰਮ ਕਰਨ ਤੋਂ ਆਕੀ ਹੋਏ ਇਹੀ ਨੌਜਵਾਨ ਜਦ ਬਾਹਰਲੇ ਮੁਲਕਾਂ ਵਿਚ ਚਲੇ ਜਾਂਦੇ ਨੇ ਤਾਂ ਹਰ ਤਰ੍ਹਾਂ ਦਾ ਕੰਮ ਕਰਨ ਲਈ ਤਰਲੇ ਕਰਦੇ ਹਨ।

ਬੀਤੇ ਅਤੇ ਮੌਜੂਦਾ ਹਾਲਤਾਂ ਦੀ ਨਿਰਖ-ਪਰਖ ਵਿਚੋਂ ਪੈਦਾ ਹੋਏ ਬਹੁਤ ਸਾਰੇ ਪ੍ਰਸ਼ਨ ਮਨ ਵਿਚ ਪੈਦਾ ਹੋਏ ਕਿ ਇਹ ਕਿਉਂ ਹੋ ਗਿਆ? ਕੀ ਪੰਜਾਬ ਕਿਸੇ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ? ਕੀ ਹਰੀ ਕ੍ਰਾਂਤੀ ਦੇ ਨਾਮ ਹੇਠ ਪੰਜਾਬ ਕੋਲੋਂ ਉਸ ਦੇ ਕੁਦਰਤੀ ਸਰੋਤ ਵੀ ਖੋਹ ਲਏ ਗਏ, ਪੰਜਾਬੀਆਂ ਦੀ ਸਿਹਤ ਵੀ ਖੋਹ ਲਈ ਅਤੇ ਪੰਜਾਬੀਆਂ ਦੇ ਪੱਲੇ ਰਹਿ ਗਏ ਹਸਪਤਾਲ ਅਤੇ ਫਰਟਿਲਿਟੀ ਸੈਂਟਰ? ਕੀ ਪੰਜਾਬ ਵਿਚ ਜਾਣ ਬੁੱਝ ਕੇ ਤਾਂ ਨਹੀਂ ਨਸ਼ਿਆਂ ਦਾ ਜਾਲ ਵਿਛਾ ਕੇ ਪੰਜਾਬੀ ਜਵਾਨੀ ਦਾ ਘਾਣ ਕੀਤਾ ਜਾ ਰਿਹਾ? ਕੀ ਪੰਜਾਬੀ ਵਿਦਿਆਰਥੀਆਂ ਦਾ ਬੇਤਹਾਸ਼ਾ ਅਤੇ ਬੇਲੋੜਾ ਪਰਵਾਸ, ਪੰਜਾਬ ਵਿਚੋਂ ਪੰਜਾਬੀ, ਪੰਜਾਬੀਅਤ ਅਤੇ ਪੰਜਾਬੀ ਮੁਹਾਂਦਰੇ ਨੂੰ ਮਿਟਾਉਣ ਦੀ ਕੋਈ ਕੋਝੀ ਚਾਲ ਤਾਂ ਨਹੀਂ? ਕੀ ਇਸ ਵਰਤਾਰੇ ਲਈ ਅਸੀਂ ਪੰਜਾਬੀ ਹੀ ਤਾਂ ਕਸੂਰਵਾਰ ਨਹੀਂ? ਕੀ ਪੰਜਾਬੀ ਮਾਨਸਿਕਤਾ ਨੂੰ ਵਰਗਲਾਇਆ ਜਾ ਰਿਹਾ ਹੈ? ਕੀ ਪੰਜਾਬ ਉਜਾੜੇ ਦੇ ਰਾਹ 'ਤੇ ਸਰਪਟ ਦੌੜ ਰਿਹਾ ਏ? ਕੀ ਪੰਜਾਬੀਆਂ ਵਿਚ ਸਵੈ-ਚੇਤਨਾ ਮਰ ਚੁੱਕੀ ਹੈ? ਕੀ ਪੰਜਾਬੀਆਂ ਦੀ ਭਵਿੱਖਮੁਖੀ ਸੋਚ ਜੰਗਾਲੀ ਜਾ ਚੁੱਕੀ ਹੈ?

ਤੇ ਮਨ ਵਿਚ ਕੁਝ ਬੋਲ ਗੂੰਜਣ ਲੱਗੇ;

ਅੱਜ ਬੁੱਝੇ ਮਨ ਨਾਲ ਖੇਤੋਂ ਹੋ ਕੇ ਆਇਆ ਹਾਂ।
ਬਾਪ ਦੇ ਸੁੱਕ ਗਏ ਅੰਬ ਨੂੰ ਰੋ ਕੇ ਆਇਆ ਹਾਂ।

ਲੱਭਣ ਗਿਆ ਸੀ ਬੀਤੇ ਸਮੇਂ ਦੇ ਨਕਸ਼ਾਂ ਨੂੰ,
ਅੰਦਰ ਬੈਠਾ ਭਰਮ ਵੀ ਖੋਹ ਕੇ ਆਇਆ ਹਾਂ।

ਸੋਚਿਆ ਸੀ ਮੈਂ ਫ਼ਸਲਾਂ ਦੀ ਗਲਵੱਕੜੀ ਦਾ,
ਖੇਤੀ ਉੱਗੀਆਂ ਕਬਰਾਂ ਛੋਹ ਕੇ ਆਇਆ ਹਾਂ।

ਵੱਟਾਂ, ਬੰਨੇ, ਖੇਤ ਸੀ ਸੂਲੀ ਲਟਕ ਰਹੇ,
ਬਾਪ ਦੀ ਲਾਈ ਬੁਰਜੀ ਛੋਹ ਕੇ ਆਇਆ ਹਾਂ।

ਖੂਹ, ਆੜ, ਕਿਆਰਾ ਸੁਪਨੀਂ ਆਉਂਦੇ ਸੀ,
ਉਨ੍ਹਾਂ ਦੀ ਮੜ੍ਹੀ ਤੇ ਹੰਝੂ ਚੋ ਕੇ ਆਇਆ ਹਾਂ।

ਮਨ 'ਚ ਵੱਸਦੀਆਂ ਅਲੂੜ ਜਹੀਆਂ ਯਾਦਾਂ ਨੂੰ
ਖਾਰੇ ਪਾਣੀ ਦੇ ਨਾਲ ਧੋ ਕੇ ਆਇਆ ਹਾਂ।

ਟਾਹਲੀ, ਜ਼ਾਮਨ ਤੇ ਚਿੜੀਆਂ ਦੀਆਂ ਕਬਰਾਂ 'ਤੇ,
ਹੁਬਕੀਂ ਰੋਂਦਿਆਂ ਮੂਕ ਖਲੋ ਕੇ ਆਇਆ ਹਾਂ।

ਸੋਚ ਰਿਹਾ ਹਾਂ ਕਾਹਤੋਂ ਉੱਥੇ ਜਾਣਾ ਸੀ,
ਰੂਹ ਦੇ ਚੈਨ 'ਚ ਪੀੜ ਪਰੋ ਕੇ ਆਇਆ ਹਾਂ।

ਤੇ ਇਨ੍ਹਾਂ ਸੋਚਾਂ ਵਿਚ ਗਵਾਚਿਆ ਜਦ ਮੈਂ ਪਿੰਡ ਵਿਚਲੇ ਘਰ ਪਹੁੰਚਿਆ ਤਾਂ ਲੋਹੜੇ ਦੀ ਗਰਮੀ ਨੇ ਮੈਨੂੰ ਹਾਲੋਂ-ਬੇਹਾਲ ਕੀਤਾ ਹੋਇਆ ਸੀ ਕਿਉਂਕਿ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਪੰਜਾਬ ਦਾ ਤਾਪਮਾਨ ਵੀ ਲਗਭਗ 50 ਡਿਗਰੀ ਸੈਂਟੀਗਰੇਡ ਤੀਕ ਪਹੁੰਚ ਜਾਵੇਗਾ।

ਰੱਬ ਖ਼ੈਰ ਕਰੇ!

## * ਯਾਦ ਰੱਖਣ ਯੋਗ ਗੱਲਾਂ *

* ਉਜੜਨਾ ਏਨਾ ਔਖਾ ਨਹੀਂ ਜਿੰਨਾ ਵੱਸਣਾ ਔਖਾ ਹੁੰਦਾ ਹੈ।
* ਨਸੀਹਤ ਇੱਕ ਸਚਾਈ ਹੁੰਦੀ ਹੈ ਜਿਸ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਤਾਰੀਫ਼ ਇੱਕ ਧੋਖਾ ਹੁੰਦਾ ਹੈ ਜਿਸ ਤੋਂ ਬਚਣ ਦੀ ਲੋੜ ਹੁੰਦੀ ਹੈ ਪਰ ਅਸੀਂ ਕਰਦੇ ਦੋਵੇਂ ਗੱਲਾਂ ਉਲਟ ਹਾਂ।
* ਸੱਪ ਦਾ ਕੰਮ ਹੁੰਦਾ ਹੈ ਡੰਗ ਮਾਰਨਾ। ਉਸ ਨੂੰ 'ਓਏ ਸੱਪਾ' ਕਹੋ ਜਾਂ 'ਸੱਪ ਜੀ' ਕਹੋ! ਇਸ ਲਈ ਹਰੇਕ ਬੰਦੇ ਨੂੰ ਇੱਜ਼ਤ ਉਸਦੀ ਔਕਾਤ ਅਨੁਸਾਰ ਹੀ ਦਿਉ।



ਹਰਦੀਪ ਸਿੰਘ ਸੋਢੀ
ਫੋਨ: 480-794-0325

* ਕਿਸੇ ਨਾਲ ਵੀ ਰਿਸ਼ਤਾ ਜਾਂ ਦੋਸਤੀ ਜਿੰਨੀ ਮਰਜ਼ੀ ਨਜ਼ਦੀਕੀ ਹੋਵੇ ਉਹ ਮਰਨ ਵਾਲੇ ਨਾਲ ਸਿਵਿਆਂ ਤੱਕ ਹੀ ਜਾ ਸਕਦਾ ਹੈ ਉਸ ਤੋਂ ਅੱਗੇ ਉਸ ਦੀ ਵੀ ਮਜਬੂਰੀ ਹੁੰਦੀ ਹੈ।
* ਬਿਨਾਂ ਵਜ੍ਹਾ ਨਾ ਬੋਲਿਆ ਕਰੋ ਜੇ ਬੋਲਣਾ ਹੀ ਹੋਵੇ ਤਾਂ ਅਜਿਹੇ ਬੋਲ ਬੋਲੋ ਜੋ ਚੁੱਪ ਨਾਲੋਂ ਜ਼ਿਆਦਾ ਕੀਮਤੀ ਹੋਣ। (ਪਾਈਥਾਗੋਰਸ)
* ਦੋਸਤੀ ਨਿਭਾਉਣ ਵਾਲੇ ਰਾਹ ਲੱਭਦੇ ਹੁੰਦੇ ਹਨ ਅਤੇ ਤੋੜਨ ਵਾਲੇ ਬਹਾਨਾ।
* ਔਖੇ ਵਕਤ ਦਾ ਪੂਰਾ ਅਹਿਸਾਸ ਕਿਸੇ ਦੇ ਮੂੰਹੋਂ ਸੁਣ ਕੇ ਨਹੀਂ ਆਪਣੇ ਜਿਸਮ ਉੱਤੇ ਹੰਢਾਉਣ ਉਪਰੰਤ ਹੁੰਦਾ ਹੈ।
* ਆਪਣੀ ਫੋਕੀ ਆਕੜ ਕਾਰਨ ਰਿਸ਼ਤੇ ਗਵਾਉਣੇ ਵੀ ਮੂਰਖਤਾ ਹੈ ਪਰ ਰਿਸ਼ਤੇ ਬਚਾਉਂਦੇ ਬਚਾਉਂਦੇ ਆਪਣੀ ਕਦਰ ਗਵਾ ਲੈਣੀ ਵੀ ਸਿਆਣਪ ਨਹੀਂ।

# ਮੋਦੀ ਵਲੋਂ ਲਾਗੂ ਕੀਤੇ ਗਏ ਨਵੇਂ ਫੌਜਦਾਰੀ ਕਾਨੂੰਨਾਂ ਪਿੱਛੇ ਅਸਲ ਮਨਸ਼ਾ ਕੀ ਹੈ!

## ਕੀ ਲੋਕਤੰਤਰੀ ਕਦਰਾਂ ਦੀ ਕੀਤੀ ਜਾਵੇਗੀ ਸ਼ਰ੍ਹੇਆਮ ਉਲੰਘਣਾ?

ਭਾਰਤ ਸਰਕਾਰ ਵਲੋਂ ਅਗਸਤ, 2023 ਵਿਚ, ਭਾਰਤ ਵਿਚਲੇ 1860 ਤੋਂ ਚਲਦੇ ਆ ਰਹੇ, ਇੰਡੀਅਨ ਪੀਨਲ ਕੋਡ, ਤੇ ਫੌਜਦਾਰੀ ਕੇਸਾਂ ਦੇ ਨਿਪਟਾਰੇ ਲਈ ਜ਼ਾਬਤਾ ਫੌਜਦਾਰੀ ਕਾਨੂੰਨ ਕ੍ਰਿਮੀਨਲ ਪ੍ਰੋਸੀਜ਼ਰ ਕੋਡ ਤੇ ਐਵੀਡੈਂਸ ਐਕਟ ਤਿੰਨਾਂ ਨੂੰ ਬਦਲਵੇਂ ਰੂਪ ਵਿਚ ਬਿੱਲ ਅਗਸਤ 2023 ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਗਿਆ, ਜਿਨ੍ਹਾਂ ਬਾਰੇ ਕਾਨੂੰਨ ਤੇ ਸੰਵਿਧਾਨ ਦੇ ਜਾਣਕਾਰ ਹਲਕਿਆਂ ਵਲੋਂ, ਤਿੱਖੀ ਮੁਖਾਲਫਤ ਦੇ ਮੱਦੇਨਜ਼ਰ ਵਾਪਸ ਲੈ ਲਿਆ ਗਿਆ ਤੇ ਦਸੰਬਰ 9, 2023 ਨੂੰ ਤਿੰਨਾਂ ਕਾਨੂੰਨਾਂ ਦਾ ਬਦਲਵਾਂ ਰੂਪ ਦੇ ਨਾਂ ਹੇਠ ਬਿੱਲ ਪੇਸ਼ ਕੀਤਾ ਗਿਆ। ਜਿਨ੍ਹਾਂ ਨੂੰ ਪਾਰਲੀਮੈਂਟ ਦੇ 146 ਮੈਂਬਰਾਂ ਨੂੰ ਮੁਅੱਤਲ ਕਰ ਕੇ, ਬਿਨਾਂ ਸਾਰਥਕ ਬਹਿਸ ਦੇ ਪਾਸ ਕਰਾ ਲਿਆ ਗਿਆ ਤੇ ਹੁਣ ਇਕ ਜੁਲਾਈ 2024 ਤੋਂ ਇਹ ਲਾਗੂ ਹੋ ਗਏ ਹਨ।

ਨਵੇਂ ਕਾਨੂੰਨਾਂ ਦਾ ਨਾਂ ਗੂੜ੍ਹ ਹਿੰਦੀ ਵਿਚ ਕਰ ਦਿੱਤਾ ਗਿਆ ਜਿਵੇਂ ਕਿ ਇੰਡੀਅਨ ਪੀਨਲ ਕੋਡ 1860 ਦੀ ਬਜਾਏ "ਭਾਰਤੀਆ ਨਿਆਂਏ

**ਜੋਗਿੰਦਰ ਸਿੰਘ ਤੂਰ**
**ਫੋਨ: 647-830-0141**

(ਸੈਕੰਡ) ਸਨਹਿਤਾ 2023 THE BHARTIYA NYAYA (SECOND) SANHITA (2023) ਅਤੇ ਕ੍ਰਿਮੀਨਲ ਪ੍ਰੋਸੀਜ਼ਰ ਕੋਡ 1973 ਦੀ ਬਜਾਏ BHARTIYA NAGARIK BILL 2023 ਅਤੇ ਐਵੀਡੈਂਸ ਐਕਟ ਦੀ ਬਜਾਏ BHARTIYA NAGARIK SURAKHSHA SANHITA BILL 2023 ਰੱਖਿਆ ਹੈ।

ਭਾਰਤੀ ਫੌਜਦਾਰੀ ਕਾਨੂੰਨ ਪੁੰਨ-ਪਾਪ 'ਤੇ ਆਧਾਰਿਤ ਸੀ। ਨਿਆਂ ਕਰਨ ਵਾਸਤੇ, ਪੰਡਤਾਂ ਤੇ ਕਾਜ਼ੀਆਂ ਦੀ ਰਾਏ ਤੇ ਵਿਆਖਿਆ ਉਨ੍ਹਾਂ ਲਈ ਜਾਣਕਾਰੀ ਦਾ ਸਰੋਤ ਸੀ। ਸ਼ਰੀਅਤ ਮੁਸਲਮਾਨਾਂ ਵਾਸਤੇ, ਮਨੂੰ ਸਮਰਿਤੀ ਹਿੰਦੂਆਂ ਵਾਸਤੇ। ਸਮਰਿਤੀਆਂ ਵੀ ਇੱਕ ਤੋਂ ਵੱਧ ਸਨ।

ਅੰਗਰੇਜ਼ਾਂ ਨੇ ਹੌਲੀ ਹੌਲੀ ਭਾਰਤ ਦੇ ਕਾਫੀ ਵੱਡੇ ਹਿਸੇ 'ਤੇ ਕਬਜ਼ਾ ਕਰ ਲਿਆ ਸੀ। ਅਖੀਰਲੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਕਿਹਾ ਤਾਂ ਸ਼ਹਿਨਸ਼ਾਹ-ਏ-ਆਲਮ (ਸਾਰੀ ਦੁਨੀਆਂ ਦਾ ਬਾਦਸ਼ਾਹ) ਕਿਹਾ ਜਾਂਦਾ ਸੀ, ਪਰ ਉਸ ਦਾ ਹੁਕਮ "ਅਜ਼ ਦੇਹਲੀ ਤਾਂ ਪਾਲਮ" ਭਾਵ ਦਿੱਲੀ ਤੋਂ ਪਾਲਮਪੁਰ, ਜਿੱਥੇ ਦਿੱਲੀ ਦਾ ਪਾਲਮ ਏਅਰ ਪੋਰਟ ਬਣਿਆ ਸੀ ਉੱਥੋਂ ਤੱਕ ਹੀ ਚਲਦਾ ਸੀ।

ਅੰਗਰੇਜ਼ਾਂ ਨੇ ਦੀਵਾਨੀ ਮਸਲਿਆਂ ਦਾ ਇਨਸਾਫ ਆਪਣੇ ਹੱਥ ਲੈ ਲਿਆ ਸੀ। ਫੌਜਦਾਰੀ ਮੁਕੱਦਮਿਆਂ ਵਾਸਤੇ ਵੱਖਰੀ ਨਿਆਂ ਪ੍ਰਣਾਲੀ ਤੇ ਨਿਆਂਇਕ ਅਦਾਲਤਾਂ ਦੀ ਲੋੜ ਸੀ।

1835 ਵਿਚ ਹਿੰਦੁਸਤਾਨ ਵਿਚ ਫੌਜਦਾਰੀ ਮਾਮਲਿਆਂ ਸਬੰਧੀ ਕਾਨੂੰਨ ਤੇ ਅਦਾਲਤਾਂ ਬਣਾਉਣ ਲਈ ਚਾਰ ਮੈਂਬਰੀ ਕਮਿਸ਼ਨ ਬਣਾਇਆ ਗਿਆ ਜਿਸ ਦੇ ਚੇਅਰਮੈਨ ਲਾਰਡ ਮਕਾਲੇ (MACAULAY) ਸਨ ਜਿਸ ਦਾ ਪੁਰਾਣਾ ਪੂਰਾ ਨਾਂ (TOMAS BABINGTON MACAULAY) ਸੀ। ਉਹ 1830 ਵਿਚ ਇੰਗਲੈਂਡ ਦੀ ਪਾਰਲੀਮੈਂਟ ਦਾ ਮੈਂਬਰ ਬਣਿਆ ਤੇ 1834 ਵਿਚ ਗਵਰਨਰ ਜਨਰਲ ਹਿੰਦ ਦੀ ਕੌਂਸਲ ਦਾ ਮੈਂਬਰ ਬਣਾਇਆ ਗਿਆ। ਉਹ ਚਾਰ ਸਾਲ ਹਿੰਦੁਸਤਾਨ ਵਿਚ ਰਿਹਾ ਤੇ ਕਈ ਵਿਸ਼ਿਆਂ 'ਤੇ ਆਪਣੀ ਰਾਏ ਗਵਰਨਰ ਜਨਰਲ ਨੂੰ ਦੇਂਦਾ ਰਿਹਾ।

ਉਸ ਦਾ ਅੰਗਰੇਜ਼ਾਂ ਨੂੰ ਇੱਕ ਸੁਝਾਅ ਇਹ ਸੀ ਕਿ ਜੇਕਰ ਤੁਸੀਂ ਹਿੰਦੁਸਤਾਨ 'ਤੇ ਰਾਜ ਕਾਇਮ ਰੱਖਣਾ ਹੈ ਤਾਂ ਤੁਹਾਨੂੰ ਪਤਾ ਹੋਵੇ ਕਿ ਹਿੰਦੁਸਤਾਨ ਦੀਆਂ ਸਮਾਜਿਕ ਤੇ ਕਲਚਰਲ ਭਾਵਨਾਵਾਂ ਏਨੀਆਂ ਤਕੜੀਆਂ ਹਨ ਕਿ ਤੁਸੀਂ ਉਨ੍ਹਾਂ ਨੂੰ ਤੋੜ ਨਹੀਂ ਸਕੋਗੇ। ਤੁਹਾਡੇ ਵਾਸਤੇ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਕਾਲੋਨੀਆਂ ਵਿਚ, ਅੰਗਰੇਜ਼ੀ ਭਾਸ਼ਾ ਨੂੰ ਵੱਧ ਤੋਂ ਵੱਧ ਪ੍ਰਚਾਓ। ਦੂਜਾ ਤੁਸੀਂ ਇਥੋਂ ਦੇ ਲੋਕਾਂ ਦੇ ਮਨਾਂ ਵਿਚ ਇਹ ਭਾਵਨਾ ਪੈਦਾ ਕਰੋ ਕਿ ਸਾਡੀ ਬਣਾਈ ਹੋਈ ਹਰ ਚੀਜ਼ ਤੁਹਾਡੀ ਨਾਲੋਂ ਚੰਗੀ ਹੈ। ਇਸ ਨਾਲ ਉਹ ਮਾਨਸਿਕ ਹੀਣਤਾ ਦਾ ਸ਼ਿਕਾਰ ਹੋਣਗੇ।

ਭਾਰਤ ਦੇ ਵੱਖ-ਵੱਖ ਹਿਸਿਆਂ ਵਿਚ ਵਿਚਰਨ ਤੋਂ ਬਾਅਦ, ਮੈਕਾਲੇ ਕਮਿਸ਼ਨ ਨੇ, ਇੰਡੀਅਨ ਪੀਨਲ ਕੋਡ ਦਾ ਡਰਾਫਟ 14 ਅਕਤੂਬਰ 1837 ਨੂੰ ਗਵਰਨਰ ਜਨਰਲ-ਇਨ-ਕੌਂਸਲ ਨੂੰ ਭੇਟ ਕੀਤਾ। ਇਹ ਡਰਾਫਟ ਉਸ ਵੇਲੇ ਕੰਮ ਕਰ ਰਹੇ ਜੱਜਾਂ ਤੇ ਗਵਰਨਰ ਜਨਰਲ ਦੇ




*ਬਰਨਾਲਾ ਕਨਵੈਨਸ਼ਨ ਮਗਰੋਂ ਸ਼ਹਿਰ ਵਿਚ ਰੋਸ ਮਾਰਚ ਕਰਦੇ ਹੋਏ ਲੋਕ ਮੋਰਚਾ ਪੰਜਾਬ ਦੇ ਆਗੂ ਤੇ ਕਾਰਕੁਨ। -ਫੋਟੋ: ਪਰਸ਼ੋਤਮ ਬੱਲੀ*

ਐਡਵਾਈਜ਼ਰਜ਼ ਭਾਵ ਸਲਾਹਕਾਰਾਂ ਨੂੰ ਵੀ ਭੇਜਿਆ ਗਿਆ। ਪਰ ਉਸ ਵੇਲੇ ਦੇ ਬਗਾਵਤੀ ਮਾਹੌਲ ਜੋ 1857 ਤੋਂ ਪਹਿਲਾਂ ਮੌਜੂਦ ਸਨ, ਕਾਰਨ ਪਾਸ ਨਾ ਹੋ ਸਕਿਆ। 1857 ਵਿਚ ਮੁਗਲ ਰਾਜ ਦੇ ਖਾਤਮੇ ਤੇ ਅੰਗਰੇਜ਼ਾਂ ਦੇ ਵੱਡੀ ਮਾਤਰਾ ਵਿਚ, ਜਾਨੀ ਤੇ ਮਾਲੀ ਨੁਕਸਾਨ ਕਾਰਨ ਈਸਟ ਇੰਡੀਆ ਕੰਪਨੀ ਤੋਂ ਰਾਜ ਖੋਹ ਲਿਆ ਤੇ 1858 ਵਿਚ ਹਿੰਦੁਸਤਾਲ 'ਤੇ ਤਾਜ ਬਰਤਾਨੀਆ ਦਾ ਰਾਜ ਹੋ ਗਿਆ।

1857 ਦੀ ਜੰਗ-ਏ-ਅਜ਼ਾਦੀ ਵੇਲੇ ਜੋ ਘਟਨਾਵਾਂ ਵਾਪਰੀਆਂ ਉਹ ਦਿਲ ਹਿਲਾ ਦੇਣ ਵਾਲੀਆਂ ਸਨ। ਇਨ੍ਹਾਂ ਘਟਨਾਵਾਂ ਦਾ ਲੰਮਾ ਵਿਸਥਾਰ ਹੈ, ਜਿਨ੍ਹਾਂ ਵਿਚੋਂ ਇੱਕ ਦਾ ਨਮੂਨਾ, ਪ੍ਰਸਿੱਧ ਪਾਕਿਸਤਾਨੀ ਲੇਖਕ ਨੈਣ ਸੁਖ ਨੇ ਆਪਣੀ ਕਿਤਾਬ "ਧਰਤੀ ਪੰਜ ਦਰਿਆਈ" ਵਿਚ ਦਿੱਤਾ ਹੈ।

ਪੰਜਾਬ ਦੀ ਲਹਿੰਦੀ ਬਾਹੀ ਹਿਸਾਰ ਵਿਚ ਬਾਗ਼ੀਆਂ ਨੇ ਕੈਪਟਨ ਰਾਬਰਟਸਨ ਦੀ ਗੋਰਾ ਪਲਟਨ ਦੇ ਸਾਰੇ ਅਫ਼ਸਰ ਕਤਲ ਕਰ ਦਿਤੇ, ਜਿਹੜਾ ਆਪ ਓਥੋਂ ਸਿਰ ਲੈ ਗਿਆ ਤੇ ਗੋਗੇਰਾ ਆ ਲੁਕਿਆ.....। "ਗੋਗੇਰਾ ਜੇਲ੍ਹ ਵਿਚ ਬਾਗ਼ੀਆਂ ਦੀ ਭਰਮਾਰ, ਨਿੱਤ ਬਾਗ਼ੀ ਕੈਦ ਹੋ ਕੇ ਆ ਰਹੇ। ਜੇਲ੍ਹ ਵਲਣ ਲਈ ਵਾਹ ਨਹੀਂ ਰਹੀ, ਮੌਕੇ 'ਤੇ ਸਜ਼ਾ ਦਾ ਹੁਕਮ ਹੋਇਆ। ਜੇਹੜਾ ਮਾਮਲਾ ਤਾਰਨ ਤੋਂ ਇਨਕਾਰ ਕਰੇ, ਓਹਨੂੰ ਥਾਂ 'ਤੇ ਈ ਗੋਰਾ ਅਫ਼ਸਰ ਗੋਲੀ ਮਾਰ ਦੇਂਦਾ।"

ਇਨ੍ਹਾਂ ਹਾਲਾਤਾਂ ਵਿਚ ਹਿੰਦੋਸਤਾਨ ਜਿਸ ਵਿਚ ਬਰਮਾ ਵੀ ਸ਼ਾਮਿਲ ਸੀ, ਨੂੰ ਕਾਬੂ ਕਰਨ ਵਾਸਤੇ ਇੰਡੀਅਨ ਪੀਨਲ ਕੋਡ ਵਿਚ ਇਕ ਵੱਖਰਾ ਅਧਿਆਏ ਧਾਰਾ 141 ਤੋਂ 150 ਤੱਕ ਜੋ ਪ੍ਰਾਵਧਾਨ ਕੀਤੇ ਗਏ, ਉਸ ਦਾ ਆਧਾਰ ਤੇ ਬਣਤਰ ਅੰਗਰੇਜ਼ਾਂ ਦੇ ਮਨ ਵਿਚ ਕੁਝ ਸ਼ਬਦਾਂ ਤੇ ਉਨ੍ਹਾਂ ਦੀਆਂ ਵਿਵਸਥਾਵਾਂ ਪਲ ਰਹੀਆਂ ਸਨ।

ਲੋਕਾਂ ਨੂੰ ਇਕੱਠੇ ਹੋ ਕੇ ਬੈਠਣ ਤੋਂ ਰੋਕਣਾ ਤਾਂ ਕਿ ਉਨ੍ਹਾਂ ਦੇ ਖ਼ਿਲਾਫ ਕੋਈ ਵਿਉਂਤਬੰਦੀ ਜਾਂ ਸਾਜ਼ਿਸ਼ ਨਾ ਰਚ ਸਕਣ। ਇਸ ਲਈ ਪੰਜ ਆਦਮੀਆਂ ਤੋਂ ਵੱਧ, ਵਰਜਿਤ ਥਾਂ 'ਤੇ ਇਕੱਠੇ ਹੋਣ ਜਾਂ ਬੈਠਣ 'ਤੇ ਰੋਕ ਲਗਾ ਦਿੱਤੀ ਤੇ ਇਸ ਨੂੰ ਅਨ-ਲਾਅ-ਫੁਲ ਅਸੈਂਬਲੀ ਭਾਵ ਗੈਰ ਕਾਨੂੰਨੀ ਇਕੱਠ ਕਿਹਾ ਗਿਆ।

ਇਸ ਵਿਚ ਮਨਾਹੀ ਕੀਤੀ ਗਈ ਕਿ ਤੁਸੀਂ ਸਰਕਾਰ ਦੇ ਖ਼ਿਲਾਫ ਇਸ ਧਾਰਾ ਵਿਚ ਵਰਜਿਤ ਗੱਲਾਂ ਨਹੀਂ ਕਰ ਸਕਦੇ। ਜੇਕਰ ਤੁਸੀਂ ਇਸ ਧਾਰਾ ਦੀ ਉਲੰਘਣਾ ਕਰਦੇ ਹੋ ਤਾਂ 6 ਮਹੀਨੇ ਦੀ ਕੈਦ ਤੇ ਜੁਰਮਾਨਾ ਹੋ ਸਕਦੇ ਹਨ। ਹੁਣ ਨਵੇਂ ਕਾਨੂੰਨ ਵਿਚ ਧਾਰਾ 189 ਹੈ।

ਅੰਗਰੇਜ਼ ਸਰਕਾਰ ਨੂੰ ਡਰ ਸੀ ਕਿ 1857 ਵਾਲੇ ਸੰਘਰਸ਼ ਨੂੰ ਦੋਹਰਾਇਆ ਜਾ ਸਕਦਾ ਹੈ ਇਸ ਨੂੰ ਰੋਕਣ ਲਈ ਆਈਪੀਸੀ ਦੀ ਧਾਰਾ 121 ਪਾਈ ਗਈ। ਜਿਸ ਵਿਚ ਸਰਕਾਰ ਦੇ ਖਿਲਾਫ਼ ਜੰਗ ਛੇੜਨਾ, ਜਾਂ ਜੰਗ ਛੇੜਨ ਦੀ ਕੋਸ਼ਿਸ਼ ਕਰਨਾ, ਜਾਂ ਛੇੜਨ ਲਈ ਉਤਸ਼ਾਹਿਤ ਕਰਨਾ ਧਾਰਾ 121 ਅਧੀਨ ਜੁਰਮ ਹੈ। ਇਸ ਦੀ ਸਜ਼ਾ ਮੌਤ ਜਾਂ ਉਮਰ ਕੈਦ ਅਤੇ ਜੁਰਮਾਨਾ ਹੋ ਸਕਦੇ ਹਨ। ਹੁਣ ਵੀ ਧਾਰਾ 147 ਬੀਐੱਨਐੱਸ ਹੂ ਬਹੂ ਧਾਰਾ 121 ਦੀ ਕਾਪੀ ਹੈ। ਸਜਾਏ ਮੌਤ ਤੇ ਜੁਰਮਾਨਾ ਕਾਇਮ ਹਨ।

ਇਨ੍ਹਾਂ ਗੱਲਾਂ ਤੋਂ ਇਲਾਵਾ 1860 ਵਿਚ ਇੰਡੀਅਨ ਪੀਨਲ ਕੋਡ ਦੇ ਲਾਗੂ ਹੋਣ ਤੋਂ ਬਾਅਦ, ਅੰਗਰੇਜ਼ਾਂ ਨੂੰ ਜੋ ਘਾਟ ਮਹਿਸੂਸ ਹੋਈ, ਉਹ ਸੀ ਬਗਾਵਤ ਰੋਕਣ ਬਾਰੇ ਕੋਈ ਧਾਰਾ ਨਹੀਂ ਸੀ। ਇਸ ਘਾਟ ਨੂੰ ਪੂਰਾ ਕਰਨ ਲਈ 1870 ਵਿਚ ਧਾਰਾ 124ਓ ਏ ਜੋੜੀ ਗਈ। ਜਿਸ ਅਨੁਸਾਰ ਸਰਕਾਰ ਦੇ ਖ਼ਿਲਾਫ ਨਫ਼ਰਤ ਪੈਦਾ ਕਰਨਾ ਦੁਰਭਾਵਨਾ ਵਧਾਉਣਾ ਤੇ ਸਰਕਾਰ ਦੇ ਕੰਮਾਂ ਦੀ ਨਿੰਦਿਆ ਕਰਨਾ ਮਨ੍ਹਾ ਕਰ ਦਿਤਾ ਗਿਆ। ਇਸ ਦੀ ਵੀ ਸਜ਼ਾ ਉਮਰ ਕੈਦ ਤੇ ਜੁਰਮਾਨਾ ਸੀ।

ਇਸ ਧਾਰਾ ਦੀ ਅੰਗਰੇਜ਼ਾਂ ਵਲੋਂ ਅਤੇ ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਸਰਕਾਰਾਂ ਵਲੋਂ ਖ਼ੂਬ ਦੁਰਵਰਤੋਂ ਕੀਤੀ ਗਈ।

ਧਾਰਾ 124-ਏ ਅਨੁਸਾਰ, ਕੋਈ ਵੀ, ਜੋ ਸ਼ਬਦਾਂ ਰਾਹੀਂ, ਭਾਵੇਂ ਬੋਲ ਕੇ, ਜਾਂ ਲਿਖ ਕੇ, ਇਸ਼ਾਰਿਆਂ ਨਾਲ ਜਾਂ ਲਿਖਤੀ ਪ੍ਰਾਰਥਨਾ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਸਰਕਾਰ ਦੇ ਖ਼ਿਲਾਫ਼ ਦੁਰਭਾਵਨਾ ਜਾਂ ਨਫ਼ਰਤ ਜਾਂ ਬੇਗਾਨਗੀ, ਪੈਦਾ ਕਰਦਾ ਹੈ, ਜਾਂ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਸਜ਼ਾ ਦਾ ਭਾਗੀ ਹੋਵੇਗਾ ਜਿਸ ਵਿਚ ਉਮਰ ਕੈਦ, ਅਤੇ ਜੁਰਮਾਨਾ ਜਾਂ ਕੇਸ ਦੀ ਨੌਈਅਤ ਅਨੁਸਾਰ ਤਿੰਨ ਸਾਲ ਦੀ ਕੈਦ ਤੇ ਜੁਰਮਾਨਾ ਹੋ ਸਕਦਾ ਹੈ।

ਲਫ਼ਜ਼ ਬੇਗਾਨਗੀ (disaffection) ਵਿਚ ਦੁਸ਼ਮਣੀ ਦੀ ਭਾਵਨਾ ਤੇ ਨਾਫਰਮਾਨੀ ਸ਼ਾਮਲ ਹੈ।

ਇਸ ਧਾਰਾ ਦੀ ਵੀ ਸ਼ੁਰੂ ਤੋਂ ਲੈ ਕੇ ਹੀ ਬੜੀ ਦੁਰਵਰਤੋਂ ਹੋਈ ਹੈ। ਸਰਕਾਰ ਕਿਸੇ ਵੀ ਵਿਰੋਧੀ ਖ਼ਿਲਾਫ ਇਹ ਧਾਰਾ ਲਾ ਕੇ, ਉਸ ਦੀ ਜ਼ਮਾਨਤ ਮੁਸ਼ਕਲ ਬਣਾ ਸਕਦੀ ਹੈ ਤੇ ਉਸ ਨੂੰ ਲੰਬੇ ਸਮੇਂ ਤੱਕ ਅੰਦਰ ਰੱਖਿਆ ਜਾ ਸਕਦਾ ਹੈ।

ਇਸ ਧਾਰਾ ਤੋਂ ਦੁਖੀ, ਕਈ ਵਿਅਕਤੀਆਂ ਨੇ, ਫੈਡਰਲ ਕੋਰਟ ਤੇ ਪ੍ਰਿਵੀ ਕੌਂਸਲ ਜੋ ਆਜ਼ਾਦੀ ਤੋਂ ਪਹਿਲਾਂ ਉੱਚ ਅਦਾਲਤਾਂ ਸਨ ਤੇ ਆਜ਼ਾਦੀ ਤੋਂ ਬਾਅਦ ਮਾਣਯੋਗ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਤੇ ਕਈ ਆਪਾ ਵਿਰੋਧੀ ਫੈਸਲੇ ਆਏ।

1962 ਵਿਚ ਇਸ ਧਾਰਾ ਦਾ ਕੇਦਾਰ ਨਾਥ ਬਨਾਮ ਬਿਹਾਰ ਸਰਕਾਰ ਕੇਸ ਵਿਚ, ਇਸ ਦੀ ਸੰਵਿਧਾਨਤਾ ਨੂੰ ਚੈਲੰਜ ਕੀਤਾ ਗਿਆ ਕਿ ਇਹ ਸੰਵਿਧਾਨ ਦੀ ਧਾਰਾ 19(1) (ਏ) ਨੂੰ ਜਦੋਂ ਕਲਾਜ਼ 2 ਨਾਲ ਜੋੜ ਕੇ ਪੜ੍ਹਦੇ ਹਾਂ ਤਾਂ ਇਹ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਉਲੰਘਣਾ ਤਾਂ ਨਹੀਂ'

ਮਾਣਯੋਗ ਸੁਪਰੀਮ ਕੋਰਟ ਦਾ ਆਦੇਸ਼ ਸੀ ਕਿ ਪ੍ਰਗਟ ਕੀਤੇ ਗਏ ਜਾਂ ਲਿਖੇ ਗਏ ਸ਼ਬਦ ਉਦੋਂ ਹੀ ਜੁਰਮ ਦੀ ਪਰਿਭਾਸ਼ਾ ਵਿਚ ਆਉਣਗੇ ਜਦੋਂ ਉਨ੍ਹਾਂ ਰਾਹੀਂ, ਅਰਾਜਕਤਾ, ਅਮਨ-ਚੈਨ ਦੀ ਦੁਰਗਤੀ, ਹਿੰਸਕ ਕਾਰਵਾਈ, ਲਿਪਤ ਕਾਰਵਾਈ ਹੋਵੇ। ਸਿਰਫ਼ ਨਾਹਰੇ ਲਾਉਣਾ ਇਸ ਦੀ ਪਰਿਭਾਸ਼ਾ ਵਿਚ ਜੁਰਮ ਨਹੀਂ ਬਣਦਾ।

ਸਰਕਾਰ ਦਾ ਪਾਰਲੀਮੈਂਟ ਵਿਚ ਕਹਿਣਾ ਹੈ ਕਿ ਅਸੀਂ ਇਹ ਧਾਰਾ ਖਤਮ ਕਰ ਦਿੱਤੀ ਹੈ, ਤੇ ਹੁਣ ਸਰਕਾਰ ਨੂੰ ਨਿੰਦਣਾ ਜੁਰਮ ਨਹੀਂ। ਠੀਕ ਨਹੀਂ। ਹੁਣ ਹੋਰ ਕਈ ਧਾਰਾਵਾਂ ਵਿਚ ਇਹ ਦਰਜ ਕਰ ਦਿੱਤਾ ਗਿਆ ਹੈ। ਹੁਣ ਜਦੋਂ ਬੀਐਨਐੱਸ ਭਾਵ ਨਵੇਂ ਪੀਨਲ ਕੋਡ ਨੂੰ ਵੇਖਦੇ ਹਾਂ ਤਾਂ ਪੁਰਾਣੇ ਐਕਟ ਦੀਆਂ ਲਗਭਗ ਸਾਰੀਆਂ ਧਾਰਾਵਾਂ ਨਵੇਂ ਐਕਟ ਵਿਚ ਪਾ ਲਈਆਂ ਗਈਆਂ ਹਨ।

ਪੁਰਾਣੇ ਐਕਟ ਦੀ ਧਾਰਾ 141, ਸਰਕਾਰ ਦੇ ਖ਼ਿਲਾਫ ਜੰਗ ਛੇੜਨ ਜਾਂ ਇਸ ਦੀ ਕੋਸ਼ਿਸ਼ ਕਰਨਾ, ਜਾਂ ਸ਼ਹਿ ਦੇਣਾ, ਜਾਂ ਕਿਸੇ ਅਜਿਹੀ ਪਾਰਟੀ ਜਾਂ ਸੰਸਥਾ ਦੇ ਮੈਂਬਰ ਬਣ ਜਾਣਾ ਜਿਸ ਦਾ ਮੁੱਦਾ ਸਰਕਾਰ ਡੇਗਣਾ ਹੈ, ਉਸ ਨੂੰ ਮੌਤ ਦੀ ਸਜ਼ਾ ਜਾਂ ਉਮਰ ਕੈਦ ਸਣੇ ਜੁਰਮਾਨੇ, ਹੋ ਸਕਦੀ ਹੈ।

ਹੁਣ ਧਾਰਾ 147 ਹੂ-ਬਹੂ ਉਹੀ ਹੈ ਜੋ ਧਾਰਾ 141 ਸੀ। ਮੌਤ ਦੀ ਸਜ਼ਾ ਕਈ ਦੇਸ਼ਾਂ ਨੇ ਖਤਮ ਕਰ ਦਿੱਤੀ ਹੈ। ਕਈ ਇਸ ਨੂੰ ਖਤਮ ਕਰਨ 'ਤੇ ਵਿਚਾਰ ਕਰ ਰਹੇ ਹਨ, ਭਾਰਤ ਵਿਚ ਵੀ ਇਸ ਨੂੰ ਖਤਮ ਕਰਨ ਦੀ ਮੰਗ ਹੋ ਰਹੀ ਹੈ ਪਰ ਮੌਜੂਦਾ ਸਰਕਾਰ ਨੇ ਇਸ ਨੂੰ ਅਪਣਾਅ ਲਿਆ ਹੈ। ਜਦੋਂ ਕਿ ਮਾਣਯੋਗ ਸੁਪਰੀਮ ਕੋਰਟ ਨੇ ਵੀ ਮੌਤ ਦੀ ਸਜ਼ਾ ਖਤਮ ਕਰਨ ਬਾਰੇ ਵਿਚਾਰ ਕਰਨ ਲਈ ਕਿਹਾ।

ਇਸੇ ਤਰ੍ਹਾਂ ਲੋਕਾਂ ਦੇ ਇਕੱਠੇ ਹੋਣ ਤੇ ਆਪਸ ਵਿਚ ਰਾਏ ਮਸ਼ਵਰਾ ਕਰਨ, ਅੰਗਰੇਜ਼ਾਂ ਨੇ ਪੰਜ ਬੰਦਿਆਂ ਜਾਂ ਉਸ ਤੋਂ ਵੱਧ, ਇਕੱਠੇ ਹੋਣਾ ਜਿਸ ਦੀ ਵਾਰਤਾਲਾਪ ਸਰਕਾਰ ਵਿਰੋਧੀ ਜਾਂ ਸਰਕਾਰ ਨੂੰ ਆਪਣੀ ਅਪਰਾਧਕ ਮਨਸ਼ਾ ਨਾਲ ਡਰਾਉਣ ਦੀ ਕੋਸ਼ਿਸ਼ ਕਰਨਾ, ਕਿਸੇ ਕਾਨੂੰਨ ਨੂੰ ਨਾਂ ਮੰਨਣਾ ਜਾਂ ਕਾਨੂੰਨ ਲਾਗੂ ਕਰਨ ਦਾ ਵਿਰੋਧ ਕਰਨਾ ਜਾਂ ਰੁਕਾਵਟ ਪਾਉਣਾ, ਆਦਿਕ ਕਈ ਕੁਝ ਗਿਣਿਆ ਹੋਇਆ ਹੈ। ਜੋ ਸੰਵਿਧਾਨ ਵਿਚ ਵਿਚਾਰਾਂ ਦੇ ਪ੍ਰਗਟਾਅ ਦੀ ਇਜਾਜ਼ਤ ਦੇਂਦਾ ਹੈ, ਦੀ ਉਲੰਘਣਾ ਹੈ।

ਇਕ ਹੋਰ ਖਤਰਨਾਕ ਧਾਰਾ ਹੈ ਜਿਸ ਅਨੁਸਾਰ, ਕਿਤੇ ਵੀ ਪ੍ਰੋਟੈਸਟ ਕਰ ਰਹੇ ਇਕੱਠ, ਜਾਂ ਧਰਨੇ 'ਤੇ ਬੈਠੇ 5 ਤੋਂ ਵੱਧ ਵਿਅਕਤੀ, ਉਸ ਗੈਰ-ਕਾਨੂੰਨੀ ਇਕੱਠ ਦਾ ਹਿੱਸਾ ਹਨ, ਤੇ ਉਨ੍ਹਾਂ ਨੂੰ ਕਮਾਂਡ ਦਿੱਤੀ ਜਾਂਦੀ ਹੈ ਕਿ ਤੁਸੀਂ ਇੱਥੋਂ ਉਠ ਜਾਓ, ਤੇ ਤਿਤਰ-ਬਿਤਰ ਹੋ ਜਾਓ ਤੇ ਉਹ ਲੋਕ ਕਮਾਂਡ ਦੇ ਬਾਵਜੂਦ ਉਥੋਂ ਉਠਦੇ ਨਹੀਂ ਤੇ ਉਥੋਂ ਜਾਣ ਤੋਂ ਇਨਕਾਰੀ ਹਨ ਤਾਂ ਉਹ ਸਾਰੇ 2-2 ਸਾਲ ਦੀ ਕੈਦ ਦੇ ਭਾਗੀ ਹੋਣਗੇ।

ਜਿਥੇ ਵੀ ਉਮਰ ਕੈਦ ਦਾ ਜ਼ਿਕਰ ਆਉਂਦਾ ਹੈ, ਉਹ ਸਜ਼ਾ ਉਸ ਦੀ ਬਾਕੀ ਜ਼ਿੰਦਗੀ ਦੇ ਅੰਤ ਤੱਕ ਭੁਗਤਣੀ ਪਵੇਗੀ। ਇਹ ਨਵਾਂ ਕਾਨੂੰਨ ਹੈ। ਹੁਣ 14 ਸਾਲ, ਜਾਂ ਇਸ ਤੋਂ ਘੱਟ ਸਜ਼ਾ ਕੱਟ ਕੇ ਬਾਹਰ ਆ ਜਾਣਾ ਬੰਦ ਕਰ ਦਿੱਤਾ ਗਿਆ ਹੈ।

ਸਜ਼ਾਵਾਂ ਜੋ ਦਿੱਤੀਆਂ ਜਾ ਸਕਦੀਆਂ ਹਨ ਉਹ, ਕੈਦ ਬਾ-ਮੁਸ਼ੱਕਤ, ਸਾਧਾਰਨ ਕੈਦ, ਉਮਰ ਕੈਦ ਤੇ ਮੌਤ ਦੀ ਸਜ਼ਾ ਹਨ। ਹੁਣ ਇਸ ਨਵੇਂ ਕਾਨੂੰਨ ਵਿਚ Community Service ਦੀ ਸਜ਼ਾ ਵੀ ਜੋੜੀ ਗਈ ਹੈ। ਅਦਾਲਤ ਛੋਟੇ ਜੁਰਮਾਂ ਵਿਚ, ਜਾਂ ਦੂਜੀ ਸਜ਼ਾ ਦੇ ਨਾਲ ਕਮਿਊਨਿਟੀ ਸਰਵਿਸ ਵੀ ਲਾ ਸਕਦੀ ਹੈ। ਜਿਸ ਦਾ ਮਤਲਬ ਹੈ ਕਿ ਛੋਟੇ ਜੁਰਮ ਦੇ ਦੋਸ਼ੀ ਨੂੰ ਜੇਲ੍ਹ ਭੇਜਣ ਦੀ ਬਜਾਏ, ਉਹਨੂੰ ਕੋਈ ਸਮਾਜ ਸੇਵਾ ਲਾਈ ਜਾ ਸਕਦੀ ਹੈ। ਇਸ ਦੀ ਵਿਆਖਿਆ ਨਹੀਂ ਕੀਤੀ ਗਈ ਕਿ ਇਹ ਸਮਾਜ ਸੇਵਾ ਕਿਵੇਂ ਹੋਏਗੀ।

ਕਈ ਬਾਹਰਲੇ ਦੇਸ਼ਾਂ ਵਿਚ ਇਹ ਸੇਵਾ, ਮਿਥੇ ਸਮੇਂ ਲਈ ਮੁਜਰਮ ਨੂੰ, ਰੋਜ਼ ਕਿਸੇ ਥਾਂ 'ਤੇ ਸਫਾਈ ਰੱਖਣੀ, ਬੱਚਿਆਂ ਦੇ ਸਕੂਲ ਦੇ ਟਾਈਮ 'ਤੇ ਉਨ੍ਹਾਂ ਦੀ ਸੜਕ ਪਾਰ ਕਰਨ ਵਿਚ ਮਦਦ, ਜਾਂ ਕੋਈ ਕੰਮ ਜਿਹਨੂੰ ਸਮਾਜ ਸੇਵਾ ਸਮਝਿਆ ਗਿਆ ਹੋਵੇ ਉਹ 6 ਮਹੀਨੇ, ਸਾਲ ਜਾਂ ਜਿੰਨੀ ਸਜ਼ਾ ਸੁਣਾਈ ਗਈ ਹੈ ਉਸ ਦਾ ਪੂਰਾ ਹਿੱਸਾ ਜਾਂ ਕੁਝ ਹਿੱਸਾ ਜੇਲ੍ਹ ਵਿਚ ਤੇ ਕੁਝ ਸਮਾਜ ਸੇਵਾ ਵਿਚ ਲਾਵੇ।

BNSS 2023 ਦੀ ਧਾਰਾ 21 ਅਨੁਸਾਰ, ਉਹ ਸਾਰੇ ਜੁਰਮ ਜਿਹੜੇ ਧਾਰਾ 64, 65,66, 67, 68, 69, 70 ਅਤੇ 71 ਅਧੀਨ ਇਸਤਰੀਆਂ ਦੀ ਬੇਹੁਰਮਤੀ ਬਾਰੇ ਹਨ, ਦੀ ਸੁਣਵਾਈ ਕਿਸੇ ਲੇਡੀ ਜੱਜ ਵਲੋਂ ਹੋਏਗੀ।

1973 ਦਾ ਜ਼ਾਬਤਾ ਫੌਜਦਾਰੀ (Criminal Procedure Code) ਵਿਚ 107, 151 ਧਾਰਾਵਾਂ ਹੇਠ, ਕਿਸੇ ਹੋ ਸਕਣ ਵਾਲੇ ਜੁਰਮ ਦੀ ਰੋਕਥਾਮ ਲਈ ਪੁਲੀਸ ਅਫਸਰ ਨੂੰ ਅਧਿਕਾਰ ਸੀ ਕਿ ਉਹ ਸ਼ੱਕੀ ਆਦਮੀ ਨੂੰ ਬਿਨਾਂ ਵਾਰੰਟ, ਗ੍ਰਿਫ਼ਤਾਰ ਕਰ ਸਕਦਾ ਸੀ।

ਹੁਣ ਨਵੇਂ ਕਾਨੂੰਨ ਵਿਚ ਵੀ ਧਾਰਾ 35 ਅਨੁਸਾਰ ਪੁਲੀਸ ਅਫਸਰ ਨੂੰ ਦਿੱਤੇ ਅਖਤਿਆਰਾਂ ਦਾ ਦਾਇਰਾ ਵਧਾ ਦਿੱਤਾ ਗਿਆ ਹੈ। ਸਿਰਫ ਇੱਕ ਰੋਕ ਲਾਈ ਗਈ ਹੈ ਕਿ ਜੇ ਸ਼ੱਕੀ ਜੁਰਮ ਦੀ ਸਜ਼ਾ ਤਿੰਨ ਸਾਲ ਤੋਂ ਘੱਟ ਹੈ ਤੇ ਦੋਸ਼ੀ ਦੀ ਉਮਰ 60 ਸਾਲ ਤੋਂ ਉਤੇ ਹੈ ਤਾਂ ਗ੍ਰਿਫ਼ਤਾਰੀ ਡੀ.ਐਸ.ਪੀ. ਦੀ ਮਨਜ਼ੂਰੀ ਤੋਂ ਬਗੈਰ ਨਹੀਂ ਹੋ ਸਕਦੀ। ਪੁਲੀਸ ਰਿਮਾਂਡ ਜੁਰਮ ਦੀ ਨੋਈਅਤ ਨੂੰ ਵੇਖਦਿਆਂ 15 ਦਿਨ, 60 ਦਿਨ ਜਾਂ 90 ਦਿਨ ਤੱਕ ਹੋ ਸਕਦਾ ਹੈ।

ਲਫਜ਼ Terrorist ਭਾਵ ਆਤੰਕੀ ਦੀ ਪਰਿਭਾਸ਼ਾ ਖਤਰਨਾਕ ਹੈ।

### ਟੈਰੋਰਿਸਟ ਕੌਣ ਹੈ?

ਟੈਰੋਰਿਸਟ ਭਾਵ ਅਤੰਕਵਾਦੀ ਕੌਣ ਹੈ, ਦੀ ਹੁਣ ਤੱਕ ਹਿੰਦ ਦੰਡਾਵਲੀ ਵਿਚ ਕੋਈ ਪਰਿਭਾਸ਼ਾ ਨਹੀਂ ਸੀ। ਸਰਕਾਰ ਨੇ ਨਵੀਂ ਦੰਡ ਪ੍ਰਣਾਲੀ ਵਿਚ ਬੀਐੱਨਐਸ 2023 ਧਾਰਾ 113 ਵਿਚ ਜੋ ਟੈਰੋਰਿਸਟ ਦੀ ਪਰਿਭਾਸ਼ਾ ਦਿੱਤੀ ਹੈ, ਉਸ ਦਾ ਦਾਇਰਾ ਬਹੁਤ ਵਧਾ ਦਿੱਤਾ ਗਿਆ ਹੈ। ਉਸ ਅਨੁਸਾਰ ਜੋ ਵੀ ਕੋਈ ਅਜਿਹਾ ਕੰਮ, ਇਸ ਨੀਅਤ ਨਾਲ ਕਰਦਾ ਹੈ, ਜਿਸ ਨਾਲ ਦੇਸ਼ ਦੀ ਆਜ਼ਾਦੀ, ਪ੍ਰਭੂਸੱਤਾ, ਅਸਥਿਰਤਾ, ਸਿਆਸੀ ਜਾਂ ਆਰਥਿਕ, ਜਾਂ ਕੋਈ ਵੀ ਅਜਿਹਾ ਕੰਮ ਜਿਸ ਨਾਲ ਦੇਸ਼ ਜਾਂ ਪ੍ਰਦੇਸ਼ ਵਿਚ ਆਤੰਕ ਪੈਦਾ ਹੋ ਸਕਦਾ ਹੋਵੇ, ਅਜਿਹਾ ਕਰਨ ਲਈ ਬੰਬ, ਬੰਦੂਕ ਜਾਂ ਹੋਰ ਮਾਰੂ ਹਥਿਆਰ ਦੀ ਵਰਤੋਂ ਕਰੇ ਜਿਸ ਨਾਲ:

1. ਕਿਸੇ ਦੀ ਜਾਨ ਜਾ ਸਕਦੀ ਹੋਵੇ ਜਾਂ ਸੱਟ ਲੱਗ ਸਕਦੀ ਹੋਵੇ ਜਾਂ ਲੱਗ ਜਾਵੇ।
2. ਜਾਂ ਕਿਸੇ ਨੂੰ ਮਾਲੀ ਨੁਕਸਾਨ ਜਾਂ ਜਾਇਦਾਦ ਦੀ ਬਰਬਾਦੀ ਹੁੰਦੀ ਹੋਵੇ,
3. ਜਾਂ ਜ਼ਰੂਰੀ ਵਸਤਾਂ ਦੀ ਸਪਲਾਈ ਵਿਚ ਵਿਘਨ ਪੈਂਦਾ ਹੋਵੇ, ਤੇ ਇਹ ਵਿਘਨ ਭਾਵੇਂ ਦੇਸ਼ ਵਿਚ ਪਵੇ ਜਾਂ ਪਰਦੇਸ਼ ਵਿਚ ਪਵੇ,
4. ਦੇਸ਼ ਦੀ ਆਰਥਿਕਤਾ ਨੂੰ ਜਾਅਲੀ ਕਰੰਸੀ, ਸਮੱਗਲਿੰਗ ਕਰਕੇ ਖਤਰਾ ਪੈਦਾ ਕਰੇ ਆਦਿ ਨਾਲ ਅਤੰਕ ਪੈਦਾ ਕਰੇ।

ਇਨ੍ਹਾਂ ਨੂੰ ਟੈਰੋਰਿਸਟ ਕਾਰਵਾਈ ਗਿਣਿਆ ਜਾਵੇਗਾ ਤੇ ਇਸ ਟੈਰੋਰਿਸਟ ਕਾਰਵਾਈ ਦੀ ਵਜ੍ਹਾ ਕਰਕੇ ਜੇਕਰ ਕਿਸੇ ਦੀ ਮੌਤ ਹੋ ਜਾਂਦੀ ਹੈ, ਤਾਂ ਸਜ਼ਾ ਮੌਤ ਜਾਂ ਉਮਰ ਕੈਦ ਤੇ ਜੁਰਮਾਨਾ ਹੋ ਸਕਦਾ ਹੈ।

ਮੌਤ ਤੋਂ ਇਲਾਵਾ, ਦੂਜੇ ਆਤੰਕੀ ਜੁਰਮਾਂ ਦੀ ਸੂਰਤ ਵਿਚ ਘੱਟ ਤੋਂ ਘੱਟ 5 ਸਾਲ ਦੀ ਸਜ਼ਾ ਬਾਮੁਸ਼ੱਕਤ, ਜਾਂ ਉਮਰ ਕੈਦ ਤੇ ਜੁਰਮਾਨਾ ਹੋ ਸਕਦਾ ਹੈ।

*(ਬਾਕੀ ਅਗਲੇ ਸਫੇ 'ਤੇ)*

# ਪ੍ਰਵਾਸੀ ਸਿੱਖ ਦਾ ਪ੍ਰਵਾਸੀ ਸਿੱਖਾਂ ਪ੍ਰਤੀ ਸ਼ਿਕਵਾ!

ਗੈਰਾਂ ਨਾਲ ਨਹੀਂ ਸਗੋਂ ਗਿਲੇ ਸ਼ਿਕਵੇ ਹਮੇਸ਼ਾਂ ਆਪਣਿਆਂ ਨਾਲ ਹੀ ਹੁੰਦੇ ਨੇ ਜੀ। ਗੱਲ ਕਰਨ ਜਾ ਰਿਹਾ ਹਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਦੇਸ਼ੀ ਦੌਰਿਆਂ ਬਾਰੇ। ਜਦੋਂ ਤੋਂ ਪੰਥਕ ਕੇਂਦਰ (ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਉਤੇ



ਬਾਦਲ ਪਰਿਵਾਰ (ਪਹਿਲਾਂ ਮਰਹੂਮ ਵੱਡੇ ਬਾਦਲ ਤੇ ਹੁਣ ਸੁਖਬੀਰ ਬਾਦਲ) ਦਾ ਕਬਜ਼ਾ ਹੋਇਆ ਹੋਇਆ ਹੈ, ਉਦੋਂ ਦਾ ਹੀ ਸਾਰਾ ਸਿੱਖ ਜਗਤ ਇਸ ਕਬਜ਼ੇ ਦੇ ਵਿਰੋਧ ਵਿਚ ਤੜਪਦਾ ਤੇ ਕਲਪਦਾ ਆ ਰਿਹਾ ਹੈ। ਉਸੇ ਟੱਬਰ ਵਲੋਂ ਹੀ ਆਪਣੀਆਂ

ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +1-408-915-1268

ਸਿਆਸੀ ਗਿਣਤੀਆਂ-ਮਿਣਤੀਆਂ ਜਾਂ ਲੋੜਾਂ ਕਹਿ ਲਉ, ਨੂੰ ਮੁੱਖ ਰੱਖ ਕੇ ਕਈ ਦਹਾਕਿਆਂ ਤੋਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦੀ ਅਦਲਾ-ਬਦਲੀ ਕੀਤੀ ਜਾ ਰਹੀ ਹੈ। ਜਿਸ ਨੂੰ ਪੰਥ ਬੇਬਸੀ ਨਾਲ ਦੇਖਦਾ ਆ ਰਿਹਾ ਹੈ।

ਸੰਨ 1999 ਵਿਚ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਜਬਰੀ ਬਰਖਾਸਤ ਕਰਨ ਤੋਂ ਲੈ ਕੇ ਮੌਜੂਦਾ ਜਥੇਦਾਰ ਭਾਈ ਰਘਬੀਰ ਸਿੰਘ ਤੋਂ ਪਹਿਲੇ ਗਿਆਨੀ ਹਰਪ੍ਰੀਤ ਸਿੰਘ ਤੱਕ ਹਰੇਕ ਜਥੇਦਾਰ ਦੀ ਚੁੱਪ-ਚੁਪੀਤੇ ਬਰਖਾਸਤਗੀ ਕਰਨ ਵੇਲੇ ਕਦੇ ਸਿੱਖ ਪੰਥ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਜਥੇਦਾਰ ਨੂੰ ਕਿਹੜੇ ਕਾਰਨਾਂ ਕਰਕੇ ਅਹੁਦਾ-ਮੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਨਵਾਂ ਜਥੇਦਾਰ ਥਾਪਣ ਵੇਲੇ ਕੁੱਝ ਨਹੀਂ ਦੱਸਿਆ ਜਾਂਦਾ ਕਿ ਉਸਨੂੰ ਕਿਹੜੀ ਕਿਹੜੀ ਸਿੱਖ ਜਥੇਬੰਦੀ ਨੇ ਨਿਯੁਕਤ ਕਰਨ ਲਈ ਸਹਿਮਤੀ ਦਿੱਤੀ ਹੈ! ਜਾਂ ਉਸਦੀ ਕਿਸ ਪ੍ਰਕਿਰਿਆ ਰਾਹੀਂ ਚੋਣ ਕੀਤੀ ਗਈ ਹੈ? ਜਾਣੀ ਕਿ ਕੁੱਲ ਮਿਲਾ ਕੇ ਖਾਲਸਾ ਪੰਥ ਦੀ ਇਸ ਸਰਬੋਤਮ ਪਦਵੀ ਲਈ ਇੱਕੋ ਟੱਬਰ ਹੀ 'ਬੁੱਕਲ ਵਿਚ ਗੁੜ ਭੋਰਦਾ' ਆ ਰਿਹਾ ਹੈ!

ਇੱਥੇ ਇਹ ਵੀ ਜੱਗ ਜ਼ਾਹਰ ਸੱਚ ਹੈ ਕਿ ਅਜਿਹੀ ਅਦਲਾ-ਬਦਲੀ ਵੇਲੇ ਦੇਸ ਵਿਦੇਸ਼ ਦੇ ਸਿੱਖਾਂ ਵਲੋਂ ਇਸ ਗੁਪਤੋ-ਗੁਪਤੀ ਦੀ ਕਾਰਵਾਈ ਵਿਰੁੱਧ ਤਕੜਾ ਵਿਰੋਧ ਪ੍ਰਗਟਾਇਆ ਜਾਂਦਾ ਹੈ। ਖਾਸ ਕਰਕੇ ਵਿਦੇਸ਼ਾਂ ਦੀਆਂ ਆਜ਼ਾਦ ਫਿਜ਼ਾਵਾਂ ਵਿਚ ਵਸਦੇ ਜਾਗਰੂਕ ਪ੍ਰਵਾਸੀ ਸਿੱਖਾਂ ਵਲੋਂ ਪੰਥਕ ਕੇਂਦਰ ਦੀ ਗੁਲਾਮੀ ਵਿਰੁੱਧ ਡਟ ਕੇ ਆਵਾਜ਼ ਬੁਲੰਦ ਕੀਤੀ ਜਾਂਦੀ ਹੈ! ਪਰ ਉਦੋਂ ਬਹੁਤ ਹੈਰਾਨੀ ਹੁੰਦੀ ਹੈ ਜਦ ਏਹੀ ਪ੍ਰਵਾਸੀ ਸਿੱਖ ਭਰਾ ਬਾਦਲੀ-ਗੁਲਾਮੀ ਵਾਲੀ ਪ੍ਰਕਿਰਿਆ 'ਚੋਂ ਨਿਕਲੇ ਹੋਏ 'ਜਥੇਦਾਰਾਂ' ਨੂੰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਆਦਿ ਬਾਹਰਲੇ ਦੇਸ਼ਾਂ ਵਿਖੇ ਹੋਣ ਵਾਲੇ ਧਾਰਮਿਕ ਸਮਾਗਮਾਂ ਵਿਚ ਸੱਦ ਸੱਦ ਕੇ 'ਲਫਾਫੇ' ਅਤੇ ਸਿਰੋਪੇ ਭੇਟ ਕਰਦੇ ਹਨ!

ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਵਾਸੀ ਸਿੱਖ ਅਜਿਹਾ ਕਰਦਿਆਂ ਬਾਦਲੀ ਪ੍ਰਕਿਰਿਆ ਨੂੰ ਮਾਨਤਾ ਨਹੀਂ ਦੇ ਰਹੇ ਹੁੰਦੇ?

ਇਕ ਪਾਸੇ 'ਹਾਏ ਪੰਥਕ ਕੇਂਦਰ ਗੁਲਾਮ!' ਦੀ ਦਰਦ ਭਰੀ ਪੁਕਾਰ ਪਰ ਨਾਲ ਹੀ ਬਾਦਲਾਂ ਦੁਆਰਾ ਥਾਪਿਆ (ਅਸਲ ਵਿਚ ਥੋਪਿਆ) ਹੋਇਆ ਹਰੇਕ ਜਥੇਦਾਰ ਸਾਡਾ 'ਵਿਸ਼ੇਸ਼ ਮਹਿਮਾਨ' ਬਣਿਆ ਹੁੰਦੈ! ਜਿਸਨੂੰ ਸਮਾਗਮਾਂ ਦੀਆਂ ਖਬਰਾਂ/ਇਸ਼ਤਿਹਾਰਾਂ ਆਦਿ ਵਿਚ ਜਥੇਦਾਰ ਫਲਾਣਾ ਸਿੰਘ ਜੀ 'ਉਚੇਚੇ ਤੌਰ 'ਤੇ ਸ਼ਾਮਲ' ਹੋਇਆ ਲਿਖਿਆ ਹੁੰਦਾ ਹੈ! ਪਤਾ ਨਹੀਂ ਕਿਹੜੇ ਹੀਰੇ-ਮੋਤੀਆਂ ਨਾਲ ਸ਼ਿੰਗਾਰੇ ਹੋਏ ਹਾਥੀ ਦੀ ਸਵਾਰੀ ਕਰਕੇ ਉਹ ਵਿਦੇਸ਼ੀ ਇਕੱਠਾਂ ਵਿਚ 'ਉਚੇਚਾ' ਸ਼ਾਮਲ ਹੋਇਆ ਹੁੰਦਾ ਐ!! ਕੀ ਅਜਿਹੇ ਦੋਹਰੇ ਕਿਰਦਾਰ ਕਾਰਨ ਅਸੀਂ ਪ੍ਰਵਾਸੀ ਸਿੱਖ ਖੁਦ ਉਤੇ 'ਦੋਗਲੇ' ਹੋਣ ਦਾ ਠੱਪਾ ਨਹੀਂ ਲਵਾ ਰਹੇ ਹੁੰਦੇ?

ਮਿਸਾਲ ਵਜੋਂ ਇੰਗਲੈਂਡ (ਡਰਬੀ) ਵਿਚ ਛਪਦੀ ਪੰਥਕ ਮੰਨੀ ਜਾਂਦੀ ਅਖਬਾਰ 'ਪੰਜਾਬ ਟਾਈਮਜ਼' (25 ਜੁਲਾਈ-1 ਅਗਸਤ 2024 ਸਫਾ 10) ਵਿਚ ਇਕ ਫੋਟੋ ਸਮੇਤ ਖਬਰ ਛਪੀ ਹੋਈ ਹੈ ਅਖੇ ਗਿਆਨੀ ਰਘਬੀਰ ਸਿੰਘ ਨੇ ਸਾਊਥਾਲ ਦੇ ਗੁਰਮਤਿ ਸਮਾਗਮ ਵਿਚ ਕੀਤੀ ਸ਼ਮੂਲੀਅਤ! ਇਸ ਖਬਰ ਵਿਚ ਵੀ 'ਉਚੇਚੇ ਤੌਰ 'ਤੇ ਪਹੁੰਚੇ' ਲਿਖਿਆ ਹੋਇਆ ਹੈ! ਵਾਹ!!

ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਥ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਪਦ-ਪਦਵੀ ਸਰਬੋਤਮ ਹੈ ਪਰ ਜਦੋਂ ਤੱਕ ਪੰਥਕ ਕੇਂਦਰ ਆਜ਼ਾਦ ਨਹੀਂ ਹੋ ਜਾਂਦਾ ਤਦ

**ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿੱਚ ਕੀਤੀ ਸ਼ਮੂਲੀਅਤ**



ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਕਾਬਲ ਦੀਆਂ ਸਿੱਖ ਸੰਗਤਾਂ

ਤੱਕ ਵਿਦੇਸ਼ੀ (ਦੇਸ਼ ਵਿਚ ਵੀ) ਧਰਤੀ 'ਤੇ ਆਯੋਜਿਤ ਕੀਤੇ ਜਾਣ ਵਾਲੇ ਧਾਰਮਿਕ ਸਮਾਗਮਾਂ ਦੇ ਮੁੱਖ ਬੁਲਾਰੇ ਵਾਸਤੇ, ਸਿੱਖੀ ਰਹੁਰੀਤਾਂ ਅਨੁਸਾਰ ਜੀਵਨ ਬਿਤਾ ਰਹੇ ਕਿਸੇ ਸਥਾਨਕ ਕਿਰਤੀ ਸਿੱਖ ਦੀ ਚੋਣ ਕਰ ਲੈਣੀ ਚਾਹੀਦੀ ਹੈ। ਜਾਂ ਫਿਰ ਵਿਦੇਸ਼ ਦੇ ਗੁਰਦੁਆਰਿਆਂ ਵਿਚ ਪੰਜਾਬ ਤੋਂ ਆਏ ਹੋਏ ਰਾਗੀਆਂ, ਕਥਾਵਾਚਕਾਂ ਜਾਂ ਪਾਠੀ ਸਿੰਘਾਂ ਵਿਚੋਂ ਹੀ ਕਿਸੇ ਇਕ ਤੋਂ ਇਹ ਸੇਵਾ ਲਈ ਜਾ ਸਕਦੀ ਹੈ।

ਮੱਤ ਕੋਈ ਸਮਝੇ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਕਿਸੇ ਖਾਸ ਸਿੱਖ ਸ਼ਖ਼ਸੀਅਤ ਜਾਂ ਕਿਸੇ ਜਥੇਦਾਰ ਨਾਲ ਕੋਈ ਨਿੱਜੀ ਰੰਜਿਸ਼ ਹੈ! ਅਜਿਹਾ ਬਿਲਕੁਲ ਨਹੀਂ ਹੈ। ਸਿਰਫ ਤੇ ਸਿਰਫ ਪੰਥਕ ਕੇਂਦਰ ਖਾਸ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਦੀ ਨਿਰਾਲੀ ਸ਼ਾਨ ਅਤੇ ਪ੍ਰਭੂਤਾ ਦਾ ਮੁਤਲਾਸ਼ੀ ਹੋਣ ਸਦਕਾ ਇਹ ਵਿਚਾਰ ਪ੍ਰਗਟਾਏ ਹਨ!!

*(ਬਾਕੀ ਅਗਲੇ ਸਫੇ 'ਤੇ)*

ਕਿਸੇ ਆਤੰਕੀ ਕੰਮ ਦੀ ਪੂਰਤੀ ਲਈ, ਜਾਂ ਉਸ ਦੀ ਪੂਰਤੀ ਲਈ ਸਾਜ਼ਿਸ਼ ਕਰਨਾ, ਜਾਂ ਸਾਜ਼ਿਸ਼ ਵਿਚ ਸ਼ਾਮਲ ਹੋਣਾ ਆਤੰਕੀ ਕਾਰਵਾਈ ਗਿਣਿਆ ਜਾਵੇਗਾ ਤੇ ਘੱਟ ਤੋਂ ਘੱਟ ਸਜ਼ਾ 5 ਸਾਲ, ਜਾਂ ਸਜ਼ਾ ਤਾ ਉਮਰ, ਭਾਵ ਉਮਰ ਕੈਦ ਵੀ ਹੋ ਸਕਦੀ ਹੈ ਅਤੇ ਜੇਕਰ ਕਿਸੇ ਆਤੰਕੀ ਕਾਰਵਾਈ ਕਰਕੇ, ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਸਜ਼ਾ ਮੌਤ ਜਾਂ ਉਮਰ ਕੈਦ ਹੋ ਸਕਦੀ ਹੈ।

ਟੈਰੋਰਿਸਟ ਗਤੀਵਿਧੀਆਂ ਲਈ ਕੈਂਪ ਲਾਉਣਾ, ਕੈਂਪ ਲਾ ਕੇ ਗਤੀਵਿਧੀਆਂ ਦੀ ਟਰੇਨਿੰਗ ਦੇਣਾ, ਟੈਰੋਰਿਸਟ ਗਤੀਵਿਧੀ ਗਿਣਿਆ ਜਾਵੇਗਾ ਤੇ ਇਸ ਦੀ ਸਜ਼ਾ 5 ਸਾਲ ਹੈ।

**Unlawful Assembly ਭਾਵ ਗੈਰ-ਕਾਨੂੰਨੀ ਇਕੱਠ**

ਪੁਰਾਣੇ ਕਾਨੂੰਨ ਦੀ ਇਹ ਧਾਰਾ 141, ਹੁਣ ਨਵੇਂ ਕਾਨੂੰਨ ਵਿਚ ਧਾਰਾ 189(3) ਹੈ। ਤੇ ਸਜ਼ਾ ਹਰ ਇੱਕ ਨੂੰ 2-2 ਸਾਲ ਦੀ ਬਹਾਲ ਰੱਖੀ ਗਈ ਹੈ। ਇਸ ਤਰ੍ਹਾਂ ਪੁਰਾਣੇ ਕਾਨੂੰਨ ਨੂੰ ਨਵੇਂ ਨਾਂ ਨਾਲ ਬਦਲ ਕੇ ਪਤਾ ਨਹੀਂ ਕੀ ਹਾਸਲ ਕੀਤਾ ਜਾਣਾ ਹੈ।

ਕਿਸੇ ਵੀ ਦੇਸ਼ ਦੇ ਵਿਗੜੇ ਹੋਏ ਹਾਲਾਤ ਨੂੰ ਸੁਧਾਰਨ ਲਈ, ਤਾਕਤ ਦੀ ਵਰਤੋਂ ਨਾਲ, ਲੋਕਾਂ ਨੂੰ ਫਾਂਸੀ ਲਾ ਕੇ, ਜਾਂ ਤਸ਼ੱਦਦ ਕਰ ਕੇ, ਜਿਵੇਂ ਅੰਗਰੇਜ਼ ਕਰਦੇ ਰਹੇ ਹਨ ਠੀਕ ਨਹੀਂ ਕੀਤਾ ਜਾ ਸਕਦਾ, ਭਾਵੇਂ ਕਿ ਉਨ੍ਹਾਂ ਦੀ ਇਹ ਕਲੋਨੀਆਂ 'ਤੇ ਕੰਟਰੋਲ ਕਰਨ ਲਈ ਜ਼ਰੂਰਤ ਸੀ ਫਿਰ ਵੀ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ।

ਹੁਣ ਨਵੇਂ ਪੀਨਲ ਕੋਡ ਦੀ ਧਾਰਾ 147 ਵਿਚ ਪਰਾਵਧਾਨ ਕੀਤਾ ਗਿਆ ਹੈ "ਜੋ ਭਾਰਤ ਸਰਕਾਰ ਦੇ ਖਿਲਾਫ਼ ਜੰਗ ਛੇੜੇਗਾ ਜਾਂ ਜੰਗ ਛੇੜਨ ਦੀ ਕੋਸ਼ਿਸ਼ ਕਰੇਗਾ ਜਾਂ ਛੇੜਨ ਲਈ ਉਤਸ਼ਾਹਿਤ ਕਰੇਗਾ ਉਸ ਨੂੰ ਸਜ਼ਾਏ ਮੌਤ ਜਾਂ ਉਮਰ ਕੈਦ ਅਤੇ ਜੁਰਮਾਨਾ ਸ਼ਾਮਿਲ ਹੋਵੇਗਾ।"

"147 Whoever wages war against Govt. of India or attempts to wage such war or abets war against Govt. of India shall be punished with death or imprisonment for life and shall also be liable to fine."

ਧਾਰਾ 147 ਵਿਚ ਦਿੱਤੀ ਵਿਆਖਿਆ ਅਨੁਸਾਰ "ਕੋਈ ਵੀ ਜੋ ਸਰਕਾਰ ਨੂੰ ਡੇਗਣ ਵਾਲੀ ਸੰਸਥਾ ਦਾ ਮੈਂਬਰ ਬਣਦਾ ਹੈ ਤਾਂ ਉਹ ਧਾਰਾ 148 ਤੋਂ 158 ਤੱਕ ਦਿੱਤੇ ਵੇਰਵਿਆਂ ਅਨੁਸਾਰ ਕਿਸੇ ਸਾਜ਼ਿਸ਼ ਦਾ ਹਿੱਸੇਦਾਰ ਹੁੰਦਾ ਹੈ। ਸਟੇਟ ਦੇ ਖ਼ਿਲਾਫ਼ ਜੁਰਮ ਮੰਨਿਆ ਜਾਵੇਗਾ।

ਧਾਰਾ 147 ਵਿਚ ਸਜ਼ਾ ਮੌਤ ਜਾਂ ਉਮਰ ਕੈਦ ਸ਼ਾਮਿਲ ਹੈ। ਇੱਥੋਂ ਤੱਕ ਕਿ ਤੁਸੀਂ ਆਪਣੀ ਤਾਕਤ ਦਾ ਵਿਖਾਵਾ ਕਰਦਿਆਂ ਹੋਇਆਂ ਸਟੇਟ ਦੇ ਗਵਰਨਰ ਜਾਂ ਰਾਸ਼ਟਰਪਤੀ ਨੂੰ ਆਪਣੀਆਂ ਤਾਕਤਾਂ ਦੀ ਵਰਤੋਂ ਕਰਨ ਤੋਂ ਰੋਕਣਾ ਤੇ ਇਨ੍ਹਾਂ 'ਤੇ ਪ੍ਰੈੱਸ਼ਰ ਪਾਉਣਾ, ਸਜ਼ਾ ਮੌਤ ਜਾਂ ਉਮਰ ਕੈਦ ਦੇ ਭਾਗੀ ਬਣਨਾ ਹੈ।

ਇਹ ਵੀ ਕਿ ਜੇਕਰ ਭਾਰਤ ਸਰਕਾਰ ਦੀ ਕਿਸੇ ਦੇਸ਼ ਨਾਲ ਅਮਨ ਦੀ ਸੰਧੀ ਹੈ ਤਾਂ ਉਸ ਸਰਕਾਰ ਦੇ ਖ਼ਿਲਾਫ਼ ਬੋਲਣਾ ਜਾਂ ਭੜਕਾਊ ਭਾਸ਼ਣ ਦੇਣ ਨਾਲ ਉਮਰ ਕੈਦ ਹੋ ਸਕਦੀ ਹੈ।

ਟੈਰੋਰਿਸਟ ਹੋਣਾ ਜਾਂ ਟੈਰੋਰਿਸਟ ਸਮਝਿਆ ਜਾਣਾ, ਵੱਖ-ਵੱਖ ਸਥਿਤੀਆਂ ਹਨ। ਆਜ਼ਾਦੀ ਦੀ ਲੜਾਈ ਦੌਰਾਨ, ਆਜ਼ਾਦੀ ਘੁਲਾਟੀਆਂ ਨੂੰ ਟੈਰੋਰਿਸਟ ਜਾਂ ਬਾਗੀ ਕਰਾਰ ਦੇ ਕੇ ਫਾਂਸੀ 'ਤੇ ਚੜ੍ਹਾਏ ਗਏ ਸ਼ਹੀਦਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਆਪਣੀ ਸਿਆਸੀ ਤਾਕਤ ਨੂੰ ਕਾਇਮ ਰੱਖਣ ਵਾਸਤੇ ਦੇਸ਼ ਭਗਤਾਂ ਨੂੰ ਧਾਰਾਵਾਂ 141 ਤੋਂ 150 ਅਧੀਨ ਇਹ ਸਜ਼ਾਵਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਹੁਣ ਧਾਰਾ 147 ਉਸੇ ਤਰ੍ਹਾਂ ਹੈ।

ਇੱਕ ਹੋਰ ਵਾਧਾ ਕੀਤਾ ਗਿਆ ਹੈ। ਟੈਰੋਰਿਸਟ ਲਫ਼ਜ਼ ਯੂਏਪੀਏ ਐਕਟ ਵਿਚ ਵੀ ਪਾਇਆ ਗਿਆ ਹੈ। ਇਹ ਕਾਨੂੰਨ ਹੋਰ ਵੀ ਅਨਿਆਂਪੂਰਨ ਹੈ। ਇਸ ਐਕਟ ਵਿਚ ਦਿੱਤੇ ਟੈਰੋਰਿਸਟ ਜੁਰਮ ਲੱਗਣ 'ਤੇ ਜ਼ਮਾਨਤ ਮਿਲਣੀ ਬਹੁਤ ਮੁਸ਼ਕਲ ਹੈ।

ਪੁਲੀਸ ਨੂੰ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਟੈਰੋਰਿਸਟ ਜੁਰਮ ਦੇ ਕਿਸੇ ਦੋਸ਼ੀ ਨੂੰ ਨਵੇਂ ਕਾਨੂੰਨ ਅਧੀਨ ਜਾਂ ਯੂਏਪੀਏ ਐਕਟ ਅਧੀਨ ਗ੍ਰਿਫ਼ਤਾਰ ਕਰ ਕੇ, ਕਾਰਵਾਈ ਕਰੇ।

ਇਨ੍ਹਾਂ ਨਵੇਂ ਕਾਨੂੰਨਾਂ ਦੀ ਮਨਸ਼ਾ, ਦੋਸ਼ੀ ਪਾਏ ਗਏ, ਜਾਂ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤੇ ਉਨ੍ਹਾਂ ਨੂੰ ਦਬਾਅ ਕੇ ਰੱਖਿਆ ਜਾਵੇ। ਇਹ ਵਿਵਸਥਾ ਵਿਕਸਤ ਸਮਾਜ ਦਾ ਹਿੱਸਾ ਨਹੀਂ। ਇਹ ਕਲੋਨੀਆਂ ਬਣਾਉਣ ਵਾਲੇ ਦੇਸ਼ਾਂ ਦੀ ਲੋੜ ਸੀ।

ਇਹ ਕਾਨੂੰਨ ਸੌੜ ਹਿੱਤਾਂ ਤੋਂ ਪ੍ਰੇਰਿਤ ਹਨ। ਉਮਰ ਕੈਦ ਕੱਟ ਰਹੇ ਦੋਸ਼ੀਆਂ ਤੇ ਬੰਦੀਆਂ ਨੂੰ ਪੁਰਾਣੇ ਕਾਨੂੰਨ ਵਿਚ, ਸਰਕਾਰ ਨੂੰ ਅਧਿਕਾਰ ਸੀ ਕਿ ਕਿਸੇ ਵੀ ਉਮਰ ਕੈਦੀ ਨੂੰ ਕੁਝ ਖਾਸ ਸਮਾਂ, ਘੱਟ ਤੋਂ ਘੱਟ 14 ਸਾਲ ਕੱਟਣ ਬਾਅਦ ਰਿਹਾ ਕਰ ਦੇਵੇ। ਹੁਣ ਨਵੇਂ ਕਾਨੂੰਨ ਵਿਚ ਸਰਕਾਰਾਂ ਦਾ ਇਹ ਅਧਿਕਾਰ ਖਤਮ ਕਰ ਦਿੱਤਾ ਗਿਆ ਹੈ। ਹੁਣ ਤਾਂ ਲਾਸ਼ਾਂ ਹੀ ਬਾਹਰ ਆਇਆ ਕਰਨਗੀਆਂ। ਇਹ ਅਸਮਾਜਿਕ, ਗੈਰ-ਕਾਨੂੰਨੀ ਤੇ ਅਸੰਵਿਧਾਨਕ ਹੈ। ਸਜ਼ਾ ਸੁਧਾਰਨ ਲਈ ਦਿੱਤੀ ਜਾਂਦੀ ਹੈ ਮਾਰਨ ਲਈ ਨਹੀਂ।

**ਸੁਝਾਅ**

ਸਿਆਸੀ ਗਲਿਆਰਿਆਂ ਨੂੰ ਪੁਰਾਣੇ ਮਹਾਂਪੁਰਸ਼ਾਂ ਤੋਂ, ਉਨ੍ਹਾਂ ਦੀਆਂ ਲਿਖਤਾਂ ਤੋਂ ਸੇਧ ਲੈਣੀ ਚਾਹੀਦੀ ਹੈ। ਥੋੜ੍ਹੀ ਜਿਹੀ ਝਲਕ ਜੇ ਕਲਾਸਿਕ ਲਿਖਤਾਂ 'ਤੇ ਪਾਈ ਜਾਵੇ ਤਾਂ ਗੱਲ ਸਮਝ ਪੈ ਸਕਦੀ ਹੈ। ਇਸ ਸੰਦਰਭ ਵਿਚ ਅਰਸਤੂ (ARISTOTLE) ਜੋ 384 ਬੀ.ਸੀ. ਵਿਚ, ਅੱਜ ਤੋਂ ਕੋਈ 2700 ਸਾਲ ਪਹਿਲਾਂ ਯੂਨਾਨ ਦੇ ਨਾਲ ਲਗਦੇ ਦੇਸ਼ ਮੈਸੇਡੋਨੀਆ ਵਿਚ ਪੈਦਾ ਹੋਇਆ ਤੇ ਆਪਣੇ ਗਿਆਨ ਦੇ ਵਾਧੇ ਲਈ ਯੂਨਾਨ ਭਗਕਕਤਕ ਦੇ ਮਹਾਨ ਫਿਲਾਸਫਰ ਪਲੈਟੋ ਦੀ ਅਕੈਡਮੀ ਵਿਚ ਆ ਗਿਆ ਤੇ 20 ਸਾਲ ਉਸ ਦਾ ਹਿੱਸਾ ਰਿਹਾ ਪਰ ਜਦੋਂ ਮੈਸੋਡੋਨੀਆ ਦੇ ਰਾਜੇ ਦਾ ਮੁੰਡਾ ਅਲੈਗਜ਼ੈਂਡਰ (ਮਹਾਨ ਸਿਕੰਦਰ) ਥੋੜ੍ਹਾ ਵੱਡਾ ਹੋ ਗਿਆ ਤੇ, ਮੈਸੋਡੋਨੀਆ ਦੇ ਰਾਜੇ ਨੇ ਸੁਕਰਾਤ ਨੂੰ, ਸਿਕੰਦਰ ਦਾ ਟੀਚਰ ਬਣਨ ਲਈ ਵਾਪਸ ਬੁਲਾ ਲਿਆ, ਉਹ ਫਿਰ ਵੀ ਆਪਣੀਆਂ ਲਿਖਤਾਂ ਤੇ ਖੋਜਾਂ ਜਾਰੀ ਰੱਖਦਾ ਰਿਹਾ।

ਸੁਕਰਾਤ ਦੇ ਵਿਚਾਰ ਵੱਡਮੁੱਲੇ ਹਨ। ਉਸ ਨੇ ਆਪਣੇ ਲਿਖਤਾਂ ਵਿਚ ਸਿਆਸਤ ਦਾ ਵਿਸ਼ਲੇਸ਼ਣ ਕੀਤਾ ਹੈ ਕਿ:

1. ਇਨਕਲਾਬ ਕੀ ਹੈ?
2. ਇਸ ਦੀਆਂ ਕਿੰਨੀਆਂ ਕਿਸਮਾਂ ਹਨ?
3. ਇਨਕਲਾਬ ਕਿਉਂ ਆਉਂਦਾ ਹੈ? ਬਗਾਵਤ ਕਿਉਂ ਹੁੰਦੀ ਹੈ?
4. ਇਹਨੂੰ ਰੋਕਿਆ ਜਾ ਸਕਦਾ ਹੈ।

ਅਰਸਤੂ ਅਨੁਸਾਰ ਰੈਵੋਲਿਊਸ਼ਨ ਭਾਵ ਇਨਕਲਾਬ ਦਾ ਮੁੱਢ ਉਦੋਂ ਹੀ ਬੱਝ ਜਾਂਦਾ ਹੈ ਜਦੋਂ:

1. ਰਾਜ ਦੀ ਹੋਂਦ ਗਲਤ ਵਿਚਾਰਾਂ ਤੇ ਭਾਵਨਾਵਾਂ 'ਤੇ ਬੱਝੀ ਹੋਵੇ।
2. ਜਦੋਂ ਕੋਈ ਪਾਖੰਡੀ ਦੇਸ਼ ਦਾ ਨੇਤਾ ਜਾਂ ਫੌਜ ਦਾ ਜਰਨੈਲ ਬਣ ਜਾਂਦਾ ਹੈ।
3. ਜਦੋਂ ਸਿਆਸਤਦਾਨ ਭੀੜ ਦੀ ਹਮਾਇਤ ਲੈਣ ਲਈ ਆਪਸ ਵਿਚ ਉਲਝ ਜਾਣ।
4. ਜਦੋਂ ਗਰੀਬੀ ਤੇ ਅਮੀਰੀ ਦਾ ਪਾੜਾ ਬਹੁਤ ਵਧ ਜਾਵੇ।
5. ਜਦੋਂ ਸਿਆਸੀ ਤੇ ਰਾਜਸੀ ਅਹੁਦੇ, ਜੱਦੀ ਪੁਸ਼ਤੀ ਬਣ ਜਾਣ।
6. ਜਦੋਂ ਕੋਈ ਚੁਣੀ ਹੋਈ ਸਰਕਾਰ, ਡਿਕਟੇਟਰ ਬਣ ਜਾਵੇ।
7. ਜਦੋਂ ਮੈਜਿਸਟ੍ਰੇਸੀ, ਭਾਵ ਅਫ਼ਸਰਸ਼ਾਹੀ ਸਣੇ ਜੁਡੀਸ਼ਰੀ ਮੁਨਾਫ਼ੇ ਦਾ ਅਹੁਦਾ ਬਣ ਜਾਵੇ।

**ਇਨਕਲਾਬ ਕੀ ਹੁੰਦਾ ਹੈ। (ਅਰਸਤੂ ਅਨੁਸਾਰ)**

1. ਪਹਿਲੇ ਵਿਧਾਨ ਤੇ ਸੰਸਥਾਵਾਂ ਬਦਲ ਦਿੱਤੀਆਂ ਜਾਂਦੀਆਂ ਹਨ। ਜਾਂ
2. ਸਾਰਾ ਢਾਂਚਾ ਨਵੇਂ ਹੱਥਾਂ ਵਿਚ ਦੇ ਦਿੱਤਾ ਜਾਂਦਾ ਹੈ। ਜਾਂ
3. ਡੈਮੋਕਰੇਸੀ ਤੇ ਓਲੀਗੈਰਕੀ ਭਾਵ ਜਿੱਥੇ ਅਹੁਦੇ ਜੱਦੀ-ਪੁਸ਼ਤੀ ਬਣ ਜਾਣ ਮੁਢਲੇ ਨੁਕਸ ਪਛਾਣ ਲਏ ਜਾਂਦੇ ਹਨ ਤੇ ਨਵੇਂ ਪੈਦਾ ਕੀਤੇ ਜਾਂਦੇ ਹਨ।

**ਇਨਕਲਾਬ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ।**

1. ਬੇਕਾਨੂੰਨੀ ਅਵਸਥਾ ਨੂੰ ਕੰਟਰੋਲ ਕੀਤਾ ਜਾਵੇ।
2. ਆਮ ਜਨਤਾ ਨੂੰ ਗੈਰ-ਕਾਨੂੰਨੀ ਤੇ ਧੋਖਾਧੜੀ ਤੋਂ ਬਚਾਇਆ ਜਾਵੇ।
3. ਰਾਜ ਕਰਨ ਵਾਲਿਆਂ ਤੇ ਪਰਜਾ ਵਿਚ ਫਾਸਲਾ ਮਿਟਾਇਆ ਜਾਵੇ।
4. ਸਮੇਂ-ਸਮੇਂ ਪ੍ਰਾਪਰਟੀ ਦੀਆਂ ਧਾਰਨਾਵਾਂ ਬਦਲਦੀਆਂ ਰਹਿਣ।
5. ਪ੍ਰਾਪਰਟੀ ਕੁਝ ਹੱਥਾਂ ਵਿਚ ਜਮ੍ਹਾਂ ਹੋਣ ਤੋਂ ਰੋਕੀ ਜਾਵੇ।
6. ਕਿਸੇ ਵੀ ਵਿਅਕਤੀ ਜਾਂ ਜਮਾਤ ਨੂੰ ਪੂਰਨ ਸ਼ਕਤੀਸ਼ਾਲੀ ਨਾ ਹੋਣ ਦਿੱਤਾ ਜਾਵੇ।
7. ਮੈਜਿਸਟ੍ਰੇਸੀ ਮੁਨਾਫ਼ੇ ਦਾ ਵਸੀਲਾ ਨਾ ਬਣਨ ਦਿੱਤਾ ਜਾਵੇ ਆਦਿ।

ਵੇਖੋ: ਦੀ ਬੇਸਿਕ ਵਰਕਸ ਆਫ ਅਰਿਸਟੋਟਲ ਪੰਨਾ: 1121

## ਪਲੈਨਟ ਰਿਵੈਂਜ!

ਅੱਜ ਤੋਂ ਕੋਈ ਹਜ਼ਾਰ ਕੁ ਸਾਲ ਬਾਅਦ ਦਾ ਸਮਾਂ ਹੋਣੈ ਜਦ ਸਾਡੀ ਗਲੈਕਸੀ ਦੇ ਇੱਕ ਧਰਤੀ ਵਰਗੇ ਵਿਕਸਤ ਗ੍ਰਹਿ ਦੇ ਵਿਗਿਅਨਕਾਂ ਦੇ ਰਡਾਰ 'ਤੇ ਸਾਡੀ ਧਰਤੀ ਇੱਕ ਸੂਖਮ ਬਿੰਦੂ ਵਾਂਗ ਦੇਖੀ ਗਈ। ਜਿਗਿਆਸਾ ਵੱਸ ਝੱਟ ਉਨ੍ਹਾਂ ਇਸ ਬਾਰੇ ਪੜਤਾਲ ਅਰੰਭ ਦਿੱਤੀ ਅਤੇ ਲੰਮੇ ਅਧਿਐਨ ਅਤੇ ਤਜਰਬਿਆਂ ਉਪਰੰਤ ਇਸ ਗ੍ਰਹਿ ਉਪਰ ਲੈਂਡ ਕਰਨ ਵਿਚ ਕਾਮਯਾਬ ਹੋ ਗਏ। ਕਦੇ ਘੁੱਗ ਵਸਦੇ ਇਸ ਖੰਡਹਰ ਵਿਚ ਤਬਦੀਲ ਹੋ ਗਏ ਪਲੈਨਟ ਬਾਰੇ ਜਾਣਨ ਦੀ ਉਤਸੁਕਤਾ ਵੱਸ ਉਨ੍ਹਾਂ ਇੱਥੇ ਕਈ ਖੋਜ ਮਿਸ਼ਨ ਭੇਜੇ ਜਿਨ੍ਹਾਂ ਵਿਚ ਪੁਰਾਤੱਤ ਵਿਗਿਆਨੀਆਂ ਸਮੇਤ ਸਾਰੇ ਖੋਜੀ ਮਾਹਿਰ ਮੌਜੂਦ ਸਨ। ਵਰ੍ਹਿਆਂ ਦੀ ਖੋਜ ਪੜਤਾਲ ਦੇ ਜੋ ਸਿੱਟੇ ਸਾਹਮਣੇ ਆਏ ਉਹ ਹੈਰਾਨ ਕਰਨ ਵਾਲੇ ਸਨ। ਵਿਗਿਆਨੀ ਹਰ ਨਵੇਂ ਖੋਜੇ ਗਏ ਗ੍ਰਹਿ ਦਾ ਨਾਮਕਰਨ ਜ਼ਰੂਰ ਕਰਦੇ ਹਨ ਸੋ ਇਸ ਵਚਿੱਤਰ ਗ੍ਰਹਿ ਦਾ ਨਾਂਅ ਰੱਖਿਆ ਗਿਆ 'ਪਲੈਨਟ ਰਿਵੈਂਜ'। ਇਸ ਨਾਂਅ ਦਾ ਮਤਲਬ ਸੀ ਕਿ ਇਹ ਖ਼ੂਬਸੂਰਤ ਗ੍ਰਹਿ ਬਦਲੇ ਦੀ ਅੱਗ ਵਿਚ ਸੜ ਕੇ ਸੁਆਹ ਹੋ ਗਿਆ ਸੀ। ਬਦਲਾ-ਬਦਲਾ ਅਤੇ ਫੇਰ ਬਦਲੇ ਦਾ ਬਦਲਾ! ਬਦਲੇ ਦੀ ਇਹ ਫਿਤਰਤ ਨਿਊਕਲੀਅਰ ਰਿਐਕਸ਼ਨ ਵਾਂਗ ਜ਼ੋਰ ਫੜਦੀ ਜਾਂਦੀ ਹੈ ਜਿਸ ਦਾ ਅੰਤ ਸਭ ਕੁਝ ਸਮਾਪਤ ਹੋਣ ਉਪਰੰਤ ਹੀ ਹੁੰਦਾ ਹੈ। ਕਿਸੇ ਖ਼ਿੱਤੇ ਦੇ ਲੋਕ ਆਪਣੀਆਂ ਕੁਝ ਮੰਗਾਂ ਖਾਤਰ ਅੰਦੋਲਨ ਵਿੱਢ ਸਰਕਾਰ ਨਾਲ ਮੱਥਾ ਲਾਉਂਦੇ ਹਨ ਪਰ ਕਿਸੇ ਨਤੀਜੇ 'ਤੇ ਅੱਪੜਨ ਤੋਂ ਪਹਿਲਾਂ ਹੀ ਇਸ ਸੰਘਰਸ਼ ਵਿਚ ਕੁਝ ਖਾੜਕੂ ਬਿਰਤੀ ਵਾਲੇ ਟੋਲੇ ਆ ਰਲਦੇ ਹਨ। ਫੇਰ ਸ਼ੁਰੂ ਹੁੰਦਾ ਹੈ ਐਕਸ਼ਨ ਅਤੇ ਰਿਐਕਸ਼ਨ ਦਾ ਦੌਰ ਜਿਸ ਵਿਚ ਹਜ਼ਾਰਾਂ ਲੋਕ ਮੌਤ ਦੇ ਮੂੰਹ ਵਿਚ ਜਾ ਸਮਾਉਂਦੇ ਹਨ। ਦੋ ਮੁਲਕਾਂ ਵਿਚ ਵੀ ਕੋਈ ਮਾਮੂਲੀ ਮਸਲਾ ਵਿਆਪਕ ਰੂਪ ਧਾਰਦਾ ਜਾਂਦਾ ਹੈ ਜਿਸ ਵਿਚ ਅਤਿਵਾਦੀ ਬਿਰਤੀ ਵਾਲੇ ਆ ਰਲਦੇ ਹਨ ਅਤੇ ਸ਼ੁਰੂ ਹੋ ਜਾਂਦਾ ਹੈ ਘਾਤ ਪ੍ਰਤੀਘਾਤ ਦਾ ਨਾ ਰੁਕਣ ਵਾਲਾ ਸਿਲਸਿਲਾ। ਅਮਨ ਦਾ ਹੋਕਾ ਦੇਣ ਵਾਲੇ ਮੁਲਕ ਹੀ ਘਾਤਕ ਹਥਿਆਰ ਬਣਾ ਇਸ ਐਕਸ਼ਨ/ਰਿਐਕਸ਼ਨ ਦੀ ਖੇਡ ਵਿਚ ਬਲਦੀ 'ਚ ਤੇਲ ਪਾਉਣੋਂ ਨਹੀਂ ਖੁੰਝਦੇ। ਇੱਕ ਪਾਸੋਂ ਹਮਲਾ ਫੇਰ ਉਸ ਹਮਲੇ ਦੇ ਬਦਲੇ ਵਜੋਂ ਹੋਰ ਘਾਤਕ ਹਥਿਆਰਾਂ ਨਾਲ ਹੋਰ ਤਕੜਾ ਹਮਲਾ ਤੇ ਫੇਰ ਬਦਲਿਆਂ ਦਾ ਚੇਨ ਰਿਐਕਸ਼ਨ! ਇਹ ਉਦੋਂ ਰੁਕਿਆ ਜਦ ਇਸ ਖ਼ੂਬਸੂਰਤ ਗ੍ਰਹਿ ਦਾ ਬਚਿਆ ਹੀ ਕੱਖ ਨਹੀਂ! ਤਾਂ ਹੀ ਖੰਡਹਰ ਹੋਏ ਇਸ ਗ੍ਰਹਿ ਦਾ ਨਾਂਅ ਰੱਖਿਆ ਗਿਆ "ਪਲੈਨਟ ਰਿਵੈਂਜ"। ਗਲੈਕਸੀ ਦੇ ਅਪਾਰ ਵਿਸਤਾਰ ਵਿਚ ਦਿਖਣ ਵਾਲਾ ਬਦਲੇ ਦੀ ਅੱਗ ਵਿਚ ਸੜ ਗਿਆ ਇੱਕ ਬਦਨਸੀਬ ਬਿੰਦੂ!

-ਹਰਜੀਤ ਦਿਓਲ

# ਪੰਜਾਬ ਅਤੇ ਪਰਵਾਸ ਦੀ ਕਹਾਣੀ 'ਸੁਰਖ਼ ਸਾਜ਼'

ਕਲਾ ਪਰਿਕਰਮਾ

ਡਾ. ਜਸਵਿੰਦਰ ਸਿੰਘ ਦਾ ਨਾਵਲ 'ਸੁਰਖ ਸਾਜ਼' ਪਰਵਾਸ ਦੀ ਕਥਾ ਹੈ। ਡਾ. ਜਸਵਿੰਦਰ ਸਿੰਘ ਦੀ ਅਦਬੀ ਕਮਾਈ ਪੰਜਾਬੀ ਆਲੋਚਨਾ, ਖੋਜ ਅਤੇ ਸਿਰਜਣਾ ਦੇ ਖੇਤਰ ਨਾਲ ਜੁੜੀ ਹੈ। ਉਹ ਮਾਰਕਸੀ ਦ੍ਰਿਸ਼ਟੀ ਨਾਲ ਪ੍ਰਤੀਬੱਧ ਚਿੰਤਕ ਹੈ ਜਿਸ ਨੇ ਕਹਾਣੀ ਸੰਗ੍ਰਿਹ 'ਖੂਹ ਖਾਤੇ' ਅਤੇ ਨਾਵਲ 'ਮਾਤ ਲੋਕ' ਨਾਲ ਆਪਣੀ ਸਿਰਜਣਾਤਮਕ ਸਮਰੱਥਾ ਦਾ ਪ੍ਰਗਟਾਵਾ ਕੀਤਾ।

ਨਾਵਲ 'ਸੁਰਖ਼ ਸਾਜ਼' ਜਾਇਜ਼ ਨਾਜਾਇਜ਼ ਪਰਵਾਸ ਅਤੇ ਮੂਲਵਾਸੀ ਸਮਾਜ ਦੀਆਂ ਦੁਸ਼ਵਾਰੀਆਂ ਨੂੰ ਚਿਤਰਦਾ ਮਨੁੱਖ ਦੇ ਸੰਘਰਸ਼ ਰੱਤੇ ਜੀਵਨ ਸਫਰ ਦੇ ਅਮੁੱਕ ਕਥਾ ਵੇਰਵਿਆਂ ਨੂੰ ਪੇਸ਼ ਕਰਦਾ ਹੈ।



ਲੇਖਕ ਨੇ ਆਪਣੀ ਮੂਲ ਧਰਤ ਦੀ ਤਾਲੋਂ ਬੇਤਾਲ ਜ਼ਿੰਦਗੀ ਵਿਚੋਂ ਨਿਕਲ ਜਾਇਜ਼ ਨਾਜਾਇਜ਼ ਪਰਵਾਸ ਦੀਆਂ ਫੇਟਾਂ ਨਾਲ ਆਤੁਰ ਹੋਏ

**ਜੇ.ਬੀ. ਸੇਖੋਂ (ਡਾ.)**

ਪਰਵਾਸੀ ਬੰਦੇ ਦੀ ਹੋਣੀ ਨੂੰ ਇਸ ਰਚਨਾ ਅੰਦਰ ਮਾਰਮਿਕਤਾ ਨਾਲ ਪੇਸ਼ ਕੀਤਾ ਹੈ। ਨਾਵਲ ਅੰਦਰ ਭੂਤਕਾਲੀਨ ਪੰਜਾਬ ਪ੍ਰਤੀ ਮੋਹ ਅਤੇ ਵਰਤਮਾਨੀ ਪਰਵਾਸ ਵਿਚੋਂ ਚੰਗੇਰੇ ਭਵਿੱਖ ਦੀ ਭਾਲ਼ ਦੇ ਦਵੰਦਾਂ ਵਿਚ ਘਿਸਰਦੇ ਅਚੇਤ ਸੁਚੇਤ ਵਰਤਾਰਿਆਂ ਨੂੰ ਨਾਵਲੀ ਪ੍ਰਵਚਨ ਦਾ ਹਿੱਸਾ ਬਣਾਇਆ ਹੈ ਜਿਸ ਨਾਲ ਦੋਹਾਂ ਥਾਵਾਂ ਦੇ ਅੰਤਰ ਵਿਰੋਧਾਂ ਦੀ ਭੇੜ ਵਿਚ ਮਘਦੀ ਜ਼ਿੰਦਗੀ ਦੇ ਸੁਰਖ਼ ਹੋਏ ਸਾਜ਼ਾਂ ਦੀਆਂ ਤਰਬਾਂ ਛਿੜੀਆਂ ਹਨ। ਨਾਵਲ ਦਾ ਦਰਸ਼ਨ ਪਰਵਾਸ ਨੂੰ ਜਿੱਥੇ ਆਪਣੀਆਂ ਜੜ੍ਹਾਂ ਤੋਂ ਉਖੜਨ ਦੇ ਦੁਖਾਂਤ ਵਜੋਂ ਪੇਸ਼ ਕਰਦਾ ਹੈ ਉਥੇ ਹੀ ਨਵੀਆਂ ਧਰਤੀਆਂ 'ਤੇ ਆਪਣੀ ਪੌਦ ਲਗਾਉਣ ਦਾ ਰੁਮਾਂਚ ਵੀ ਸਿਰਜਦਾ ਹੈ।

ਨਾਵਲ ਦਾ ਕੇਂਦਰੀ ਪਾਤਰ ਹਰੀਪਾਲ ਹੈ ਜੋ ਪੰਜਾਬ ਸੰਕਟ ਦੇ ਦੌਰ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਪਰਵਾਸ ਧਾਰਨ ਕਰਦਾ ਹੈ। ਉਹ ਕਾਮਰੇਡ ਹਿੰਦੂ ਪਰਿਵਾਰ ਦਾ ਜੰਮਪਲ ਹੈ ਜਿਸ ਕੋਲ਼ ਪਰਵਾਸ ਅੰਦਰ ਰਾਜਸੀ ਸ਼ਰਨ ਲੈਣ ਲਈ ਅਤਿਵਾਦ ਦੌਰਾਨ ਪੰਜਾਬ ਅੰਦਰ ਹਿੰਦੂ ਪਰਿਵਾਰਾਂ ਨੂੰ ਖਤਰਾ, ਅੰਤਰ-ਜਾਤੀ ਵਿਆਹ ਦੀ ਇੱਛਾ ਰੱਖਣ ਕਰ ਕੇ ਆਪਣੀ ਪ੍ਰੇਮਿਕਾ ਸਿਮਰ ਦਾ ਅਣਖ ਖਾਤਿਰ ਹੋਇਆ ਕਤਲ ਅਤੇ ਹੋਰ 'ਸਮਰੱਥ' ਕਾਰਨ ਹਨ। ਉਹ ਕਬੱਡੀ ਦੇ ਖਿਡਾਰੀ ਵਜੋਂ ਅਮਰੀਕਾ ਵਿਚ ਪ੍ਰਵੇਸ਼ ਕਰਦਾ ਇਸ ਨਵ ਪੂੰਜੀਵਾਦੀ ਦੇਸ਼ ਦੀ ਵੱਡੀ ਖੇਡ ਦਾ ਹਿੱਸਾ ਬਣ ਜਾਂਦਾ ਹੈ ਜਿੱਥੇ ਉਸ ਦੇ ਅਚੇਤ ਸੁਚੇਤ ਮਨ 'ਤੇ ਪੰਜਾਬ ਸੰਕਟ ਦੇ ਕਰੂਰ ਹਾਲਾਤ ਵਿਚ ਘਿਰੇ ਪਰਿਵਾਰ ਦੀ ਸਹਿਮੀ ਤੇ ਮਾਯੂਸੀ ਤਸਵੀਰ ਉਜਵਲ ਰਹਿੰਦੀ ਹੈ। ਹਰੀਪਾਲ ਦਾ ਪਿਤਾ ਕਾਮਰੇਡ ਹੰਸ ਰਾਜ ਪੰਜਾਬ ਸੰਕਟ ਦੌਰਾਨ ਹਿੰਦੂ ਅਤੇ ਕਾਮਰੇਡ ਹੋਣ ਦੀ ਦੋਹਰੀ ਹੋਣੀ ਭੁਗਤਦਾ ਹੈ; ਹਰੀਪਾਲ ਸਿੱਖ ਧਰਮ ਨਾਲ ਸਬੰਧ ਰੱਖਦੀ ਆਪਣੀ ਪ੍ਰੇਮਿਕਾ ਸਿਮਰ ਦੇ ਅਣਖ ਖਾਤਰ ਹੋਏ ਕਤਲ ਤੋਂ ਬਾਅਦ ਅਮੁੱਕ ਸੰਤਾਪ ਤੇ ਖੂੰਖਾਰ ਸਿਮਰਤੀਆਂ ਲੈ ਕੇ ਅਮਰੀਕਾ ਦਾਖਲ ਹੁੰਦਾ ਹੈ।

ਨਾਵਲ ਵਿਚ ਅਮਰੀਕਾ ਵਰਗੇ ਮਾਨਵੀ ਅਧਿਕਾਰਾਂ ਦੇ 'ਰਾਖੇ' ਦੇਸ਼ ਵਿਚ ਗ਼ੈਰ-ਕਾਨੂੰਨੀ ਲੋਕਾਂ ਦੇ ਪਨਾਹ ਕੇਸਾਂ ਦੀਆਂ ਫਾਈਲਾਂ ਦਾ ਅਦਾਲਤੀ ਤੇ ਕਾਨੂੰਨੀ ਪੱਖ ਜਦੋਂ ਦਰਸ਼ਨ ਅਤੇ ਹਰੀਪਾਲ ਆਪਣੇ ਵਕੀਲ ਨਾਲ ਵਿਚਾਰਦੇ ਹਨ ਤਾਂ ਇਹ ਕਥਾਨਕੀ ਜੁੱਟ ਦੁਖਾਂਤਕ ਵਿਅੰਗ ਦਾ ਰੂਪ ਧਾਰਦਾ ਹੈ। ਪਰਵਾਸ ਦੇ ਦੰਭੀ ਕਿਰਦਾਰ ਨਾਲ ਜੁੜਿਆ ਦੂਜਾ ਵਿਅੰਗ ਗ਼ਦਰੀ ਬਾਬਿਆਂ ਦੀ ਧਰਤੀ ਸੈਕਰਾਮੈਂਟੋ ਵਿਚ ਗ਼ਦਰੀ ਬਾਬਿਆਂ ਦੀ ਯਾਦ ਵਿਚ ਹੁੰਦੇ ਕਬੱਡੀ ਟੂਰਨਾਮੈਂਟ ਦੇ ਪ੍ਰਬੰਧਕਾਂ ਦੀ ਗੁੱਟਬਾਜ਼ੀ, ਕਬੱਡੀ ਟੀਮ ਦੇ ਭੇਸ ਵਿਚ ਹੁੰਦੀ ਕਬੂਤਰਬਾਜ਼ੀ ਅਤੇ ਏਜੰਟਾਂ ਦੀ ਲੁੱਟ ਖੋਹ ਨਾਲ ਜੁੜਿਆ ਬਿਰਤਾਂਤ ਹੈ। ਹਰੀਪਾਲ ਆਪਣੇ ਆਦਰਸ਼ਵਾਦੀ ਤੇ ਸੰਘਰਸ਼ੀ ਤੇਵਰਾਂ ਨਾਲ ਕੰਮ ਅਤੇ ਪੜ੍ਹਾਈ ਵਿਚ ਬਰਾਬਰ ਨਿਭਦਾ ਹੈ ਤੇ ਜਲਦ ਹੀ ਪਨਾਹ ਦਾ ਕੇਸ ਜਿੱਤ ਕੇ ਜਸ਼ਨ ਨਾਲ ਵਿਆਹ ਕਰਵਾ ਲੈਂਦਾ ਹੈ। ਪਰਵਾਸ ਵਿਚ ਦਰਸ਼ਨ-ਸੁਰਜੀਤ, ਹਰੀਪਾਲ-ਜਸ਼ਨ, ਵਰਗੇ ਦੰਪਤੀ ਪਾਤਰ ਪਰਵਾਸੀ ਜੀਵਨ ਦੇ ਥਪੇੜਿਆਂ ਵਿਚ ਵੀ ਆਪਣੀ ਮੂਲ ਤਾਸੀਰ ਤੇ ਜ਼ਿੰਦਾਦਿਲੀ ਸਾਂਭੀ ਰੱਖਦੇ ਹਨ। ਗ਼ੈਰ-ਕਾਨੂੰਨੀ ਪਰਵਾਸ ਦੇ ਸਤਾਏ ਗੁਰਿੰਦਰ ਗੈਰੀ ਅਤੇ ਅਮਨ ਦੇ ਵਿਆਹ ਦਾ ਟੁੱਟ ਜਾਣਾ ਪਰਵਾਸੀ ਜੀਵਨ ਅੰਦਰ ਜੀਵਨ ਮੁੱਲਾਂ ਦੇ ਖੰਡਤ ਹੋਣ ਅਤੇ ਰਿਸ਼ਤਿਆਂ ਅੰਦਰਲੀ ਬੇਯਕੀਨੀ ਨੂੰ ਦਰਸਾਂਦਾ ਹੈ। ਅਮਰੀਕਾ ਦੀ ਡਾਲਰੀ ਚਕਾਚੌਂਧ ਵਾਲੇ ਮੂਲਵਾਸੀ ਸਮਾਜ ਅੰਦਰ ਨਸਲਪ੍ਰਸਤੀ, ਆਰਥਿਕ ਵਖਰੇਵੇਂ, ਅਪਰਾਧਕ ਕਾਰਵਾਈਆਂ ਅਤੇ ਅਨੈਤਿਕ ਵਿਹਾਰ ਦੇ ਕਈ ਪ੍ਰਸੰਗ ਵੀ ਨਾਵਲੀ ਕਥਾਨਕ ਦਾ ਹਿੱਸਾ ਬਣੇ ਹਨ ਜਿਨ੍ਹਾਂ ਵਿਚ ਗੋਰਾ ਸਮਾਜ ਦੇ ਪਾਤਰ ਸਮਿੱਥ ਦਾ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਉਸ ਗਰਭਵਤੀ ਧੀ ਨੂੰ ਸਾਂਭਣਾ ਵਿਸ਼ੇਸ਼ ਹੈ ਜਿਸ ਨੂੰ ਉਸ ਦਾ ਪ੍ਰੇਮੀ ਇਕੱਲੀ ਛੱਡ ਜਾਂਦਾ ਹੈ। ਲੇਖਕ ਬਿਖਮ ਹਾਲਾਤ 'ਚ ਵੀ ਆਸ਼ਾਵਾਦੀ, ਸੰਘਰਸ਼ਸ਼ੀਲ ਅਤੇ ਸੁਜੱਗ ਦ੍ਰਿਸ਼ਟੀ ਵਾਲੀ ਜ਼ਿੰਦਗੀ ਜਿਉਣ ਵਾਲੇ ਪਾਤਰਾਂ ਦੀ ਸਦੀਵੀ ਸਾਂਝ ਉਸਾਰ ਦਿੰਦਾ ਹੈ। ਇਸ ਨਾਲ ਲੇਖਕ ਪੂਰਬ ਅਤੇ ਪੱਛਮ ਦੇ ਸੰਸਕ੍ਰਿਤਕ ਧਰਾਤਲ ਨੂੰ ਇਕ ਦੂਜੇ ਤੋਂ ਵਿਰੋਧੀ ਤੇ ਵਖਰੇਵੇਂ ਭਰੀ ਪ੍ਰਵਚਨਕਾਰੀ ਨਾਲ ਪੇਸ਼ ਨਹੀਂ ਕਰਦਾ ਸਗੋਂ ਦੋਹਾਂ ਸੰਸਕ੍ਰਿਤੀਆਂ ਅੰਦਰ ਮੌਜੂਦ ਬਦ ਤੇ ਨੇਕ ਜੀਵਨ ਮੁੱਲਾਂ ਦਾ ਪੇਸ਼ਕਾਰ ਬਣਦਾ ਹੈ।




*ਨਾਵਲ 'ਸੁਰਖ਼ ਸਾਜ਼' ਦਾ ਮੁਖੜਾ।*



*ਨਾਵਲ ਦੇ ਲੇਖਕ ਡਾ. ਜਸਵਿੰਦਰ ਸਿੰਘ।*


ਨਾਵਲ ਦਾ ਅਹਿਮ ਪਾਸਾਰ ਆਲਮੀ ਆਰਥਿਕ ਮੰਦਵਾੜੇ ਵਿਚ ਅਮਰੀਕਾ ਦੀ ਅਰਥ ਵਿਵਸਥਾ ਦੇ ਚਰਮਰਾ ਜਾਣ ਨਾਲ ਪਰਵਾਸੀ ਪੰਜਾਬੀਆਂ ਅਤੇ ਹੋਰ ਉਦਮੀ ਤੇ ਉਤਸ਼ਾਹੀ ਜਮਾਤ ਨੂੰ ਲੱਗਦੀਆਂ ਫੇਟਾਂ ਨਾਲ ਜੁੜਿਆ ਹੈ। ਅਮਰੀਕਾ ਦਾ ਨਵ ਪੂੰਜੀਵਾਦੀ ਵਰਤਾਰਾ ਪਰਵਾਸੀ ਬੰਦਿਆਂ ਨੂੰ ਆਪਣੀ ਪੂੰਜੀਵਾਦੀ ਚੁੰਧਿਆਹਟ ਨਾਲ ਉਪਭੋਗੀ ਸੁਪਨਿਆਂ ਅਤੇ ਬੇਲਗਾਮ ਇੱਛਾਵਾਂ ਦੇ ਸਿਖਰਲੇ ਸੰਸਾਰ ਵਿਚ ਲੈ ਜਾਂਦਾ ਹੈ ਪਰ ਮੰਦਵਾੜੇ ਦੇ ਸਿਰਜੇ ਮੱਕੜਜਾਲ ਵਿਚ ਉਲਝਾ ਕੇ ਮੂਧੇ ਮੂੰਹ ਜ਼ਮੀਨ 'ਤੇ ਪਟਕਾ ਦਿੰਦਾ ਹੈ। ਨਾਵਲ ਵਿਚ ਇਹ ਵਰਤਾਰਾ ਜਸ਼ਨ ਅਤੇ ਹਰੀਪਾਲ ਨਾਲ ਵਾਪਰਦਾ ਹੈ ਜੋ ਨਵ ਪੂੰਜੀਵਾਦੀ ਵਿਵਸਥਾ ਦੇ ਖੁੱਲ੍ਹੇ ਅਸਮਾਨ ਵਿਚ ਤਾਰੀਆਂ ਲਾਉਣ ਦੇ ਸੁਪਨੇ ਲੈਂਦੇ ਅਮਰੀਕੀ ਅੰਬਰ ਦੀਆਂ ਹਨੇਰ ਤੇ ਬੰਦ ਗਲੀਆਂ ਵਿਚ ਉਲਝ ਜਾਂਦੇ ਹਨ। ਇਸੇ ਤਰ੍ਹਾਂ ਨਾਵਲ ਦੇ ਅੰਤਲੇ ਹਿੱਸਿਆਂ ਵਿਚ ਵੀ ਪੰਜਾਬ ਵਰਗੇ ਉਤਸ਼ਾਹੀ ਖਿੱਤੇ ਵਿਚ ਕਾਰੋਪੇਰਟ ਪੱਖੀ ਵਿਕਾਸ ਮਾਡਲ ਦੀ ਚਕਾਚੌਂਧ ਨਾਲ ਹੁੰਦੇ ਉਜਾੜੇ ਦੇ ਅਨੇਕਾਂ ਬਿਰਤਾਂਤਕ ਬਿੰਬ ਉਲੀਕੇ ਮਿਲਦੇ ਹਨ। ਨਾਵਲ ਦਾ ਕੇਂਦਰੀ ਪਾਤਰ ਹਰੀਪਾਲ ਆਪਣੀ ਹਿੰਮਤ, ਸਿਦਕ ਤੇ ਸਹਿਜ ਜ਼ਿੰਦਗੀ ਨਾਲ ਹਰ ਤਰ੍ਹਾਂ ਦੇ ਪ੍ਰਤੀਕੂਲ ਹਾਲਾਤ ਅੰਦਰ ਵੀ ਆਪਣੀ ਸਿਦਕੀ ਤੇ ਸੰਘਰਸ਼ੀ ਜ਼ਿੰਦਗੀ ਦਾ ਪੱਲਾ ਨਹੀਂ ਛੱਡਦਾ ਤੇ ਨਾਵਲਕਾਰ ਦੀ ਵਿਚਾਰਧਾਰਕ ਦ੍ਰਿਸ਼ਟੀ ਦਾ ਵਾਹਕ ਬਣਿਆ ਰਹਿੰਦਾ ਹੈ। ਇੰਝ ਇਹ ਨਾਵਲ ਆਵਾਸ ਤੇ ਪਰਵਾਸ ਦੇ ਇਕ ਖਾਸ ਇਤਿਹਾਸਕ ਅੰਤਰਾਲ 'ਤੇ ਉਸਰਿਆ ਹੈ ਜਿੱਥੇ ਪੰਜਾਬ ਸੰਕਟ ਤੋਂ ਲੈ ਕੇ ਵਿਸ਼ਵੀਕਰਨ ਤਕ ਦੇ ਸਭਿਆਚਾਰਕ ਸਮਾਜਕ ਸੰਕਟਾਂ ਦੀ ਬਹੁਪਾਸਾਰੀ ਤਸਵੀਰ ਬਣਦੀ ਹੈ। ਇਹ ਤਸਵੀਰ ਵਿਸ਼ਵੀ ਸਮਾਜ ਦੀਆਂ ਸਮਕਾਲੀ ਆਪਾਧਾਪੀਆਂ ਤਕ ਫੈਲਦੀ ਮਾਨਵੀ ਹੋਂਦ ਨੂੰ ਦਰਪੇਸ਼ ਸੰਕਟਾਂ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਅਮਲ ਵਿਚ ਲੇਖਕ ਨੇ ਆਪਣਾ ਫੋਕਸ ਪੂਰਬ ਤੇ ਪੱਛਮ ਦੀਆਂ ਧਰਤੀਆਂ 'ਤੇ ਬਦਹਾਲੀ ਤੇ ਦਵੰਦ ਭੋਗਦੇ ਪਾਤਰਾਂ ਦੀ ਲੜੀ ਸਿਰਜੀ ਹੈ।

ਨਾਵਲ ਦੀਆਂ ਕੁਝ ਸੀਮਾਵਾਂ ਹਨ ਜਿਨ੍ਹਾਂ ਵਿਚ 80ਵੇਂ ਦਹਾਕੇ ਅੰਦਰ ਸਟੇਟ ਅਤੇ ਵੱਖਵਾਦੀ ਧਿਰਾਂ ਦੇ ਦਮਨ ਵਿਚ ਪਿਸਦੀ ਹਿੰਦੂ ਧਿਰਾਂ ਦੀ ਹੋਂਦ ਦੇ ਵੱਖਰੇ ਬਿਰਤਾਂਤਕ ਪਾਸਾਰ ਨਹੀਂ ਖੁੱਲ੍ਹਦੇ। ਨਾਵਲ ਦੀ ਭਾਰੂ ਪ੍ਰਵਚਨਕਾਰੀ ਖੇਤੀ ਅਰਥਚਾਰੇ ਵਿਚੋਂ ਨਿਕਲੀ ਮਧਲੀ ਕਿਸਾਨੀ ਜਮਾਤ ਦੇ ਅਨੁਭਵਾਂ ਨਾਲ ਜੁੜੀ ਹੈ ਜਿੱਥੇ ਖੇਤੀ ਵਿਵਸਥਾ ਨਾਲ ਜੁੜੇ ਜਗੀਰੂ ਮੁੱਲਾਂ ਪ੍ਰਤੀ ਹੇਰਵਾ ਭਾਰੂ ਹੈ ਪਰ ਹਰੀਪਾਲ ਦੇ ਮਾਧਿਅਮ ਨਾਲ ਲੇਖਕ ਹਿੰਦੂ ਅਤੇ ਕਾਮਰੇਡੀ ਮੱਸ ਵਾਲੇ ਪਰਿਵਾਰ ਵਿਚੋਂ ਗ਼ੈਰ-ਕਾਨੂੰਨੀ ਪਰਵਾਸ ਦੇ ਬਿਰਤਾਂਤਕ ਪ੍ਰਸੰਗ ਉਲੀਕਦਾ ਵੱਖਰੀ ਪਹਿਲਕਦਮੀ ਕਰਦਾ ਹੈ। ਇਹ ਪਹਿਲਕਦਮੀ ਪੰਜਾਬ ਵਿਚ ਘੱਟ ਗਿਣਤੀ ਧਿਰ ਦੇ ਗ਼ੈਰ-ਕਾਨੂੰਨੀ ਪਰਵਾਸ ਪਲਾਇਨ ਨਾਲ ਤਾਂ ਜੁੜੀ ਹੈ ਪਰ ਉਸ ਸਹਿਮੇ ਹਿੰਦੂ ਮਨੋਵਿਗਿਆਨ ਦੀਆਂ ਤਹਿਆਂ ਤਕ ਨਹੀਂ ਪੁੱਜਦੀ। ਸਿੱਖ ਕਿਸਾਨੀ ਸੰਸਕ੍ਰਿਤੀ ਦੀ ਵਿਚਾਰਧਾਰਕ ਹੈਜਮਨੀ ਵਿਚ ਬੇਪਛਾਣ ਹੋਈ ਇਹ ਧਿਰ ਨਾਵਲੀ ਪ੍ਰਵਚਨ ਅੰਦਰ ਇਕਹਿਰੇ ਤੇ ਸਤਹੀ ਵੇਰਵਿਆਂ ਨਾਲ ਪੇਸ਼ ਹੋਈ ਹੈ। ਸੰਤਾਲੀ ਦੇ ਦੁਖਾਂਤ ਦਾ ਸ਼ਿਕਾਰ ਹਰੀਪਾਲ ਦਾ ਮਧਵਰਗੀ ਹਿੰਦੂ ਪਰਿਵਾਰ ਜਿਸ ਤਰ੍ਹਾਂ ਆਪਣੇ ਸਿਰੜ ਤੇ ਸੰਜਮ ਨਾਲ ਨਿੱਕੇ-ਨਿੱਕੇ ਤਜਾਰਤੀ ਕੰਮਾਂ ਵਿਚ ਆਪਣੀਆਂ ਜੜਾਂ ਲਾਉਂਦਾ ਹੈ, ਉਹ ਵੀ ਨਾਵਲ ਦੀ ਅਣਕਹੀ ਟੈਕਸਟ ਦਾ ਹਿੱਸਾ ਬਣਨਾ ਚਾਹੀਦਾ ਸੀ। ਨਾਵਲਕਾਰ ਨੇ ਦੁਆਬੇ ਦੇ ਬੇਟ ਇਲਾਕੇ ਤੋਂ ਅਮਰੀਕਾ ਤਕ ਦੇ ਰਚਨਾਵੀ ਧਰਾਤਲ 'ਤੇ ਆਪਣੇ ਨਾਵਲ ਦੀ ਉਸਾਰੀ ਕਰਦਿਆਂ ਭਾਸ਼ਾ ਦੇ ਵੰਨ ਸੁਵੰਨੇ ਰੂਪ ਵਰਤੇ ਹਨ ਪਰ ਇਹ ਭਾਸ਼ਾ ਇੰਨੀ ਅਲੰਕ੍ਰਿਤ ਤੇ ਬੋਝਲ ਹੈ ਕਿ ਨਾਵਲ ਦੀ ਪੜ੍ਹਨਯੋਗਤਾ ਨੂੰ ਜਟਿਲ ਬਣਾ ਦਿੰਦੀ ਹੈ। ਨਾਵਲ 'ਚ ਕਥਾ ਰਸ ਤੇ ਰਵਾਨੀ ਦੀ ਕਮੀ ਤੇ ਬਿਰਤਾਂਤਕ ਵੇਰਵਿਆਂ ਦੀ ਵਾਧੂ ਭਰਤੀ ਵੀ ਚੁੱਭਦੀ ਹੈ। ਇਸ ਪੱਖ ਤੋਂ ਇਹ ਨਾਵਲ ਜਟਿਲ ਬਿਰਤਾਂਤ ਵਾਲਾ ਨਹੀਂ ਸਗੋਂ ਜਟਿਲ ਭਾਸ਼ਾ ਵਾਲਾ ਨਾਵਲ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਅਗਸਤ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-651



*ਕੱਚਾ ਘਰ ਤੇ ਕੱਚਾ ਵਿਹੜਾ, ਹੈ ਕੱਚਾ ਚੌਂਕਾ ਚੁੱਲ੍ਹਾ,*
*ਇੰਨੀ ਪੂੰਜੀ ਹੈ ਸਾਂਭੀ ਬੈਠੀ, ਦਰ ਕਮਰੇ ਦਾ ਖੁੱਲ੍ਹਾ।*
*ਵਿਚ ਸੋਚਾਂ ਹੈ ਡੁੱਬੀ ਬੈਠੀ, ਅੱਜ ਦਿਹਾੜੀ ਹੈ ਫੁੱਟੀ,*
*ਕੀ ਪਕਾਵੇ ਕੀ ਖਾਵੇ ਉਹ, ਹੈ ਲੇਖਾ ਕਰ ਕਰ ਟੁੱਟੀ।*

### ਕੈਪਸ਼ਨ ਮੁਕਾਬਲਾ-649



ਨਾਰੇ ਬੱਗੇ ਨੂੰ ਦੇ ਕੇ ਥਾਪੀ,
ਗਲ਼ੀਂ ਪੰਜਾਲ਼ੀ ਪਾਉਂਦੇ ਸੀ।
'ਜੀਵੇਂ ਤੂੰ' ਕਹਿ ਤੋਰ ਸੀ ਲੈਂਦੇ,
'ਤੱਤਾ' 'ਹੱਟ' ਰਟਾਉਂਦੇ ਸੀ।
ਫਹੁ ਫੁੱਟਦੀ ਤੋਂ ਸੋਤੇ ਤਾਈਂ,
ਵਿਚ ਖੇਤ ਹਲ਼ ਵਾਹੁੰਦੇ ਸੀ।
ਹੁਣ ਬੀਤ ਦੀਆਂ ਬਾਤਾਂ ਹੋਈਆਂ,
ਜਦ ਧੱਲੇ ਦੀਆਂ ਲਾਉਂਦੀ ਸੀ।
***-ਜਗਮੀਤ ਸਿੰਘ ਪੰਧੇਰ***

---

ਬੱਗੇ ਢੱਗੇ
ਚਿੱਟੇ ਝੱਗੇ।
ਹਾੜ੍ਹ ਤਪੰਦਾ
ਲੂ ਵੱਗੇ।
ਪੋਹ ਦੀ ਠਾਰੀ
ਸੀਨੇ ਵੱਜੇ।
ਲੋੜਾਂ, ਕਰਜ਼ਾ
ਸੰਘੀ ਦੱਬੇ।
ਕਰਮ ਕਰਦਾ
ਵਧਦਾ ਜਾਏ ਅੱਗੇ।
ਸ਼ੁਕਰ ਕਰੇ ਦਾਤਾ ਦੇ ਅੱਗੇ।
***-ਭਰਪੂਰ ਸਿੰਘ ਮਿਨੀਸੋਟਾ***
***ਫੋਨ: 651-210-2109***

---

ਉੱਠ ਕੇ ਸੁਵੱਖਤੇ, ਹਨੇਰੇ ਹਨੇਰੇ,
ਤੂੜੀ ਚਾਰਾ ਪਾ ਦਿੰਦੇ ਸੀ।
ਲੋਕਾਂ ਦੀ ਜਦ ਅੱਖ ਖੁੱਲ੍ਹਦੀ ਸੀ,
ਦੋ ਦੋ ਵਿੱਘੇ ਵਾਹ ਦਿੰਦੇ ਸੀ।
ਮਸ਼ੀਨਰੀ ਨੇ ਸਮੇਂ ਦੇ ਤੌਰ ਬਦਲਤੇ,
ਲਭਦੇ ਨਹੀਂ ਹੁਣ ਹਲ-ਪੰਜਾਲੀ।
ਕਿਵੇਂ ਕਹਾਂ? "ਤਰੱਕੀਆਂ ਹੋ ਗਈਆਂ",
ਵੇਖ ਕੇ ਕਿਸਾਨਾਂ ਦੀ ਮੰਦਹਾਲੀ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਇਕ ਬੈਲਾਂ ਦੀ ਇਕ ਆਦਮ ਤੇ ਈਵ ਦੀ
ਰੱਬ ਨੇ ਬਣਾਈਆਂ ਜੋੜੀਆਂ
ਜੱਗ ਥੋੜ੍ਹੀਆਂ
ਇਕ ਕਰੇ ਖੇਤਾਂ ਵਿਚ ਕਮਾਈ
ਦੂਜੀ ਸ਼ਹਿਰ ਜਾ ਜਾਵੇ ਉਡਾਈ
ਮਸ਼ੀਨਰੀ ਕਲਾਯੁਗ ਆਇਆ
ਟਰੈਕਟਰ ਪਾਵੇ ਦੁਹਾਈ।
ਆਧੁਨਿਕ ਦੋਨੋਂ ਜੋੜੀਆਂ ਹੋਗੀਆਂ
ਸੁਣਦੀਆਂ ਨਾ ਕੰਨਪਾਈ
ਕਿਸਾਨੀ ਤਾਂ ਨਾਮ ਦੀ ਰਹਿਗੀ
ਕੰਮ ਲਈ ਆ ਗਏ ਬਿਹਾਰੀ ਭਾਈ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਖਸਮਾਂ ਸੇਤੀ ਕਦੇ ਨਾ ਹੋਏ
ਬੱਤੀਆਂ ਤੋਂ ਤੇਤੀ
ਮੂੰਨਾ, ਪੰਜਾਲੀ, ਬਲਦ ਖੇਤੀ
ਲੈ ਲਈ ਮਸ਼ੀਨੀ ਯੁੱਗ ਦੀ ਆਮਦ ਨੇ
ਪਾਣੀ ਧਰਾਤਲ ਡੂੰਘਾ
ਮਸ਼ੀਨਰੀ ਖਰੀਦ ਵਿਆਜ ਲੁਕਵਾਂ
ਬੜਤ, ਉੱਚਾਪਨ,
ਕਾਰਪੋਰੇਟ ਸੰਸਾਰ ਮੁਨਾਫਾ
ਸਰਕਾਰਾਂ ਦੀ ਆਨਾਕਾਨੀ
ਕਿਸਾਨ ਪ੍ਰੇਸ਼ਾਨ
ਘਿਰਿਆ ਮੁਸੀਬਤਾਂ 'ਚ ਨਜ਼ਰ ਆਉਂਦਾ
ਲਾਏ ਧਰਨੇ ਹਜੂਮ ਲਾਮਬੰਦ ਕੀਤਾ।
ਪਰ ਮਿਲਿਆ ਕੁਝ ਨਾ
ਅਜੇ ਗਰੰਟੀ ਕਾਸ਼ਤ ਦੀ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਭਾਰਤੀ ਜਨਤਾ ਪਾਰਟੀ ਦਾ ਨਰੋਆ ਬਦਲ ਕਿਵੇਂ ਉਸਰੇ

ਚਲੰਤ ਮੁੱਦਿਆਂ ਨੂੰ ਪਾਸੇ ਰੱਖਦਿਆਂ ਸਿਰਫ਼ ਮੂਲ ਅਤੇ ਦੂਰਰਸੀ ਖਾਸ ਸਿਆਸੀ ਪੜਚੋਲ ਕਰਨੀ ਹੈ। ਨਰਿੰਦਰ ਮੋਦੀ ਸਿਰਫ਼ ਆਪਣੀ ਰਣਨੀਤੀ ਤੇ ਦਾਅਪੇਚ ਨੀਤੀ ਦੇ ਬਲਬੂਤੇ ਤੀਜੀ ਵਾਰ ਸਰਕਾਰ ਬਣਾਉਣ ਵਿਚ ਸਫਲ ਹੈ, ਨਹੀਂ ਤਾਂ ਚੋਣ ਹਾਰੀ ਪਈ ਸੀ। ਮੋਦੀ ਨੇ ਉੜੀਸਾ, ਆਂਧਰਾ ਪ੍ਰਦੇਸ਼ ਅਤੇ ਬਿਹਾਰ ਵਿਚ ਦਾਅਪੇਚ ਨੀਤੀ ਚੱਕਰ ਚਲਾਇਆ, ਭਾਵੇਂ ਮਹਾਰਾਸ਼ਟਰ ਵਾਲਾ ਭਲਵਾਨੀ ਦਾਅ ਪੁੱਠਾ ਵੀ ਪਿਆ। ਕਾਂਗਰਸ ਬਿਹਾਰ, ਪੱਛਮੀ ਬੰਗਾਲ, ਉੜੀਸਾ, ਆਂਧਰਾ ਪ੍ਰਦੇਸ਼, ਤਿਲੰਗਾਨਾ 'ਚ ਹਾਲਾਤ

**ਡਾ. ਸੁਰਿੰਦਰ ਮੰਡ**
**ਫੋਨ: +91-94173-24543**

ਅਨੁਸਾਰ ਚੱਲਣ ਪੱਖੋਂ ਫੇਲ੍ਹ ਸਾਬਤ ਹੋਈ, ਨਹੀਂ ਤਾਂ ਸਰਕਾਰ ਬਣੀ ਪਈ ਸੀ। ਇਹ ਘੁੰਡੀ ਖੋਲ੍ਹਣਾ ਲੇਖ ਦਾ ਮਕਸਦ ਹੈ।

ਮੋਦੀ ਨੇ ਐਨ ਆਖਿਰੀ ਮੌਕੇ ਆਂਧਰਾ ਵਿੱਚ ਚੰਦਰ ਬਾਬੂ ਨਾਇਡੂ ਨਾਲ 26 ਵਿੱਚੋਂ ਸਿਰਫ਼ ਚਾਰ ਸੀਟਾਂ ਲੈ ਕੇ ਸਮਝੌਤਾ ਕੀਤਾ ਅਤੇ ਗਠਜੋੜ ਵਜੋਂ ਉਨ੍ਹਾਂ ਦੀਆਂ ਜਿੱਤੀਆਂ 19 ਸੀਟਾਂ ਦਾ ਸਮਰਥਨ ਲਿਆ। ਕਾਂਗਰਸ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਮੋਹਨ ਰੈਡੀ ਨਾਲ ਜਿਵੇਂ ਕਿਵੇਂ ਆਖਿਰੀ ਮੌਕੇ ਅਜਿਹਾ ਸਮਝੌਤਾ ਕਰ ਸਕਦੀ ਸੀ, ਉਹ ਤਾਂ ਇਨ੍ਹਾਂ ਦੇ ਹੀ ਸਾਬਕਾ ਮੁੱਖ ਮੰਤਰੀ ਦਾ ਮੁੰਡਾ ਹੈ ਪਰ ਕੁਝ ਨਾ ਕੀਤਾ ਸਗੋਂ ਉਸ ਦੀ ਭੈਣ ਨੂੰ ਤੋੜ ਕੇ ਇਕੱਲੇ ਬਦਲ ਬਣਨ ਦਾ ਭਰਮ ਪਾਲਦੇ ਰਹੇ। ਜਗਨ ਮੋਹਨ ਦੇ ਮੁੱਖ ਮੰਤਰੀ ਬਾਪ ਰਾਜ ਸ਼ੇਖਰ ਰੈਡੀ ਦੀ ਹੈਲੀਕਾਪਟਰ ਹਾਦਸੇ ਵਿਚ ਮੌਤ ਮਗਰੋਂ ਹੀ ਇਸ ਨੂੰ ਮੁੱਖ ਮੰਤਰੀ ਬਣਾ ਕੇ ਪਾਰਟੀ ਟੁੱਟਣੋਂ ਬਚ ਸਕਦੀ ਸੀ। ਦੂਜੇ ਪਾਸੇ ਮੋਦੀ ਨੇ ਹਰ ਪੱਖੋਂ ਆਪਣੇ ਘੋਰ ਵਿਰੋਧੀ, ਮੁਸਲਿਮ ਪੱਖੀ ਨਾਇਡੂ ਨਾਲ ਹੱਥ ਮਿਲਾਉਣ ਨੂੰ ਮਿੰਟ ਨਾ ਲਾਇਆ।

'ਇੰਡੀਆ' ਗਠਜੋੜ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਹਿਲਕਦਮੀ 'ਤੇ ਹੀ ਬਣਿਆ ਸੀ। ਉਹ ਚਾਰ ਮਹੀਨੇ ਗਠਜੋੜ ਦੀ ਮੀਟਿੰਗ ਕਰਨ ਦੀ ਦੁਹਾਈ ਦਿੰਦਾ ਰਿਹਾ ਤੇ ਰਾਹੁਲ ਗਾਂਧੀ ਮਹੀਨਿਆਂ ਬੱਧੀ ਯਾਤਰਾ ਵਿੱਚ ਮਸਰੂਫ਼ ਰਹੇ। ਜੇ ਮੀਟਿੰਗ ਕੀਤੀ ਤਾਂ ਗਠਜੋੜ ਦੇ ਕੁਝ ਹੇਠਲੇ ਲੀਡਰਾਂ ਨੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਨਾਮ ਲੀਡਰ ਵਜੋਂ ਉਛਾਲ ਕੇ ਨਿਤੀਸ਼ ਕੁਮਾਰ ਨੂੰ ਚਿੜਾਇਆ। ਕਾਂਗਰਸ ਨੇ ਚੁੱਪ ਧਾਰੀ ਰੱਖੀ। ਆਮ ਲੋਕਾਂ ਨੂੰ ਵੀ ਲੱਗਾ ਕਿ ਇਹ ਸੁਸਤ ਨੇ ਅਤੇ ਗਠਜੋੜ ਲਈ ਸੁਹਿਰਦ ਨਹੀਂ। ਨਿਤੀਸ਼ ਕੁਮਾਰ ਪਾਲਾ ਬਦਲ ਕੇ ਮੋਦੀ ਵੱਲ ਤੁਰ ਗਿਆ। ਨਿਤੀਸ਼ ਕੁਮਾਰ ਕਾਰਨ ਬਿਹਾਰ ਦਾ ਚੋਣ ਨਤੀਜਾ (31 ਸੀਟਾਂ) ਮੋਦੀ ਸਰਕਾਰ ਬਣਨ ਦਾ ਵੱਡਾ ਕਾਰਨ ਬਣਿਆ। ਜਦੋਂ ਗੱਡੀ ਪਲੇਟਫਾਰਮ ਤੋਂ ਤੁਰ ਗਈ ਤਾਂ ਜਿਹੜੇ ਲੋਕ ਨਿਤੀਸ਼ ਨੂੰ 'ਇੰਡੀਆ' ਦਾ ਕਨਵੀਨਰ ਬਣਨੋਂ ਰੋਕਣ ਲਈ ਇਲਤਾਂ ਕਰਦੇ ਸਨ, ਉਹ ਉਸ ਨੂੰ ਫਿਰ ਇੱਧਰ ਆ ਕੇ ਪ੍ਰਧਾਨ ਮੰਤਰੀ ਬਣਾਉਣ ਲਈ ਤਰਲੋਮੱਛੀ ਹੋਏ। ਹੁਣ ਵੀ ਨਿਤੀਸ਼ ਕੁਮਾਰ ਦੀ ਵਾਪਸੀ ਦਾ ਇੰਤਜ਼ਾਰ ਕਰ ਰਹੇ ਹਨ।



ਉੜੀਸਾ ਦਾ ਮੁੱਖ ਮੰਤਰੀ ਨਵੀਨ ਪਟਨਾਇਕ ਦਸ ਸਾਲ ਮੋਦੀ ਸਰਕਾਰ ਦਾ ਸੰਸਦ ਵਿਚ ਸੇਵਾਦਾਰ ਰਿਹਾ। ਹੁਣ ਭਾਜਪਾ ਅਤੇ ਉਸ ਦਾ ਮੁੱਖ ਮੁਕਾਬਲਾ ਸੀ। ਕਾਂਗਰਸ ਨੂੰ ਕਿਸੇ ਵੀ ਕੀਮਤ ਉੱਤੇ ਉਸ ਨਾਲ ਸੀਟ ਸਮਝੌਤਾ ਕਰਨਾ ਬਣਦਾ ਸੀ ਪਰ ਜ਼ੀਰੋ ਯਤਨ; ਮੋਦੀ ਨੇ ਆਖਿਰ ਤਕ ਉਸ ਨਾਲ ਚੋਣ ਸਮਝੌਤੇ ਦਾ ਡਰਾਮਾ ਰਚਿਆ। ਐਨ ਆਖਿਰੀ ਦਿਨ ਨਾਂਹ ਕੀਤੀ। ਤਿਕੋਣੇ ਮੁਕਾਬਲੇ ਵਿੱਚ ਭਾਜਪਾ 21 ਵਿੱਚੋਂ 20 ਸੀਟਾਂ ਲੈ ਗਈ। ਕਾਂਗਰਸ ਅਤੇ ਨਵੀਨ ਪਟਨਾਇਕ ਦੀਆਂ ਮਿਲਾ ਕੇ 10 ਫੀਸਦੀ ਵੋਟਾਂ ਭਾਜਪਾ ਨਾਲੋਂ ਵੱਧ ਹੋਣ ਦੇ ਬਾਵਜੂਦ ਇਨ੍ਹਾਂ ਦੇ ਹੱਥ ਵਿਚ ਕੁਝ ਨਹੀਂ ਆਇਆ।

ਪੱਛਮੀ ਬੰਗਾਲ ਤੇ ਤਿਲੰਗਾਨਾ ਵਿਚ 'ਇੰਡੀਆ' ਗੱਠਜੋੜ ਇਕੱਠਾ ਲੜਦਾ ਤਾਂ ਸਾਰੀਆਂ ਸੀਟਾਂ ਜਿੱਤ ਸਕਦਾ ਸੀ। ਪੱਛਮੀ ਬੰਗਾਲ ਵਿਚ ਕਾਂਗਰਸ ਨੇ ਵੱਧ ਸੀਟਾਂ ਮੰਗਣ 'ਤੇ ਸਹਿਯੋਗੀ ਮਮਤਾ ਬੈਨਰਜੀ ਨਾਲੋਂ ਤਾਲਮੇਲ ਤੋੜ ਲਿਆ। ਤਿਲੰਗਾਨਾ ਵਿਚ ਟੀਆਰਐਸ ਵਾਲਾ ਚੰਦਰ ਸ਼ੇਖਰ ਰਾਓ ਵੀ ਤਾਂ ਭਾਜਪਾ ਦਾ ਸਤਾਇਆ ਹੋਇਆ ਸੀ, ਉਸ ਨੂੰ ਨਾਲ ਲੈਂਦੇ। ਉਹ ਤਾਂ ਕਿਸਾਨ ਅੰਦੋਲਨ ਵੇਲੇ ਤੋਂ ਭਾਜਪਾ ਦੇ ਖਿਲਾਫ ਸੀ ਤੇ ਦਿੱਲੀ ਧਰਨੇ ਵੀ ਮਾਰਦਾ ਰਿਹਾ। ਇੰਝ ਦੋਵਾਂ ਸੂਬਿਆਂ ਦੀਆਂ 17 ਸੀਟਾਂ ਭਾਜਪਾ ਨੂੰ ਜਿਤਾਈਆਂ।

ਬਜਟ ਵਿਚ ਮੋਦੀ ਨੇ ਜਿਹੜੇ ਪੱਛਮੀ ਬੰਗਾਲ ਵੱਲ ਜਾਂਦੀਆਂ ਸੜਕਾਂ ਲਈ ਬਿਹਾਰ ਨੂੰ ਪੈਸੇ ਦਿੱਤੇ ਹਨ, ਉਹ ਪੱਛਮੀ ਬੰਗਾਲ ਨੂੰ ਤੋੜ ਕੇ ਦੋ ਸੂਬਿਆਂ ਵਿਚ ਵੰਡਣ ਦੀ ਮੁਹਿੰਮ ਦਾ ਹਿੱਸਾ ਹੋ ਸਕਦਾ ਹੈ। ਸੋ, ਸਾਰਾ ਗੁਣਾ ਘਟਾਓ ਕਰ ਲਓ, ਭਾਜਪਾ ਦੇ ਪੱਲੇ 150 ਸੀਟਾਂ ਤੋਂ ਵੀ ਘੱਟ ਸਨ, ਬਾਕੀ ਵਿਰੋਧੀ ਧਿਰ ਦੀ ਸਿਆਸੀ ਨਾਸਮਝੀ ਅਤੇ ਸੁਸਤੀ ਕਾਰਨ ਮਿਲੀਆਂ। ਇੰਨੀਆਂ ਵੀ ਇਸ ਕਰ ਕੇ ਕਿ ਕਾਂਗਰਸ ਨੇ ਭਾਜਪਾ ਨਾਲ ਸਿੱਧੇ ਮੁਕਾਬਲੇ ਵਾਲੇ ਆਪਣੇ ਸੂਬਿਆਂ (ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉਤਰਾਖੰਡ, ਛੱਤੀਸਗੜ੍ਹ, ਗੁਜਰਾਤ) ਵਿਚੋਂ ਸਿਰਫ਼ ਇਕ ਸੀਟ ਜਿੱਤੀ ਹੈ। ਇਸ ਲਈ ਕਾਂਗਰਸ ਨੂੰ ਹੁਣ ਚਿੰਤਨ ਅਤੇ ਫ਼ਿਕਰ ਕਰਨਾ ਚਾਹੀਦਾ ਹੈ।

ਲੰਮੀਆਂ ਯਾਤਰਾਵਾਂ ਨੇ ਰਾਹੁਲ ਗਾਂਧੀ ਦੀ ਲੀਡਰਸ਼ਿਪ ਨੂੰ ਪਾਰਟੀ ਅੰਦਰਲੀ ਚੁਣੌਤੀ ਫਿਲਹਾਲ ਖਤਮ ਕਰ ਦਿੱਤੀ ਹੈ। ਉਹ ਪਹਿਲਾਂ ਨਾਲੋਂ ਵੱਧ ਸਰਗਰਮ ਵੀ ਹੈ ਪਰ ਦਿੱਖ ਪੱਖੋਂ ਠਹਿਰੇ ਹੋਏ, ਆਮ ਗੱਲਬਾਤ ਵਿਚ ਡੂੰਘੇ, ਦਾਅਪੇਚ ਨੀਤੀ ਵਿਚ ਲਚਕਦਾਰ ਮਾਹਿਰ, ਵਿਦੇਸ਼ ਨੀਤੀ ਪੱਖੋਂ ਸਮਝਦਾਰ ਨੀਤੀਵਾਨ, ਜਥੇਬੰਦਕ ਫੈਸਲਿਆਂ ਦੀ ਸਮਝ, ਸਮੇਂ ਸਿਰ ਫੈਸਲੇ ਲੈਣ ਵਾਲੇ ਫੁਰਤੀਲੇ ਆਗੂ ਵਜੋਂ ਉਸ ਨੂੰ ਲਾਜ਼ਮੀ ਹੋਰ ਧਿਆਨ ਦੇਣਾ ਹੋਵੇਗਾ। ਉਸ ਲਈ ਪਾਰਟੀ ਜਥੇਬੰਦੀ ਅਤੇ ਗਠਜੋੜ ਦੀ ਸਫਲਤਾ ਦੀ ਚੁਣੌਤੀ ਅਤੇ ਅਜ਼ਮਾਇਸ਼ ਵੀ ਹੈ।

ਮੋਦੀ ਸਰਕਾਰ ਭਾਵੇਂ ਬਣ ਗਈ ਪਰ ਚੋਣ ਨਤੀਜਿਆਂ ਕਰ ਕੇ ਮੋਦੀ/ਅਮਿਤ ਸ਼ਾਹ ਦੀ ਭਾਜਪਾ ਉੱਤੇ ਪਕੜ ਢਿੱਲੀ ਪਈ ਲਗਦੀ ਹੈ। ਲਾਂਭੇ ਕੀਤੇ ਸਾਰੇ ਲੀਡਰ, ਯੋਗੀ ਆਦਿਤਿਆਨਾਥ ਨਾਲ ਪੇਚਾ, ਆਰਐੱਸਐੱਸ ਨਾਲ ਗੁੱਝਾ ਯੁੱਧ ਆਉਣ ਵਾਲੇ ਸਮੇਂ ਵਿਚ ਇਸ ਜੋੜੀ ਲਈ ਸ਼ੁਭ ਸੰਕੇਤ ਨਹੀਂ। ਵੱਡੀ ਅੰਦਰੂਨੀ ਚੁਣੌਤੀ ਹੈ। ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਲੀਡਰ ਵੀ ਪਹਿਲਾਂ ਆਪਣੀ ਪਾਰਟੀ ਦੇ ਸੰਸਦੀ ਗਰੁੱਪ ਨੇ ਨਹੀਂ ਚੁਣਿਆ, ਸ਼ਾਇਦ ਵਿਵਾਦੀ ਸੁਰਾਂ ਤੋਂ ਬਚਣ ਲਈ ਸਿੱਧਾ ਐਨਡੀਏ ਰਾਹੀਂ ਚੁਣਨ ਦਾ ਜੁਗਾੜ ਕੀਤਾ ਗਿਆ।

ਫਿਰ ਵੀ ਲਗਦਾ ਕਿ ਮੋਦੀ ਸਰਕਾਰ ਵਿਰੋਧੀ ਪਾਰਟੀਆਂ ਨੂੰ ਕੁਚਲ ਦੇਣ ਦੀ ਨੀਤੀ ਉੱਤੇ ਚਲਦੀ ਰਹੇਗੀ। ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਤੋਂ ਬਾਹਰ ਨਾ ਆਉਣ ਦੇਣਾ, ਈਡੀ ਦੀ ਵਿਰੋਧੀਆਂ ਨੂੰ ਉਵੇਂ ਹੀ ਰਗੜ ਸੁੱਟਣ ਦੀ ਨੀਤੀ, ਇੱਥੋਂ ਤਕ ਕਿ ਨਿਤੀਸ਼ ਕੁਮਾਰ ਦੇ ਨਜ਼ਦੀਕੀਆਂ ਉੱਤੇ ਕਿਸੇ ਖਾਸ ਰਣਨੀਤੀ ਤਹਿਤ ਫਿਰ ਸ਼ਿਕੰਜਾ ਕੱਸਣਾ ਆਦਿ ਸੰਕੇਤ ਦੱਸਦੇ ਹਨ ਕਿ ਮੋਦੀ ਨੇ ਅੰਦਰੋਂ ਨਹੀਂ ਬਦਲਣਾ, ਬਾਹਰੋਂ ਨਿੰਜੀ ਬੜ੍ਹਕਾਂ ਅਤੇ ਆਕੜਖੋਰ ਰੁਖ਼ ਮੱਠੇ ਪੈਣ ਦਾ ਦਿਖਾਵਾ ਜ਼ਰੂਰ ਹੋਵੇਗਾ।

ਦਰਅਸਲ, ਗੱਲ ਨੀਤੀਆਂ ਦੀ ਹੈ, ਕਿਸੇ ਪਾਰਟੀ ਦੇ ਮਹਿਜ਼ ਨਾਮ ਨਾਲ ਈਰਖਾ ਕਰਨ ਦੀ ਨਹੀਂ। ਭਾਜਪਾ ਜਾਂ ਕੋਈ ਵੀ ਪਾਰਟੀ ਜੀਅ ਸਦਕੇ ਰਾਜ ਕਰੇ ਪਰ ਜੇ ਭਾਜਪਾ ਦੀ ਮੋਦੀ ਸਰਕਾਰ ਨੇ ਅਮੀਰ ਕਾਰਪੋਰੇਟ ਘਰਾਣਿਆਂ ਤੋਂ ਹਜ਼ਾਰਾਂ ਕਰੋੜ ਫੰਡ ਲੈਂਦੇ ਹੋਣ ਕਰ ਕੇ ਫਿਰ ਉਨ੍ਹਾਂ ਪੱਖੀ ਨੀਤੀਆਂ ਹੀ ਬਣਾਉਣੀਆਂ, ਆਪਣੀ ਕਾਰਗੁਜ਼ਾਰੀ ਦੱਸਣ ਦੀ ਬਜਾਇ ਜੇ ਸਿਰਫ਼ ਮੁਸਲਿਮ ਵਿਰੋਧੀ ਪ੍ਰਚਾਰ ਨਾਲ ਹਿੰਦੂ ਤਬਕੇ ਨੂੰ ਭੜਕਾ ਕੇ ਹੀ ਹਰ ਚੋਣ ਜਿੱਤਣ ਦੀ ਨੀਤੀ ਬਣਾਉਣੀ, ਜੇ ਧਨ ਤੇ ਸਰਕਾਰੀ ਏਜੰਸੀਆਂ ਦੇ ਬਲਬੂਤੇ ਪਾਰਟੀਆਂ ਤੋੜਨੀਆਂ ਤੇ ਆਪਣੇ ਵੱਲ ਕਰਨੀਆਂ, ਜੇ ਮੁਲਕ ਦੇ ਵਿਕਾਸ ਦੀ ਦੂਰਗਾਮੀ ਨੀਤੀ ਨਹੀਂ ਅਪਨਾਉਣੀ, ਜੇ 80 ਕਰੋੜ ਭੁੱਖੇ-ਨੰਗੇ ਭਾਰਤੀਆਂ ਨੂੰ ਪੈਰਾਂ ਉੱਤੇ ਖੜ੍ਹਾ ਕਰਨ ਦੀ ਬਜਾਇ 'ਬੁਰਕੀ ਸੁੱਟ ਤੇ ਵੋਟ ਬੁੱਚ' ਵਾਲੇ ਰਾਹੇ ਤੁਰਨਾ, ਜੇ ਸਿਹਤ, ਸਿੱਖਿਆ, ਸੁਰੱਖਿਆ ਤੇ ਸਮਾਜ ਭਲਾਈ ਦੇ ਬਜਟ ਘਟਾਉਣੇ, ਜੇ ਸਰਕਾਰੀ ਅਦਾਰੇ ਆਪਣੇ ਬੇਲੀਆਂ ਨੂੰ ਵੇਚਣੇ, ਜੇ ਮੋਦੀ ਨੇ ਇਹ ਕੌੜਾ ਸੱਚ ਲੁਕਾਉਣਾ ਕਿ ਉਸ ਦੇ ਰਾਜ ਵਿਚ ਭਾਰਤ ਸਭ ਤੋਂ ਵੱਧ ਰਫ਼ਤਾਰ ਨਾਲ ਕਰਜ਼ਈ ਹੋਇਆ ਤਾਂ ਸਵਾਲ ਤਾਂ ਉੱਠਣਗੇ ਹੀ। ਇਕ ਰਿਪੋਰਟ ਮੁਤਾਬਕ 2014 ਤੱਕ 67 ਸਾਲਾਂ ਵਿਚ ਮੁਲਕ ਸਿਰ 55 ਲੱਖ ਕਰੋੜ ਰੁਪਏ ਕਰਜ਼ਾ ਚੜ੍ਹਿਆ ਪਰ ਮੋਦੀ ਰਾਜ ਦੇ ਸਿਰਫ਼ 10 ਸਾਲਾਂ ਵਿਚ 75 ਲੱਖ ਕਰੋੜ ਹੋਰ ਕਰਜ਼ਾ ਚੜ੍ਹਿਆ; ਢਾਈ ਗੁਣਾਂ ਤੋਂ ਵੀ ਵੱਧ, ਤੇ ਦੇਸ਼ ਦੇ ਕੁੱਲ ਬਜਟ ਦਾ 35% ਕਰਜ਼ੇ ਦੇ ਵਿਆਜ ਵਿਚ ਜਾਂਦਾ ਤੇ ਮੋਦੀ ਹੋਰ ਕਰਜ਼ਾ ਚੁੱਕਣ ਲਈ ਵੀ ਕਾਹਲਾ। ਇਹ ਸਰਕਾਰ ਫਿਰ ਕੀ ਕਮਾਈ ਤੇ ਕੀ ਵਿਕਾਸ ਕਰ ਰਹੀ ਹੈ? ਇਨ੍ਹਾਂ 10 ਸਾਲਾਂ ਵਿਚ ਮੋਦੀ ਸਰਕਾਰ ਨੇ ਫੰਡ ਦੇਣ ਵਾਲੇ ਸਨਅਤੀ ਕਾਰਪੋਰੇਟ ਘਰਾਣਿਆਂ ਦੇ 16 ਲੱਖ ਕਰੋੜ ਰੁਪਏ ਮੁਆਫ਼ ਕੀਤੇ। ਲੋਕਾਂ ਦੇ ਟੈਕਸ ਵਾਲੇ ਪੈਸਿਆਂ ਦੀ ਇਹ ਨਿਰੀ ਲੁੱਟ ਹੈ। ਜੇ ਇੰਝ ਹੀ ਹੈ ਤਾਂ ਫਿਰ ਸਮਝੋ ਕਿ ਮੋਦੀ ਸਰਕਾਰ ਦੇਸ਼ ਨੂੰ ਆਰਥਿਕ ਸਮਾਜਿਕ ਤੌਰ 'ਤੇ ਲੈ ਡੁੱਬੇਗਾ, ਇਸੇ ਕਰ ਕੇ ਇਸ ਨੂੰ ਫੌਰੀ ਬਦਲਣਾ ਜ਼ਰੂਰੀ ਹੈ।

ਸਾਰੇ ਦੇਸ਼ ਭਗਤ ਲੋਕਾਂ/ਪਾਰਟੀਆਂ ਨੂੰ ਆਮ ਲੋਕਾਂ ਪੱਖੀ, ਧਰਤੀ ਦੇ ਵਾਤਾਵਰਨ ਅਨੁਕੂਲ, ਅਮਨ ਸ਼ਾਂਤੀ ਅਤੇ ਆਰਥਿਕ ਵਿਕਾਸ ਨੂੰ ਸਮਰਪਿਤ ਢੁਕਵਾਂ ਹੰਢਣਸਾਰ ਬਦਲ ਦੇ ਕੇ ਸੰਘਰਸ਼ ਦੇ ਮੈਦਾਨ ਵਿਚ ਨਿੱਤਰਨਾ ਚਾਹੀਦਾ ਹੈ। ਕਿਸਾਨਾਂ ਨੂੰ ਫ਼ਸਲਾਂ ਦੀ ਵਾਜਿਬ ਕੀਮਤ (ਐੱਮਐੱਸਪੀ) ਮਿਲਣੀ ਚਾਹੀਦੀ, ਦੋ ਡੰਗ ਦੀ ਰੋਟੀ ਨੂੰ ਤਰਸਦੇ 80 ਕਰੋੜ ਭਾਰਤੀ ਆਪਣੀ ਜਾਤ, ਧਰਮ, ਸੂਬਾ ਭੁੱਲ ਕੇ ਇਕੱਠੇ ਹੋਣ। ਨੌਜਵਾਨ ਨਾਲਾਇਕ ਤੇ ਭ੍ਰਿਸ਼ਟ ਸਿਆਸਤਦਾਨਾਂ ਦੇ ਚੁੰਗਲ ਵਿੱਚੋਂ ਬਾਹਰ ਆਉਣ, ਸਰਕਾਰ ਦੇ ਖੁੱਲ੍ਹੇ ਛੱਡੇ ਲੋਟੂ ਵਪਾਰੀਆਂ ਨੂੰ ਨੱਥ ਪਵੇ। ਹੁਣ ਹੋਰ ਉਡੀਕ ਨਹੀਂ, ਲੋਕ ਸਿਆਸੀ ਪਾਰਟੀਆਂ ਨੂੰ ਸਵਾਲ ਕਰਨ, ਰਾਹ ਦਿਖਾਉਣ।

'ਇੰਡੀਆ' ਗੱਠਜੋੜ ਚੋਣਾਂ ਮੌਕੇ ਇਕੱਠੇ ਹੋਣ ਦੀ ਸੋਚ ਛੱਡ ਕੇ ਰੁਜ਼ਗਾਰ, ਮਹਿੰਗਾਈ, ਸਨਅਤੀ ਵਿਕਾਸ, ਕਿਸਾਨਾਂ ਨੂੰ ਫ਼ਸਲਾਂ ਦੇ ਸਹੀ ਭਾਅ, ਠੇਕੇਦਾਰੀ ਸਿਸਟਮ ਬੰਦ ਕਰਨ, ਸਰਕਾਰੀ ਅਦਾਰੇ ਵੇਚਣ ਤੋਂ ਰੋਕਣ ਅਤੇ ਸਮਾਜਿਕ ਭਾਈਚਾਰਾ ਮਜ਼ਬੂਤ ਕਰਨ ਵਰਗੇ ਸਵਾਲਾਂ ਉੱਤੇ ਵਿਧੀਵਤ ਸੰਘਰਸ਼ ਦਾ ਬਿਗਲ ਵਜਾਵੇ। ਮੁਲਕ ਨੂੰ ਨਿਰਾਸ਼ਤਾ ਵਿੱਚੋਂ ਕੱਢੇ। ਵਿਸ਼ਾਲ ਦੇਸ਼ ਭਗਤ ਮੋਰਚਾ ਬਣਾਉਣ ਵੱਲ ਧਿਆਨ ਦੇਵੇ। ਇਤਿਹਾਸ ਇਹ ਨਾ ਕਹੇ ਕਿ ਭਾਰਤ ਨੂੰ ਡੁੱਬਦਿਆਂ ਦੇਖ ਕੇ ਵੀ ਲੋਕ ਨਿੱਜੀ ਹਿੱਤਾਂ ਅਤੇ ਛੋਟੀਆਂ ਸੋਚਾਂ ਕਰ ਕੇ ਸੁੱਤੇ ਰਹੇ।

# ਹਿਮਾਚਲ ਦੀ ਦਲੇਰੀ

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਹਿੰਦੀ ਭਾਸ਼ਾਈ ਖੇਤਰ ਦੇ ਅਲੰਕਾਰ 'ਰਾਜਾ ਰੰਕ' ਤੋਂ ਤਾਂ ਜਾਣੂ ਹੀ ਹੋਣਗੇ ਜੋ ਉਨ੍ਹਾਂ ਲੋਕਾਂ ਵਿਚਾਲੇ ਫ਼ਰਕ ਨੂੰ ਦਰਸਾਉਂਦਾ ਹੈ ਜਿਹੜੇ ਮੂੰਹ 'ਚ ਚਾਂਦੀ ਦੇ ਚਮਚੇ ਨਾਲ ਜੰਮਦੇ ਹਨ ਤੇ ਦੂਜੇ ਉਹ ਹਨ ਜਿਨ੍ਹਾਂ ਦੇ ਮਾਪੇ ਰੋਟੀ ਲਈ ਦਿਨ-ਰਾਤ ਸਖ਼ਤ ਮਿਹਨਤ ਕਰਦੇ ਹਨ। ਇਸ ਮਾਰਚ ਮਹੀਨੇ ਜਦੋਂ ਕਾਂਗਰਸੀ ਵਿਧਾਇਕ ਵਿਕਰਮਾਦਿੱਤਿਆ ਸਿੰਘ ਨੇ ਸੁੱਖੂ ਵਿਰੁੱਧ ਬਗ਼ਾਵਤ ਕੀਤੀ ਅਤੇ ਰਾਜ ਸਰਕਾਰ ਨੂੰ ਲਗਭਗ ਡਿੱਗਣ ਕੰਢੇ ਲਿਆ ਖੜ੍ਹਾ ਕੀਤਾ ਸੀ

**ਜਯੋਤੀ ਮਲਹੋਤਰਾ**

ਤਾਂ ਸ਼ਿਮਲੇ ਦੇ ਜਨਤਕ ਅਤੇ ਪ੍ਰਾਈਵੇਟ ਦਾਇਰਿਆਂ 'ਚ ਇਸ ਬਾਰੇ ਘੁਸਰ-ਮੁਸਰ ਹੁੰਦੀ ਰਹੀ ਹੋਵੇਗੀ- ਸਰਦ ਰੁੱਤ 'ਚ ਬਾਗ਼ੀ ਅਤੇ ਵਫ਼ਾਦਾਰ ਧੜਿਆਂ 'ਚ ਵੀ ਇਸ ਬਾਰੇ ਇਸ਼ਾਰਿਆਂ 'ਚ ਗੱਲ ਚੱਲੀ ਹੋਵੇਗੀ।

ਸੰਕਟ ਟਾਲਣ ਲਈ ਦੱਖਣ ਭਾਰਤੀ ਕਾਂਗਰਸ ਲੀਡਰਸ਼ਿਪ ਦੇ ਚਤੁਰ ਹੱਥਕੰਡਿਆਂ ਦੀ ਮਦਦ ਲੈਣੀ ਪਈ। ਹਿਮਾਚਲ ਦੇ ਛੇ ਵਾਰ ਦੇ ਮੁੱਖ ਮੰਤਰੀ ਤੇ ਕਿਸੇ ਸਮੇਂ ਰਿਆਸਤ ਰਹੀ ਬੁਸ਼ਹਿਰ ਦੇ ਰਾਜਾ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਉਡੀਕਦੇ ਰਹੇ ਕਿ ਜਨ ਸਾਧਾਰਨ 'ਚੋਂ ਬਣੇ ਮੁੱਖ ਮੰਤਰੀ ਖ਼ਿਲਾਫ਼ ਉਨ੍ਹਾਂ ਦੀ ਬਗ਼ਾਵਤ ਨੂੰ ਪਾਰਟੀ ਹਾਈ ਕਮਾਨ ਦਾ ਸਾਥ ਮਿਲੇਗਾ ਪਰ ਸੁੱਖੂ ਨੇ ਆਪਣੀ ਮੁੱਖ ਚਾਲ ਚੱਲ ਦਿੱਤੀ। ਹਿਮਾਚਲ ਰੋਡਵੇਜ਼ ਵਿੱਚ ਕੰਡਕਟਰ ਰਹੇ ਸ਼ਖ਼ਸ ਦੇ ਇਸ ਪੁੱਤਰ ਨੇ ਕਦੇ ਵੀ ਇਹ ਗੱਲ ਨਹੀਂ ਭੁੱਲੀ ਕਿ ਉਹ ਇੱਕ-ਇੱਕ ਕਰ ਕੇ ਪਾਰਟੀ ਦੀਆਂ ਪੌੜੀਆਂ ਚੜ੍ਹ ਕੇ ਇੱਥੇ ਤੱਕ ਪਹੁੰਚਿਆ ਹੈ; ਕਿ ਉਸ ਨੇ ਭ੍ਰਿਸ਼ਟਾਚਾਰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਜਿਸ 'ਤੇ ਗਾਂਧੀ ਹਾਈਕਮਾਨ ਜ਼ੋਰ ਦਿੰਦੀ ਹੈ। ਇਸ ਦੇ ਨਾਲ ਹੀ ਇਹ ਕਿ ਉਹ ਕਦੇ ਵੀ ਭਾਜਪਾ ਦੇ ਦਿੱਤੇ ਲਾਲਚਾਂ ਦੇ ਵਸ ਨਹੀਂ ਪਿਆ।

ਆਖਿਰਕਾਰ ਵਿਕਰਮਾਦਿੱਤਿਆ ਦੇ ਪੈਰ ਉੱਖੜ ਗਏ ਪਰ ਉਸ ਨੇ ਪਾਰਟੀ ਕਦੇ ਨਹੀਂ ਛੱਡੀ, ਜਿਵੇਂ ਛੇ ਹੋਰ ਬਾਗ਼ੀ ਤੇ ਤਿੰਨ ਆਜ਼ਾਦ ਵਿਧਾਇਕਾਂ ਨੇ ਛੱਡ ਦਿੱਤੀ। ਛੇ ਬਾਗ਼ੀਆਂ ਵਿੱਚੋਂ ਚਾਰ ਜਣੇ ਹਾਲੀਆ ਜ਼ਿਮਨੀ ਚੋਣਾਂ 'ਚ ਹਾਰ ਗਏ (ਉਹ ਸ਼ਾਇਦ ਆਪਣੀ ਕਿਸਮਤ ਨੂੰ ਕੋਸਦੇ ਹੋਣਗੇ)। ਇਸ ਤੋਂ ਇਲਾਵਾ ਵਿਕਰਮਾਦਿੱਤਿਆ ਮੰਡੀ ਲੋਕ ਸਭਾ ਸੀਟ ਕੰਗਨਾ ਭਾਜਪਾ ਉਮੀਦਵਾਰ ਰਣੌਤ ਤੋਂ ਹਾਰ ਗਏ ਜੋ ਸੁੱਖੂ ਦਾ ਇਕ ਹੋਰ 'ਮਾਸਟਰ ਸਟ੍ਰੋਕ' ਕਿਹਾ ਜਾ ਸਕਦਾ ਹੈ ਹਾਲਾਂਕਿ ਉਹ ਭਾਵੇਂ ਆਪਣੇ ਤੋਂ ਛੋਟੇ, ਰਸੂਖਵਾਨ ਸਹਿਯੋਗੀ ਨੂੰ ਹੋਰ ਉਚਾਈਆਂ ਛੂਹਣ ਲਈ ਪ੍ਰੇਰ ਵੀ ਸਕਦੇ ਸਨ। ਮੁੱਖ ਮੰਤਰੀ ਦੀ ਸਥਿਤੀ ਉਦੋਂ ਹੋਰ ਮਜ਼ਬੂਤ ਹੋ ਗਈ ਜਦ ਉਨ੍ਹਾਂ ਦੀ ਪਤਨੀ ਕਮਲੇਸ਼ ਠਾਕੁਰ ਨੇ ਹਾਲ ਹੀ ਵਿੱਚ ਮਾਰਚ ਦੀ ਬਗ਼ਾਵਤ ਦੌਰਾਨ ਖਾਲੀ ਹੋਈਆਂ ਸੀਟਾਂ 'ਚੋਂ ਇੱਕ ਸੀਟ ਫਤਿਹ ਕਰ ਲਈ।

ਉਂਝ, ਇਸ ਨਿਰਾਲੇ ਸਿਆਸਤਦਾਨ ਨੂੰ ਅਜੇ ਵੀ ਇੰਨੀ ਸੰਤੁਸ਼ਟੀ ਨਹੀਂ ਹੋਈ ਕਿ ਉਹ ਆਪਣੀਆਂ ਪ੍ਰਾਪਤੀਆਂ ਵੱਲ ਦੇਖ ਕੇ ਥੋੜ੍ਹਾ ਆਰਾਮ ਕਰੇ। ਗੁਆਂਢੀ ਰਾਜ ਪੰਜਾਬ ਜੋ ਲੋੜੋਂ ਵੱਧ ਚੁਣਾਵੀ ਸੌਗਾਤਾਂ ਦੇ ਵਾਅਦੇ ਕਰ ਕੇ ਦਹਾਕਿਆਂ ਤੋਂ ਵਿੱਤੀ ਮੋਰਚੇ 'ਤੇ ਡਗਮਗਾ ਰਿਹਾ ਹੈ (ਖਾਸ ਤੌਰ 'ਤੇ ਮੁਫ਼ਤ ਬਿਜਲੀ ਦੇਣ ਦੇ ਪੱਖ ਤੋਂ), ਤੋਂ ਬਿਲਕੁਲ ਉਲਟ ਹਿਮਾਚਲ ਦੇ ਮੁੱਖ ਮੰਤਰੀ ਨੇ ਨਾ ਸਿਰਫ਼ ਹਰ ਪਰਿਵਾਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ 2022 ਦੇ ਆਪਣੇ ਚੁਣਾਵੀ ਵਾਅਦੇ ਤੋਂ ਪਿੱਛੇ ਹਟਣ ਦਾ ਫ਼ੈਸਲਾ ਕੀਤਾ ਬਲਕਿ ਉਸ ਨੇ ਰੱਜੇ-ਪੁੱਜਿਆਂ ਨੂੰ ਸਬਸਿਡੀ ਬੰਦ ਕਰਨ ਦਾ ਐਲਾਨ ਵੀ ਕੀਤਾ ਹੈ।

ਇਸ ਨਾਲ ਕਈ ਅਹਿਮ ਤਾਰਾਂ ਜੁੜੀਆਂ ਹੋਈਆਂ ਸਨ। ਬਿਜਲੀ ਸੁਧਾਰ ਹੁਣ ਕਰਦਾਤਾਵਾਂ 'ਤੇ ਲਾਗੂ ਹੋਣਗੇ। ਮੁਫ਼ਤ ਯੂਨਿਟਾਂ ਦੀ ਗਿਣਤੀ 300 ਤੋਂ 125 ਉੱਤੇ ਆ ਗਈ ਹੈ। ਪਿਛਲੀ ਭਾਜਪਾ ਸਰਕਾਰ ਨੇ ਵੀ ਇਹੀ ਵਾਅਦਾ ਕੀਤਾ ਸੀ। ਸਬਸਿਡੀ ਲੈਣ ਵਾਲੇ 'ਇੱਕ ਪਰਿਵਾਰ, ਇੱਕ ਮੀਟਰ' ਤੱਕ ਹੀ ਸੀਮਤ ਹੋਣਗੇ (ਪੰਜਾਬ 'ਚ ਅਮੀਰ ਲੋਕ ਜਿਹੜੇ ਇੱਕੋ ਘਰ 'ਚ ਰਹਿੰਦੇ ਹਨ, ਉਨ੍ਹਾਂ ਨੇ ਕਈ ਮੀਟਰ ਲਵਾਏ ਹੋਏ ਹਨ ਤਾਂ ਕਿ ਉਹ ਹਰ ਮੀਟਰ ਲਈ 300 ਯੂਨਿਟ ਮੁਫ਼ਤ ਬਿਜਲੀ ਲੈ ਸਕਣ ਤੇ ਅਧਿਕਾਰੀਆਂ ਮੁਤਾਬਿਕ, ਉਹ ਇਸ ਸਬੰਧੀ ਕੁਝ ਨਹੀਂ ਕਰ ਸਕਦੇ)। ਸਾਰੇ ਬਿਜਲੀ ਕੁਨੈਕਸ਼ਨ 'ਆਧਾਰ' ਜਾਂ ਰਾਸ਼ਨ ਕਾਰਡ ਨਾਲ ਜੋੜੇ ਜਾਣਗੇ। 'ਇਤਰਾਜ਼ ਨਹੀਂ' ਵਾਲੇ ਸਰਟੀਫਿਕੇਟ, ਮਤਲਬ ਐੱਨਓਸੀ ਤੋਂ ਬਿਨਾਂ ਮੀਟਰ ਲਵਾਉਣ ਵਾਲਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪਏਗੀ।

ਸੁੱਖੂ ਦੇ ਇਸ ਕਦਮ ਨੂੰ ਓਨੀ ਤਵੱਜੋ ਨਹੀਂ ਮਿਲੀ ਜਿੰਨੀ ਮਿਲਣੀ ਚਾਹੀਦੀ ਸੀ ਹਾਲਾਂਕਿ ਉਹ ਇਹ ਇਸ ਦੇ ਹੱਕਦਾਰ ਹਨ। ਬਿਜਲੀ ਸੁਧਾਰ ਖ਼ਾਸ ਤੌਰ 'ਤੇ ਦੇਸ਼ ਦੇ ਕਿਸੇ ਵੀ ਹਿੱਸੇ 'ਚ ਬਹੁਤੇ ਪਸੰਦ ਨਹੀਂ ਕੀਤੇ ਜਾਂਦੇ ਪਰ ਹਿਮਾਚਲ ਅਤੇ ਪੰਜਾਬ ਦੀ ਤੁਲਨਾ ਵਿਸ਼ੇਸ਼ ਤੌਰ 'ਤੇ ਨਜ਼ਰੀਂ ਚੜ੍ਹਦੀ ਹੈ। ਗਹੁ ਨਾਲ ਵਾਚੀਏ ਤਾਂ ਹਿਮਾਚਲ ਦੀ ਆਬਾਦੀ ਕਾਫ਼ੀ ਘੱਟ ਹੈ (ਪੰਜਾਬ ਦੇ 3.17 ਕਰੋੜ ਦੇ ਮੁਕਾਬਲੇ 77 ਲੱਖ) ਤੇ ਸੂਬਾ ਜ਼ਿਆਦਾਤਰ ਪਹਾੜੀ ਹੈ। ਇਹ ਮੈਦਾਨੀ ਇਲਾਕੇ ਵਾਂਗ ਸਪਾਟ ਤੇ ਉਪਜਾਊ ਵੀ ਨਹੀਂ ਹੈ ਅਤੇ ਕਣਕ ਝੋਨੇ ਵਰਗੀਆਂ ਪਾਣੀ ਤੇ ਮੁਫ਼ਤ ਬਿਜਲੀ ਖਿੱਚਣ ਵਾਲੀਆਂ ਫ਼ਸਲਾਂ 'ਤੇ ਵੀ ਬਹੁਤ ਘੱਟ ਨਿਰਭਰ ਹੈ।

ਸੁੱਖੂ ਸਿਆਣੇ ਹਨ। ਸਾਫ਼ ਹੈ ਕਿ ਆਪਣੇ ਰਾਜ ਲਈ ਉਨ੍ਹਾਂ ਦੇ ਕੁਝ ਟੀਚੇ ਹਨ; ਉਹ ਜਾਣਦੇ ਹਨ ਕਿ ਜੇ ਹਿਮਾਚਲ ਚੰਗੀ ਕਾਰਗੁਜ਼ਾਰੀ ਦਿਖਾਏਗਾ ਤਾਂ ਉਨ੍ਹਾਂ ਦੀ ਹੀ ਭੱਲ ਬਣੇਗੀ। ਆਪਣੇ ਹੀ ਪਿਛਲੇ ਵਰ੍ਹਿਆਂ ਦੇ ਘਰੋਂ ਬਾਹਰ ਮੌਜੂਦ 'ਸੱਪਾਂ' ਨੂੰ ਅਸਰਹੀਣ ਕਰ ਕੇ (ਫਰਵਰੀ 'ਚ ਰਾਜ ਸਭਾ ਦੀਆਂ ਚੋਣਾਂ 'ਚ ਅਧਿਕਾਰਤ ਉਮੀਦਵਾਰ ਵਿਰੁੱਧ ਵੋਟ ਪਾਉਣ ਵਾਲੇ ਕਾਂਗਰਸੀ ਬਾਗ਼ੀਆਂ ਨੂੰ 'ਕਾਲੇ ਨਾਗ' ਕਿਹਾ ਗਿਆ ਸੀ), ਉਨ੍ਹਾਂ ਸਫ਼ਲਤਾ ਨਾਲ ਆਪਣੀ ਸਰਦਾਰੀ ਕਾਇਮ ਰੱਖੀ ਹੈ।

ਸੋਸ਼ਲ ਮੀਡੀਆ ਦੇ ਇਸ ਜ਼ਮਾਨੇ 'ਚ ਇਹ ਸ਼ਲਾਘਾਯੋਗ ਹੈ। ਕੇਰਲਾ ਤੇ ਤਾਮਿਲਨਾਡੂ ਵਰਗੇ ਦੱਖਣ ਭਾਰਤੀ ਸੂਬੇ ਵੀ ਜੋ ਕਾਫ਼ੀ ਵੱਧ ਅਮੀਰ ਹਨ, ਉਹ ਵੀ ਇਸ ਵਿਸ਼ੇ ਨੂੰ ਘਬਰਾਹਟ ਨਾਲ ਹੀ ਛੂਹ ਸਕੇ ਹਨ। ਸੁੱਖੂ ਨੇ ਸਪੱਸ਼ਟ ਤੌਰ 'ਤੇ ਉਨ੍ਹਾਂ ਤੋਂ ਸੇਧ ਲੈਣ ਦੀ ਕੋਸ਼ਿਸ਼ ਕੀਤੀ ਹੈ। ਕੇਰਲਾ ਨੇ ਨਵੰਬਰ 2023 ਵਿਚ ਆਪਣੀ ਬਿਜਲੀ ਸਬਸਿਡੀ ਘਟਾ ਕੇ ਸਿਰਫ਼ 30 ਯੂਨਿਟ ਕਰ ਦਿੱਤੀ ਸੀ। ਤਾਮਿਲਨਾਡੂ ਕੇਵਲ 100 ਯੂਨਿਟ ਮੁਫ਼ਤ 'ਚ ਦੇ ਰਿਹਾ ਹੈ। ਸੁੱਖੂ ਨੇ ਦੇਖਿਆ ਕਿ ਰਾਜ ਦਾ ਖ਼ਜ਼ਾਨਾ ਖਾਲੀ ਹੈ; ਕੁੱਲ ਕਰਜ਼ਾ 85000 ਕਰੋੜ ਤੋਂ ਉੱਤੇ ਜਾ ਚੁੱਕਾ ਹੈ; ਬਿਜਲੀ ਬੋਰਡ ਨੂੰ ਸਿਰਫ਼ 2023-24 ਵਿੱਚ ਹੀ 1800 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ (ਬੋਰਡ ਨੂੰ ਸਰਕਾਰ ਤੋਂ 950 ਕਰੋੜ ਰੁਪਏ ਦੀ ਗਰਾਂਟ ਲੈਣੀ ਪਈ ਹੈ)।

ਸਰਕਾਰ ਇਸ ਸੁਧਾਰ ਨਾਲ ਮਹਿਜ਼ 200 ਕਰੋੜ ਬਚਾਉਣ ਦੀ ਉਮੀਦ ਲਾਈ ਬੈਠੀ ਹੈ; ਇਹ ਵੀ ਦੇਖੋ ਕਿ ਹੁਣ ਕਿਨ੍ਹਾਂ ਨੂੰ ਬਿਜਲੀ ਬਿੱਲ ਦੇਣਾ ਪਏਗਾ- ਸਾਰੇ ਮੌਜੂਦਾ ਤੇ ਸਾਬਕਾ ਮੰਤਰੀ, ਹਰੇਕ ਮੌਜੂਦਾ ਤੇ ਸਾਬਕਾ ਸੰਸਦ ਮੈਂਬਰ, ਸਾਰੇ ਵਰਤਮਾਨ ਤੇ ਸਾਬਕਾ ਵਿਧਾਇਕ, ਸਾਰੇ ਆਈ.ਏ.ਐੱਸ., ਆਈ.ਪੀ.ਐੱਸ. ਤੇ ਰਾਜ ਕਾਡਰ ਦੇ ਅਧਿਕਾਰੀ, ਹਰ ਇਕ ਕਲਾਸ-1 ਤੇ 2 ਅਫਸਰ ਤੇ ਨਾਲ ਹੀ ਬਾਕੀ ਆਮਦਨ ਕਰਦਾਤਾ।

ਸਾਫ਼ ਤੌਰ 'ਤੇ ਸੁੱਖੂ ਆਦਰਸ਼ ਹਨ, ਨਾ ਸਿਰਫ਼ ਬਾਕੀ ਦੇ ਉੱਤਰ ਭਾਰਤ ਲਈ ਬਲਕਿ ਬਾਕੀ ਮੁਲਕ ਲਈ ਵੀ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਾਂਗ ਜਿਨ੍ਹਾਂ ਹਾਲੀਆ ਬਜਟ ਵਿੱਚ ਖ਼ੁਰਾਕ, ਖਾਦਾਂ ਤੇ ਈਂਧਨ ਲਈ ਸਬਸਿਡੀ 7.8 ਪ੍ਰਤੀਸ਼ਤ ਤੱਕ ਘਟਾਈ ਹੈ (413,466 ਕਰੋੜ ਤੋਂ 381,175 ਕਰੋੜ ਰੁਪਏ), ਸੁੱਖੂ ਗਿਣਤੀ ਦੇ ਉਨ੍ਹਾਂ ਕੁਝ ਸਿਆਸਤਦਾਨਾਂ ਵਿੱਚੋਂ ਹਨ ਜੋ ਇਹ ਸਮਝਦੇ ਹਨ ਕਿ ਸਰਕਾਰੀ ਖ਼ਰਚ ਨੂੰ ਇਕਸਾਰ ਕਰਨਾ ਕਿੰਨਾ ਮਹੱਤਵਪੂਰਨ ਹੈ। ਉਹ ਜਾਣਦੇ ਹਨ ਕਿ ਚੋਣਾਂ ਨੂੰ ਅਜੇ ਤਿੰਨ ਸਾਲ ਪਏ ਹਨ, ਇਸ ਲਈ ਹੁਣੇ ਹੀ ਦਰਦ ਸਹਿਣਾ ਚੰਗਾ ਹੋਵੇਗਾ। ਕਿਹਾ ਜਾ ਰਿਹਾ ਹੈ ਕਿ ਉਹ ਅਗਲਾ ਹੱਥ ਜਲ ਸਬਸਿਡੀ ਨੂੰ ਪਾਉਣਗੇ। ਅਜੇ ਤੱਕ ਪਾਣੀ ਪੂਰੇ ਰਾਜ 'ਚ ਲਗਭਗ ਮੁਫ਼ਤ ਹੀ ਹੈ। ਔਰਤਾਂ ਨੂੰ ਮਿਲੀ ਮੁਫ਼ਤ ਸਫ਼ਰ ਦੀ ਸਹੂਲਤ ਨੂੰ ਵੀ ਉਹ ਛੂਹ ਸਕਦੇ ਹਨ। ਉਹ ਘੱਟ ਵਿਦਿਆਰਥੀਆਂ ਵਾਲੇ ਸਕੂਲਾਂ ਦਾ (ਪ੍ਰਤੀ ਕਲਾਸ ਪੰਜ ਵਿਦਿਆਰਥੀਆਂ ਤੋਂ ਘੱਟ) ਹੋਰਨਾਂ ਸਕੂਲਾਂ ਵਿੱਚ ਰਲੇਵਾਂ ਕਰਨ ਬਾਰੇ ਵੀ ਸੋਚ ਰਹੇ ਹਨ। ਇਸ ਤੋਂ ਇਲਾਵਾ ਅਧਿਆਪਕਾਂ ਦਾ ਉਨ੍ਹਾਂ ਸਕੂਲਾਂ 'ਚ ਤਬਾਦਲਾ ਹੋ ਸਕਦਾ ਹੈ ਜਿੱਥੇ ਕੋਈ ਵੀ ਅਧਿਆਪਕ ਨਹੀਂ ਹੈ ਤੇ ਵਾਧੂ ਇਮਾਰਤਾਂ ਲਾਇਬ੍ਰੇਰੀਆਂ ਲਈ ਵਰਤੀਆਂ ਜਾ ਸਕਦੀਆਂ ਹਨ।

ਸੋਚ ਤੇ ਸਿੱਟਿਆਂ ਵਿਚਾਲੇ ਅਜੇ ਸ਼ਾਇਦ ਲੰਮਾ ਫ਼ਾਸਲਾ ਹੈ ਪਰ ਜੇ ਸੁੱਖੂ ਪਹਾੜੀ ਰਾਜ ਦੇ ਅਰਥਚਾਰੇ ਨੂੰ ਸੁਰਜੀਤ ਕਰਨ ਵਿਚ ਸਫਲ ਹੁੰਦੇ ਹਨ ਤਾਂ ਉਹ ਉਨ੍ਹਾਂ ਹਸਤੀਆਂ 'ਚ ਵੱਖਰੇ ਖੜ੍ਹੇ ਨਜ਼ਰ ਆਉਣਗੇ ਜੋ ਹਮੇਸ਼ਾ ਦਿੱਲੀ ਦਰਬਾਰ ਨੂੰ ਬੇਨਤੀਆਂ ਕਰ ਰਹੇ ਹੁੰਦੇ ਹਨ। ਯਕੀਨੀ ਤੌਰ 'ਤੇ ਤਾਂ ਅਜੇ ਕੁਝ ਵੀ ਨਹੀਂ ਕਿਹਾ ਜਾ ਸਕਦਾ ਪਰ ਜੇ ਨਿਸ਼ਾਨੀਆਂ ਉਹੀ ਹਨ ਜੋ ਦਿਸ ਰਹੀਆਂ ਹਨ ਤਾਂ ਸੁਖਵਿੰਦਰ ਸਿੰਘ ਸੁੱਖੂ ਦਾ ਸਫ਼ਰ ਦਿਲਚਸਪ ਤੇ ਦੇਖਣਯੋਗ ਹੋਵੇਗਾ।


PUNJABI CULTURAL SPORTS CLUB OF GRAND RAPIDS
HYPE ENTERTAINMENT @ PUNJABI
RAUNAK MAAN X HARJIT HARMAN X GURNAM BHULLAR X G. SIDHU.
DJ BILLA
FREE EVENT NO TICKET
Live in
MICHIGAN
JYOTI SHARMA (HOST)
TIMING 6PM-10PM
FRIDAY, SEPT 6th 2024
SNACKS & DINNER WILL BE PROVIDED
FOREST HILLS FINE ARTS CENTER
600 FOREST HILL AVE SE GRAND RAPIDS, MI 49546
FOR MORE INFORMATION & SPONSORSHIP CALL
SHAMSHER SINGH - 616 808 7258 SATNAM SINGH - 616 717 1020
LADDI SINGH - 917 916 5496 GOLDY SINGH - 616 856 0233
Raman Moranwalia GRAPHIC DESIGNER
SHAMSHER SINGH (PRESIDENT)
SATNAM SINGH (VICE PRESIDENT)
VIK SINGH (TREASURE)
LADDI SINGH (MEMBER)
GOLDY SINGH (CHAIRMAN)
AJAY GROVER (MEDIA ADVISOR)
DHARMAVIR MANN (MEMBER)
INDERJIT SINGH (MEMBER)
MANU BARIA (MEMBER)
AMAN SINGH (MEMBER)
PAWANPREET SINGH (MEMBER)
HARBHAJANSINGH (MEMBER)
MANINDERPAL SINGH (MEMBER)
MANINDER GHOTRA (MEMBER)
KULJEET SINGH (MEMBER)
MANJEET SINGH (MEMBER)
SAHIL (MEMBER)
RAMAN (MEMBER)
AMAN MULTANI (MEMBER)
DAVINDER SINGH (MEMBER)
SUKHJINDER SINGH (MEMBER)
SEAN CHABRA (MEMBER)
KAMALJITT SINGH (MEMBER)
RICKY BARIA (MEMBER)
KEVIN SINGH (MEMBER)

# Punjabi Cultural Sports Club of Grand Rapids

## ਮੁੱਖ ਮਹਿਮਾਨ



ਸ. ਬਲਦੇਵ ਸਿੰਘ ਸੱਲਾਂ, ਸ. ਗੁਰਮੀਤ ਸਿੰਘ ਸੱਲਾਂ ਅਤੇ ਸ. ਸਰਬਜੀਤ ਸਿੰਘ ਸੱਲਾਂ

## ਗੈਸਟ ਆਫ ਆਨਰ




ਅਮਰਬੀਰ ਸਿੰਘ ਘੁੰਮਣ



ਹਰਸ਼ਰਨ ਸਿੰਘ ਘੁੰਮਣ



ਦਵਿੰਦਰ ਸਿੰਘ ਗਰੇਵਾਲ



ਗੋਲਡੀ ਢਿੱਲੋਂ




ਸੁਖਵਿੰਦਰ ਸਿੰਘ ਨਰਵਾਲ



ਚਰਨਜੀਤ ਸਿੰਘ ਸੇਖੋਂ



ਡਾ. ਤੇਜਿੰਦਰ ਮੰਡੇਰ



ਡਾ. ਬਲਜੀਤ ਦਿਓਲ

ਸਾਰੇ ਹੁੰਮ-ਹੁਮਾ ਕੇ ਮੇਲੇ ਵਿਚ ਪਹੁੰਚੋ।

## ਡਾਇਮੰਡ ਸਪਾਂਸਰ




ਗੁਰਜਿੰਦਰ ਸਿੰਘ ਐਂਡ ਜੋਅ ਸਿੰਘ



ਪਾਲ ਖਲੀਲ



ਮਨਦੀਪ ਸਿੰਘ ਲੱਕੀ



ਹਰਭਜਨ ਸਿੰਘ (ਬੈਸਟ ਚਾਆਇਸ)



ਪਵਨਪ੍ਰੀਤ ਸਿੰਘ (ਬੈਸਟ ਚਾਆਇਸ)



ਪੀ ਸੀ ਐੱਸ ਆਫ ਮਿਸ਼ੀਗਨ



ਪੀ ਸੀ ਐੱਸ ਆਫ ਸਾਊਥਬੈਂਡ ਇੰਡੀਆਨਾ

## ਗੋਲਡ ਸਪਾਂਸਰ



ਪਰਮਜੀਤ ਸਿੰਘ



ਜਸਵਿੰਦਰ ਸਿੰਘ ਸੰਧੂ



ਆਸਟਿਨ ਰੈਪਨਸ



ਫਰੈਂਕੀ ਸਿੰਘ ਮੁਲਤਾਨੀ



ਹਰਬੰਸ ਸਿੰਘ



ਰਾਜ ਜਾਮਾਰਾਏ




ਰੂਬੀ ਕੌਰ (ਕੌਰ ਲਾਅ ਆਫ ਮਿਸ਼ੀਗਨ ਐਂਡ ਕੈਲੀਫੋਰਨੀਆ)



ਬਲਵਿੰਦਰ ਸਿੰਘ



ਅਜਮੇਰ ਸਿੰਘ ਐਂਡ ਮਨਜੀਤ ਸਿੰਘ






ਮਨੋਜ ਮੁਲਕੀ (ਲਾ ਨੀਮਾ ਟਕੀਲਾ)



ਨਵਦੀਪ ਲੱਭਾ



ਕਵਲ ਖਹਿਰਾ



ਪ੍ਰਿਤਪਾਲ ਘੋਤੜਾ



ਲੱਖਾ ਬੈਂਸ



ਅਮਰਾਜ ਧਾਲੀਵਾਲ



ਸੁਖਜੀਤ ਸਿੰਘ

## ਵਿਸ਼ੇਸ਼ ਪੇਸ਼ਕਾਰੀ: ਫੁਰਤੀਲੇ ਸ਼ੌਕੀਨ ਭੰਗੜਾ ਗਰੁੱਪ



# ਤੋਹਫਾ : ਪੰਜਾਬੀ ਤੇ ਪ੍ਰਵਾਸੀ ਪੰਜਾਬੀ ਨਾਰੀ ਦਾ ਸੰਘਰਸ਼

## ਪੁਸਤਕ ਚਰਚਾ

ਬਲਜਿੰਦਰ ਸਿੰਘ




ਪੰਜਾਬੀ ਸਾਹਿਤ ਵਿਚ ਸੁਰਿੰਦਰ ਗੀਤ ਦੀ ਪਛਾਣ ਸਥਾਪਤ ਕਵਿੱਤਰੀ ਵਜੋਂ ਹੈ। ਹੁਣ ਉਸ ਨੇ ਬਤੌਰ ਕਹਾਣੀਕਾਰਾ ਪਲੇਠੇ ਕਹਾਣੀ ਸੰਗ੍ਰਹਿ 'ਤੋਹਫਾ' ਰਾਹੀਂ ਪੰਜਾਬੀ ਸਾਹਿਤ ਵਿਚ ਹਾਜ਼ਰੀ ਲਗਵਾਈ ਹੈ। ਹਥਲੇ ਕਹਾਣੀ ਸੰਗ੍ਰਹਿ ਵਿਚ ਕੁੱਲ ਸਤਾਰਾਂ ਕਹਾਣੀਆਂ ਹਨ। ਜੋ ਆਪਣੇ ਗਲਪੀ ਵਿਵੇਕ ਰਾਹੀਂ ਸਮਾਜਕ, ਸੱਭਿਆਚਾਰਕ ਅਤੇ ਪੰਜਾਬੀ ਤੇ ਪ੍ਰਵਾਸੀ ਪੰਜਾਬੀ ਨਾਰੀ ਦੇ ਸੰਘਰਸ਼ ਦੇ ਅੰਤਰ-ਵਿਰੋਧਾਂ ਨੂੰ ਸਰੋਕਾਰ ਬਣਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਔਰਤ ਨਾਲ ਹੁੰਦੀਆਂ ਵਧੀਕੀਆਂ ਨੂੰ ਗੰਭੀਰਤਾ ਨਾਲ ਪੇਸ਼ ਕੀਤਾ ਗਿਆ ਹੈ। ਇਸਦਾ ਕਾਰਨ ਕਹਾਣੀਕਾਰਾ ਕੋਲ ਭਾਰਤੀ ਤੇ ਪ੍ਰਵਾਸੀ ਤਜਰਬਾ ਹੈ।

ਇਸ ਕਹਾਣੀ ਸੰਗ੍ਰਹਿ ਦੀ ਪਲੇਠੀ ਕਹਾਣੀ 'ਤਾਏ ਕੇ: ਚੋਰ ਉਚੱਕੇ ਨਹੀਂ' ਵਿਚ ਉਹ ਕੈਨੇਡਾ ਦੇ ਮੂਲ ਨਿਵਾਸੀਆਂ ਦੀ ਹੋਣੀ ਤੇ ਸੰਵੇਦਨਾ ਦੀ ਗੱਲ ਕਰਦੀ ਹੈ, ਜਿਨ੍ਹਾਂ ਨੂੰ ਆਪਣੇ ਹੀ ਮੁਲਕ ਵਿਚ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਇਹ ਲੋਕ ਵਿਤਕਰੇ ਦਾ ਸ਼ਿਕਾਰ ਬਣਦੇ ਹਨ। ਇਨ੍ਹਾਂ ਲੋਕਾਂ ਦੀ ਸੰਵੇਦਨਾ ਨੂੰ ਕਹਾਣੀਕਾਰਾ ਮਾਈਕਲ ਪਾਤਰ ਰਾਹੀਂ ਕਹਾਣੀ ਵਿਚ ਪੇਸ਼ ਕਰਨ ਵਿਚ ਸਫ਼ਲ ਹੋਈ ਹੈ। ਮੈਂ ਪਾਤਰ ਰਾਹੀਂ ਪੰਜਾਬੀ ਭਾਈਚਾਰੇ ਦੀ ਦਰਿਆ ਦਿਲੀ ਅਤੇ ਸੇਵਾ-ਭਾਵਨਾ ਵਿਦੇਸ਼ੀ ਧਰਤੀ 'ਤੇ ਵੀ ਬਰਕਰਾਰ ਰੱਖਣ ਦਾ ਸੰਕੇਤ ਵੀ ਕਹਾਣੀਕਾਰਾ ਕਰ ਰਹੀ ਹੈ। "ਉਹ ਦਸ ਡਾਲਰ ਦਾ ਨੋਟ ਮੈਨੂੰ ਟਿਕਣ ਨਹੀਂ ਸੀ ਦਿੰਦਾ। ਇਕ ਦਿਨ ਮੈਂ ਉਸਦੇ ਓਸੇ ਸਾਥੀ ਨੂੰ ਕਿਹਾ, ਕਿ ਤੈਨੂੰ ਭੁੱਖ ਲੱਗੀ ਹੈ।" ਉਸਨੇ 'ਹਾਂ' ਵਿਚ ਸਿਰ ਹਿਲਾਇਆ ਤੇ ਮੈਂ ਉਨ੍ਹਾਂ ਦਸਾਂ ਡਾਲਰਾਂ ਦਾ ਸਿਟੀਹਾਲ ਦੇ ਕੈਫੇ 'ਚੋਂ ਬਰੇਕਫਾਸਟ ਖਰੀਦ ਕੇ ਉਸ ਨੂੰ ਫੜਾ ਦਿੱਤਾ। ਮੈਨੂੰ ਮਹਿਸੂਸ ਹੋਇਆ ਜਿਵੇਂ ਮਾਈਕਲ ਫ਼ੋਨਟੈਨ ਦਾ ਉਧਾਰ ਚੁਕਾ ਦਿੱਤਾ ਹੋਵੇ। (ਪੰਨਾ-21) 'ਗਰਮ ਪਾਣੀ' ਕਹਾਣੀ ਵਿਚ ਕਹਾਣੀਕਾਰਾ ਨੇ ਔਰਤਾਂ ਦੀ ਸੰਵੇਦਨਾ ਦੀ ਗੱਲ ਕੀਤੀ ਹੈ। ਸਿੰਟੋ ਵਰਗੀਆਂ ਬਹੁਤ ਸਾਰੀਆਂ ਔਰਤਾਂ ਜੋ ਪੜ੍ਹਨ ਦੀ ਇੱਛਾ ਰੱਖਦੀਆਂ ਹਨ ਪਰ ਘਰੇਲੂ ਆਰਥਿਕ ਹਲਾਤ, ਸਮਾਜਿਕ ਬੰਧਨ ਕਰਕੇ ਪੜ੍ਹ ਨਹੀਂ ਪਾਉਂਦੀਆਂ ਪ੍ਰੰਤੂ ਫਿਰ ਵੀ ਮਿਹਨਤ, ਲਗਨ ਨਾਲ ਕਾਮਯਾਬ ਹੁੰਦੀਆਂ ਹਨ। ਉਹ ਜ਼ਿੰਦਗੀ ਦੇ ਮੁੱਢਲੇ ਭਾਗ ਵਿਚ ਜਿੰਨੇ ਦੁੱਖ ਦਰਦ ਝੱਲਦੀ ਹੈ ਹੁਣ ਕੈਨੇਡਾ ਵਿਚ ਬਹੁਤ ਸੁਖਾਲੀ ਤੇ 'ਅਨੰਦਮਈ ਜ਼ਿੰਦਗੀ ਬਤੀਤ ਕਰ ਰਹੀ ਹੈ। ਤੋਹਫਾ ਕਹਾਣੀ ਵਿਚ ਗੀਤ ਔਰਤ ਦੇ ਮਨ ਵਿਚ ਔਰਤ ਦੀ ਸੰਵੇਦਨਾ ਦੀਆਂ ਗੰਭੀਰ ਤੰਦਾਂ ਦੀ ਨਿਸ਼ਨਦੇਹੀ ਕਰਦੀ ਹੈ। ਨੀਰੂ ਵਰਗੀਆਂ ਅਨੇਕਾਂ ਲੜਕੀਆਂ ਜਗੀਰੂ ਪਿਤਰਕੀ ਮਰਦ ਪ੍ਰਧਾਨ ਸਮਾਜ ਦੀਆਂ ਸ਼ਿਕਾਰ ਹੁੰਦੀਆਂ ਹਨ। ਜੋ ਅਣਖ ਆਬਰੂ ਆਦਿ ਨੂੰ ਤਰਕ ਬਣਾ ਕੇ ਇਨ੍ਹਾਂ ਨੂੰ ਸਮਾਜਕ ਢਾਂਚੇ ਤੋਂ ਬਾਹਰੀ ਕਰ ਦਿੰਦੇ ਹਨ। ਕਹਾਣੀ ਵਿਚ ਨੀਰੂ ਦਾ ਸਹੁਰਾ ਅਤੇ ਪੇਕਾ ਦੋਵੇਂ ਪਰਿਵਾਰ ਉਸਨੂੰ ਕਲੰਕ ਸਮਝਦੇ ਹਨ। "ਬਲਵੀਰ ਨੇ ਦੱਸਿਆ ਕਿ ਉਸਦੇ ਨਾਨਾ-ਨਾਨੀ, ਦਾਦਾ ਦਾਦੀ ਸਭ ਚਲਾਣਾ ਕਰ ਗਏ ਹਨ। ਹਰੀਸ਼ ਮਾਪਿਆਂ ਦੀ ਇਕਲੌਤੀ ਔਲਾਦ ਸੀ। ਨਾ ਸਹੁਰਿਆਂ ਤੇ ਨਾ ਪੇਕਿਆਂ ਨੇ ਨੀਰੂ ਦਾ ਸਾਥ ਦਿੱਤਾ। ਕਿਸੇ ਨੇ ਉਸਦੀ ਮੌਤ ਦਾ ਸੋਗ ਨਹੀਂ ਮਨਾਇਆ। ਮਾਪੇ ਵੀ ਕਲੰਕ ਸਮਝਦੇ ਸਨ ਤੇ ਸਹੁਰੇ ਵੀ ਕਲੰਕ ਸਮਝਦੇ ਸਨ। ਕਿਸੇ ਨੇ ਨੀਰੂ ਦੇ ਬੱਚੇ ਬਾਰੇ ਨਹੀਂ ਪੁੱਛਿਆ।" (ਪੰਨਾ-43) ਕਹਾਣੀ ਦਾ ਦੂਸਰਾ ਪੱਖ ਸਮਾਜ ਵਿਚ ਬਿਨਾਂ ਕਿਸੇ ਸਵਾਰਥ ਤੋਂ ਮਿੱਤਰਤਾ, ਦੋਸਤੀ ਨਿਭਾਉਣ ਵਾਲੇ ਲੋਕਾਂ ਦਾ ਹੈ। ਜਿਸਦੀ ਪ੍ਰਤੀਨਿਧਤਾ ਬਲਬੀਰ ਕਰਦੀ ਹੈ। ਜੋ ਧਰਮਿਕ, ਆਰਥਿਕ, ਪਰਿਵਾਰਵਾਦ ਤੋਂ ਉੱਪਰ ਉੱਠ ਕੇ ਸੱਚੀ ਇਨਸਾਨੀਅਤ ਦੇ ਨਾਂ 'ਤੇ ਸਭ ਪਾਸੇ ਤੋਂ ਦੁਰਕਾਰੀ ਆਪਣੀ ਦੋਸਤ ਨੀਰੂ ਨੂੰ ਸਾਂਭਦੀ ਤੇ ਉਸਦੇ ਪੁੱਤਰ ਦੀ ਵਧੀਆ ਪਰਵਰਿਸ਼ ਕਰਦੀ ਹੈ।

'ਕੈਨੇਡਾ ਦੀ ਟਿਕਟ' ਕਹਾਣੀ ਵਿਚ ਕਹਾਣੀਕਾਰਾ ਨੇ ਦਲਿਤਾਂ ਨੂੰ ਕੈਨੇਡਾ ਜਾਣ ਦੇ ਝਾਂਸੇ ਵਿਚ ਫਸਾ ਕੇ ਉਨ੍ਹਾਂ 'ਤੇ ਕੀਤੇ ਜਾਂਦੇ ਅੱਤਿਆਚਾਰ ਨੂੰ ਪੇਸ਼ ਕੀਤਾ ਹੈ। ਕੰਮੀਆਂ ਦੀਆਂ ਔਰਤਾਂ ਨੂੰ ਹਵਸ ਦਾ ਸ਼ਿਕਾਰ ਬਣਾਉਂਦੇ ਜ਼ਿਮੀਂਦਾਰਾਂ 'ਤੇ ਵੀ ਕਟਾਕਸ਼ ਕੀਤਾ ਹੈ। ਪੈਸੇ ਦੀ ਧੌਂਸ 'ਤੇ ਗਰੀਬ ਕੰਮੀਆਂ ਨੂੰ ਮਜ਼ਾਕ ਦੇ ਪਾਤਰ ਬਣਾਉਂਦੀ ਸਮਾਜਿਕ ਵਿਵਸਥਾ ਉਪਰ ਵੀ ਚੋਟ ਕੀਤੀ ਹੈ।

'ਧੀ ਦਾ ਕਰਜ਼' ਕਹਾਣੀ ਘੱਟ ਜ਼ਮੀਨ ਵਾਲੇ ਆਰਥਿਕ ਪੱਖੋਂ ਪਛੜੇ ਪਰਿਵਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਆਰਥਿਕ ਮਾੜੀ ਸਥਿਤੀ ਵਿਚ ਔਰਤ ਦੀ ਸਥਿਤੀ ਹੋਰ ਵੀ ਤ੍ਰਾਸਦਿਕ ਹੋ ਜਾਂਦੀ ਹੈ। ਕਹਾਣੀਕਾਰਾ ਨੇ ਇਸ ਕਹਾਣੀ ਵਿਚ ਚਾਚੀ ਪਾਤਰ ਰਾਹੀਂ ਔਰਤ ਦੀ ਇਸ ਤ੍ਰਾਸਦਿਕ ਪੀੜ ਨੂੰ ਬਿਆਨ ਕੀਤਾ ਹੈ। ਦੂਸਰੇ ਪੱਖ ਵਿਚ ਈਮਾਨ ਦੀ ਪੱਕੀ ਮਨੁੱਖਤਾ ਦੀ ਗੱਲ ਇਨ੍ਹਾਂ ਸਤਰਾਂ ਰਾਹੀਂ ਕਰਦੀ ਹੈ। "ਮਿੰਦਰ ਕੁਰ ਤੈਨੂੰ ਯਾਦ ਕਰਦੀ ਸੀ। ਕਹਿੰਦੀ ਸੀ ਮੈਂ ਸ਼ਿੰਦਰ ਦੇ ਪੈਸੇ ਦੇਣੇ ਆਂ। ਭੈਣ ਜੀ ਤੁਸੀਂ ਮੇਰੇ ਵੱਲੋਂ ਉਸਦੇ ਪੈਸੇ ਦੇ ਦੇਣੇ। ਧੀਆਂ ਦੇ ਪੈਸੇ ਨਹੀਂ ਰੱਖਣੇ ਮੈਂ। ਓਹ ਜਾਣੇ ਤੁਹਾਡੇ ਪੈਸੇ ਆਪੇ ਆਉਂਦੇ ਫਿਰਨਗੇ। ਇਨ੍ਹਾਂ ਦਾ ਮੈਨੂੰ ਫ਼ਿਕਰ ਨੀ। ਮੈਂ ਧੀ ਦਾ ਕਰਜ਼ ਲੈ ਕੇ ਮਰਨਾ ਨਹੀਂ ਚਾਹੁੰਦੀ।" (ਪੰਨਾ-59)

'ਬਦਲਦੇ ਰਿਸ਼ਤੇ' ਕਹਾਣੀ ਪਦਾਰਥ ਨਾਲ ਮੋਹ ਪਾ ਕੇ ਨੈਤਿਕਤਾ ਤੋਂ ਦੂਰ ਹੋ ਰਹੇ ਮਨੁੱਖ ਦੀ ਕਹਾਣੀ ਹੈ। ਅਮੀਰ ਘਰਾਣਿਆਂ ਦੇ ਬੱਚੇ ਪੈਸੇ ਦੇ ਨਸ਼ੇ ਜਾਂ ਲਾਲਚ ਵਿਚ ਰਿਸ਼ਤੇ-ਨਾਤਿਆਂ ਦਾ ਘਾਣ ਕਰਦੇ ਹਨ ਪਰ ਦੂਜੇ ਪਾਸੇ ਸ਼ਿੰਦਰ ਸਿੰਘ ਵਰਗੇ ਕੰਮੀਆਂ ਦੇ ਬੱਚੇ ਪੜ੍ਹ ਲਿਖ ਕੇ ਕਾਮਯਾਬ ਹੋ ਨੈਤਿਕ ਮੁੱਲਾਂ ਨੂੰ ਵੀ ਨਾਲ ਲੈ ਕੇ ਚਲਦੇ ਹਨ ਭਾਵੇਂ ਆਪਣੇ ਦੇਸ਼ ਵਿਚ ਜਾਂ ਵਿਦੇਸ਼ ਵਿਚ ਹੋਣ। ਇਕ ਪੱਖ ਇਸ ਕਹਾਣੀ ਦਾ ਪੈਸੇ ਦਾ ਘੁਮੰਡ ਕਰਨ ਵਾਲੇ ਬਿੱਕਰ ਸਿੰਘ ਵਰਗੇ ਜ਼ਿਮੀਂਦਾਰਾਂ ਨੂੰ ਵੀ ਉਜਾਗਰ ਕਰਦਾ ਹੈ ਜੋ ਆਪਣੇ ਲਾਲਚ ਲਈ ਕੰਮੀਆਂ (ਸੀਰੀ) ਦੀ ਜਾਨ ਵੀ ਦਾਅ 'ਤੇ ਲਾ ਦਿੰਦੇ ਨੇ ਤੇ ਬਾਅਦ ਵਿਚ ਉਨ੍ਹਾਂ ਦੇ ਪਰਿਵਾਰ ਬਾਰੇ ਭੱਦੀ- ਸ਼ਬਦਾਵਲੀ ਤੇ ਗਾਲੀ ਗਲੋਚ ਦੀ ਵਰਤੋਂ ਕਰਦੇ ਹਨ। ਪਰ ਜਦੋਂ ਕੁਦਰਤ ਦੀ ਮਾਰ ਪੈਂਦੀ ਹੈ ਤਾਂ ਉਨ੍ਹਾਂ ਨੂੰ ਆਪਣੇ ਕੀਤੇ ਲਈ ਸ਼ਰਮਿੰਦਾ ਹੋਣਾ ਪੈਂਦਾ ਹੈ। 'ਮੈਂ ਇਕ ਚੰਗੀ ਮਾਂ ਹਾਂ' ਕਹਾਣੀ ਵਿਚ ਔਰਤ ਦੀ ਸੰਵੇਦਨਾ ਦੇ ਨਾਲ-ਨਾਲ ਔਰਤ ਦੀ ਚੇਤਨਾ ਦੀ ਗੱਲ ਸੁਰਿੰਦਰ ਗੀਤ




ਕਰਦੀ ਹੈ। ਚਾਹੇ ਦਵਿੰਦਰ ਦੀ ਮਰਜ਼ੀ ਦੇ ਵਿਰੁੱਧ ਮਾਪੇ ਉਸਦਾ ਵਿਆਹ ਸ਼ਰਾਬੀ ਨਾਲ ਕਰ ਦਿੰਦੇ ਨੇ ਪਰ ਉਹ ਪੜ੍ਹਨ ਦੀ ਆਪਣੀ ਇੱਛਾ ਨੂੰ ਬਰਕਰਾਰ ਰੱਖਦੀ ਹੈ। ਪਤੀ ਦੀ ਮੌਤ ਦਾ ਕਾਰਨ ਵੀ ਉਸਦੀ ਪੜ੍ਹਨ ਦੀ ਰੁਚੀ ਨੂੰ ਠਹਿਰਾਅ ਦਿੱਤਾ ਜਾਂਦਾ ਹੈ। ਵਿਦੇਸ਼ ਜਾਣ ਤੋਂ ਬਾਅਦ ਵੀ ਉਸਦਾ ਪੇਕਾ ਪਰਿਵਾਰ ਉਸਨੂੰ ਕੈਨੇਡਾ ਜਾਣ ਦੀ ਪੌੜੀ ਵਜੋਂ ਵਰਤਣਾ ਚਾਹੁੰਦਾ ਹੈ। ਆਪਣੀ ਧੀ ਪ੍ਰਤੀ ਉਨ੍ਹਾਂ ਦਾ ਕੋਈ ਲਗਾਓ ਨਹੀਂ ਉਹ ਇਸ ਖਿੱਚੋਤਾਣ ਵਿਚ ਆਪਣਾ ਦੂਸਰਾ ਪਤੀ ਵੀ ਗਵਾ ਲੈਂਦੀ ਹੈ ਪਰ ਉਹ ਆਪਣੀ ਧੀ ਉਪਰ ਸਾਰਾ ਧਿਆਨ ਕੇਂਦਰਿਤ ਕਰਕੇ ਉਸਨੂੰ ਗੋਲਡ ਮੈਡਲਿਸਟ ਬਣਾ ਕੇ ਇਕ ਚੰਗੀ ਮਾਂ ਹੋਣ 'ਤੇ ਫ਼ਖਰ ਮਹਿਸੂਸ ਕਰ ਰਹੀ ਹੈ।

'ਬੇਘਰੇ' ਕਹਾਣੀ ਉਨ੍ਹਾਂ ਲੋਕਾਂ 'ਤੇ ਕੇਂਦਰਿਤ ਹੈ ਜੋ ਵਿਦੇਸ਼ ਜਾਣ ਦੇ ਚੱਕਰ ਵਿਚ ਇਥੋਂ ਦੀ ਬਚੀ-ਖੁਚੀ ਪੂੰਜੀ ਵੀ ਗਵਾ ਲੈਂਦੇ ਹਨ। ਕਹਾਣੀ ਵਿਚ ਲੜਕੀ ਪਰਿਵਾਰ ਵਾਲੇ ਵਿਦੇਸ਼ ਜਾਣ ਦੀ ਲਲਕ ਵਿਚ ਬਿਨਾਂ ਲੜਕੇ ਦਾ ਪਿਛੋਕੜ ਜਾਣੇ ਜ਼ਮੀਨ ਬੈਅ ਕਰ ਕੇ ਸ਼ਾਹੀ ਠਾਠ-ਬਾਠ ਨਾਲ ਵਿਆਹ ਕਰਦੇ ਹਨ ਅਸਲੀਅਤ ਪਤਾ ਲੱਗਣ ਤੱਕ ਉਹ ਆਪ ਸੜਕ 'ਤੇ ਆ ਜਾਂਦੇ ਹਨ। 'ਖੇਤ ਦੀ ਨੁੱਕਰੇ' ਕਹਾਣੀ ਦੇ ਬਿਰਤਾਂਤ ਵਿਚ ਉਨ੍ਹਾਂ ਲੋਕਾਂ ਦੀ ਹੋਣੀ ਸ਼ਾਮਿਲ ਹੈ ਜੋ ਪ੍ਰਵਾਸ ਧਾਰਨ ਕਰਨ ਤੋਂ ਬਾਅਦ ਆਪਣੇ ਮਾਪਿਆਂ ਦੀ ਸਾਰ ਨਹੀਂ ਲੈਂਦੇ ਤੇ ਉਨ੍ਹਾਂ ਨੂੰ ਘੁਟ-ਘੁਟ ਕੇ ਮਰਨ ਲਈ ਮਜਬੂਰ ਕਰਦੇ ਹਨ। ਪਰ ਧੀਆਂ ਜਿਨ੍ਹਾਂ ਨੂੰ ਸਮਾਜ ਨੇ ਹਮੇਸ਼ਾ ਦੂਜੇ ਸਥਾਨ 'ਤੇ ਰੱਖਿਆ ਅੰਤ 'ਤੇ ਡੰਗੋਰੀ ਉਹ ਹੀ ਬਣਦੀਆਂ ਹਨ। ਚਾਹੇ ਉਹ ਕਿਸੇ ਵੀ ਹਾਲਾਤ ਵਿਚ ਹੋਣ ਜਿਵੇਂ ਸਤਰਾਂ ਹਨ "ਮੈਨੂੰ ਉਹਦੀਆਂ ਅੱਖਾਂ ਵਿਚਲੀ ਉਦਾਸੀ ਸਭ ਕੁਝ ਸਮਝਾ ਰਹੀ ਸੀ ਕਿ ਇਕ ਕੁੜੀ ਲਈ ਕਿੰਨਾ ਮੁਸ਼ਕਿਲ ਹੁੰਦਾ ਹੈ ਕਿ ਭਰਾ ਦੇ ਹੁੰਦਿਆਂ ਆਪਣੀ ਮਾਂ ਦਾ ਆਪਣੇ ਸਹੁਰੀਂ ਆਪਣੇ ਖੇਤ ਦੀ ਇਕ ਨੁੱਕਰੇ ਸਸਕਾਰ ਕਰਨਾ" (ਪੰਨਾ-99)। 'ਗੁਨਾਹ' ਕਹਾਣੀ ਗਰੀਬ ਵਰਗ ਅਤੇ ਬੇਰੁਜ਼ਗਾਰੀ ਦੀ ਗੱਲ ਕਰਨ ਦੇ ਨਾਲ-ਨਾਲ ਪ੍ਰਾਈਵੇਟ ਕੰਪਨੀਆਂ ਵੱਲੋਂ ਮੁੰਡੇ-ਕੁੜੀਆਂ ਖਾਸਕਰ ਕੁੜੀਆਂ ਉਪਰ ਕੀਤੇ ਜਾਂਦੇ ਸ਼ੋਸ਼ਣ ਦੀ ਨਿਸ਼ਾਨਦੇਹੀ ਕਰਦੀ ਹੈ।

ਸੁਰਿੰਦਰ ਗੀਤ ਨੇ ਜਿਥੇ ਪ੍ਰਵਾਸੀ ਮੁੰਡਿਆਂ ਵੱਲੋਂ ਕੁੜੀਆਂ ਨਾਲ ਕੀਤੇ ਜਾਂਦੇ ਧੋਖਿਆਂ ਨੂੰ ਸਰੋਕਾਰ ਬਣਾਇਆ ਉੱਥੇ 'ਦੇਵਤੇ' ਕਹਾਣੀ ਵਿਚ ਉਨ੍ਹਾਂ ਕੁੜੀਆਂ ਦੀ ਗੱਲ ਕੀਤੀ ਜੋ ਪ੍ਰਵਾਸੀ ਮੁੰਡਿਆਂ ਨਾਲ ਧੋਖੇ ਕਰਦੀਆਂ ਹਨ ਕਹਾਣੀ ਦੀ ਪਾਤਰ ਪ੍ਰੀਤ ਆਪਣੇ ਰਿਸ਼ਤੇਦਾਰਾਂ ਦੀਆਂ ਪੜ੍ਹਾਈਆਂ ਪੱਟੀਆਂ ਨਾਲ ਅਜਿਹਾ ਕਦਮ ਉਠਾਉਂਦੀ ਹੈ ਪਰ ਜਦੋਂ ਉਸਦੀ ਧੀ ਉਸ ਨਾਲ ਅਜਿਹਾ ਹੀ ਕਰਨ ਦਾ ਨਾਟਕ ਰਚਦੀ ਹੈ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਜਾਂਦੀ ਹੈ। 'ਨਵੀਂ ਜੁੱਤੀ' ਕਹਾਣੀ ਆਰਥਿਕ ਥੁੜ੍ਹਾਂ ਨਾਲ ਜੂਝ ਕੇ ਸਫ਼ਲ ਹੋਣ ਵਾਲੇ ਲੋਕਾਂ (ਔਰਤਾਂ) ਨੂੰ ਆਪਣਾ ਸਰੋਕਾਰ ਬਣਾਉਂਦੀ ਹੈ ਨਾਲ ਹੀ ਜਿਥੇ ਗਰੀਬ ਬੱਚੇ ਨੂੰ ਪੜ੍ਹਾਈ ਲਈ ਪ੍ਰੇਰਿਤ ਕਰਕੇ ਇਸ ਦਲਦਲ ਵਿਚੋਂ ਕੱਢਿਆ ਜਾ ਸਕਦਾ ਕਹਾਣੀਕਾਰਾ ਇਥੇ ਸਿਰਫ਼ ਜੁੱਤੀ (ਦਿਸ਼ਾ ਨਿਰਦੇਸ਼) ਦੀ ਸਹਾਇਤਾ ਕਰਕੇ ਮਨਜੀਤ ਨੂੰ ਸਫ਼ਲ ਬਣਾਉਣ ਵਿਚ ਕਾਮਯਾਬ ਹੋਈ ਹੈ। 'ਕੁਰਬਾਨੀ' ਕਹਾਣੀ ਉਨ੍ਹਾਂ ਔਰਤਾਂ ਦੀ ਸੰਵੇਦਨਾ ਹੈ ਜੋ ਬਚਪਨ ਵਿਚ ਪਿਉ ਅਤੇ ਵਿਆਹ ਤੋਂ ਬਾਅਦ ਪਤੀ ਦੇ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ। ਪਰਿਵਾਰਕ ਰਿਸ਼ਤੇ ਮਤਲਬ ਅਤੇ ਪਦਾਰਥ ਨਾਲ ਜੁੜ ਗਏ ਹਨ ਅਜਿਹਾ ਹੀ ਪਾਤਰ ਮੀਤਾਂ ਨਾਲ ਹੁੰਦਾ ਜਿਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਲਈ ਮੀਤਾਂ ਆਪਣਾ ਸੁਖ-ਚੈਨ ਤੇ ਜ਼ਿੰਦਗੀ ਦੀ ਕੀਮਤੀ ਜਵਾਨੀ ਕੁਰਬਾਨ ਕਰ ਦਿੰਦੀ ਹੈ ਉਹੀ ਅੱਜ ਉਸ ਵੱਲ ਪਿੱਠ ਕਰ ਕੇ ਖੜ੍ਹ ਗਏ। ਪ੍ਰਵਾਸੀਆਂ ਵਿਚ ਇਹ ਰੁਚੀ ਆਮ ਦੇਖਣ ਨੂੰ ਮਿਲਦੀ ਹੈ।

'ਕੀ ਲੋੜ ਸੀ ਪਾਪੜ ਵੇਲਣ ਦੀ' ਕਹਾਣੀ ਵਿਚ ਕਹਾਣੀਕਾਰਾ ਪ੍ਰਵਾਸੀਆਂ ਵੱਲੋਂ ਆਪਣੇ ਰਿਸ਼ਤੇਦਾਰ ਭਾਈ, ਭਤੀਜੇ ਉਥੇ ਬਲਾਉਣ ਲਈ ਰਿਸ਼ਤੇ ਨਾਤਿਆਂ ਦਾ ਜੋ ਘਾਣ ਕੀਤਾ ਜਾਂਦਾ, ਨੂੰ ਸਰੋਕਾਰ ਬਣਾਉਂਦੀ ਹੈ। ਪ੍ਰਵਾਸੀ ਰਿਸ਼ਤਿਆਂ ਦੇ ਮਾਈਨੇ ਬਦਲ ਰਹੇ ਨੇ ਕਹਾਣੀਕਾਰਾ ਇਸ ਸਭ ਕੁਝ ਵਾਪਰਨ ਦਾ ਭਾਂਡ ਦੇਸ਼ ਦੀ ਬੇਰੁਜ਼ਗਾਰੀ ਸਿਰ ਭੰਨਦੀ ਹੈ। ਕਹਾਣੀ ਦੀਆਂ ਸਤਰਾਂ ਹਨ "ਮੈਂ ਸੋਚ ਰਹੀ ਸਾਂ ਜੇਕਰ ਸਾਨੂੰ ਸਾਡੇ ਦੇਸ਼ 'ਚ ਹੀ ਰੁਜ਼ਗਾਰ ਮਿਲੇ, ਹਾਲਾਤ ਠੀਕ ਹੋਣ ਤਾਂ ਕੀ ਲੋੜ ਹੈ ਅਜੇਹੇ ਪਾਪੜ ਵੇਲਣ ਦੀ"? (ਪੰਨਾ-134) 'ਤਿੰਨ ਪੀੜੀਆਂ' ਕਹਾਣੀ ਪੰਜਾਬ ਦੇ ਲੰਘੇ ਤੇ ਬੀਤ ਰਹੇ ਮਾੜੇ ਹਾਲਾਤ ਨੂੰ ਸਰੋਕਾਰ ਬਣਾਉਂਦੀ ਹੈ। ਜਿਸਨੇ 1984 ਵਿਚ ਝੂਠੇ ਮੁਕਾਬਲਿਆਂ ਵਿਚ ਪੰਜਾਬ ਦੀ ਜਵਾਨੀ ਨੂੰ ਖਤਮ ਕੀਤਾ ਹੁਣ ਨਸ਼ਿਆਂ ਨੇ ਤੇ ਵਿਦੇਸ਼ ਜਾਣ ਦੀ ਲਲਕ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ। ਇਸ ਕਹਾਣੀ ਦੀ ਪਾਤਰ ਗਿਆਨ ਕੌਰ ਪੰਜਾਬ ਦੀਆਂ ਉਨ੍ਹਾਂ ਔਰਤਾਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਨ੍ਹਾਂ 1984 ਵਿਚ ਆਪਣੇ ਭਰਾ ਗਵਾਏ ਨਸ਼ਿਆਂ ਵਿਚ ਆਪਣੇ ਪਤੀ ਅਤੇ ਵਿਦੇਸ਼ ਜਾਣ ਦੀ ਮਜਬੂਰੀ ਵਿਚ ਆਪਣੇ ਆਮਦਨ ਵਸੀਲੇ ਤੇ ਪੁੱਤ।

'ਮਾਂ' ਕਹਾਣੀ ਵੀ ਔਰਤ ਦੀ ਸੰਵੇਦਨਾ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਪਾਤਰ ਸੀਰਤ ਉਨ੍ਹਾਂ ਕੁੜੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਨ੍ਹਾਂ ਨੂੰ ਮਾਂ ਬਾਪ ਪ੍ਰਵਾਸੀ ਰਿਸ਼ਤੇਦਾਰਾਂ ਨਾਲ ਜ਼ਬਰਦਸਤੀ ਨੂੜ ਦਿੰਦੇ ਹਨ ਤੇ ਫਿਰ ਉਹ ਵਿਦੇਸ਼ ਵਿਚ ਆਪਣੀ ਮਰਜ਼ੀ ਨਾਲ ਇਨ੍ਹਾਂ ਨੂੰ ਵਰਤਦੇ ਹਨ। ਕਹਾਣੀ ਦਾ ਦੂਜਾ ਪੱਖ ਮਮਤਾ, ਲੋੜਵੰਦ ਦੀ ਸਹਾਇਤਾ ਬਿਨਾਂ ਕਿਸੇ ਮਤਲਬ ਤੋਂ ਤੇ ਦਰਿਆ ਦਿਲੀ ਦੀ ਮਿਸਾਲ ਪਰਮ ਵਰਗੀਆਂ ਔਰਤਾਂ ਬਣਦੀਆਂ ਹਨ। 'ਇਕ ਅੰਤ ਇਕ ਸ਼ੁਰੂਆਤ' ਕਹਾਣੀ ਪ੍ਰਵਾਸੀਆਂ ਦੇ ਬਦਲਦੇ ਰਿਸ਼ਤਿਆਂ ਦੀ ਦਾਸਤਾਨ ਹੈ। ਰਿਸ਼ਤਿਆਂ ਦਾ ਘਾਣ ਕਰਨ ਵਿਚ ਔਰਤ ਅਤੇ ਮਰਦ ਦੋਨੇਂ ਬਰਾਬਰ ਦੇ ਭਾਗੀਦਾਰ ਹਨ। ਆਪਣੇ ਮਤਲਬ ਕੱਢਣ, ਦੂਜਿਆਂ ਦੀ ਜ਼ਿੰਦਗੀ ਦਾਅ 'ਤੇ ਲਾਉਣ, ਪ੍ਰਵਾਸੀਆਂ ਵਿਚ ਇਹ ਰੁਚੀ ਆਮ ਹੋ ਗਈ ਹੈ, ਜੋ ਕਹਾਣੀ ਦਾ ਵਿਸ਼ਾ ਹੈ।

'ਤੋਹਫ਼ਾ' ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਸਾਰੀਆਂ ਕਹਾਣੀਆਂ ਦਾ ਸਾਂਝਾ ਸੂਤਰ ਦਿਨ-ਬ-ਦਿਨ ਇਨਸਾਨੀਅਤ ਵਿਚ ਆ ਰਿਹਾ ਨਿਘਾਰ ਹੈ। ਜਿਸਨੂੰ ਕਹਾਣੀਕਾਰਾ ਨੇ ਵੱਖ-ਵੱਖ ਮਨੁੱਖੀ ਜੀਵਨ ਦੀਆਂ ਪਰਤਾਂ ਰਾਹੀਂ ਪੇਸ਼ ਕੀਤਾ ਜਿਵੇਂ ਰਿਸ਼ਤਿਆਂ ਵਿਚ ਟੁੱਟ-ਭੱਜ, ਪੰਜਾਬੀਆਂ ਦੀ ਦਰਿਆ ਦਿਲੀ, ਅੰਤਰ-ਸੱਭਿਅਚਾਰ ਦੀਆਂ ਸਾਂਝਾਂ ਤੇ ਟਕਰਾਓ, ਨਾਜਾਇਜ਼ ਢੰਗ ਨਾਲ ਹੋ ਰਿਹਾ ਪ੍ਰਵਾਸ ਆਦਿ ਹੋਰ ਕਈ ਸਮਾਜਕ, ਆਰਥਿਕ, ਸੱਭਿਆਚਾਰਕ, ਰਾਜਨੀਤਕ ਪੱਖ ਤੋਂ ਪੇਸ਼ ਕੀਤਾ ਹੈ।

***(ਖੋਜਾਰਥੀ) ਅਧੁਨਿਕ ਭਾਰਤੀ ਭਾਸ਼ਾਵਾਂ ਵਿਭਾਗ***
***ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ***

## ਕਾਵਿ-ਕਿਆਰੀ

### ਕਵਿਤਾ

ਕਵਿਤਾ ਦੇ ਦਿਨ ਕਵਿਤਾ ਆਈ
ਮੁੜ ਗਈ
ਆਟਾ ਚੌਲ ਦੀ ਥੈਲੀ ਛੱਡ ਕੇ।

ਆਈ ਸੀ ਰਾਤੀਂ ਕਵਿਤਾ
ਮੁੜ ਗਈ
ਬਾਤਾਂ ਚੁਟਕਲੇ ਸੁਣਾ ਕੇ
ਬਿਸਤਰ 'ਤੇ ਸਿਲਵਟਾਂ ਛੱਡ ਕੇ
ਲਾਰਿਆਂ ਸੁਗੰਧਾਂ ਦੀ ਪਟਾਰੀ ਖਿੰਡਾ ਕੇ।

ਮਾਸਿਕ ਧਰਮ ਦੇ ਦਿਨ
ਤ੍ਰੀਮਤ ਮਲੀਨ ਭ੍ਰਿਸ਼ਟ!
ਸਵਾਲ ਅਸ਼ਲੀਲ ਹੈ!
ਦਿਓ ਜਵਾਬ।

ਕਿਉਂ ਰੋਕਾਂ
ਕਿਵੇਂ ਟੋਕਾਂ ਉਸ ਨੂੰ
ਮੇਰਾ ਹੀ ਪਰਛਾਵਾਂ ਪਿੱਛਾ ਕਰਦਾ ਹੈ।

ਟਟੀਹਰੀ
ਉੱਚੀਆਂ ਟੰਗਾਂ ਕਰ ਸੌਂਦੀ,
ਮੇਰੇ ਪੈਰਾਂ 'ਤੇ ਖੜ੍ਹਾ ਅਸਮਾਨ,
ਕਿਤੇ ਡਿੱਗ ਨਾ ਪਵੇ।

ਭੰਨਿਆ ਸੀ ਘੜਾ ਤੁਸਾਂ
ਸੱਪ ਸੱਪ ਕਹਿ ਕੇ
ਭਰ ਗਿਆ ਏ ਹੋਰ ਇੱਕ
ਤੁਹਾਡੇ ਨੱਕ ਡੋਬਣ ਵਾਸਤੇ।

ਦਿਓ ਵਧਾਈਆਂ
ਮੈਨੂੰ ਕਵਿਤਾ ਆਈ ਹੈ।

ਮੱਖਣ ਚੋਰ ਚੁਣ ਕੇ ਭੇਜੋ
ਪਾਰਲੀਮੈਂਟ ਵਿਚ
ਰੱਜਿਆ ਬੰਦਾ ਹੋਰ ਨਹੀਂ ਖਾਂਦਾ।

ਹਵਾਈ ਪੱਪੀਆਂ ਘੱਲਦਾ ਰਹਿੰਦੋਂ,
ਕਰ ਲਿਆ ਕਰ ਹੈਲੋ ਮੈਸੇਜ,
ਜਿੰਨੇ ਮਰਜ਼ੀ... ਜੀ ਚਾਹੇ
ਮਨ ਪ੍ਰਚਾਉਣ ਲਈ
ਲਾਈਕ ਵਧਾਉਣ ਲਈ।

***-ਚਰਨਜੀਤ ਪੰਨੂ***

---

### ਪੈੜਾਂ ਦੇ ਨਿਸ਼ਾਨ

ਕੁੱਝ ਦੇਰ ਤੱਕ ਰਹਿੰਦੇ ਨੇ
ਪੈੜਾਂ ਦੇ ਨਿਸ਼ਾਨ ਰੇਤ ਉੱਪਰ
ਹਵਾ ਦੇ ਬੁੱਲੇ ਫ਼ਿਰ ਮਿਟਾ ਦਿੰਦੇ ਨੇ
ਇੱਕ ਨਵੀਂ ਪੈੜ ਦੀ ਉਡੀਕ ਵਿਚ ।

ਓਹ ਰੇਤਾ ਇੰਤਜ਼ਾਰ ਕਰਦੀ ਹੈ
ਕਿਸੇ ਦੇ ਆਉਣ ਦੀ
ਉਸ ਉੱਪਰ ਫ਼ਿਰ ਤੋਂ
ਨੰਨ੍ਹੇ ਨੰਨ੍ਹੇ ਪੈਰਾਂ ਦੇ ਨਿਸ਼ਾਨ
ਆਪਣੀ ਪੈੜ ਬਣਾਉਂਦੇ ਹਨ।
ਪੈੜਾਂ ਮਿਟਦੀਆਂ ਨੇ, ਪੈੜਾਂ ਬਣਦੀਆਂ ਨੇ
ਸਦੀਆਂ ਤੋਂ ਇਹੀ ਹੋ ਰਿਹਾ ਹੈ
ਇਹੀ ਹੋਵੇਗਾ
ਜਦੋਂ ਤੱਕ ਕੋਈ ਆਪਣੀ ਪੈੜ
ਪਰਮਾਤਮਾ ਦੀ ਪੈੜ ਵਿਚ ਨਹੀਂ ਧਰਦਾ
ਜਿਉਂਦੇ ਜੀਅ ਨਹੀਂ ਮਰਦਾ
ਆਤਮਾ ਅਮਰ ਨਹੀਂ ਕਰਦਾ
ਇਸ ਸਰੀਰ ਤੋਂ
ਪੈੜਾਂ ਬਣਨਗੀਆਂ
ਪੈੜਾਂ ਮਿਲਣਗੀਆਂ
ਬੋਦਲਾਂ ਦੇ ਸੁੱਖਵਿੰਦਰਾ।

***-ਸੁੱਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

---

### ਹੱਸ ਕੇ ਵਕਤ ਲੰਘਾ

ਹੱਸ ਕੇ ਵਕਤ ਲੰਘਾ
ਹੱਥ ਪੈਰ ਜੇ ਰਾਜ਼ੀ ਆ,
ਤੈਨੂੰ ਰੋਟੀ ਮਿਲਦੀ ਤਾਜ਼ੀ ਆ
ਸਮਝ ਲੈ ਜਿੱਤੀਓ ਬਾਜ਼ੀ ਆ,
ਤੈਨੂੰ ਹੋਰ ਦੱਸ ਕੀ ਚਾਹੀਦਾ
ਰੱਬ ਦਾ ਸ਼ੁਕਰ ਮਨਾ,
ਰੋਣ ਦਾ ਕੀ ਫਾਇਦਾ
ਹੱਸ ਕੇ ਵਕਤ ਲੰਘਾ,
ਰੋਣ ਦਾ ਕੀ ਫਾਇਦਾ।

ਹਾਏ ਹਾਏ ਕਰਨਾ ਛੱਡ ਦੇ,
ਦੇਖ ਹੋਰਾਂ ਨੂੰ ਸੜਨਾ ਛੱਡ ਦੇ
ਹੌਕੇ ਜਿਹੇ ਐਵੇਂ ਭਰਨਾ ਛੱਡ ਦੇ,
ਦੁੱਖਾਂ ਕੋਲੋਂ ਡਰਨਾ ਛੱਡ ਦੇ,
ਡੱਟ ਕੇ ਹਿੱਕਾਂ ਡਾਹ,
ਰੋਣ ਦਾ ਕੀ ਫਾਇਦਾ
ਹੱਸ ਕੇ ਵਕਤ ਲੰਘਾ,
ਰੋਣ ਦਾ ਕੀ ਫਾਇਦਾ।

ਜਿੰਨੇ ਵੀ ਤੇਰੇ ਮਿੱਤਰ ਜੱਗ 'ਤੇ,
ਕੋਈ ਸੁਖੀ ਤਾਂ ਮੈਨੂੰ ਦੱਸ ਦੇ
ਉੱਤੋਂ ਉੱਤੋਂ ਸਾਰੇ ਹੱਸਦੇ,
ਕਿੰਨੇ ਤੈਥੋਂ ਨੀਵੇਂ ਵੱਸਦੇ
ਬਹਿ ਕੇ ਨਿਗ੍ਹਾ ਘੁਮਾ,
ਰੋਣ ਦਾ ਕੀ ਫਾਇਦਾ
ਹੱਸ ਕੇ ਵਕਤ ਲੰਘਾ,
ਰੋਣ ਦਾ ਕੀ ਫਾਇਦਾ।

ਕੀ ਹੋਇਆ ਜੇ ਘਾਟੇ ਪੈ ਗਏ,
ਬਿਜ਼ਨਸ ਵਾਲੇ ਪਟਾਕੇ ਪੈ ਗਏ
ਵੀਹ ਡਾਲਰ ਸੀ ਲੈ ਕੇ ਆਏ,
ਐਡੇ ਕਿਹੜੇ ਗਾਟੇ ਲਹਿ ਗਏ
ਤੂੰ ਲਏਂਗਾ ਫੇਰ ਕਮਾ,
ਰੋਣ ਦਾ ਕੀ ਫਾਇਦਾ
ਹੱਸ ਕੇ ਵਕਤ ਲੰਘਾ,
ਰੋਣ ਦਾ ਕੀ ਫਾਇਦਾ

ਇਹ ਜ਼ਿੰਦਗੀ ਵਾਲੀ ਗੱਡੀ ਆ,
ਤੂੰ ਫੁੱਲ ਸਪੀਡ 'ਤੇ ਛੱਡੀ ਆ
ਕਿਉਂ ਮਿੱਤਰਾ ਇੰਨੀ ਦੱਬੀ ਆ,
ਤੇਰੀ ਉਮਰ ਵੀ ਜਾਂਦੀ ਭੱਜੀ ਆ।
ਗੱਡੀ ਤੇਰੀ ਕਦੇ ਨੀ ਰੁਕਣੀ,
ਡਾਨਸੀਵਾਲੀਆ ਦੌੜ ਨੀ ਮੁੱਕਣੀ,
ਬਹਿ ਕੇ ਲੈ ਲਾ ਸਾਹ,
ਦੌੜ ਦਾ ਕੀ ਫਾਇਦਾ
ਹੱਸ ਕੇ ਵਕਤ ਲੰਘਾ,
ਰੋਣ ਦਾ ਕੀ ਫਾਇਦਾ
ਰੱਬ ਦਾ ਸ਼ੁਕਰ ਮਨਾ,
ਰੋਣ ਦਾ ਕੀ ਫਾਇਦਾ।

***-ਕੁਲਵੀਰ ਸਿੰਘ ਡਾਨਸੀਵਾਲ***

# ਬਦਲਾ ਲੈਣ ਦਾ ਇਹ ਵੀ ਇੱਕ ਅੰਦਾਜ਼ ਹੈ!

'ਪੰਜਾਬ ਲੋਕ ਸਭਿਆਚਾਰ ਮੰਚ ਟਰਾਂਟੋ' ਵੱਲੋਂ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦਾ ਦਿਨ ਮਨਾਇਆ ਜਾ ਰਿਹਾ ਸੀ। ਸਾਰੇ ਬੁਲਾਰੇ ਊਧਮ ਸਿੰਘ ਵੱਲੋਂ ਜੱਲ੍ਹਿਆਂ ਵਾਲੇ ਬਾਗ਼ ਵਿਚ ਹੋਏ ਕਤਲ-ਏ-ਆਮ ਦਾ ਬਦਲਾ ਲੈਣ ਦੀ ਕਹਾਣੀ ਦਾ ਜ਼ਿਕਰ ਵਾਰ ਵਾਰ ਕਰ ਰਹੇ ਸਨ। ਪ੍ਰਧਾਨਗੀ ਭਾਸ਼ਨ ਦੇਣ ਲਈ ਮੇਰੀ ਵਾਰੀ ਸਭ ਤੋਂ ਅਖ਼ੀਰ 'ਤੇ ਸੀ।



ਮੈਨੂੰ ਪਤਾ ਸੀ, ਹਾਕੀ ਦਾ ਸੈਮੀ

ਵਰਿਆਮ ਸਿੰਘ ਸੰਧੂ

ਫਾਈਨਲ ਮੈਚ ਵੀ ਹੈ ਤੇ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਦੀ ਕੁਸ਼ਤੀ ਵੀ। ਮੈਂ ਫੋਨ 'ਤੇ ਝਾਤੀ ਮਾਰਨ ਦੇ ਲਾਲਚ ਤੋਂ ਬਚ ਨਾ ਸਕਿਆ। ਵਿਨੇਸ਼ ਫੋਗਾਟ ਨੇ ਲਗਾਤਾਰ ਜਿੱਤਾਂ ਹਾਸਲ ਕਰਦਿਆਂ ਫਾਈਨਲ ਵਿਚ ਪ੍ਰਵੇਸ਼ ਕਰ ਲਿਆ ਸੀ। ਮੇਰਾ ਅੰਦਰ ਉਸ ਮਾਣ-ਮੱਤੀ ਧੀ ਲਈ ਮਾਣ ਨਾਲ ਭਰ ਗਿਆ। ਮੇਰੀਆਂ ਅੱਖਾਂ ਭਰ ਆਈਆਂ।

ਜਦੋਂ ਮੇਰੇ ਬੋਲਣ ਦੀ ਵਾਰੀ ਆਈ ਤਾਂ ਮੈਂ ਸਭ ਤੋਂ ਪਹਿਲਾਂ ਵਿਨੇਸ਼ ਫੋਗਾਟ ਦੀ ਸ਼ਾਨਾਂਮੱਤੀ ਜਿੱਤ ਦਾ ਜ਼ਿਕਰ ਕਰਦਿਆਂ ਕਿਹਾ, "ਅਸੀਂ ਅੱਜ ਸ਼ਹੀਦ ਊਧਮ ਸਿੰਘ ਵੱਲੋਂ ਜੱਲ੍ਹਿਆਂ ਵਾਲੇ ਬਾਗ਼ ਵਿਚ ਕੀਤੇ ਜ਼ੁਲਮ ਦਾ ਬਦਲਾ ਲੈਣ ਦੀ ਦਾਸਤਾਨ ਸੁਣਾ ਰਹੇ ਹਾਂ, ਤੇ ਸਾਨੂੰ ਲੱਗਦਾ ਹੈ ਕਿ ਊਧਮ ਸਿੰਘ ਨੇ ਅਜਿਹਾ ਕਰ ਕੇ ਦੇਸ਼ ਦੀ ਢੱਠੀ ਹੋਈ ਪੱਗ ਮੁੜ ਉਹਦੇ ਸਿਰ 'ਤੇ ਧਰੀ ਸੀ। ਭਾਵੇਂ ਤੁਹਾਨੂੰ ਇਹ ਮੁਕਾਬਲਾ ਕੁਝ ਅਟਪਟਾ ਤੇ ਹਾਸੋ ਹੀਣਾ ਜਿਹਾ ਹੀ ਕਿਉਂ ਨਾ ਲੱਗੇ, ਤਦ ਵੀ ਮੈਂ ਕਹਿਣਾ ਚਾਹੁੰਦਾਂ ਹਾਂ ਕਿ ਪਿਛਲੇਰੇ ਸਾਲ ਪਹਿਲਵਾਨ ਧੀਆਂ ਲਈ ਜੰਤਰ-ਮੰਤਰ (ਦਿੱਲੀ) ਦਾ ਮੈਦਾਨ ਵੀ ਉਹਨਾਂ ਲਈ ਜੱਲ੍ਹਿਆਂ ਵਾਲਾ ਬਾਗ਼ ਹੀ ਸੀ ਜਿੱਥੇ ਦੇਸ਼ ਦੀ ਸ਼ਾਨ ਰਹੀਆਂ ਤੇ ਦੇਸ਼ ਦੀ ਝੋਲੀ ਵਿਚ ਅਨੇਕਾਂ ਤਮਗੇ ਪਾਉਣ ਵਾਲੀਆਂ ਦੇਸ਼ ਦੀਆਂ ਇਹ ਧੀਆਂ ਜੋ ਔਰਤ ਦੀ ਇੱਜ਼ਤ ਆਬਰੂ ਲਈ ਆਪਣਾ ਭਵਿੱਖ ਦਾਅ 'ਤੇ ਲਾ ਕੇ ਸੰਘਰਸ਼ ਲੜ ਰਹੀਆਂ ਸਨ, ਉਹਨਾਂ ਨੂੰ ਜ਼ਲੀਲ ਕੀਤਾ ਗਿਆ। ਉਹਨਾਂ ਨੂੰ ਸੜਕਾਂ 'ਤੇ ਰੋਲਿਆ ਗਿਆ। ਡਾਂਗਾਂ ਮਾਰੀਆਂ ਗਈਆਂ। ਹਿਰਾਸਤ ਵਿਚ ਲਿਆ ਗਿਆ। ਗੁਨਾਹਗਾਰਾਂ ਦੇ ਹੱਕ ਵਿਚ ਡਟ ਕੇ ਖਲੋਤੇ ਦੇਸ਼ ਦੇ ਹਾਕਮਾਂ ਦੇ ਕੰਨਾਂ 'ਤੇ ਜੂੰ ਤੱਕ ਨਾ ਰੀਂਗੀ। ਉਹ ਤਮਾਸ਼ਾ ਦੇਖਦੇ ਰਹੇ। ਇੱਕ ਔਰਤ-ਬਾਜ਼ ਸੰਸਦ ਮੈਂਬਰ ਦੇ ਪਿੱਛੇ ਬੇਸ਼ਰਮੀ ਨਾਲ ਕੰਧ ਬਣ ਕੇ ਖਲੋਤੇ ਰਹੇ। ਮੇਰੇ ਵਰਗੇ ਕਰੋੜਾਂ ਲੋਕ ਇਹਨਾਂ ਧੀਆਂ ਦੀ ਬੇਵੱਸੀ ਦੇਖ ਕੇ ਖ਼ੂਨ ਦੇ ਅੱਥਰੂ ਰੋਏ ਸਨ। ਉਹਨਾਂ ਨੂੰ ਲੱਗਦਾ ਸੀ ਜਿਵੇਂ ਉਹਨਾਂ ਦੀਆਂ ਆਪਣੀਆਂ ਧੀਆਂ ਦੀ ਪਤ ਚੌਰਾਹੇ ਵਿਚ ਲਾਹ ਦਿੱਤੀ ਹੋਵੇ ਪਰ ਅੱਜ ਵਿਨੇਸ਼ ਫੋਗਾਟ ਨੇ ਲਗਾਤਾਰ ਸ਼ਾਨਦਾਰ ਕੁਸ਼ਤੀਆਂ ਜਿੱਤ ਕੇ ਜਦੋਂ ਫਾਈਨਲ ਵਿਚ ਪਹੁੰਚ ਕੇ ਆਪਣਾ ਮੈਡਲ ਸੁਰੱਖਿਅਤ ਕਰ ਲਿਆ ਤਾਂ ਮੈਨੂੰ ਲੱਗਾ ਕਿ ਜਿਵੇਂ ਊਧਮ ਸਿੰਘ ਨੇ ਦੇਸ਼ ਦੀ ਢੱਠੀ ਪੱਗ ਮੁੜ ਉਹਦੇ ਸਿਰ ਧਰੀ ਸੀ, ਅੱਜ ਵਿਨੇਸ਼ ਫੋਗਾਟ ਨੇ ਆਪਣੇ ਹੀ ਨਹੀਂ ਸਗੋਂ ਸੰਕੇਤ ਰੂਪ ਵਿਚ ਪੂਰੇ ਭਾਰਤ ਦੀ ਔਰਤ ਦੇ ਸਿਰ ਤੋਂ ਲਾਹੀ ਚੁੰਨੀ ਮੁੜ ਉਹਦੇ ਸਿਰ ਧਰ ਦਿੱਤੀ ਹੈ।...



... ਬਦਲਾ ਲੈਣ ਦਾ ਇਹ ਵੀ ਇੱਕ ਅੰਦਾਜ਼ ਹੁੰਦਾ ਹੈ!

ਇਹ ਬਦਲਾ ਲਿਆ ਹੈ, ਉਹਨਾਂ ਕਰੂਰ ਹਾਕਮਾਂ ਕੋਲੋਂ ਜੋ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਬੋਲੇ ਹੋਏ ਆਪਣੇ ਭੂਸਰੇ ਹੋਏ ਸਾਨ੍ਹ ਦੇ ਪਿੰਡੇ 'ਤੇ ਖਰਖਰਾ ਫੇਰ ਰਹੇ ਸਨ। ਇਹ ਬਦਲਾ ਲਿਆ ਹੈ, ਉਸ ਗੰਦੇ ਮੀਡੀਏ ਕੋਲੋਂ ਜਿਹੜਾ ਇਹਨਾਂ ਧੀਆਂ ਦੇ ਖ਼ਿਲਾਫ਼ ਲਗਾਤਾਰ ਭੁਗਤਦਾ ਤੇ ਭੌਂਕਦਾ ਰਿਹਾ ਸੀ ਤੇ ਨਵੇਂ ਸੰਸਦ ਭਵਨ ਵਿਚੋਂ ਉਸ ਸਾਨ੍ਹ ਦੀਆਂ ਉਂਗਲਾਂ ਖੜ੍ਹੀਆਂ ਕਰ ਕੇ ਜਿੱਤ ਦੇ ਨਿਸ਼ਾਨ ਬਣਾਉਂਦੀਆਂ ਤਸਵੀਰਾਂ ਸਾਂਝੀਆਂ ਕਰ ਰਿਹਾ ਸੀ। ਜਿੱਤ ਦਾ ਅਸਲੀ ਨਿਸ਼ਾਨ ਵਿਨੇਸ਼ ਦੀ ਉਹ ਖੜ੍ਹੀ ਬਾਂਹ ਹੈ ਜੋ ਉਹਨੇ ਅੱਜ ਉਲੰਪਿਕ ਦੇ ਮੈਦਾਨ ਵਿਚ ਅਸਮਾਨ ਵੱਲ ਖੜ੍ਹੀ ਕੀਤੀ ਹੈ। ਅੱਜ ਦੇਸ਼ ਦੇ ਕਰੋੜਾਂ ਲੋਕਾਂ ਦੀਆਂ ਬਾਹਵਾਂ ਆਪਣੀ ਧੀ ਦੀਆਂ ਬਾਹਵਾਂ ਨਾਲ ਅਸਮਾਨ ਵੱਲ ਉਲਰੀਆਂ ਸਥਾਪਤ ਤਾਕਤਾਂ ਦੇ ਜ਼ੁਲਮ ਨੂੰ ਵੰਗਾਰ ਰਹੀਆਂ ਹਨ।... ਸਾਰਾ ਭਾਰਤ ਵਿਨੇਸ਼ ਦੇ ਨਾਲ ਖੜੋਤਾ ਹੈ। ਮਾਣ ਵਿਚ ਭਰਿਆ ਹੋਇਆ। ਉਹਨੂੰ ਕਿਸੇ 'ਟੜੇ-ਟੁੰਡੀ ਲਾਟ' ਦੀਆਂ ਵਧਾਈਆਂ ਦੀ ਲੋੜ ਵੀ ਨਹੀਂ।"

# ਪੈਰਿਸ ਓਲੰਪਿਕਸ ਵਿਚ ਪ੍ਰੇਰਨਾ ਦਾ ਸ੍ਰੋਤ ਬਣੀਆਂ ਖਿਡਾਰਨਾਂ





*ਮਿਸਰ ਦੀ ਤਲਵਾਰਬਾਜ਼ ਨਦਾ ਹਾਫੇਜ਼ ਅਤੇ (ਸੱਜੇ) ਭਾਰਤ ਦੀ ਤੀਰਅੰਦਾਜ਼ ਦੀਪਿਕਾ ਕੁਮਾਰੀ*

ਪੈਰਿਸ ਵਿਚ ਓਲੰਪਿਕ ਖੇਡਾਂ ਆਪਣੇ ਸਿਖਰ 'ਤੇ ਹਨ ਅਤੇ ਦੁਨੀਆ ਦੀਆਂ ਖੇਡਾਂ ਦੇ ਮਹਾਂ ਕੁੰਭ ਵਿਚ ਅਨੇਕ ਖਿਡਾਰਨਾਂ ਔਰਤਾਂ ਲਈ ਪ੍ਰੇਰਨਾ ਸ੍ਰੋਤ ਬਣੀਆਂ ਹੋਈਆਂ ਹਨ। ਅਜਿਹੀ ਸਭ ਤੋਂ ਵੱਡੀ ਉਦਾਹਰਨ ਮਿਸਰ ਦੀ ਤਲਵਾਰਬਾਜ਼ ਨਦਾ ਹਾਫੇਜ਼ ਦੀ ਹੈ ਜੋ ਸੱਤ ਮਹੀਨਿਆਂ ਦੀ ਗਰਭਵਤੀ ਹੋਣ ਦੇ ਬਾਵਜੂਦ ਪੈਰਿਸ ਓਲੰਪਿਕ

ਨਵਦੀਪ ਸਿੰਘ ਗਿੱਲ
ਫੋਨ: +91-97800-36216

ਖੇਡਾਂ ਵਿਚ ਹਿੱਸਾ ਲੈ ਰਹੀ ਹੈ। ਬੁਲੰਦ ਹੌਸਲੇ ਤੇ ਦ੍ਰਿੜ ਇਰਾਦੇ ਨਾਲ ਆਪਣੀ ਤੀਜੀ ਓਲੰਪਿਕਸ ਖੇਡ ਰਹੀ ਮਿਸਰ ਦੀ 27 ਵਰ੍ਹਿਆਂ ਦੀ ਇਸ ਤਲਵਾਰਬਾਜ਼ ਨੇ ਪਹਿਲੇ ਰਾਊਂਡ ਵਿਚ ਅਮਰੀਕੀ ਖਿਡਾਰਨ ਐਲਿਜ਼ਾਬੈਥ ਟਾਰਟਾਕੋਵਸਕੀ ਨੂੰ 15-13 ਨਾਲ ਹਰਾਇਆ। ਦੂਜੇ ਰਾਊਂਡ ਵਿਚ ਉਹ ਭਾਵੇਂ ਦੱਖਣੀ ਕੋਰੀਆ ਦੀ ਜੀਓਨ ਹਾ-ਯਾਂਗ ਤੋਂ 7-15 ਨਾਲ ਹਾਰ ਗਈ ਪਰ ਆਪਣੀ ਜ਼ਿੰਦਾਦਿਲੀ ਨਾਲ ਉਸ ਨੇ ਖੇਡ ਪ੍ਰੇਮੀਆਂ ਦੇ ਦਿਲ ਜਿੱਤ ਲਏ।

ਹਾਫੇਜ਼ 17 ਵਰ੍ਹਿਆਂ ਦੀ ਉਮਰੇ ਮਿਸਰ ਦੀ ਨੈਸ਼ਨਲ ਸੀਨੀਅਰ ਫੈਂਸਿੰਗ ਸਾਬਰ ਮਹਿਲਾ ਟੀਮ ਦੀ ਮੈਂਬਰ ਬਣ ਗਈ ਸੀ। ਉਹ 2016 ਵਿਚ ਰੀਓ ਅਤੇ 2021 ਵਿਚ ਟੋਕੀਓ ਓਲੰਪਿਕਸ ਵਿਚ ਹਿੱਸਾ ਲੈ ਚੁੱਕੀ ਹੈ। ਉਹਨੇ ਅਫਰੀਕੀ ਜ਼ੋਨਲ ਚੈਂਪੀਅਨਸ਼ਿਪ ਵਿਚ ਇੱਕ ਚਾਂਦੀ ਤੇ ਕਾਂਸੀ ਦੇ ਦੋ ਤਗ਼ਮੇ ਅਤੇ ਬੈਲਜੀਅਮ ਟੂਰਨੋਈ ਸੈਟੇਲਾਈਟ ਵਿਚ ਕਾਂਸੀ ਦਾ ਤਗ਼ਮਾ ਜਿੱਤਿਆ। ਖੇਡ ਇਤਿਹਾਸ ਵਿਚ ਇਹ ਪਹਿਲੀ ਘਟਨਾ ਹੈ। 2017 ਵਿਚ ਆਸਟਰੇਲੀਅਨ ਓਪਨ ਗਰੈਂਡ ਸਲੈਮ ਖਿਤਾਬ ਜਿੱਤਣ ਮੌਕੇ ਅਮਰੀਕਾ ਦੀ ਮਹਾਨ ਟੈਨਿਸ ਖਿਡਾਰਨ ਸੇਰੇਨਾ ਵਿਲੀਅਮਜ਼ ਵੀ ਗਰਭਵਤੀ ਸੀ।

ਭਾਰਤ ਦੀ ਤੀਰਅੰਦਾਜ਼ ਦੀਪਿਕਾ ਕੁਮਾਰੀ ਆਪਣੀ 19 ਮਹੀਨਿਆਂ ਦੀ ਬੱਚੀ ਨੂੰ ਦੇਸ਼ ਛੱਡ ਕੇ ਪੈਰਿਸ ਵਿਖੇ ਓਲੰਪਿਕ ਖੇਡਾਂ ਵਿਚ ਹਿੱਸਾ ਲਿਆ। ਦੀਪਿਕਾ ਓਲੰਪਿਕਸ ਤੋਂ ਪਹਿਲਾਂ ਵੀ ਕੈਂਪਾਂ ਵਿਚ ਰਹਿਣ ਕਰ ਕੇ ਆਪਣੀ ਬੱਚੀ ਤੋਂ ਦੂਰ ਰਹੀ। ਆਪਣੀ ਚੌਥੀ ਓਲੰਪਿਕਸ ਖੇਡ ਰਹੀ ਦੀਪਿਕਾ ਦੁਨੀਆ ਭਰ ਦੀਆਂ ਮਾਵਾਂ ਲਈ ਪ੍ਰੇਰਨਾ ਸ੍ਰੋਤ ਹੈ।

ਛੋਟੀ ਉਮਰ ਦੀਆਂ ਖਿਡਾਰਨਾਂ ਵੀ ਛਾਪ ਛੱਡ ਰਹੀਆਂ ਹਨ। ਤੈਰਾਕੀ ਮੁਕਾਬਲਿਆਂ ਵਿਚ ਹਿੱਸਾ ਲੈ ਰਹੀ ਭਾਰਤੀ ਤੈਰਾਕ ਧਨਿਧੀ ਦੇਸਿੰਘੂ ਦੀ ਉਮਰ ਮਹਿਜ਼ 14 ਸਾਲ ਹੈ। ਕਰਨਾਟਕਾ ਦੀ ਰਹਿਣ ਵਾਲੀ ਧਨਿਧੀ ਇਸ ਵੇਲੇ ਬੈਂਗਲੁਰੂ ਦੇ ਕੇਂਦਰੀ ਵਿਦਿਆਲਾ ਸਕੂਲ ਵਿਚ ਨੌਵੀਂ ਕਲਾਸ ਦੀ ਵਿਦਿਆਰਥਣ ਹੈ। ਉਹ ਪਿਛਲੇ ਸਾਲ ਹਾਂਗਜ਼ੂ ਵਿਚ 13 ਵਰ੍ਹਿਆਂ ਦੀ ਉਮਰੇ ਏਸ਼ਿਆਈ ਖੇਡਾਂ ਵਿਚ ਹਿੱਸਾ ਲਿਆ ਸੀ। ਤੈਰਾਕੀ ਮੁਕਾਬਲਿਆਂ ਵਿਚ ਹੀ ਪਾਕਿਸਤਾਨ ਦੀ 22 ਵਰ੍ਹਿਆਂ ਦੀ ਕਿਸ਼ਮਾਲਾ ਤਲਤ ਨੇ ਹਿੱਸਾ ਲਿਆ ਸੀ। ਪੈਰਿਸ ਓਲੰਪਿਕਸ ਵਿਚ ਚੀਨ ਦੀ 12 ਵਰ੍ਹਿਆਂ ਦੀ ਜੈਂਗ ਹੋਹਾਓ ਸਕੇਟਬੋਰਡਿੰਗ ਵਿਚ ਹਿੱਸਾ ਲੈ ਰਹੀ ਹੈ ਜੋ ਪੈਰਿਸ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਵਾਲੀ ਸਭ ਤੋਂ ਛੋਟੀ ਉਮਰ ਦੀ ਖਿਡਾਰਨ ਹੈ।

ਓਲੰਪਿਕ ਇਤਿਹਾਸ ਵਿਚ ਭਾਰਤੀ ਮਹਿਲਾਵਾਂ ਦੇ ਯੋਗਦਾਨ ਦੀ ਗੱਲ ਕਰੀਏ ਤਾਂ 1924 ਵਿਚ ਪੈਰਿਸ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਟੈਨਿਸ ਦੇ ਸਿੰਗਲਜ਼ ਤੇ ਮਿਕਸਡ ਡਬਲਜ਼ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੀ ਨੋਰਾ ਪੋਲੀ ਪਹਿਲੀ ਭਾਰਤੀ ਖਿਡਾਰਨ ਸੀ। ਪੀਟੀ ਊਸ਼ਾ 1984 ਵਿਚ ਲਾਸ ਏਂਜਲਸ ਓਲੰਪਿਕ ਖੇਡਾਂ ਵਿਚ ਚੌਥੇ ਸਥਾਨ ਉਤੇ ਆਈ। 2000 ਵਿਚ ਸਿਡਨੀ ਵਿਚ ਵੇਟਲਿਫਟਿੰਗ ਵਿਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਕਰਨਮ ਮਲੇਸ਼ਵਰੀ ਪਹਿਲੀ ਓਲੰਪਿਕਸ ਤਗ਼ਮਾ ਜੇਤੂ ਭਾਰਤੀ ਖਿਡਾਰਨ ਸੀ। 2016 ਵਿਚ ਰੀਓ ਵਿਚ ਚਾਂਦੀ ਅਤੇ 2021 ਵਿਚ ਟੋਕੀਓ ਵਿਚ ਕਾਂਸੀ ਦਾ ਤਗ਼ਮਾ ਜੇਤੂ ਪੀਵੀ ਸਿੰਧੂ ਓਲੰਪਿਕਸ ਵਿਚ ਦੋ ਤਗ਼ਮੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਖਿਡਾਰਨ ਸੀ। 2016 ਵਿਚ ਰੀਓ ਓਲੰਪਿਕਸ ਵਿਚ ਭਾਰਤ ਵੱਲੋਂ ਜਿੱਤੇ ਦੋਵੇਂ ਤਗ਼ਮੇ ਖਿਡਾਰਨਾਂ (ਪੀਵੀ ਸਿੰਧੂ ਤੇ ਸਾਕਸ਼ੀ ਮਲਿਕ) ਦੇ ਸਨ।

# ਭਾਰਤੀ ਹਾਕੀ ਦਾ 'ਸਰਪੰਚ' ਹਰਮਨਪ੍ਰੀਤ ਸਿੰਘ

ਭਾਰਤੀ ਹਾਕੀ ਟੀਮ ਪੈਰਿਸ ਓਲੰਪਿਕ ਖੇਡਾਂ ਵਿਚ ਆਪਣੀ ਸਿਖਰ ਦਾ ਪ੍ਰਦਰਸ਼ਨ ਦਿਖਾਇਆ ਹੈ। ਟੀਮ ਭਾਵੇਂ ਸੈਮੀ ਫਾਈਨਲ ਵਿਚ ਜਰਮਨੀ ਕੋਲੋਂ 3-2 ਗੋਲਾਂ ਦੇ ਫਰਕ ਨਾਲ ਹਾਰ ਗਈ ਹੈ ਪਰ ਅਤੇ ਟੀਮ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਕਪਤਾਨ ਹਰਮਨਪ੍ਰੀਤ ਸਿੰਘ ਨੇ ਵਾਕਈ ਕਪਤਾਨਾਂ ਵਾਲੀ ਖੇਡ ਦਿਖਾਈ ਹੈ। ਕਬੱਡੀ ਖਿਡਾਰੀਆਂ ਵਾਂਗ ਹਰਮਨਪ੍ਰੀਤ ਸਿੰਘ ਨੂੰ ਓਲੰਪਿਕ ਦੀ ਕੁਮੈਂਟਰੀ ਕਰਨ ਵਾਲੇ 'ਸਰਪੰਚ' ਆਖ ਰਹੇ ਹਨ। ਜਿਵੇਂ ਸਰਪੰਚ ਪਿੰਡ ਦਾ ਮੁਖੀ ਹੁੰਦੀ ਹੈ, ਉਵੇਂ ਹੀ ਹਰਮਨਪ੍ਰੀਤ ਸਿੰਘ ਭਾਰਤੀ ਹਾਕੀ ਟੀਮ ਦਾ ਮੁਖੀ ਹੈ। ਉਹ ਸੁਚੱਜੇ ਤਰੀਕੇ ਨਾਲ ਟੀਮ ਦੀ ਅਗਵਾਈ ਕਰਦਾ ਹੋਇਆ ਜਿੱਥੇ ਡਿਫੈਂਸ ਅਤੇ ਪੈਨਲਟੀ ਕਾਰਨਰ ਰੋਕਣ ਮੌਕੇ ਟੀਮ ਦਾ ਥੰਮ੍ਹ ਬਣਿਆ ਹੋਇਆ ਹੈ ਉਥੇ ਆਪਣੀ ਡਰੈਗ ਫਲਿੱਕ ਅਤੇ ਸਕੂਪ ਨਾਲ ਕੁਆਰਟਰ ਫਾਈਨਲ ਤੱਕ ਸੱਤ ਗੋਲ ਕਰ ਕੇ ਓਲੰਪਿਕ ਖੇਡਾਂ ਦਾ ਸਰਵੋਤਮ ਸਕੋਰਰ ਹੈ। ਬਰਤਾਨੀਆ ਖਿਲਾਫ਼ ਮੈਚ ਵਿਚ ਹਰਮਨਪ੍ਰੀਤ ਸਿੰਘ ਨੇ ਔਖੇ ਸਮੇਂ ਟੀਮ ਦਾ ਹੌਸਲਾ ਨਹੀਂ ਡਿੱਗਣ ਦਿੱਤਾ ਅਤੇ ਹਮਲਾਵਰ ਅੰਦਾਜ਼ ਵਿਚ ਖੇਡ ਖੇਡੀ।



*ਭਾਰਤੀ ਹਾਕੀ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ।*

ਹਰਮਨਪ੍ਰੀਤ ਸਿੰਘ ਟੀਮ ਦਾ ਡਿਫੈਂਡਰ ਵੀ ਹੈ ਅਤੇ ਮਜ਼ਬੂਤ ਡਰੈਗ ਫਲਿੱਕ ਕਾਰਨ ਪੈਨਲਟੀ ਕਾਰਨਰ ਮੌਕੇ ਟੀਮ ਲਈ ਟਰੰਪ ਕਾਰਡ ਵੀ ਸਾਬਤ ਹੁੰਦਾ ਹੈ। ਉਸ ਦੀ ਦਨਦਨਾਉਂਦੀ ਤੇਜ਼ ਡਰੈਗ ਫਲਿੱਕ ਪੈਨਲਟੀ ਕਾਰਨਰ ਮੌਕੇ ਸਿੱਧਾ ਵਿਰੋਧੀ ਟੀਮ ਦੇ ਗੋਲਾਂ ਵਿਚ ਜਾਂਦੀ ਹੈ। ਉਹ ਅੱਜ ਹਰ ਹਾਕੀ ਪ੍ਰੇਮੀ ਦਾ ਹਰਮਨ ਪਿਆਰਾ ਖਿਡਾਰੀ ਬਣ ਗਿਆ ਹੈ। ਆਪਣੇ ਆਦਰਸ਼ ਜੁਗਰਾਜ ਸਿੰਘ ਵਾਂਗ ਖੇਡਦਾ ਹਰਮਨਪ੍ਰੀਤ ਸਿੰਘ ਮਿਡਫੀਲਡ ਤੋਂ ਖੁਦ ਵੀ ਗੇਂਦ ਨੂੰ ਅੱਗੇ ਲਿਜਾ ਕੇ ਭਾਰਤੀ ਫਾਰਵਰਡਾਂ ਦੀ ਮਦਦ ਕਰਦਾ ਰਿਹਾ। ਰਣਨੀਤੀ ਤਹਿਤ ਉਹ ਅੱਗੇ ਵੀ ਖੇਡਦਾ ਹੈ ਜੋ ਭਾਰਤ ਲਈ ਲਾਹੇਵੰਦ ਸਾਬਤ ਹੁੰਦਾ ਹੈ।

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਤਿੰਮੋਵਾਲ ਵਿਚ 6 ਜਨਵਰੀ 1996 ਨੂੰ ਸਾਧਾਰਨ ਕਿਸਾਨ ਪਰਿਵਾਰ ਵਿਚ ਜਨਮਿਆ ਹਰਮਨਪ੍ਰੀਤ ਸਿੰਘ ਪੈਰਿਸ ਵਿਚ ਆਪਣੀ ਤੀਜੀ ਓਲੰਪਿਕਸ ਖੇਡ ਰਿਹਾ ਹੈ। 10 ਸਾਲ ਦੀ ਉਮਰੇ ਹਾਕੀ ਦੀ ਸ਼ੁਰੂਆਤ ਕਰਨ ਵਾਲੇ ਹਰਮਨਪ੍ਰੀਤ ਦਾ ਕਰੀਅਰ ਸੁਰਜੀਤ ਹਾਕੀ ਅਕੈਡਮੀ ਜਲੰਧਰ ਤੋਂ ਸ਼ੁਰੂ ਹੋਇਆ। ਹਰਮਨਪ੍ਰੀਤ ਹੁਣ ਤੱਕ 225 ਕੌਮਾਂਤਰੀ ਮੈਚ ਖੇਡ ਚੁੱਕਾ ਹੈ ਅਤੇ ਕੁੱਲ 188 ਗੋਲ ਕੀਤੇ ਹਨ। ਭਾਰਤ ਵੱਲੋਂ ਗੋਲਾਂ ਕਰਨ ਵਿਚ ਉਹ ਧਿਆਨ ਚੰਦ ਅਤੇ ਬਲਬੀਰ ਸਿੰਘ ਸੀਨੀਅਰ ਤੋਂ ਬਾਅਦ ਤੀਜੇ ਨੰਬਰ ਉਤੇ ਹੈ। ਚੰਗੀ ਡੀਲ ਡੌਲ ਵਾਲਾ ਇਹ ਖਿਡਾਰੀ ਭਾਰਤੀ ਹਾਕੀ ਦਾ ਭਵਿੱਖ ਹੈ ਜਿਸ ਤੋਂ ਆਸ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਸਭ ਤੋਂ ਵੱਧ ਗੋਲ ਕਰਨ ਦਾ ਸੋਹੇਲ ਅੱਬਾਸ ਦਾ ਰਿਕਾਰਡ ਤੋੜੇਗਾ।


ਹਰਮਨਪ੍ਰੀਤ ਨੇ 2011 ਵਿਚ ਜੂਨੀਅਰ ਭਾਰਤੀ ਹਾਕੀ ਟੀਮ ਵੱਲੋਂ ਸੁਲਤਾਨ ਜੌਹਰ ਕੱਪ ਖੇਡ ਕੇ ਆਪਣੇ ਕੌਮਾਂਤਰੀ ਕਰੀਅਰ ਦੀ ਸ਼ੁਰੂਆਤ ਕੀਤੀ। ਹਰਮਨਪ੍ਰੀਤ ਸਿੰਘ ਦੇ ਰਿਕਾਰਡਾਂ ਦੀ ਗੱਲ ਕਰੀਏ ਤਾਂ ਇਸ ਸਾਲ ਐੱਫ.ਆਈ.ਐੱਚ. ਪ੍ਰੋ ਹਾਕੀ ਲੀਗ ਵਿਚ ਉਸ ਨੇ 12 ਗੋਲ ਕੀਤੇ। ਪਿਛਲੇ ਸਾਲ ਏਸ਼ਿਆਈ ਖੇਡਾਂ ਵਿਚ 13 ਗੋਲ ਕੀਤੇ ਜਦੋਂ ਭਾਰਤ ਨੇ ਸੋਨ ਤਗ਼ਮਾ ਜਿੱਤਿਆ। ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿਚ 9 ਗੋਲ ਕੀਤੇ। ਪਿਛਲੇ ਸਾਲ ਐੱਫ.ਆਈ.ਐੱਚ. ਪ੍ਰੋ ਹਾਕੀ ਲੀਗ ਵਿਚ 18 ਗੋਲ ਅਤੇ 2022 ਵਿਚ ਬਰਮਿੰਘਮ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ 9 ਗੋਲ ਕੀਤੇ।

*-ਨਵਦੀਪ ਸਿੰਘ ਗਿੱਲ*

# ਵਰਣ ਤਾਨਾਸ਼ਾਹੀ ਨੂੰ ਮਜ਼ਬੂਤ ਕਰ ਰਿਹਾ ਹਿੰਦੂਤਵ

***ਸੀਨੀਅਰ ਪੱਤਰਕਾਰ ਅਤੇ 'ਕਾਰਵਾਂ' ਪਰਚੇ ਦੇ ਕਾਰਜਕਾਰੀ ਸੰਪਾਦਕ ਹਰਤੋਸ਼ ਸਿੰਘ ਬੱਲ ਦਾ ਇਹ ਲੇਖ ਲੋਕ ਸਭਾ ਚੋਣਾਂ ਮੌਕੇ ਲਿਖਿਆ ਗਿਆ ਸੀ ਪਰ ਇਸ ਵਿਚ ਹਿੰਦੂਤਵ ਵੱਲੋਂ ਵਰਣ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਜਿਸ ਮੁੱਦੇ ਨੂੰ ਛੂਹਿਆ ਗਿਆ, ਉਹ ਹੁਣ ਹੋਰ ਵੀ ਮਹੱਤਵ ਅਖ਼ਤਿਆਰ ਕਰ ਗਿਆ ਹੈ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਭਾਰਤ ਵਿਚ ਇਸ ਵਾਰ ਹੋਈਆਂ ਚੋਣਾਂ ਵਰਗੀਆਂ ਚੋਣਾਂ ਕਦੇ ਨਹੀਂ ਹੋਈਆਂ। ਲੋਕ ਉਤਸ਼ਾਹ ਅਤੇ ਤੌਖਲੇ ਦਰਮਿਆਨ ਵੰਡੇ ਹੋਏ। ਬਹੁਗਿਣਤੀ ਬੇਸਬਰੀ ਨਾਲ ਨਤੀਜੇ ਉਡੀਕ ਰਹੀ ਸੀ, ਉਨ੍ਹਾਂ 'ਚੋਂ ਵੀ ਬਹੁਤ ਸਾਰੇ ਇਸ ਗੱਲੋਂ ਬੇਪ੍ਰਵਾਹ ਕਿ ਇਸ ਦੇ ਭਾਰਤ ਜਾਂ ਉਸ ਸਮਝੌਤੇ ਲਈ ਕੀ ਮਾਇਨੇ ਹੋਣਗੇ ਜਿਸ ਤਹਿਤ ਇਹ ਮੁਲਕ ਹੋਂਦ 'ਚ ਆਇਆ ਸੀ। ਵੱਧ ਤੋਂ ਵੱਧ ਬਹੁਤ ਨਿੱਕਾ ਜਿਹਾ ਹਿੱਸਾ ਹੀ ਇਸ ਸੰਭਾਵਨਾ ਦੀ ਉਮੀਦ ਲਗਾਈ ਬੈਠਾ ਸੀ ਕਿ ਜੇ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਘਟਦੀ ਹੈ ਤਾਂ ਇਸ ਵੱਲੋਂ ਸੰਵਿਧਾਨਕ ਮੁੱਲਾਂ ਨੂੰ ਤਿਲਾਂਜਲੀ ਦਿੱਤੇ ਜਾਣ ਤੋਂ ਆਰਜ਼ੀ ਰਾਹਤ ਮਿਲ ਸਕਦੀ ਹੈ। ਚੋਣਾਂ ਤੋਂ ਪਹਿਲੇ



ਸਰਵੇਖਣਾਂ, ਖ਼ਾਸ ਕਰ ਕੇ ਸੀ.ਐੱਸ.ਡੀ.ਐੱਸ. (ਸੈਂਟਰ ਫਾਰ ਸਟੱਡੀ ਆਫ ਡਿਵੈਲਪਿੰਗ ਸੁਸਾਇਟੀਜ਼) ਦੇ ਸਰਵੇਖਣ ਨੇ ਇਸ ਤੱਥ ਵੱਲ ਇਸ਼ਾਰਾ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਕੀਤਾ ਸੀ ਕਿ ਆਰਥਿਕਤਾ ਦੀ ਹਾਲਤ, ਖ਼ਾਸ ਕਰ ਕੇ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਮੁੱਦਿਆਂ ਨੂੰ ਲੈ ਕੇ ਬੇਚੈਨੀ ਵਧ ਰਹੀ ਹੈ ਪਰ ਜਦੋਂ ਪੋਲਿੰਗ ਬੂਥ ਵਿਚ ਚੋਣ ਕਰਨ ਦੀ ਗੱਲ ਆਉਂਦੀ ਹੈ ਤਾਂ ਪਛਾਣ ਦਾ ਸਵਾਲ, ਖ਼ਾਸ ਕਰ ਕੇ ਸਭ ਨੂੰ ਨਿਗਲ ਜਾਣ ਵਾਲੀ ਹਿੰਦੂ ਪਛਾਣ ਭਾਰੂ ਪੈ ਜਾਂਦੀ ਹੈ।

2014 'ਚ ਜਦ ਨਰਿੰਦਰ ਮੋਦੀ ਪਹਿਲੀ ਵਾਰ ਕੇਂਦਰੀ ਸੱਤਾ 'ਚ ਆਇਆ ਤਾਂ ਜ਼ਿਆਦਾਤਰ ਲੋਕਾਂ ਜਿਨ੍ਹਾਂ ਵਿਚ ਕਈ ਉਦਾਰਵਾਦੀ ਤੇ ਉਹ ਸਾਰੇ ਲੋਕ ਵੀ ਸ਼ਾਮਲ ਸਨ ਜੋ ਅੱਜ ਵੀ ਪ੍ਰਧਾਨ ਮੰਤਰੀ ਦੀ ਤਾਕਤ ਦੇ ਵਧ ਰਹੇ ਕੇਂਦਰੀਕਰਨ ਦੇ ਬਾਵਜੂਦ ਇਹ ਨਹੀਂ ਸੀ ਸੋਚਦੇ ਕਿ ਮੁਲਕ ਅਤੀਤ ਨੂੰ ਤਿਲਾਂਜਲੀ ਦੇਣ ਦਾ ਗਵਾਹ ਬਣ ਰਿਹਾ ਹੈ, ਨੇ ਮੁਸਲਮਾਨਾਂ ਵਿਰੁੱਧ ਪ੍ਰਤੱਖ ਨਫ਼ਰਤੀ ਮੁਹਿੰਮ, ਮੁਸਲਮਾਨਾਂ ਦੇ ਕਤਲਾਂ, ਬੌਧਿਕਤਾ ਵਿਰੋਧੀ ਮਾਹੌਲ ਦੇਖਿਆ ਜਿਸ ਵਿਚ ਸਮੁੱਚੀ ਅਸਹਿਮਤੀ ਨੂੰ 'ਰਾਸ਼ਟਰ ਵਿਰੋਧੀ' ਦੇ ਰੂਪ 'ਚ ਪੇਸ਼ ਕੀਤਾ ਜਾ ਰਿਹਾ ਸੀ ਅਤੇ ਉਨ੍ਹਾਂ ਨੇ ਇਹ ਭਰਮ ਪਾਲਿਆ ਕਿ ਇਸ ਸਭ ਕਾਸੇ ਨੂੰ ਸਥਾਈ ਹਮਾਇਤ ਨਹੀਂ ਮਿਲੇਗੀ।

2019 ਦੇ ਨਤੀਜੇ ਅਜਿਹੇ ਭਰਮਾਂ ਤੋਂ ਮੁਕਤ ਹੋ ਜਾਣੇ ਚਾਹੀਦੇ ਸਨ। ਭਾਜਪਾ ਦੇ ਬਹੁਮਤ ਨਾਲ ਸੱਤਾ 'ਚ ਮੁੜ ਵਾਪਸ ਆ ਜਾਣ ਦੇ ਕੁਝ ਮਹੀਨਿਆਂ ਦੇ ਅੰਦਰ ਹਿੰਦੂਤਵ ਦੇ ਏਜੰਡੇ ਦੇ ਕੁਝ ਮੁੱਖ ਤੱਤ ਤੁਰੰਤ ਲਾਗੂ ਕਰ ਦਿੱਤੇ ਗਏ; ਜਿਵੇਂ ਧਾਰਾ 370 ਰੱਦ ਕਰਨਾ ਤੇ ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ। ਹਿੰਦੂਤਵ ਜਾਂ ਹਿੰਦੂ, ਰਾਸ਼ਟਰ ਦੇ ਇਸ ਨਿਰਮਾਣ ਦੇ ਬਾਵਜੂਦ ਕੋਈ ਵੀ ਇਸ ਅੰਤਰ ਨੂੰ ਸਪਸ਼ਟ ਤੌਰ 'ਤੇ ਬਿਆਨ ਕਰਨ ਦੇ ਸਮਰੱਥ ਨਹੀਂ ਹੋਇਆ ਪਰ ਸਾਨੂੰ ਲਗਾਤਾਰ ਉਨ੍ਹਾਂ ਨੂੰ ਰਲਗੱਡ ਕਰਨ ਤੋਂ ਗੁਰੇਜ਼ ਕਰਨ ਲਈ ਕਿਹਾ ਜਾਂਦਾ ਹੈ, ਰਾਜਨੀਤਕ ਜਾਂ ਬੌਧਿਕ ਵਿਰੋਧ ਇਸ ਨੂੰ ਮੰਨਣੋਂ ਇਨਕਾਰ ਕਰਦਾ ਰਿਹਾ ਹੈ।

ਮੋਦੀ ਨੂੰ ਸਭ ਤੋਂ ਵੱਧ ਨਿਸ਼ਾਨਾ ਉਸ ਦੇ ਰਾਜ ਦੇ ਰਿਕਾਰਡ ਨੂੰ ਲੈ ਕੇ ਬਣਾਇਆ ਜਾਂਦਾ ਹੈ। ਨਿਰਸੰਦੇਹ, ਸੱਤਾਧਾਰੀ ਸਰਕਾਰ ਦੀਆਂ ਨੀਤੀਗਤ ਨਾਕਾਮੀਆਂ ਦੀ ਲਗਾਤਾਰ ਨਿਗਰਾਨੀ ਕਰਨਾ ਅਤੇ ਆਲੋਚਨਾ ਕਰਨਾ ਵਿਰੋਧੀ ਧਿਰ ਦੇ ਨਾਲ-ਨਾਲ ਸੁਤੰਤਰ ਮੀਡੀਆ ਅਤੇ ਨਾਗਰਿਕ ਸਮਾਜ (ਸਿਵਲ ਸੁਸਾਇਟੀ) ਦਾ ਵੀ ਕੰਮ ਹੈ। ਕਿਸੇ ਵੀ ਹੋਰ ਸਮੇਂ 'ਚ ਇਹ ਨਾਕਾਮੀਆਂ ਮੌਜੂਦਾ ਸਰਕਾਰ ਨੂੰ ਸੱਤਾ ਤੋਂ ਲਾਹੁਣ ਲਈ ਕਾਫ਼ੀ ਹੋਣੀਆਂ ਸਨ ਪਰ ਅਜਿਹਾ ਹੋਇਆ ਨਹੀਂ। ਅਜਿਹਾ ਕਿਉਂ?

ਇਸ ਦੇ ਜਵਾਬ ਦਾ ਇਕ ਹਿੱਸਾ ਤਾਂ ਭਾਰਤ ਦੀਆਂ ਸੰਸਥਾਵਾਂ ਵਿਚ ਨਿਹਿਤ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਨੇ ਚੋਣਾਂ ਵਿਚ ਭਾਜਪਾ ਦੀ ਮਦਦ ਕੀਤੀ। ਇਸ ਬਾਰੇ ਬਥੇਰੀ ਚਰਚਾ ਹੋਈ ਹੈ ਕਿ ਚੋਣ ਕਮਿਸ਼ਨ ਨੂੰ ਹੁਣ ਨਿਰਪੱਖ ਨਿਗਰਾਨ ਵਜੋਂ ਨਹੀਂ ਦੇਖਿਆ ਜਾਂਦਾ। ਇਸ ਦੀਆਂ ਵੱਖ-ਵੱਖ ਅਸਫਲਤਾਵਾਂ ਵਿਚੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਬਾਰੇ ਵਾਰ-ਵਾਰ ਪੁੱਛੇ ਜਾਣ 'ਤੇ ਪਾਰਦਰਸ਼ਤਾ ਦੀ ਘਾਟ ਨੇ ਚੋਣ ਪ੍ਰਕਿਰਿਆ ਬਾਰੇ ਸ਼ੱਕ ਵਧਾਏ ਹਨ। 21 ਅਪਰੈਲ ਨੂੰ, ਮੋਦੀ ਨੇ ਰਾਜਸਥਾਨ ਦੇ ਬਾਂਸਵਾੜਾ ਵਿਚ ਖੁੱਲ੍ਹੇਆਮ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਊ ਅਤੇ



ਰਾਮ ਮੰਦਰ ਦੇ ਜਸ਼ਨਾਂ ਦੀ ਇਕ ਝਲਕ।

ਭੜਕਾਊ ਭਾਸ਼ਣ ਦੇ ਕੇ ਚੋਣ ਕਾਨੂੰਨਾਂ ਦੇ ਨਾਲ-ਨਾਲ ਭਾਰਤੀ ਦੰਡ ਵਿਧਾਨ ਦੀਆਂ ਕਈ ਧਾਰਾਵਾਂ ਦੀਆਂ ਧੱਜੀਆਂ ਉਡਾਈਆਂ। ਚੋਣ ਕਮਿਸ਼ਨ ਨੇ ਬਸ ਭਾਜਪਾ ਪ੍ਰਧਾਨ ਨੂੰ ਚਿੱਠੀ ਲਿਖ ਦਿੱਤੀ ਅਤੇ ਮੋਦੀ ਵਿਰੁੱਧ ਸਿੱਧੇ ਤੌਰ 'ਤੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਚੋਣ ਪ੍ਰਚਾਰ ਫੰਡਾਂ ਦੇ ਮਾਮਲੇ 'ਚ ਇਕ ਪਾਸੇ ਭਾਜਪਾ ਅਤੇ ਦੂਜੇ ਪਾਸੇ ਸਾਰੀਆਂ ਪਾਰਟੀਆਂ ਨੂੰ ਮਿਲਾ ਕੇ ਵੀ ਚੋਣ ਪ੍ਰਚਾਰ ਬੇਮੇਚਾ ਹੋਣ ਕਾਰਨ ਖੇਡ ਮੈਦਾਨ ਹੋਰ ਵੀ ਮੁਸ਼ਕਿਲ ਹੋ ਗਿਆ। 2014 'ਚ ਜਦੋਂ ਕਾਂਗਰਸ 10 ਸਾਲਾਂ ਤੋਂ ਸੱਤਾਧਾਰੀ ਸੀ, ਉਦੋਂ ਭਾਜਪਾ ਨੇ ਆਪਣੀ ਚੋਣ ਮੁਹਿੰਮ ਲਈ ਵਧੇਰੇ ਫੰਡ ਜੁਟਾ ਲਿਆ ਸੀ। ਹੁਣ ਭਾਜਪਾ 10 ਸਾਲਾਂ ਤੋਂ ਸੱਤਾ ਵਿਚ ਸੀ ਅਤੇ ਫੰਡਾਂ ਪੱਖੋਂ ਬਹੁਤ ਜ਼ਿਆਦਾ ਸਮਰੱਥ ਸੀ।

ਇਸ ਤੋਂ ਇਲਾਵਾ ਸੁਪਰੀਮ ਕੋਰਟ ਵੱਲੋਂ ਭਾਰਤੀ ਸਟੇਟ ਬੈਂਕ ਨੂੰ ਰਾਜਨੀਤਕ ਪਾਰਟੀਆਂ ਨੂੰ ਚੋਣ ਬੌਂਡਾਂ ਰਾਹੀਂ ਫੰਡ ਦੇਣ ਵਾਲੇ ਕਾਰਪੋਰੇਟਾਂ ਦੇ ਵੇਰਵੇ ਨਸ਼ਰ ਕਰਨ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ, ਭਾਜਪਾ ਦੀ ਮੋਦੀ ਸਰਕਾਰ ਨੂੰ ਭ੍ਰਿਸ਼ਟਾਚਾਰ ਦੇ ਕਈ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕਾਂਗਰਸ ਦੇ ਕਥਿਤ ਕੁਕਰਮਾਂ ਦਾ ਢੰਡੋਰਾ ਪਿੱਟ ਕੇ ਸੱਤਾ ਵਿਚ ਆਈ ਸੀ। ਕਈ ਮਾਮਲਿਆਂ ਵਿਚ, ਭਾਜਪਾ ਦੀ ਮੁਹਿੰਮ 'ਚ ਹਿੱਸਾ ਪਾਉਣ ਤੋਂ ਬਾਅਦ ਸਰਕਾਰ ਦੀਆਂ ਜਾਂਚ ਏਜੰਸੀਆਂ ਦੁਆਰਾ ਛਾਪੇ ਮਾਰੇ ਗਏ, ਜਾਂ ਦਾਨ ਦੇਣ ਵਾਲੀਆਂ ਕਾਰਪੋਰੇਸ਼ਨਾਂ ਦੇ ਹਿਤ ਵਿਚ ਸਮਝੌਤੇ ਕੀਤੇ ਗਏ ਜਾਂ ਕਾਨੂੰਨ ਬਣਾਏ ਗਏ। ਇਹ ਸਾਰਾ ਦਸਤਾਵੇਜ਼ੀ ਆਦਾਨ-ਪ੍ਰਦਾਨ ਉਸ ਤੋਂ ਕਿਤੇ ਵੱਡਾ ਹੈ ਜਿਸ ਦੇ ਦੋਸ਼ ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ 'ਤੇ ਲੱਗਦੇ ਰਹੇ ਹਨ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਜਿਸ ਦਾ ਉਦੇਸ਼ ਮਨੀ-ਲਾਂਡਰਿੰਗ ਵਰਗੇ ਵਿੱਤੀ ਅਪਰਾਧਾਂ ਦੀ ਜਾਂਚ ਕਰਨਾ ਹੈ, ਅੱਜ ਮੁਲਕ ਦੀਆਂ ਸਭ ਤੋਂ ਖ਼ਤਰਨਾਕ ਸੰਸਥਾਵਾਂ ਵਿਚੋਂ ਇਕ ਹੈ ਜੋ ਮੋਦੀ ਦੇ ਅਧੀਨ ਉਨ੍ਹਾਂ ਸਕਤੀਆਂ ਨਾਲ ਲੈਸ ਹੈ ਜਿਨ੍ਹਾਂ ਨੂੰ ਦੇਖਦਿਆਂ ਤਾਨਾਸ਼ਾਹ ਮੁਲਕਾਂ ਦੀਆਂ ਪੁਲਿਸ ਤਾਕਤਾਂ ਵੀ ਈਰਖਾ ਕਰਨਗੀਆਂ।

ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿਚ ਜਿੱਥੇ ਲੱਗਭੱਗ ਸਾਰੀਆਂ ਲੋਕ ਸਭਾ ਸੀਟਾਂ 'ਤੇ ਘੱਟੋ-ਘੱਟ 10 ਲੱਖ ਤੋਂ ਵੱਧ ਵੋਟਰ ਹਨ, ਸਰਕਾਰ ਅਤੇ ਵੋਟਰਾਂ ਦਰਮਿਆਨ ਸੰਚਾਰ ਦਾ ਸਭ ਤੋਂ ਤਾਕਤਵਰ ਜ਼ਰੀਆ ਮੀਡੀਆ ਹੈ; ਹਾਲਾਂਕਿ ਜਦੋਂ ਇਹ ਸੰਚਾਰ ਇਕਪਾਸੜ ਹੋ ਜਾਂਦਾ ਹੈ, ਮੀਡੀਆ ਬਿਨਾਂ ਸਵਾਲ ਪੁੱਛੇ ਸਰਕਾਰ ਦਾ ਕਿਹਾ ਦੁਹਰਾਉਂਦਾ ਹੈ, ਤਾਂ ਕੁਲ ਜਵਾਬਦੇਹੀ ਨਾਲ ਸਮਝੌਤਾ ਹੋ ਜਾਂਦਾ ਹੈ। ਇਹ ਸਭ ਕੁਝ ਭਾਰਤ ਵਿਚ ਹੋਇਆ ਹੈ ਜਿੱਥੇ ਮਾਸ ਮੀਡੀਆ ਪੂਰੀ ਤਰ੍ਹਾਂ ਸਰਕਾਰ ਦੀ ਜਕੜ ਵਿਚ ਹੈ ਅਤੇ ਆਪਣੀ ਇੱਛਾ ਨਾਲ ਸਰਕਾਰ ਦਾ ਪ੍ਰਚਾਰ ਕਰਦਾ ਹੈ।

ਜੋ ਅਸੀਂ ਦੇਖ ਰਹੇ ਹਾਂ ਉਹ ਇਕ ਵਿਚਾਰਧਾਰਕ ਪ੍ਰੋਜੈਕਟ ਦੀ ਜਿੱਤ ਹੈ। ਇੱਥੋਂ ਤੱਕ ਕਿ ਮੀਡੀਆ 'ਤੇ ਜਕੜ ਸਿਰਫ਼ ਡਰ ਦਾ ਨਤੀਜਾ ਨਹੀਂ ਹੈ - ਮੀਡੀਆ ਦਾ ਵੱਡਾ ਹਿੱਸਾ ਸਰਕਾਰ ਦੀ ਹਮਾਇਤ ਕਰਦਾ ਹੈ, ਉਸ ਦੇ ਮਿਸ਼ਨ ਵਿਚ ਭਾਈਵਾਲ ਹੈ ਹਾਲਾਂਕਿ ਇਸ (ਕਾਰਵਾਂ) ਰਸਾਲੇ ਨੇ ਪਿਛਲੇ ਕੁਝ ਸਾਲਾਂ 'ਚ ਇਸ ਗੱਲ ਨੂੰ ਵਿਸਤਾਰ ਵਿਚ ਦਸਤਾਵੇਜ਼ੀ ਰੂਪ ਦਿੱਤਾ ਹੈ ਕਿ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੇ ਇਸ ਵਿਚਾਰਧਾਰਕ ਪ੍ਰੋਜੈਕਟ ਨੂੰ ਤਿਆਰ ਕਿਵੇਂ ਕੀਤਾ ਹੈ ਪਰ ਇਸ ਦੀ ਲਗਾਤਾਰ ਸਿਆਸੀ ਸਫ਼ਲਤਾ ਦੇ ਕਾਰਨਾਂ ਦਾ ਵਿਸ਼ਲੇਸ਼ਣ ਘੱਟ ਹੀ ਕੀਤਾ ਗਿਆ ਹੈ।

ਸੀ.ਐੱਸ.ਡੀ.ਐੱਸ. ਦੁਆਰਾ ਚੋਣਾਂ ਤੋਂ ਪਹਿਲਾਂ ਕਰਵਾਏ ਗਏ ਸਰਵੇਖਣ ਵਿਚ ਸਾਹਮਣੇ ਆ ਗਿਆ ਸੀ ਕਿ 44 ਪ੍ਰਤੀਸ਼ਤ ਉਤਰ ਦੇਣ ਵਾਲੇ ਮੋਦੀ ਸਰਕਾਰ ਨੂੰ ਇਕ ਹੋਰ ਮੌਕਾ ਦੇਣਾ ਚਾਹੁੰਦੇ ਹਨ ਹਾਲਾਂਕਿ ਇਹ ਉਚ ਪੱਧਰ ਦੀ ਹਮਾਇਤ ਨੂੰ ਦਰਸਾਉਂਦਾ ਹੈ ਪਰ 'ਨਹੀਂ' ਕਹਿਣ ਵਾਲਿਆਂ ਦਾ ਹਿੱਸਾ - 39 ਪ੍ਰਤੀਸ਼ਤ -ਵੀ ਬਹੁਤ ਜ਼ਿਆਦਾ ਹੈ ਜੋ ਨੌਕਰੀਆਂ ਅਤੇ ਕੀਮਤਾਂ ਬਾਰੇ ਬੇਚੈਨੀ ਨੂੰ ਦਰਸਾਉਂਦਾ ਹੈ। ਸਰਵੇਖਣ ਕਰਤਾ ਲਿਖਦੇ ਹਨ: "ਭਾਜਪਾ ਆਪਣੀ ਆਰਥਿਕ ਕਾਰਗੁਜ਼ਾਰੀ ਕਾਰਨ ਨਹੀਂ ਸਗੋਂ ਇਸ ਦੀ ਕਮੀ ਦੇ ਬਾਵਜੂਦ ਅੱਗੇ ਚੱਲ ਰਹੀ ਹੈ।"

ਇਸ ਵਿਰੋਧਾਭਾਸ ਦੇ ਜਵਾਬ ਲਈ ਸਾਨੂੰ ਬਹੁਤੀ ਦੂਰ ਤੱਕ ਖੋਜ ਕਰਨ ਦੀ ਲੋੜ ਨਹੀਂ ਹੈ। ਇਸ ਸਵਾਲ ਦੇ ਜਵਾਬ ਵਿਚ ਕਿ ਲੋਕ ਸਰਕਾਰ ਦੇ 'ਸਭ ਤੋਂ ਪ੍ਰਸੰਸਾਯੋਗ' ਕੰਮ ਕੀ ਮੰਨਦੇ ਹਨ, ਰਾਮ ਮੰਦਰ 23 ਪ੍ਰਤੀਸ਼ਤ ਦੇ ਨਾਲ ਸੂਚੀ ਵਿਚ ਸਭ ਤੋਂ ਉਪਰ ਹੈ। ਸਰਕਾਰ ਪ੍ਰਤੀ ਸੰਤੁਸ਼ਟੀ ਦਾ ਪੱਧਰ ਸਾਰੀਆਂ ਜਾਤੀਆਂ ਵਿਚ ਮਹੱਤਵਪੂਰਨ ਸੀ। ਹਿੰਦੂ ਉਚ ਜਾਤੀਆਂ ਵਿੱਚੋਂ, ਦੋ ਤਿਹਾਈ ਤੋਂ ਵੱਧ ਜਾਂ ਤਾਂ ਪੂਰੀ ਤਰ੍ਹਾਂ ਜਾਂ ਕੁਝ ਹੱਦ ਤੱਕ ਸੰਤੁਸ਼ਟ ਸਨ। ਹਿੰਦੂਆਂ ਵਿਚ ਹੋਰ ਪਿਛੜੀਆਂ ਸ਼੍ਰੇਣੀਆਂ ਲਈ ਇਹ ਅੰਕੜਾ 63 ਪ੍ਰਤੀਸ਼ਤ, ਅਨੁਸੂਚਿਤ ਜਾਤੀਆਂ ਲਈ 57 ਪ੍ਰਤੀਸ਼ਤ ਅਤੇ ਅਨੁਸੂਚਿਤ ਕਬੀਲਿਆਂ ਲਈ 58 ਪ੍ਰਤੀਸ਼ਤ ਸੀ ਪਰ ਮੁਸਲਮਾਨਾਂ ਵਿੱਚੋਂ ਸਿਰਫ਼ ਅੱਠ ਪ੍ਰਤੀਸ਼ਤ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ ਜਦੋਂ ਕਿ ਹੋਰ 24 ਪ੍ਰਤੀਸ਼ਤ ਕੁਝ ਹੱਦ ਤੱਕ ਸੰਤੁਸ਼ਟ ਸਨ। ਅਸੀਂ ਅੰਕੜਿਆਂ ਵਿਚ ਭਾਜਪਾ ਅਤੇ ਆਰ.ਐੱਸ.ਐੱਸ. ਦੀ ਹਿੰਦੂਤਵੀ ਵਿਚਾਰਧਾਰਾ ਉਪਰ ਆਮ ਸਹਿਮਤੀ ਭਰੋਸੇਯੋਗਤਾ ਨਾਲ ਪੜ੍ਹ ਸਕਦੇ ਹਾਂ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜ਼ਹਿਰੀਲੇ ਭਾਸ਼ਣ।

ਇਹ ਦਰਸਾਉਂਦਾ ਹੈ ਕਿ ਹਿੰਦੂਤਵ ਨਿਰਾ ਕੁਲੀਨ ਦਬਦਬੇ ਦਾ ਪ੍ਰੋਜੈਕਟ ਨਹੀਂ ਹੈ ਸਗੋਂ ਬਹੁਗਿਣਤੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਓ.ਬੀ.ਸੀਜ਼ (ਹੋਰ ਪਿਛੜੀਆਂ ਸ਼੍ਰੇਣੀਆਂ) ਨੂੰ ਵੀ ਧੂਹ ਪਾਉਂਦਾ ਹੈ। ਇਹ ਹਜਮ ਨਾ ਹੋਣ ਵਾਲਾ ਤੱਥ ਹੈ ਜਿਸ ਨੂੰ ਆਬਾਦੀ ਉਪਰ ਉਚ ਜਾਤੀ ਦੇ ਕੰਟਰੋਲ ਬਾਰੇ ਬਹਿਸਾਂ ਵਿਚ ਅਕਸਰ ਖਾਰਜ ਕਰ ਦਿੱਤਾ ਜਾਂਦਾ ਹੈ ਜਿਸ ਨੂੰ ਅਕਸਰ ਆਸਾਨੀ ਨਾਲ ਸੋਸ਼ਣ ਜਾਂ ਹੇਰਾਫੇਰੀ ਦੇ ਰੂਪ ਵਿਚ ਦਰਸਾਇਆ ਜਾਂਦਾ ਹੈ। ਇੱਥੇ ਹਿੰਦੂਤਵ ਦੀ ਹਮਾਇਤ ਵਿਚ ਦਖ਼ਲਅੰਦਾਜ਼ੀ ਦਾ ਕੰਮ ਹੈ ਜਿਸ ਨੂੰ ਨਕਾਰਿਆ ਨਹੀਂ ਜਾ ਸਕਦਾ ਅਤੇ ਇਸ ਨੂੰ ਸਮਝਣ ਦੀ ਲੋੜ ਹੈ।

ਅੰਕੜੇ ਇਹ ਵੀ ਦਰਸਾਉਂਦੇ ਹਨ ਕਿ ਜ਼ਿਆਦਾਤਰ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਜਿਵੇਂ ਇਸਾਈ ਅਤੇ ਸਿੱਖ ਜੋ ਹਿੰਦੂਤਵ ਪ੍ਰੋਜੈਕਟ ਤੋਂ ਬਾਹਰ ਹਨ, ਨੇ ਮੋਦੀ ਦੀ ਹਮਾਇਤ ਨਾ ਕਰਨ ਦਾ ਫ਼ੈਸਲਾ ਕੀਤਾ ਹੈ, ਆਰਥਿਕ ਸਥਿਤੀ ਚਾਹੇ ਕੁਝ ਵੀ ਹੋਵੇ। ਇਹ ਸਿਰਫ਼ ਚੋਣਾਂ ਤੋਂ ਪ੍ਰਾਪਤ ਹੋਈ ਚੀਜ਼ ਨਹੀਂ ਹੈ - ਸੀ.ਐੱਸ.ਡੀ.ਐੱਸ. ਸਰਵੇਖਣ ਵਿਚ 40 ਪ੍ਰਤੀਸ਼ਤ 'ਹੋਰ' ਨਾ ਸਿਰਫ਼ ਪੂਰੀ ਤਰ੍ਹਾਂ ਜਾਂ ਕੁਝ ਹੱਦ ਤੱਕ ਸੰਤੁਸ਼ਟ ਸਨ - ਬਲਕਿ ਪੰਜਾਬ ਅਤੇ ਕੇਰਲਾ ਵਰਗੇ ਰਾਜਾਂ ਵਿਚ ਚੋਣ ਦਰ ਚੋਣ ਇਸ ਦਾ ਪ੍ਰਦਰਸ਼ਨ ਕੀਤਾ ਗਿਆ ਹੈ।

ਇਸ ਤਰ੍ਹਾਂ ਇਸ ਹਿੰਦੂਤਵ ਪ੍ਰੋਜੈਕਟ ਨੂੰ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ ਦਰਮਿਆਨ ਜ਼ਬਰਦਸਤ ਪ੍ਰਵਾਨਗੀ ਹੈ ਜੋ ਖੁਦ ਨੂੰ ਪਛਾਣ ਦੇ ਰੂਪ 'ਚ ਹਿੰਦੂ ਮੰਨਦੇ ਹਨ। ਵਰਣ ਵਿਵਸਥਾ ਹਿੰਦੂ ਉਚ ਜਾਤੀਆਂ - ਬ੍ਰਾਹਮਣਾਂ, ਬਾਣੀਆਂ ਤੇ ਕਸ਼ੱਤਰੀਆਂ - ਦੀ ਜਕੜ ਨੂੰ ਪਵਿੱਤਰ ਰੂਪ ਦਿੰਦੀ ਹੈ ਅਤੇ ਕੁਝ ਹੱਦ ਤੱਕ ਇਸ ਸਮੂਹ ਨੇ ਇਕ ਹਜ਼ਾਰ ਸਾਲ ਤੋਂ ਵੀ ਵੱਧ ਸਮੇਂ ਤੋਂ ਉਪ ਮਹਾਂਦੀਪ ਦੇ ਇਕ ਵੱਡੇ ਹਿੱਸੇ ਦੇ ਸਮਾਜ ਉਤੇ ਕੰਟਰੋਲ ਬਣਾਇਆ ਹੋਇਆ ਹੈ। ਵੈਸ਼ ਜਾਂ ਸੂਦਰ ਵਰਗ ਦੇ ਜੋ ਹਾਕਮ ਸੱਤਾ 'ਤੇ ਕਾਬਜ਼ ਹੋਣ ਲਈ ਲੋੜੀਂਦੇ ਤਾਕਤਵਰ ਹੋ ਗਏ ਸਨ, ਉਨ੍ਹਾਂ ਨੂੰ ਆਖ਼ਿਰਕਾਰ ਕਸ਼ੱਤਰੀ ਦਾ ਦਰਜਾ ਦੇ ਦਿੱਤਾ ਗਿਆ। ਇੱਥੋਂ ਤੱਕ ਕਿ ਜਦੋਂ ਹਮਲਾਵਰ ਹੁਕਮਰਾਨਾਂ ਜਾਂ ਉਪ-ਮਹਾਂਦੀਪ ਦੇ ਮੁਸਲਮਾਨ ਤੇ ਸਿੱਖ ਹੁਕਮਰਾਨਾਂ ਨੇ ਸੱਤਾ ਦੀ ਵਾਗਡੋਰ ਸੰਭਾਲੀ ਤਾਂ ਇਸ ਢਾਂਚੇ ਵਿਚ ਕਿਸੇ ਵੀ ਤਰ੍ਹਾਂ ਵਿਘਨ ਪਾਏ ਬਿਨਾਂ ਉਨ੍ਹਾਂ ਨੂੰ ਸੈਕੂਲਰ ਖੇਤਰ ਵਿਚ ਅਸਥਾਈ ਤੌਰ 'ਤੇ ਸਿਖ਼ਰ 'ਤੇ ਜਗ੍ਹਾ ਦੇ ਦਿੱਤੀ ਗਈ।

ਸੁਤੰਤਰ ਭਾਰਤ ਵਿਚ ਕੰਟਰੋਲ ਉਸੇ ਢਾਂਚੇ ਦੇ ਅੰਦਰ ਕੇਂਦਰਿਤ ਰਿਹਾ। ਨਹਿਰੂ ਦੇ ਯੁਗ ਦੀ ਸਭ ਤੋਂ ਵੱਡੀ ਅਸਫਲਤਾ ਇਹ ਸੀ ਕਿ ਕਾਂਗਰਸ ਲੀਡਰਸ਼ਿਪ ਨੇ ਜਾਤੀ ਨਾ-ਬਰਾਬਰੀ ਨਾਲ ਕਿਵੇਂ ਨਜਿੱਠਿਆ। ਰਾਖਵੇਂਕਰਨ ਵੱਲ ਇਸ਼ਾਰਾ ਕਰਨਾ ਸੌਖਾ ਹੈ ਜਿਸ ਦਾ ਸਿਹਰਾ ਬੀ.ਆਰ. ਅੰਬੇਦਕਰ ਨੂੰ ਜਾਂਦਾ ਹੈ ਪਰ ਜਾਤੀ ਨਾ-ਬਰਾਬਰੀ ਬਾਰੇ ਆਪਣੀ ਸਮਝ ਨੂੰ ਸਿਰਫ਼ ਛੂਤ-ਛਾਤ ਤੱਕ ਸੀਮਤ ਕਰਨਾ - ਜੋ ਇਸ ਦਾ ਸਭ ਤੋਂ ਵੱਧ ਦਿਖਾਈ ਦੇਣ ਵਾਲਾ, ਭਿਆਨਕ ਅਤੇ ਅਪਰਾਧਿਕ ਇਜ਼ਹਾਰ ਹੈ - ਇਸ ਦੇ ਕਾਇਮ ਰਹਿਣ ਨੂੰ ਯਕੀਨੀ ਬਣਾਉਣਾ ਹੈ। ਵੀਹਵੀਂ ਸਦੀ ਦੌਰਾਨ ਅਤੇ ਇਹ ਆਰ.ਐੱਸ.ਐੱਸ. ਬਾਰੇ ਅੱਜ ਵੀ ਸੱਚ ਹੈ, ਹਿੰਦੂ ਤਬਕੇ ਦੇ ਚਿੰਤਕਾਂ ਨੇ ਵਰਣ ਪ੍ਰਣਾਲੀ ਦੀ ਪੁਸ਼ਤਪਨਾਹੀ ਨੂੰ ਬਰਕਰਾਰ ਰੱਖਦੇ ਹੋਏ ਛੂਤ-ਛਾਤ ਦੀ ਲਗਾਤਾਰ ਨਿੰਦਾ ਕੀਤੀ।

ਨਹਿਰੂ ਦੇ ਭਾਰਤ ਨੇ ਸੰਵਿਧਾਨਕ ਲੋਕਤੰਤਰ ਦੀ ਨੀਂਹ ਰੱਖੀ ਜਿਸ ਨੇ ਸਿਆਸੀ ਪ੍ਰਕਿਰਿਆ ਨੂੰ ਵਧਣ-ਫੁੱਲਣ ਦੀ ਇਜਾਜ਼ਤ ਦਿੱਤੀ। ਬਦਲੇ ਵਿਚ ਇਸ ਨੇ ਨਵੇਂ ਆਗੂਆਂ ਨੂੰ ਆਪਣੇ ਲਈ ਜਗ੍ਹਾ ਬਣਾਉਣ ਦਾ ਮੌਕਾ ਦਿੱਤਾ। ਆਜ਼ਾਦੀ ਤੋਂ ਬਾਅਦ ਥੋੜ੍ਹੇ ਸਮੇਂ ਲਈ ਇਨ੍ਹਾਂ ਮੁੱਦਿਆਂ 'ਤੇ ਬਹਿਸ ਹੋਈ ਅਤੇ ਐੱਸ.ਸੀ. ਅਤੇ ਐੱਸ.ਟੀ. ਲਈ ਰਾਖਵੇਂਕਰਨ ਦੇ ਨਾਲ-ਨਾਲ ਪਿਛੜੀਆਂ ਸ਼੍ਰੇਣੀਆਂ ਲਈ ਕਾਲੇਲਕਰ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਜਿਸ ਦੀ ਰਿਪੋਰਟ ਸਰਕਾਰ ਦੁਆਰਾ ਰੱਦ ਕਰ ਦਿੱਤੀ ਗਈ ਸੀ ਪਰ ਉਦੋਂ ਤੋਂ ਜਾਤੀ ਬਰਾਬਰੀ ਨਾਲ ਸਬੰਧਿਤ ਲੱਗਭੱਗ ਸਾਰੇ ਵਿਚਾਰ ਕਾਂਗਰਸ ਦੇ ਈਕੋ-ਸਿਸਟਮ ਦੇ ਬਾਹਰ ਰਾਮ ਮਨੋਹਰ ਲੋਹੀਆ ਅਤੇ ਕਰਪੂਰੀ ਠਾਕੁਰ ਵਰਗੇ ਆਗੂਆਂ ਤੋਂ ਉਭਰ ਕੇ ਸਾਹਮਣੇ ਆਏ। ਰਿਜ਼ਰਵੇਸਨ ਦੇ ਵਿਚਾਰ ਦਾ ਵਿਸਤਾਰ ਹੋਰ ਭਾਈਚਾਰਿਆਂ ਤੱਕ ਕਰਨ ਲਈ ਰਾਜਨੀਤਕ ਦਬਾਅ ਬਣਾਇਆ ਗਿਆ ਸੀ ਜਿਨ੍ਹਾਂ

***(ਬਾਕੀ ਅਗਲੇ ਸਫੇ 'ਤੇ)***

# ਭਾਰਤ-ਪਾਕਿ ਵਪਾਰਕ ਰਿਸ਼ਤਿਆਂ ਦੀ ਬਹਾਲੀ


ਆਜ਼ਾਦੀ ਤੋਂ ਕਰੀਬ 77 ਸਾਲਾਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੂਟਨੀਤਕ, ਸਿਆਸੀ ਅਤੇ ਆਰਥਿਕ ਸਬੰਧ ਦੁਸ਼ਮਣੀ ਤੇ ਨਫ਼ਰਤ ਨਾਲ ਗ੍ਰਸੇ ਹੋਏ ਹਨ। ਇਨ੍ਹਾਂ ਵਿਚਕਾਰ ਦੋ ਘੱਟ ਸ਼ਿੱਦਤ ਦੀਆਂ ਜੰਗਾਂ (1947-48 ਵਿਚ ਕਸ਼ਮੀਰ ਟਕਰਾਅ ਅਤੇ 1999 ਦੀ ਕਾਰਗਿਲ ਜੰਗ) ਅਤੇ ਦੋ ਪੂਰੀਆਂ ਜੰਗਾਂ (1965 ਤੇ 1971) ਹੋ ਚੁੱਕੀਆਂ ਹਨ। ਬਹਰਹਾਲ, ਕਸ਼ਮੀਰ ਅਤੇ ਸਰਹੱਦ ਪਾਰ ਦਹਿਸ਼ਤਗਰਦੀ ਦੇ ਵਿਵਾਦ ਵਾਲੇ ਮੁੱਦੇ ਅਜੇ ਵੀ ਹੱਲ ਨਹੀਂ ਹੋ ਸਕੇ। ਦੋਵਾਂ ਮੁਲਕਾਂ ਦੇ ਸਿਆਸੀ ਆਗੂਆਂ ਨੇ ਇਨ੍ਹਾਂ ਮੁੱਦਿਆਂ ਦੇ ਦੁਵੱਲੇ ਤੌਰ 'ਤੇ ਪ੍ਰਵਾਨਤ ਹੱਲ ਲੱਭਣ ਦੀਆਂ ਕੋਸ਼ਿਸ਼ਾਂ

**ਡਾ. ਰਣਜੀਤ ਸਿੰਘ ਘੁੰਮਣ**

ਭਾਵੇਂ ਕੀਤੀਆਂ ਹਨ ਪਰ ਉਨ੍ਹਾਂ ਦੀਆਂ ਤਰਕਸੰਗਤ ਕੋਸ਼ਿਸ਼ਾਂ 'ਤੇ ਕਈ ਵਾਰ ਗ਼ੈਰ-ਤਰਕਸੰਗਤ ਰੋਕਾਂ ਭਾਰੂ ਪੈ ਜਾਂਦੀਆਂ ਰਹੀਆਂ ਹਨ। ਇਸ ਦਾ ਚੱਕਰਨੁਮਾ ਪੈਟਰਨ ਸੱਪ ਤੇ ਪੌੜੀ ਦੀ ਖੇਡ ਨਾਲ ਮੇਲ ਖਾਂਦਾ ਹੈ ਜਿੱਥੇ ਸਾਰੀ ਕੀਤੀ ਕਰਾਈ ਮਿਹਨਤ ਇਕ ਠੇਡਾ ਖਾਣ ਨਾਲ ਖੂਹ ਵਿਚ ਪੈ ਜਾਂਦੀ ਹੈ।

ਭਾਰਤ ਅਤੇ ਪਾਕਿਸਤਾਨ ਵਿਚ ਨਵੀਆਂ ਸਰਕਾਰਾਂ ਬਣਨ ਤੋਂ ਬਾਅਦ ਇਕ ਵਾਰ ਫਿਰ ਸ਼ਾਂਤੀ ਦੀ ਕਿਰਨ ਦਿਖਾਈ ਦਿੱਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਪਿਛਲੇ ਮਹੀਨੇ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਸਨ 'ਤੇ ਮੁਬਾਰਕਵਾਦ ਦਿੱਤੀ ਸੀ। ਸ਼ਾਹਬਾਜ਼ ਸ਼ਰੀਫ਼ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਖ਼ਿੱਤੇ ਅੰਦਰ ਉਦੋਂ ਤੱਕ ਸ਼ਾਂਤੀ ਕਾਇਮ ਨਹੀਂ ਹੋ ਸਕੇਗੀ ਜਦੋਂ ਤੱਕ ਕਸ਼ਮੀਰ ਮੁੱਦਾ ਹੱਲ ਨਹੀਂ ਕਰ ਲਿਆ ਜਾਂਦਾ; ਤੇ ਨਵਾਜ਼ ਸ਼ਰੀਫ਼ ਨੇ ਨਫ਼ਰਤ ਦੀ ਬਜਾਇ ਆਸ ਦਾ ਪੱਲਾ ਫੜ ਕੇ ਦੱਖਣੀ ਏਸ਼ੀਆ ਦੇ ਦੋ ਅਰਬ ਲੋਕਾਂ ਦੀ ਹੋਣੀ ਘੜਨ ਦਾ ਮੌਕਾ ਸਾਂਭਣ ਦਾ ਸੱਦਾ ਦਿੱਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਚੇਤੇ ਕਰਾਇਆ ਸੀ ਕਿ ਭਾਰਤ ਦੇ ਲੋਕ ਹਮੇਸ਼ਾ ਸ਼ਾਂਤੀ, ਸੁਰੱਖਿਆ ਅਤੇ ਅਗਾਂਹਵਧੂ ਵਿਚਾਰਾਂ ਦੇ ਨਾਲ ਖੜ੍ਹਦੇ ਰਹੇ ਹਨ। ਉਂਝ, ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ. ਜੈਸ਼ੰਕਰ ਨੇ ਇਹ ਗੱਲ ਦ੍ਰਿੜਾਈ ਕਿ ਦਹਿਸ਼ਤਵਾਦ ਕਿਸੇ ਚੰਗੇ ਗੁਆਂਢੀ ਦੀ ਨੀਤੀ ਨਹੀਂ ਹੋ ਸਕਦੀ, ਇਸ ਲਈ ਇਸ ਨੂੰ ਦਬਾਉਣ ਦੀ ਲੋੜ ਹੈ।

ਭਾਰਤ ਪਹਿਲਾਂ ਸਰਹੱਦ-ਪਾਰ ਦਹਿਸ਼ਤਗਰਦੀ ਨੂੰ ਠੱਲ੍ਹ ਪਾਉਣ 'ਤੇ ਜ਼ੋਰ ਦਿੰਦਾ ਰਿਹਾ ਹੈ ਤੇ ਪਾਕਿਸਤਾਨ ਦੀ ਮੰਗ ਰਹੀ ਹੈ ਕਿ ਕਸ਼ਮੀਰ ਮੁੱਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਉਂਝ, ਦੋਵੇਂ ਦੇਸ਼ ਸਮਝਦੇ ਹਨ ਕਿ ਇਹ ਜਟਿਲ ਮੁੱਦੇ ਸੁਲਝਾਉਣ ਲਈ ਪੁਖ਼ਤਾ ਅਤੇ ਬੱਝਵਾਂ ਸਿਆਸੀ-ਕੂਟਨੀਤਕ ਸੰਵਾਦ ਜ਼ਰੂਰੀ ਹੈ ਜਿਸ ਵਾਸਤੇ ਕਿਸੇ ਪਾਸਿਓਂ ਵੀ ਪਹਿਲ ਨਹੀਂ ਹੋ ਰਹੀ। ਪਾਕਿਸਤਾਨ ਵਿਚ ਭਾਰਤ ਦੇ ਸਾਬਕਾ ਹਾਈ ਕਮਿਸ਼ਨਰ ਸ਼ਰਤ ਸਭਰਵਾਲ ਨੇ ਹਿੰਸਾ ਅਤੇ ਤਣਾਅ ਦੇ ਨਿਮਨਤਮ ਪੱਧਰਾਂ 'ਤੇ ਆਪਸੀ ਸਬੰਧ ਕਾਇਮ ਕਰਨ, ਗੱਲਬਾਤ ਨੂੰ ਡਰਾਵੇ ਨਾਲ ਜੋੜਨ ਅਤੇ ਪਾਕਿਸਤਾਨ ਨੂੰ ਸਹੀ ਦਿਸ਼ਾ ਵੱਲ ਸੇਧਤ ਕਰਨ ਦਾ ਸੁਝਾਅ ਦਿੱਤਾ ਹੈ।




ਉਨ੍ਹਾਂ ਇਹ ਵੀ ਸੁਝਾਅ ਦਿੱਤਾ ਹੈ ਕਿ ਅਸਲ ਕੰਟਰੋਲ ਰੇਖਾ ਨੂੰ ਕੌਮਾਂਤਰੀ ਸਰਹੱਦ ਵਿਚ ਤਬਦੀਲ ਕਰਨਾ ਕਸ਼ਮੀਰ ਮਸਲੇ ਦਾ ਗ਼ੈਰ-ਫ਼ੌਜੀ ਹੱਲ ਬਣ ਸਕਦਾ ਹੈ।

ਆਪਸੀ ਤੌਰ 'ਤੇ ਪ੍ਰਵਾਨਤ ਅਤੇ ਪੁਖ਼ਤਾ ਹੱਲ 'ਤੇ ਅੱਪੜਨ ਵਿਚ ਹੋਰ ਦੇਰੀ ਹੋਣ ਨਾਲ ਮੁੱਦੇ ਹੋਰ ਜਟਿਲ ਹੋ ਜਾਂਦੇ ਹਨ ਅਤੇ ਹੁਣ ਇਸ ਵਿਚ ਚੀਨ ਦਾ ਕਾਰਕ ਵੀ ਜੁੜ ਗਿਆ ਹੈ। ਆਪਸੀ ਵੈਰ-ਵਿਰੋਧ ਕਰ ਕੇ ਦੋਵਾਂ ਦੇਸ਼ਾਂ ਨੇ ਭਾਰੀ ਵਿੱਤੀ ਅਤੇ ਮਾਨਵੀ ਨੁਕਸਾਨ ਉਠਾਇਆ ਹੈ। ਇਸ ਦਾ ਸਿੱਖਿਆ, ਸਿਹਤ ਅਤੇ ਗ਼ਰੀਬੀ ਨਿਵਾਰਨ ਜਿਹੇ ਮੂਲ ਵਿਕਾਸ ਮੁੱਦਿਆਂ ਉਪਰ ਅਸਰ ਹੋਇਆ ਹੈ, ਖ਼ਾਸਕਰ ਪਾਕਿਸਤਾਨ ਵਿਚ ਜਿਸ ਨੂੰ ਇਸ ਸਮੇਂ ਗੰਭੀਰ ਆਰਥਿਕ ਸੰਕਟ ਨਾਲ ਜੂਝਣਾ ਪੈ ਰਿਹਾ ਹੈ। ਭਾਰਤ ਨੇ ਵਿਸ਼ਵ ਵਪਾਰ ਅਦਾਰੇ (ਡਬਲਿਊ.ਟੀ.ਓ.) ਅਧੀਨ ਵਪਾਰਕ ਮੰਤਵਾਂ ਲਈ ਪਾਕਿਸਤਾਨ ਨੂੰ ਸਭ ਤੋਂ ਤਰਜੀਹੀ ਦੇਸ਼ (ਐੱਮ.ਐੱਫ.ਐੱਨ.) ਦਾ ਦਰਜਾ ਦੇ ਦਿੱਤਾ ਸੀ ਪਰ ਪਾਕਿਸਤਾਨ ਨੇ ਮੋੜਵੇਂ ਰੂਪ ਵਿਚ ਅਜਿਹਾ ਨਹੀਂ ਕੀਤਾ ਸੀ। ਇਸ ਦਾ ਜਾਇਜ਼ਾ ਲੈਣ ਦੀ ਲੋੜ ਹੈ। ਇਸ ਤੋਂ ਇਲਾਵਾ ਭਾਰਤ ਨੇ 2019 ਵਿਚ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਦਾ ਐੱਮ.ਐੱਫ.ਐੱਨ. ਦਰਜਾ ਵਾਪਸ ਲੈ ਲਿਆ ਸੀ। ਭਾਰਤ ਨੂੰ ਇਹ ਦਰਜਾ ਬਹਾਲ ਕਰਨਾ ਚਾਹੀਦਾ ਹੈ ਅਤੇ ਪਾਕਿਸਤਾਨ ਨੂੰ ਵੀ ਮੋੜਵੇਂ ਰੂਪ ਵਿਚ ਭਾਰਤ ਨੂੰ ਐੱਮ.ਐੱਫ.ਐੱਨ. ਦਾ ਦਰਜਾ ਦੇਣਾ ਚਾਹੀਦਾ ਹੈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਵਪਾਰ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਹਨ। ਸੰਸਾਰ ਬੈਂਕ ਦੇ ਅਧਿਐਨ ਮੁਤਾਬਿਕ ਭਾਰਤ-ਪਾਕਿਸਤਾਨ ਵਪਾਰ 37 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ। ਜੇ ਇਸ ਦੀਆਂ ਸੰਭਾਵਨਾਵਾਂ ਦਾ ਪੂਰਾ ਲਾਭ ਉਠਾਇਆ ਜਾਵੇ ਤਾਂ ਅਟਾਰੀ ਵਿੱਚ ਇਕਜੁੱਟ ਚੈੱਕ ਪੋਸਟ (ਆਈ.ਸੀ.ਪੀ.) ਜ਼ਰੀਏ ਵਪਾਰ 'ਤੇ ਹਾਂਪੱਖੀ ਅਸਰ ਹੋ ਸਕਦਾ ਹੈ। ਆਪਸੀ ਤਣਾਅ ਹੋਣ ਕਰ ਕੇ ਭਾਰਤ ਦੀ ਮੱਧ ਏਸ਼ੀਆ ਅਤੇ ਇਸ ਤੋਂ ਪਰ੍ਹੇ ਤੱਕ ਰਸਾਈ ਬੰਦ ਪਈ ਹੈ ਅਤੇ ਸਾਰਕ (ਦੱਖਣੀ ਏਸ਼ੀਆ ਖੇਤਰੀ ਸਹਿਯੋਗ ਸੰਘ) ਦਾ ਰਾਹ ਰੁਕਿਆ ਪਿਆ ਹੈ। ਪਿਛਲੇ ਕੁਝ ਸਮੇਂ ਤੋਂ ਭਾਰਤ ਨੇ ਇਰਾਨ ਨਾਲ ਆਪਣੇ ਸਬੰਧ ਮਜ਼ਬੂਤ ਕੀਤੇ ਹਨ ਅਤੇ ਚਾਬਹਾਰ ਬੰਦਰਗਾਹ ਦੇ ਵਿਕਾਸ ਤੇ ਪ੍ਰਬੰਧਨ ਲਈ ਦਸ ਸਾਲਾਂ ਦਾ ਕਰਾਰ ਕੀਤਾ ਹੈ ਜਿਸ ਨਾਲ ਇਸ ਨੂੰ ਪਾਕਿਸਤਾਨ ਨੂੰ ਬਾਇਪਾਸ ਕਰ ਕੇ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਰਸਾਈ ਮਿਲ ਸਕਦੀ ਹੈ। ਪ੍ਰਸਤਾਵਿਤ ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਲਾਂਘੇ ਦਾ ਉਦੇਸ਼ ਵੀ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨੂੰ ਬਾਇਪਾਸ ਕਰਨਾ ਹੈ। ਇਸ ਨਾਲ ਵੱਡੀਆਂ ਬੰਦਰਗਾਹਾਂ ਦੇ ਨੇੜੇ ਪੈਣ ਵਾਲੇ ਭਾਰਤੀ ਸੂਬਿਆਂ ਨੂੰ ਲਾਭ ਹੋਵੇਗਾ ਪਰ ਸਰਹੱਦ 'ਤੇ ਪੈਂਦੇ ਪੰਜਾਬ ਜਿਹੇ ਸੂਬਿਆਂ ਨੂੰ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਵਿਰੋਧਾਭਾਸ ਇਹ ਹੈ ਕਿ ਦੂਜੇ ਦੇਸ਼ਾਂ ਜ਼ਰੀਏ ਅਤੇ ਵਪਾਰਕ ਪਾਬੰਦੀਆਂ ਦੇ ਹੁੰਦਿਆਂ ਵੀ ਭਾਰਤ ਤੇ ਪਾਕਿਸਤਾਨ ਵਿਚਕਾਰ ਹਮੇਸ਼ਾ ਵਪਾਰ ਚਲਦਾ ਰਿਹਾ ਹੈ ਪਰ ਇਕਜੁੱਟ ਚੈੱਕ ਪੋਸਟ ਅਟਾਰੀ ਰਾਹੀਂ ਵਪਾਰ ਦੀ ਅਣਹੋਂਦ ਵਿਚ ਟ੍ਰਾਂਸਪੋਰਟ ਅਤੇ ਪਾਰ ਦੇਸੀ ਖੇਪਾਂ ਦੀਆਂ ਲਾਗਤਾਂ ਵਧਣ ਕਰ ਕੇ ਪੰਜਾਬ ਅਤੇ ਇਸ ਦੇ ਗੁਆਂਢੀ ਸੂਬਿਆਂ 'ਚੋਂ ਹੋਣ ਵਾਲਾ ਵਪਾਰ ਗ਼ੈਰ-ਹੰਢਣਸਾਰ ਹੋ ਗਿਆ।

ਜਦ ਵੀ ਭਾਰਤ-ਪਾਕਿਸਤਾਨ ਦੇ ਰਿਸ਼ਤੇ ਵਿਗੜਦੇ ਹਨ ਤਾਂ ਇਸ ਦੀ ਕੀਮਤ ਪੰਜਾਬ ਨੂੰ ਚੁਕਾਉਣੀ ਪੈਂਦੀ ਹੈ। ਆਈ.ਸੀ.ਪੀ.-ਅਟਾਰੀ 'ਤੇ ਵਪਾਰ ਬੰਦ ਹੋਣ ਦਾ ਸੂਬੇ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਭਾਰਤ ਤੇ ਪਾਕਿਸਤਾਨ ਨੇ ਪੰਜਾਬ ਦੀ ਧਰਤੀ 'ਤੇ ਦੋ ਵੱਡੀਆਂ ਜੰਗਾਂ ਲੜੀਆਂ ਜਿਸ ਦਾ ਖ਼ਮਿਆਜ਼ਾ ਪੰਜਾਬ ਨੂੰ ਵੱਡੇ ਆਰਥਿਕ ਨੁਕਸਾਨਾਂ ਦੇ ਰੂਪ 'ਚ ਚੁਕਾਉਣਾ ਪਿਆ। 1965-1974 ਤੱਕ ਨੌਂ ਸਾਲਾਂ ਲਈ ਵਪਾਰ 'ਤੇ ਲੱਗੀ ਪਾਬੰਦੀ ਨੇ ਹੋਰ ਨੁਕਸਾਨ ਕੀਤਾ। ਵਰਤਮਾਨ 'ਚ ਵਪਾਰ 'ਤੇ ਲੱਗੀ ਪਾਬੰਦੀ ਜੋ ਅਗਸਤ 2019 ਤੋਂ ਪਾਕਿਸਤਾਨ ਨੇ ਲਾਗੂ ਕੀਤੀ ਹੋਈ ਹੈ, ਆਈ.ਸੀ.ਪੀ.-ਅਟਾਰੀ ਰਾਹੀਂ ਹੁੰਦੀਆਂ ਵਪਾਰਕ ਗਤੀਵਿਧੀਆਂ 'ਤੇ ਨਿਰਭਰ ਹਿੱਤ ਧਾਰਕਾਂ ਲਈ ਸੱਜਰਾ ਝਟਕਾ ਹੈ।

ਵਪਾਰਕ ਸਰਗਰਮੀਆਂ 'ਤੇ ਮੌਜੂਦਾ ਪਾਬੰਦੀ ਤੋਂ ਪਹਿਲਾਂ, ਪਾਕਿਸਤਾਨ ਨਾਲ ਭਾਰਤ ਦੇ ਕੁੱਲ ਵਪਾਰ (15408 ਕਰੋੜ ਰੁਪਏ) ਦਾ 26 ਪ੍ਰਤੀਸ਼ਤ (4063 ਕਰੋੜ ਰੁਪਏ) ਆਈ.ਸੀ.ਪੀ.-ਅਟਾਰੀ ਰਾਹੀਂ ਹੁੰਦਾ ਸੀ। ਸਾਡਾ ਸਿਧਾਂਤਕ ਅਧਿਐਨ 'ਵਾਹਗਾ ਬਾਰਡਰ ਰਾਹੀਂ ਭਾਰਤ-ਪਾਕਿਸਤਾਨ ਵਿਚਾਲੇ ਵਪਾਰਕ ਰੋਕਾਂ ਦੇ ਆਰਥਿਕ ਪ੍ਰਭਾਵ' ਦੱਸਦਾ ਹੈ ਕਿ ਪੰਜਾਬ ਵਿਚਲੇ ਹਿੱਤ ਧਾਰਕਾਂ (ਬਰਾਮਦਕਾਰਾਂ, ਦਰਾਮਦਕਾਰਾਂ, ਨਿਰਮਾਤਾਵਾਂ, ਟਰੱਕ ਅਪਰੇਟਰਾਂ, ਕੁਲੀਆਂ, ਰਾਜਮਾਰਗ 'ਤੇ ਸਥਿਤ ਦੁਕਾਨਾਂ, ਪੈਟਰੋਲ ਪੰਪਾਂ, ਭਾਰ ਤੋਲਣ ਵਾਲੇ ਕੰਡਿਆਂ, ਪ੍ਰਚੂਨ ਤੇ ਥੋਕ ਵਪਾਰੀਆਂ, ਪ੍ਰਾਈਵੇਟ ਸਕੂਲਾਂ, ਸਿਹਤ ਕਲੀਨਿਕਾਂ, ਮੁਰੰਮਤ ਦੀਆਂ ਦੁਕਾਨਾਂ, ਆਟੋ-ਡੀਲਰਾਂ, ਸ਼ਰਾਬ ਦੇ ਠੇਕਿਆਂ ਆਦਿ) ਨੂੰ ਆਈ.ਸੀ.ਪੀ.-ਅਟਾਰੀ ਦੇ ਵਪਾਰ ਲਈ ਬੰਦ ਹੋਣ ਮਗਰੋਂ ਆਮਦਨੀ ਤੇ ਰੁਜ਼ਗਾਰ ਦੇ ਰੂਪ ਵਿਚ ਵੱਡੀ ਹਾਨੀ ਹੋਈ ਹੈ।

ਸਾਡੇ ਅਧਿਐਨ ਮੁਤਾਬਕ ਵਪਾਰਕ ਰੋਕਾਂ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਦਾ ਆਮਦਨੀ ਦੇ ਰੂਪ ਵਿਚ ਅਨੁਮਾਨਿਤ 7013 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਵਿਚ ਨਿਰਮਾਤਾਵਾਂ-ਬਰਾਮਦਕਾਰਾਂ ਤੇ ਟਰਾਂਸਪੋਰਟਰਾਂ ਨੂੰ ਹੋਇਆ ਵਿੱਤੀ ਨੁਕਸਾਨ ਸ਼ਾਮਲ ਨਹੀਂ ਹੈ ਜਿਨ੍ਹਾਂ ਦੇ ਨਿਵੇਸ਼ ਬੇਕਾਰ ਹੋ ਗਏ ਤੇ ਸਾਂਭ-ਸੰਭਾਲ ਦਾ ਖ਼ਰਚਾ ਵੱਖ ਹੋਇਆ। ਸਿੱਧੇ ਤੌਰ 'ਤੇ ਲਗਭਗ 12000 ਵਰਕਰਾਂ (ਜਿਨ੍ਹਾਂ 'ਚ 2500 ਕੁਲੀ ਤੇ 1000 ਡਰਾਈਵਰ ਤੇ ਕਲੀਨਰ ਸ਼ਾਮਲ ਹਨ) ਦਾ ਰੁਜ਼ਗਾਰ ਖ਼ਤਮ ਹੋ ਗਿਆ; ਵਪਾਰਕ ਰੋਕਾਂ ਕਾਰਨ ਅਸਿੱਧੇ ਤੌਰ 'ਤੇ ਵੀ ਕਾਫ਼ੀ ਨੌਕਰੀਆਂ ਖ਼ਤਮ ਹੋ ਗਈਆਂ। ਹਜ਼ਾਰਾਂ ਪਰਿਵਾਰ ਰੋਜ਼ੀ-ਰੋਟੀ ਤੋਂ ਵਾਂਝੇ ਹੋ ਗਏ। ਸਰਹੱਦੀ ਜ਼ਿਲ੍ਹਿਆਂ ਵਿਚ ਨਿਵੇਸ਼ ਦੀ ਘਾਟ ਵਿਕਾਸ ਦੇ ਰਾਹ 'ਚ ਇਕ ਹੋਰ ਵੱਡਾ ਅੜਿੱਕਾ ਹੈ। ਹੋਰ ਵੀ ਕਈ ਕਾਰਕਾਂ ਨੇ ਨੁਕਸਾਨ 'ਚ ਵਾਧਾ ਕੀਤਾ।

ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਨੂੰ ਸਾਂਝੇ ਤੌਰ 'ਤੇ ਇਹ ਮੁੱਦਾ ਕੇਂਦਰ ਸਾਹਮਣੇ ਰੱਖਣਾ ਚਾਹੀਦਾ ਹੈ। ਇਨ੍ਹਾਂ ਰਾਜਾਂ ਦੇ ਸੰਸਦ ਮੈਂਬਰ ਸੰਸਦ ਵਿਚ ਇਹ ਮਾਮਲਾ ਚੁੱਕਣ ਤਾਂ ਕਿ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਸੰਵਾਦ ਆਰੰਭਣ ਲਈ ਸਹਿਮਤ ਕੀਤਾ ਜਾ ਸਕੇ। ਚਾਬਹਾਰ ਬੰਦਰਗਾਹ ਤੇ ਆਈ.ਐੱਮ.ਈ.ਈ.ਸੀ. ਰਾਹੀਂ ਬਦਲਵਾਂ ਮਾਰਗ ਹੋਣ ਦੇ ਬਾਵਜੂਦ ਪਾਕਿਸਤਾਨ ਤੇ ਅਫ਼ਗਾਨਿਸਤਾਨ ਰਾਹੀਂ ਮੱਧ ਏਸ਼ੀਆ ਅਤੇ ਯੂਰੇਸ਼ੀਆ ਨੂੰ ਜਾਂਦੇ ਇਸ ਜ਼ਮੀਨੀ ਮਾਰਗ ਦੀ ਅਜੇ ਵੀ ਬਹੁਤ ਅਹਿਮੀਅਤ ਹੈ। ਇੱਥੋਂ ਲੋੜ ਉੱਭਰਦੀ ਹੈ ਕਿ ਆਈ.ਸੀ.ਪੀ.-ਅਟਾਰੀ ਨੂੰ ਇਕ 'ਖ਼ੁਸ਼ਕ ਬੰਦਰਗਾਹ' ਵਜੋਂ ਮਜ਼ਬੂਤ ਕੀਤਾ ਜਾਵੇ, ਤੇ ਹੁਸੈਨੀਵਾਲਾ (ਫ਼ਿਰੋਜ਼ਪੁਰ) ਬਾਰਡਰ ਨੂੰ ਵਪਾਰ ਲਈ ਖੋਲ੍ਹਣ ਵਾਸਤੇ ਸੰਵਾਦ ਆਰੰਭਿਆ ਜਾਵੇ। ਪੰਜਾਬ ਦੀ ਭੂਗੋਲਿਕ ਸਥਿਤੀ ਤੇ ਭਾਰਤ ਦੇ ਕੌਮੀ ਸੁਰੱਖਿਆ ਫ਼ਿਕਰਾਂ ਦੇ ਮੱਦੇਨਜ਼ਰ, ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਤੇ ਦੂਜੇ ਸ਼ਬਦਾਂ 'ਚ ਪੰਜਾਬ ਦਾ ਵਿਕਾਸ ਭਾਰਤ ਦੇ ਰਣਨੀਤਕ ਹਿੱਤਾਂ 'ਚ ਹੈ। ਸਮਾਂ ਆ ਗਿਆ ਹੈ ਕਿ ਅਤੀਤ ਦੇ ਵਿਰੋਧਾਂ ਤੋਂ ਉਪਰ ਉੱਠ ਕੇ ਤਰੱਕੀ ਲਈ ਸਹਿਯੋਗ ਕਰਨ ਵੱਲ ਕਦਮ ਵਧਾਏ ਜਾਣ।

---

# ਵਰਣ ਤਾਨਾਸ਼ਾਹੀ ਨੂੰ ਮਜ਼ਬੂਤ ਕਰ ਰਿਹਾ ਹਿੰਦੂਤਵ

*(ਪਿਛਲੇ ਸਫੇ ਦੀ ਬਾਕੀ)*

ਨੂੰ ਹੁਣ ਜ਼ਿਆਦਾਤਰ ਪ੍ਰਮੁੱਖ ਓ.ਬੀ.ਸੀ. ਅਤੇ ਅਤਿ ਪਿਛੜੀਆਂ ਸ਼੍ਰੇਣੀਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ ਜਿਨ੍ਹਾਂ ਕੋਲ ਬਹੁਤ ਘੱਟ ਜਾਂ ਕੋਈ ਜ਼ਮੀਨੀ ਜੋਤ ਨਹੀਂ ਪਰ ਕਾਂਗਰਸ ਦੁਆਰਾ ਬਣਾਇਆ ਗਿਆ ਬੌਧਿਕ ਈਕੋ-ਸਿਸਟਮ ਇਨ੍ਹਾਂ ਮੁੱਦਿਆਂ ਤੋਂ ਬਹੁਤ ਹੱਦ ਤੱਕ ਅਛੋਹ ਰਿਹਾ।

ਉਸ ਸਮੇਂ ਦੇ ਨਹਿਰੂਵਾਦੀ ਬੁੱਧੀਜੀਵੀ, ਇਤਿਹਾਸਕਾਰਾਂ ਤੋਂ ਲੈ ਕੇ ਅਰਥ ਸ਼ਾਸਤਰੀਆਂ ਤੱਕ ਜਿਨ੍ਹਾਂ ਨੇ ਮਾਰਕਸਵਾਦ ਤੋਂ ਲੈ ਕੇ ਖੱਬੇ ਪੱਖੀ ਉਦਾਰਵਾਦ ਤੱਕ ਆਪਣੇ ਵਿਚਾਰ ਪੇਸ਼ ਕੀਤੇ ਸਨ, ਲੱਗਭੱਗ ਸਾਰੇ ਹੀ ਉਚ ਜਾਤੀਆਂ ਦੇ ਸਨ। ਇਸ ਈਕੋ-ਸਿਸਟਮ ਦੇ ਅੰਦਰ ਢਾਂਚੇ ਦੇ ਰੂਪ ਵਿਚ ਜਾਤ ਦੀ ਬਹੁਤ ਘੱਟ ਜਾਂਚ-ਪੜਤਾਲ ਕੀਤੀ ਗਈ ਜਿਸ ਦੀ ਜਕੜ ਛੂਤ-ਛਾਤ ਤੋਂ ਬਾਹਰ ਤੱਕ ਫੈਲੀ ਹੋਈ ਸੀ। ਇਹ ਦੱਖਣੀ ਏਸ਼ੀਆ ਵਿਚ ਮਾਰਕਸਵਾਦ ਦੀਆਂ ਸਭ ਤੋਂ ਸਪਸ਼ਟ ਸਿਧਾਂਤਕ ਅਤੇ ਵਿਹਾਰਕ ਸੀਮਾਵਾਂ ਵਿੱਚੋਂ ਇਕ ਹੈ। ਇਕ ਬ੍ਰਾਹਮਣਵਾਦੀ ਕਮਿਊਨਿਸਟ ਬੁੱਧੀਜੀਵੀ ਦਾ ਵਿਚਾਰ ਬੇਤੁਕਾ ਹੋਣਾ ਚਾਹੀਦਾ ਸੀ ਪਰ ਇਹ ਹਕੀਕਤ ਬਣ ਗਿਆ।

ਸੰਘ ਦੀ ਮੁੜ-ਸੁਰਜੀਤੀ (ਗਾਂਧੀ ਦੇ ਕਤਲ ਤੋਂ ਬਾਅਦ ਇਸ ਉਪਰ ਪਾਬੰਦੀ ਲਗਾ ਦਿੱਤੇ ਜਾਣ ਤੋਂ ਬਾਅਦ) ਦਾ ਸਮਾਜਵਾਦੀਆਂ ਦੁਆਰਾ ਭਾਰਤੀ ਜਨ ਸੰਘ ਨੂੰ ਪ੍ਰਦਾਨ ਕੀਤੀ ਗਈ ਰਾਜਨੀਤਕ ਸਪੇਸ ਨਾਲ ਬਹੁਤ ਕੁਝ ਲੈਣਾ-ਦੇਣਾ ਸੀ, ਇਸ ਪ੍ਰਕਿਰਿਆ ਦਾ ਵੀ ਅਸੀਂ ਹਾਲ ਹੀ ਵਿਚ ਦਸਤਾਵੇਜ਼ੀਕਰਨ ਕੀਤਾ ਹੈ ਪਰ ਸਮਾਜਵਾਦੀਆਂ ਦੀ ਇਹ ਅਸਫਲਤਾ ਕਾਂਗਰਸ ਨੂੰ ਸਮਾਜਿਕ ਬਰਾਬਰੀ ਦੀ ਖੋਜ ਨੂੰ ਤਿਲਾਂਜਲੀ ਦੇਣ ਤੋਂ ਮੁਕਤ ਨਹੀਂ ਕਰ ਸਕਦੀ। ਇਹ ਲੱਗਭੱਗ ਅੱਧੀ ਆਬਾਦੀ ਬਣਦੇ ਈ.ਬੀ.ਸੀ. (ਆਰਥਿਕ ਤੌਰ 'ਤੇ ਪਿਛੜੀਆਂ ਸ਼੍ਰੇਣੀਆਂ) ਅਤੇ ਭਾਰੂ ਓ.ਬੀ.ਸੀ. (ਹੋਰ ਪਿਛੜੀਆਂ ਸ਼੍ਰੇਣੀਆਂ) ਨੂੰ ਆਪਣੇ ਵਿਚ ਜਗ੍ਹਾ ਦੇਣ ਅਤੇ ਤਾਕਤ ਦੇਣ ਵਿਚ ਕਾਂਗਰਸ ਦੀ ਅਸਫਲਤਾ ਸੀ ਜਿਸ ਨੇ ਗ਼ੈਰ-ਕਾਂਗਰਸੀ ਗੱਠਜੋੜ ਦੀ ਅਗਵਾਈ ਕਰਨ ਦਾ ਰਾਜਨੀਤਕ ਮੌਕਾ ਮੁਹੱਈਆ ਕੀਤਾ। ਜੇਕਰ ਮੰਗ ਅੰਦਰੋਂ ਆਈ ਹੁੰਦੀ ਤਾਂ ਇਹ ਥਾਂ ਦੂਜਿਆਂ ਲਈ ਉਪਲਬਧ ਨਾ ਹੁੰਦੀ। ਬੀ.ਜੇ.ਐੱਸ. (ਭਾਰਤੀ ਜਨ ਸੰਘ) ਅਤੇ ਉਸ ਤੋਂ ਬਾਅਦ, ਭਾਜਪਾ ਨੇ ਇਸ ਖ਼ਲਾਅ ਵਿਚ ਕਦਮ ਰੱਖਿਆ, ਉਸ ਬ੍ਰਾਹਮਣਵਾਦੀ ਜ਼ਾਬਤੇ ਨੂੰ ਬਰਕਰਾਰ ਰੱਖਦਿਆਂ ਜਿਸ ਨੇ ਕਾਂਗਰਸ ਵਿਚ ਵੀ ਰੂਹ ਫੂਕ ਦਿੱਤੀ।



ਸੰਗੋਲ ਦੇ ਬਹਾਨੇ ਸਿਆਸਤ।

ਇਸ ਸਮੇਂ ਦੌਰਾਨ, ਆਜ਼ਾਦੀ ਤੋਂ ਬਾਅਦ ਵੱਖ-ਵੱਖ ਧਾਰਾਵਾਂ ਦੇ ਬੁੱਧੀਜੀਵੀਆਂ ਦਾ ਮੰਨਣਾ ਸੀ ਕਿ ਆਧੁਨਿਕਤਾ ਜਾਤ ਨੂੰ ਲੋਪ ਕਰ ਦੇਵੇਗੀ। ਇਸ ਕਾਰਨ ਕਰਅਸਲ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਿਰੋਧ ਕੀਤਾ - ਇਸ ਲਈ ਨਹੀਂ ਕਿ ਸਿਫ਼ਾਰਿਸ਼ਾਂ ਈ.ਬੀ.ਸੀ. ਅਤੇ ਪ੍ਰਮੁੱਖ ਓ.ਬੀ.ਸੀ. ਵਿਚ ਫ਼ਰਕ ਨੂੰ ਧਿਆਨ ਵਿਚ ਰੱਖਣ ਵਿਚ ਅਸਫਲ ਰਹੀਆਂ ਸਗੋਂ ਇਸ ਲਈ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਕਮਿਸ਼ਨ ਦੇ ਪਿੱਛੇ ਵਿਚਾਰ, ਆਪਣੇ ਆਪ ਵਿਚ ਗ਼ਲਤੀ ਸੀ, ਜਾਤ ਨੂੰ ਪੱਕਾ ਬਣਾਉਣਾ ਸੀ।

ਇਹ ਅਜਿਹਾ ਵਿਚਾਰ ਹੈ ਜੋ ਅੱਜ ਵੀ ਕਾਂਗਰਸ ਨੂੰ ਪ੍ਰਾਪਤ ਵੱਡੀ ਗਿਣਤੀ ਵਿਚ ਉਦਾਰਵਾਦੀ ਉਚ ਜਾਤੀ ਹਮਾਇਤ ਵਿਚ ਪ੍ਰਚਲਤ ਹੈ। ਨਿੱਜੀ ਗੱਲਬਾਤ ਵਿਚ ਮੈਂ ਦੇਖਿਆ ਹੈ ਕਿ ਭਾਰਤ ਦੇ ਕੁਝ ਪ੍ਰਮੁੱਖ ਇਤਿਹਾਸਕਾਰ ਅਤੇ ਸਮਾਜ ਵਿਗਿਆਨੀ ਇਹ ਦਲੀਲ ਦਿੰਦੇ ਰਹਿੰਦੇ ਹਨ ਕਿ ਰਾਖਵਾਂਕਰਨ ਦਾ ਢਾਂਚਾ ਪਛਾਣ ਨੂੰ ਇਸ ਹੱਦ ਤੱਕ ਕਠੋਰ ਬਣਾਉਂਦਾ ਹੈ ਕਿ ਜਾਤੀ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਇਹ ਸਥਾਈ ਬੌਧਿਕ ਖਿਚਾਅ ਹੈ ਕਿ ਜਾਤੀ ਆਪਣੇ ਮੌਜੂਦਾ ਸਰੂਪ ਵਿਚ ਕਾਫ਼ੀ ਹੱਦ ਤੱਕ ਬਸਤੀਵਾਦੀ ਰਚਨਾ ਹੈ ਜੋ ਬਰਤਾਨਵੀ ਮਰਦਮਸ਼ੁਮਾਰੀ ਦੁਆਰਾ ਅਤੇ ਬਾਅਦ ਵਿਚ ਸੁਤੰਤਰ ਭਾਰਤ ਵਿਚ ਰਾਖਵੇਂਕਰਨ ਦੁਆਰਾ ਨਿਸ਼ਚਿਤ ਕਠੋਰਤਾ ਵਿਚ ਬਦਲ ਦਿੱਤਾ ਗਿਆ ਹੈ। ਅਜਿਹੀਆਂ ਦਲੀਲਾਂ ਅਕਸਰ ਇਸ ਤਰ੍ਹਾਂ ਦੀਆਂ ਬਹਿਸਾਂ ਵਿਚ ਬਦਲ ਜਾਂਦੀਆਂ ਹਨ ਕਿ 'ਜਾਤੀ' ਸ਼ਬਦ ਦਾ ਭਾਵ ਕੀ ਹੈ ਪਰ ਭਾਰਤੀ ਰਾਜਨੀਤੀ ਅਤੇ ਸਮਾਜ ਦੇ ਖੇਤਰ ਵਿਚ ਇਹ ਸਪੱਸ਼ਟ ਹੈ। ਇਹ ਆਪਣੀ ਜਾਤੀ ਦੇ ਅੰਦਰ ਹੀ ਵਿਆਹ ਕਰਨ ਵਾਲੀਆਂ ਅਣਗਿਣਤ ਜਾਤੀਆਂ ਨਾਲ ਵਰਣ ਵਿਵਸਥਾ ਦਾ ਸੰਖੇਪ ਰੂਪ ਹੈ। ਜਾਤੀਆਂ ਦੀ ਸਟੀਕ ਬਣਤਰ ਨਿਸ਼ਚਿਤ ਨਹੀਂ ਹੈ ਅਤੇ ਕੁਝ ਦੇ ਲਈ ਵਰਣ ਢਾਂਚੇ ਵਿਚ ਉਨ੍ਹਾਂ ਦੀ ਜਗ੍ਹਾ ਸਥਾਨ ਅਤੇ ਸਮੇਂ ਨਾਲ ਬਦਲਦੀ ਰਹਿੰਦੀ ਹੈ ਪਰ ਜਾਤੀਆਂ ਦੀ ਵਿਸ਼ਾਲ ਬਹੁਗਿਣਤੀ ਦਾ ਸਥਾਨ ਸ਼੍ਰੇਣੀਬੱਧ ਦਰਜੇਬੰਦੀ ਵਿਚ ਨਿਸ਼ਚਿਤ ਹੈ। ਭਗਤੀ ਕਾਵਿ ਦੀ ਸਮੁੱਚੀ ਲੜੀ ਜਾਂ ਜਿੱਥੋਂ ਤੱਕ ਇਸ ਗੱਲ ਦਾ ਸਬੰਧ ਹੈ, 17ਵੀਂ ਸਦੀ ਦੇ ਗੁਰੂ ਗ੍ਰੰਥ ਸਾਹਿਬ ਅਨਿਆਂ ਦੀ ਉਸੇ ਤਰ੍ਹਾਂ ਦੀ ਪ੍ਰਣਾਲੀ ਦੀ ਗੱਲ ਕਰਦੀ ਹੈ ਜੋ ਅਸੀਂ ਆਪਣੇ ਸਮਿਆਂ ਵਿਚ ਦੇਖਦੇ ਹਾਂ।

(ਚਲਦਾ)

# ਸਿਆਸੀ ਬੇਈਮਾਨੀ, ਆਰਥਿਕ ਬਦਨੀਤੀ ਅਤੇ ਦੇਸ਼ ਦੀ ਬਦਹਾਲੀ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਬਦਤਰ ਸਿਹਤ ਸੇਵਾਵਾਂ, ਅਪਰਾਧ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਆਦਿ ਬਾਰੇ ਲੱਖ ਵਾਰ ਦਲੀਲਾਂ ਦੇ ਕੇ ਆਪਾਂ ਇਹ ਸਿੱਧ ਕਰਨ ਦਾ ਯਤਨ ਕਰਦੇ ਹਾਂ ਕਿ ਦੇਸ਼ 'ਚ ਵਧ ਰਹੀ ਆਬਾਦੀ ਇਨ੍ਹਾਂ ਸਮੱਸਿਆਵਾਂ ਦਾ ਕਾਰਨ ਹੈ, ਪਰ ਅਸਲ ਵਿਚ ਸਿਆਸੀ ਬੇਈਮਾਨੀ, ਵੋਟਾਂ ਦੀ ਸਿਆਸਤ, ਆਰਥਿਕ ਨੀਤੀਆਂ ਕਾਰਨ ਵਧ ਰਿਹਾ ਦੇਸ਼ 'ਚ ਅਮੀਰ-ਗਰੀਬ ਦਾ ਪਾੜਾ, ਦੇਸ਼ ਭਾਰਤ ਨੂੰ ਭੈੜੀ ਹਾਲਤ ਵਿਚ ਲੈ ਜਾਣ ਦਾ ਮੁੱਖ ਕਾਰਨ ਹੈ। ਇਸੇ ਕਾਰਨ ਹੀ ਦੇਸ਼ ਬਦਹਾਲੀ ਦਾ ਸ਼ਿਕਾਰ ਹੈ।

ਭਾਰਤ ਦੀ ਜਨ ਸੰਖਿਆ ਵਿਸ਼ਵ ਜਨਸੰਖਿਆ ਦਾ 18 ਫ਼ੀਸਦੀ ਹੈ। ਭਾਰਤ ਕੋਲ ਵਿਸ਼ਵ ਦੀ ਕੁੱਲ ਜ਼ਮੀਨ ਦਾ 2.5 ਫ਼ੀਸਦੀ ਹੈ ਅਤੇ 4 ਫ਼ੀਸਦੀ ਪਾਣੀ ਹੈ। ਦੇਸ਼ ਕੋਲ ਜਿੰਨੀ ਜ਼ਮੀਨ ਹੈ, ਉਸਦੇ ਕੁਲ 60 ਫ਼ੀਸਦੀ ਹਿੱਸੇ 'ਤੇ ਖੇਤੀ ਹੁੰਦੀ ਹੈ, ਪਰ ਦੇਸ਼ ਦੇ 20 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਆਖ਼ਰ ਕਾਰਨ ਕੀ ਹੈ? ਕੀ ਅਸੀਂ ਕੁਦਰਤੀ ਸੋਮਿਆਂ ਦੀ ਕੁਵਰਤੋਂ ਕਰ ਕੇ, ਸਭੋ ਕੁਝ ਧੰਨ ਕੁਬੇਰਾਂ ਹੱਥ ਫੜਾ ਕੇ, ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਮੁਨਾਫ਼ਾ ਕਮਾਉਣ ਦੀ ਆਗਿਆ ਦੇ ਕੇ, ਦੇਸ਼ ਨੂੰ ਕੰਗਾਲੀ ਮੰਦਹਾਲੀ ਦੇ ਰਸਤੇ ਨਹੀਂ ਤੋਰ ਦਿੱਤਾ?

ਕਾਰਪੋਰੇਟਾਂ ਨੇ ਜਿਸ ਢੰਗ ਨਾਲ ਬੁਨਿਆਦੀ ਢਾਂਚਾ ਉਸਾਰਨ ਦੇ ਨਾਂਅ 'ਤੇ ਜੰਗਲਾਂ ਦੀ ਕਟਾਈ ਕੀਤੀ, ਕੁਦਰਤੀ ਖਾਨਾਂ ਦੀ ਦੁਰਵਰਤੋਂ ਕੀਤੀ, ਦੇਸ਼ 'ਚ ਪ੍ਰਦੂਸ਼ਣ ਪੈਦਾ ਕੀਤਾ, ਕੀਟਨਾਸ਼ਕਾਂ, ਖਾਦਾਂ ਦੀ ਵਰਤੋਂ ਕਰਵਾ ਕੇ ਦੇਸ਼ ਵਾਸੀਆਂ ਹੱਥ ਬੀਮਾਰੀਆਂ ਦੀਆਂ ਪੰਡਾਂ ਫੜਾਈਆਂ ਤੇ ਉਨ੍ਹਾਂ ਨੂੰ ਬੁਰੇ ਹਾਲੀਂ ਕਰ ਦਿੱਤਾ, ਇਸ ਸਭ ਦਾ ਸਿੱਟਾ ਜਲਵਾਯੂ ਤਬਦੀਲੀ 'ਚ ਵੇਖਿਆ ਜਾ ਸਕਦਾ ਹੈ।

ਜਲਵਾਯੂ ਤਬਦੀਲੀ ਨੇ ਆਜੀਵਕਾ, ਪਾਣੀ ਦੀ ਅਪੂਰਤੀ ਅਤੇ ਮਨੁੱਖੀ ਸਿਹਤ ਲਈ ਖ਼ਤਰਾ ਪੈਦਾ ਕੀਤਾ ਹੈ। ਖਾਧ ਪਦਾਰਥਾਂ ਦੀ ਪੂਰਤੀ ਲਈ ਚੁਣੌਤੀ ਪੈਦਾ ਕੀਤੀ ਹੈ, ਇਥੋਂ ਤੱਕ ਕਿ ਖਾਧ ਸੁਰੱਖਿਆ ਲਈ ਵੱਡੀ ਚੁਣੌਤੀ ਦਿੱਤੀ ਹੈ।

ਅੱਜ ਖੇਤੀ ਯੋਗ ਜ਼ਮੀਨ ਉਤੇ ਲਗਾਤਾਰ ਹਮਲਾ ਹੋ ਰਿਹਾ ਹੈ, ਰਕਬਾ ਘਟ ਰਿਹਾ ਹੈ, ਖੇਤੀ ਭੂਮੀ ਦੀ ਹੋਰ ਕੰਮਾਂ ਲਈ ਵਰਤੋਂ ਵਧ ਰਹੀ ਹੈ। ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਖੇਤੀ ਜ਼ਮੀਨ 'ਚ ਕਮੀ ਸਮਾਜਿਕ-ਆਰਥਿਕ ਤਾਣੇ-ਬਾਣੇ 'ਤੇ ਵੀ ਅਸਰ ਪਾ ਰਹੀ ਹੈ। ਵੇਸਟਲੈਂਡ ਐਟਲਸ-2019 ਦੇ ਅਨੁਸਾਰ ਪੰਜਾਬ ਜਿਹੇ ਖੇਤੀ ਪ੍ਰਧਾਨ ਸੂਬੇ ਵਿਚ 14000 ਹੈਕਟੇਅਰ ਅਤੇ ਪੱਛਮੀ ਬੰਗਾਲ ਵਿਚ 62000 ਹੈਕਟੇਅਰ ਖੇਤੀ ਯੋਗ ਭੂਮੀ ਘਟ ਗਈ ਹੈ। ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ 48000 ਹੈਕਟੇਅਰ ਖੇਤੀ ਯੋਗ ਜ਼ਮੀਨ ਹਰ ਸਾਲ ਘਟ ਰਹੀ ਹੈ। ਇਹ ਸਭ ਕੁਝ ਵਿਕਾਸ ਦੇ ਨਾਂਅ 'ਤੇ ਹੋ ਰਿਹਾ ਹੈ। ਕੀ ਯੂ.ਪੀ. 'ਚ ਸਚਮੁੱਚ ਵਿਕਾਸ ਹੋ ਰਿਹਾ ਹੈ? ਜੇ ਉੱਥੇ ਵਿਕਾਸ ਹੈ ਤਾਂ ਦੇਸ਼ 'ਚ ਸਭ ਤੋਂ ਵੱਧ ਪ੍ਰਵਾਸ ਦੀ ਦਰ ਯੂ.ਪੀ. 'ਚ ਕਿਉਂ ਹੈ?

1992 'ਚ ਪੇਂਡੂ ਪਰਿਵਾਰਾਂ ਕੋਲ 11.7 ਕਰੋੜ ਹੈਕਟੇਅਰ ਖੇਤੀ ਯੋਗ ਭੂਮੀ ਸੀ, ਜੋ 2013 ਤੱਕ ਘਟ ਕੇ 9.2 ਕਰੋੜ ਹੈਕਟੇਅਰ ਰਹਿ ਗਈ। ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਅਗਲੇ ਸਾਲ ਤੱਕ ਖੇਤੀ ਯੋਗ ਜ਼ਮੀਨ 8 ਕਰੋੜ ਹੈਕਟੇਅਰ ਹੀ ਰਹਿ ਜਾਏਗੀ। ਤਾਂ ਫਿਰ ਦੇਸ਼ ਭੁੱਖਾ ਨਹੀਂ ਮਰੇਗਾ? ਕਿੱਥੋਂ ਮਿਲੇਗਾ ਕਿਰਤੀ ਲੋਕਾਂ ਨੂੰ ਅੰਨ? ਕਿੱਥੇ ਮਿਲੇਗਾ ਸਾਫ਼-ਸੁਥਰਾ ਪਾਣੀ?

ਵਿਸ਼ਵ ਭੁੱਖ ਸੂਚਕਾਂਕ-2022 ਦੀ ਰਿਪੋਰਟ ਅਨੁਸਾਰ 16.3 ਫ਼ੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। 5 ਸਾਲ ਤੋਂ ਘੱਟ ਉਮਰ ਦੇ 35 ਫ਼ੀਸਦੀ ਬੱਚੇ ਅਵਿਕਸਤ ਹਨ। ਭਾਰਤ ਵਿਚ 3.3 ਫ਼ੀਸਦੀ ਬੱਚਿਆਂ ਦੀ 5 ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ-ਪਹਿਲਾਂ ਮੌਤ ਹੋ ਜਾਂਦੀ ਹੈ। ਇਥੇ ਹੀ ਬੱਸ ਨਹੀਂ ਦੇਸ਼ਾਂ 'ਚ ਪੈਦਾ ਹੋ ਰਿਹਾ 30 ਫ਼ੀਸਦੀ ਅਨਾਜ ਬਰਬਾਦ ਹੋ ਰਿਹਾ ਹੈ। ਇਹ ਭੋਜਨ ਕਿਸੇ ਦੇ ਪੱਲੇ ਨਹੀਂ ਪੈ ਰਿਹਾ।

ਭਾਰਤ ਦੇਸ਼ ਦੇ ਹਾਕਮਾਂ ਦੀ ਅੱਖ ਤਾਂ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣਨ 'ਤੇ ਟਿਕੀ ਹੋਈ ਹੈ। ਭਾਰਤ ਦਾ ਹਾਕਮ 5 ਟ੍ਰਿਲੀਅਨ ਡਾਲਰ ਦੀ ਗੱਲ ਕਰਦਾ ਹੈ ਅਤੇ 2047 ਤੱਕ 30 ਟ੍ਰਿਲੀਅਨ ਦੀ ਆਰਥਿਕਤਾ ਦਾ ਮਾਲਕ ਬਣਨ ਦੇ ਦਾਅਵੇ ਕਰ ਰਿਹਾ ਹੈ। ਕੀ ਭਾਰਤ ਉਦੋਂ ਤੱਕ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਦਾ ਸਫ਼ਰ ਪੂਰਾ ਕਰ ਸਕੇਗਾ, ਜਦੋਂ ਤੱਕ ਦੇਸ਼ ਵਾਸੀਆਂ ਕੋਲ ਸਿੱਖਿਆ, ਸਿਹਤ, ਚੰਗੇ ਵਾਤਾਵਰਨ ਦੀਆਂ ਇਹੋ ਜਿਹੀਆਂ ਸਹੂਲਤਾਂ ਪੈਦਾ ਨਹੀਂ ਹੁੰਦੀਆਂ?

ਯੂ.ਐਨ.ਓ. ਵਲੋਂ ਭਾਰਤੀ ਬਜਟ 2024 ਦੇ ਪੇਸ਼ ਹੋਣ ਦੇ ਦੂਜੇ ਦਿਨ ਜੁਲਾਈ 'ਚ ਇੱਕ ਬਹੁਤ ਹੀ ਹੈਰਾਨ-ਕੁਨ ਰਿਪੋਰਟ ਛਪੀ ਹੈ, ਜਿਸ ਅਨੁਸਾਰ 20 ਦੇਸ਼ਾਂ ਦੇ 64 ਮਿਲੀਅਨ ਬੱਚੇ ਸਾਊਥ ਏਸ਼ੀਆ ਵਿਚ ਅਤੇ 59 ਮਿਲੀਅਨ ਬੱਚੇ ਸਬ-ਸਹਾਰਾ ਅਫਰੀਕਾ ਵਿਚ ਅਜਿਹੇ ਹਨ, ਜਿਹੜੇ 5 ਤੋਂ 23 ਮਹੀਨਿਆਂ ਤੱਕ ਦੀ ਉਮਰ ਦੇ ਹਨ ਅਤੇ ਜਿਨ੍ਹਾਂ ਨੂੰ ਸਹੀ ਖਾਣਾ ਵੀ ਨਸੀਬ ਨਹੀਂ ਹੁੰਦਾ। ਇਨ੍ਹਾਂ ਵਿਚ 19.3 ਫ਼ੀਸਦੀ ਬੱਚੇ ਭਾਰਤ ਦੇਸ਼ ਨਾਲ ਸਬੰਧਤ ਹਨ।

ਹਾਰਵਰਡ ਸਟੱਡੀ ਜੋ 2024 'ਚ ਛਪੀ ਸੀ, ਵਿਚ "ਜ਼ਿਫ਼ਰ ਭੋਜਨ ਵਾਲੇ ਬੱਚਿਆਂ" (Zero Food Children) ਦੀ ਗੱਲ ਕੀਤੀ ਗਈ ਸੀ। ਇਹ 5 ਤੋਂ 23 ਮਹੀਨਿਆਂ ਦੀ ਉਮਰ ਦੇ ਬੱਚੇ ਹੁੰਦੇ ਹਨ, ਜਿਨ੍ਹਾਂ ਨੂੰ ਪਿਛਲੇ 24 ਘੰਟਿਆਂ 'ਚ ਭੋਜਨ ਨਹੀਂ ਮਿਲਦਾ ਅਤੇ ਭਾਰਤ ਇਸ ਲਿਸਟ ਵਿਚ ਦੁਨੀਆ ਭਰ 'ਚ ਚੌਥੇ ਸਥਾਨ 'ਤੇ ਹੈ। ਪਹਿਲੇ ਸਥਾਨ 'ਤੇ ਗੁਆਣਾ (21.8%) ਦੂਜੇ 'ਤੇ ਪਾਲੀ (21.5%) ਅਤੇ ਚੌਥੇ 'ਤੇ ਭਾਰਤ (19.3%) ਰੱਖਿਆ ਗਿਆ ਸੀ, ਭਾਵੇਂ ਕਿ ਭਾਰਤ ਦੀ ਸਰਕਾਰ ਨੇ ਇਸ ਰਿਪੋਰਟ ਨੂੰ ਫਰਜ਼ੀ, ਨਕਲੀ ਕਰਾਰ ਦਿੱਤਾ ਸੀ। ਪਰ ਇਹ ਗੱਲ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੀ ਕੁੱਲ 140 ਕਰੋੜ ਆਬਾਦੀ ਵਿਚ 76.5 ਕਰੋੜ ਆਬਾਦੀ ਇਹੋ ਜਿਹੀ ਹੈ, ਜਿਸਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ, ਜਿਸ ਵਿਚੋਂ 19.5 ਕਰੋੜ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਜਿਨ੍ਹਾਂ ਵਿਚ ਲੜਕੀਆਂ ਦੀ ਗਿਣਤੀ ਵੱਧ ਹੈ।

ਇਹ ਗੱਲ ਵੀ ਤੱਥਾਂ ਤੋਂ ਉਲਟ ਨਹੀਂ ਹੈ ਕਿ ਭਾਰਤ ਵਿਚ ਅਮੀਰ ਵਰਗ, ਮੱਧ ਵਰਗੀ ਕਿਸਾਨ ਤਾਂ ਚੰਗਾ ਭੋਜਨ ਪ੍ਰਾਪਤ ਕਰਨ ਦੇ ਯੋਗ ਹਨ ਪਰ ਬਾਕੀ ਪੇਂਡੂ ਆਬਾਦੀ, ਮਜ਼ਦੂਰ, ਕਿਸਾਨ, ਆਦਿਵਾਸੀ ਅਤੇ ਮੱਧ ਵਰਗ ਦੇ ਲੋਕਾਂ ਨੂੰ ਬਿਹਤਰ ਭੋਜਨ ਨਸੀਬ ਨਹੀਂ ਹੁੰਦਾ। ਇਸ ਤੋਂ ਵੱਡੀ ਹੋਰ ਕਿਹੜੀ ਵਿਡੰਬਨਾ ਹੋ ਸਕਦੀ ਹੈ ਕਿ ਤਰੱਕੀਆਂ ਕਰਨ ਦੇ ਸੁਪਨੇ ਲੈਣ ਵਾਲਾ "ਮਹਾਨ ਦੇਸ਼", ਗਰੀਬੀ, ਭੁੱਖਮਰੀ ਦੇ ਪੰਜੇ 'ਚ ਫਸਿਆ ਹੋਇਆ ਹੈ ਅਤੇ ਉਸ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਣਿਆਂ ਨੇ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ।

ਕੀ ਇਹ ਸੱਚ ਨਹੀਂ ਕਿ ਮਨੁੱਖ ਨੂੰ ਭੋਜਨ ਤਦੇ ਪ੍ਰਾਪਤ ਹੋਏਗਾ, ਜੇਕਰ ਮਨੁੱਖ ਪੱਲੇ ਰੁਜ਼ਗਾਰ ਹੋਏਗਾ। ਰੁਜ਼ਗਾਰ ਤਦੇ ਮਿਲੇਗਾ, ਜੇਕਰ ਹੱਥ 'ਚ ਕੋਈ ਸਿਖਲਾਈ ਹੋਏਗੀ। ਥਿੰਕ ਟੈਂਕ ਇਸਟੀਚਿਊਟ ਫਾਰ ਹਿਊਮਨ ਡਿਵੈਲਪਮੈਂਟ ਨੇ ਇੱਕ ਰਿਪੋਰਟ ਛਾਪੀ ਹੈ, ਭਾਰਤ ਬਾਰੇ, ਜਿਸ 'ਚ ਲਿਖਿਆ ਹੈ ਕਿ ਦੱਖਣੀ ਏਸ਼ਿਆਈ ਰਾਸ਼ਟਰ ਵਿਚ ਤਿੰਨ ਵਿਚੋਂ ਇੱਕ ਯੁਵਕ ਨਾ ਤਾਂ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਨਾ ਹੀ ਕੋਈ ਸਿਖਲਾਈ। ਹਾਲਾਤ ਇਹ ਹਨ ਕਿ ਦੇਸ਼ ਵਿਚ ਪੜ੍ਹੇ-ਲਿਖੇ ਨੌਜਵਾਨਾਂ 'ਚ ਬੇਰੁਜ਼ਗਾਰੀ ਦਰ 40 ਫ਼ੀਸਦੀ ਤੋਂ ਉਪਰ ਟੱਪ ਚੁੱਕੀ ਹੈ।

ਭਾਰਤ ਦਾ ਨੀਤੀ ਆਯੋਗ ਦਾਅਵਾ ਕਰਦਾ ਹੈ ਕਿ ਭਾਰਤ ਦੀ ਕੁੱਲ ਆਬਾਦੀ ਦੀ 5 ਫ਼ੀਸਦੀ ਆਬਾਦੀ ਗਰੀਬੀ ਦੀ ਹੈ। ਭਾਵ ਸੱਤ ਕਰੋੜ ਲੋਕ ਗਰੀਬ ਹਨ। ਸਰਕਾਰ ਨੇ ਘਰੇਲੂ ਉਪਯੋਗ ਸਰਵੇਖਣ ਕਰਵਾਇਆ ਅਤੇ ਕਿਹਾ ਕਿ ਪੇਂਡੂ ਖੇਤਰਾਂ 'ਚ ਪ੍ਰਤੀ ਵਿਅਕਤੀ ਔਸਤਨ ਖ਼ਰਚ 3094 ਰੁਪਏ ਅਤੇ ਸ਼ਹਿਰੀ ਖੇਤਰਾਂ 'ਚ 4963 ਰੁਪਏ ਹੈ। ਜਿਸਦਾ ਸਿੱਧਾ ਅਰਥ ਹੈ ਕਿ ਭਾਰਤ ਦੇ 71 ਕਰੋੜ ਲੋਕ ਪ੍ਰਤੀ ਦਿਨ 100-150 ਰੁਪਏ ਜਾਂ ਉਸ ਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ। ਜੇ ਪਰਤ-ਦਰ-ਪਰਤ ਹੇਠਾਂ ਜਾਈਏ ਤਾਂ ਤਸਵੀਰ ਹੋਰ ਵੀ ਨਿਰਾਸ਼ਾਜਨਕ ਹੈ। ਸਭ ਤੋਂ ਹੇਠਲੇ 20 ਫ਼ੀਸਦੀ ਲੋਕ 70-100 ਰੁਪਏ 'ਤੇ ਜੀਵਨ ਨਿਰਬਾਹ ਕਰਦੇ ਹਨ ਅਤੇ ਹੋਰ ਹੇਠਲੇ 10 ਫ਼ੀਸਦੀ ਲੋਕ 60-90 ਰੁਪਏ 'ਤੇ ਗੁਜ਼ਾਰਾ ਕਰਦੇ ਹਨ। ਕੀ ਇਹ ਗਰੀਬ ਨਹੀਂ ਹਨ? ਜਾਂ ਇਨ੍ਹਾਂ ਦੀ ਸ਼੍ਰੇਣੀ ਗਰੀਬੀ ਰੇਖਾ ਤੋਂ ਵੀ ਹੋਰ ਹੇਠਾਂ ਹੈ?

ਇਥੇ ਇਹ ਗੱਲ ਸਮਝਣ ਵਾਲੀ ਹੈ ਕਿ ਆਬਾਦੀ ਦਾ 50%, ਭਾਵ 71 ਕਰੋੜ ਲੋਕ, ਨਾ ਤਾਂ ਸਰਕਾਰੀ ਕਰਮਚਾਰੀ ਹਨ, ਨਾ ਹੀ ਸਰਕਾਰੀ ਪੈਨਸ਼ਨ ਧਾਰਕ ਹਨ, ਨਾ ਹੀ ਪ੍ਰਾਈਵੇਟ ਕੰਪਨੀਆਂ ਦੇ ਤਨਖਾਹਦਾਰ ਕਰਮਚਾਰੀ ਹਨ। ਫਿਰ ਵੀ ਇਹ ਲੋਕ ਜੀ.ਐਸ.ਟੀ. ਜਿਹੇ ਟੈਕਸ, ਚੀਜ਼ਾਂ ਖਰੀਦਣ ਵੇਲੇ ਦਿੰਦੇ ਹਨ, ਜਿਨ੍ਹਾਂ 'ਚ 30 ਕਰੋੜ ਲੋਕ ਦਿਹਾੜੀਦਾਰ ਮਜ਼ਦੂਰ ਹਨ, ਜਿਨ੍ਹਾਂ ਦੀ ਆਮਦਨ ਪਿਛਲੇ 6 ਸਾਲਾਂ ਤੋਂ ਮਹਿੰਗਾਈ ਦੇ ਦੌਰ 'ਚ ਸਥਿਰ ਹੋ ਕੇ ਰਹਿ ਗਈ ਹੈ। ਇਸ ਸਥਿਰ ਹੋਈ ਆਮਦਨ ਦਾ ਆਖ਼ਰ ਜ਼ੁੰਮੇਵਾਰ ਕੌਣ ਹੈ? ਕੀ ਇਸ ਦੀ ਜ਼ਿੰਮੇਵਾਰ ਸਰਕਾਰ ਨਹੀਂ ਹੈ? ਕੀ ਇਸਦਾ ਜ਼ਿੰਮੇਵਾਰ ਆਰਥਿਕ ਬਦਨੀਤੀ ਦਾ ਅਲੰਬਰਦਾਰ ਦੇਸ਼ ਦਾ ਕਾਰਪੋਰੇਟ ਲਾਣਾ ਨਹੀਂ ਹੈ?

ਆਰਥਿਕ ਬਦਨੀਤੀ ਤੇ ਸਿਆਸੀ ਬੇਈਮਾਨੀ ਹੰਢਾਉਂਦਿਆਂ ਇਸ ਦੇਸ਼ ਦੇ ਆਮ ਨਾਗਰਿਕਾਂ ਨੂੰ ਦਹਾਕੇ ਬੀਤ ਗਏ ਹਨ। ਸਰਕਾਰਾਂ ਆਉਂਦੀਆਂ ਹਨ, ਤੁਰ ਜਾਂਦੀਆਂ ਹਨ। ਗਰੀਬਾਂ ਦੇ ਨਾਂਅ 'ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤੇ ਵੋਟਾਂ ਬਟੋਰੀਆਂ ਜਾਂਦੀਆਂ ਹਨ। ਨੇਤਾ ਆਪਣੇ ਢਿੱਡ ਭਰਦੇ ਹਨ ਪਰ ਲੋਕਾਂ ਦੀ ਪ੍ਰਵਾਹ ਨਹੀਂ ਕਰਦੇ।

ਵਿਸ਼ਵ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਹੈ, 140 ਕਰੋੜ ਤੋਂ ਉਪਰ। ਵਿਸ਼ਵ ਦੇ ਗਲੋਬਲ ਭੁੱਖਮਰੀ ਇੰਡੈਕਸ-2023 ਅਨੁਸਾਰ 125 ਦੇਸ਼ਾਂ ਵਿਚ ਸਾਡਾ ਸਥਾਨ 111ਵਾਂ ਹੈ। ਜੂਨ 2024 ਅਨੁਸਾਰ ਬੇਰੁਜ਼ਗਾਰੀ ਦੀ ਦਰ 9.3 ਫ਼ੀਸਦੀ ਹੈ। ਬੇਰੁਜ਼ਗਾਰੀ 'ਚ ਵਿਸ਼ਵ ਪੱਧਰੀ ਰੈਂਕ 86ਵਾਂ ਹੈ। ਸਿਹਤ ਸੇਵਾਵਾਂ ਪ੍ਰਤੀ 167 ਦੇਸ਼ਾਂ 'ਚ ਸਾਡਾ ਸਥਾਨ 111ਵਾਂ ਹੈ। ਹਵਾ ਪ੍ਰਦੂਸ਼ਣ ਫੈਲਾਉਣ ਦੇ ਮਾਮਲੇ 'ਚ ਭਾਰਤ 134 ਦੇਸ਼ਾਂ 'ਚ ਤੀਜੇ ਸਥਾਨ 'ਤੇ ਹੈ। ਭਾਵ ਦੇਸ਼ ਦੇ ਵੱਡੇ ਸ਼ਹਿਰ ਅੱਤ ਦਰਜੇ ਦੇ ਗੰਦੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆ ਦੇ ਸਭ ਤੋਂ ਗੰਦੇ ਸ਼ਹਿਰਾਂ 'ਚ ਸ਼ਾਮਲ ਹੈ। ਪਾਣੀ ਪ੍ਰਦੂਸ਼ਣ ਦੇ ਮਾਮਲੇ 'ਚ ਵੀ ਦੇਸ਼ ਪਿੱਛੇ ਨਹੀਂ।

ਇਸ ਸਭ ਕੁਝ ਦਾ ਅਸਰ ਸਧਾਰਨ ਲੋਕਾਂ 'ਤੇ ਪੈਂਦਾ ਹੈ। ਦੇਸ਼ ਦੀਆਂ ਆਰਥਿਕ ਬਦਨੀਤੀਆਂ ਗਰੀਬ ਲੋਕਾਂ ਨੂੰ ਹੋਰ ਗਰੀਬੀ ਵੱਲ ਧੱਕ ਰਹੀਆਂ ਹਨ। ਭੁੱਖਮਰੀ ਨੇ ਲੋਕਾਂ ਦਾ ਜੀਊਣਾ ਦੁੱਭਰ ਕੀਤਾ ਹੋਇਆ ਹੈ। ਗੰਦੀਆਂ ਬਸਤੀਆਂ (ਸਲੱਮ ਏਰੀਆ) ਵਧ ਰਿਹਾ ਹੈ, ਖੇਤੀ ਘਟ ਰਹੀ ਹੈ। ਪ੍ਰਦੂਸ਼ਣ ਨੇ ਬਿਮਾਰੀਆਂ ਦਾ ਜਾਲ ਵਿਛਾਇਆ ਹੋਇਆ ਹੈ। ਇਸ ਨਾਲ ਪੈਦਾ ਬਿਮਾਰੀਆਂ ਨੂੰ ਕਾਬੂ ਕਰਨ ਦੇ ਨਾਂਅ ਹੇਠ ਨਵੀਆਂ ਦਵਾਈਆਂ ਬਣਾ ਕੇ, ਭਰਮ ਪੈਦਾ ਕਰ ਕੇ ਲੋਕਾਂ ਨੂੰ ਕਾਰਪੋਰੇਟ ਜਗਤ ਠੱਗ ਰਿਹਾ ਹੈ।

ਬਿਨਾਂ ਸ਼ੱਕ ਦੇਸ਼ ਦਾ ਵਿਕਾਸ ਜ਼ਰੂਰੀ ਹੈ। ਬੁਨਿਆਦੀ ਢਾਂਚਾ, ਪੁਲ, ਸੜਕਾਂ, ਸਕੂਲ, ਕਾਲਜ, ਹਸਪਤਾਲ ਜ਼ਰੂਰੀ ਹਨ। ਪਰ ਜਿਨ੍ਹਾਂ ਪੇਂਡੂ ਇਲਾਕਿਆਂ ਵਿਚ ਦਲਿਤਾਂ ਅਤੇ ਆਦਿਵਾਸੀਆਂ ਦੀਆਂ ਬਸਤੀਆਂ ਹਨ, ਉਨ੍ਹਾਂ ਤੱਕ ਬੁਨਿਆਦੀ ਸੁਵਿਧਾਵਾਂ ਦੀ ਪਹੁੰਚ ਕੀ ਜ਼ਰੂਰੀ ਨਹੀਂ? ਅੱਜ ਸਥਿਤੀ ਇਹ ਹੈ ਕਿ ਇਨ੍ਹਾਂ ਬਸਤੀਆਂ ਤੱਕ ਨਾ ਭਰੋਸੇਮੰਦ ਬਿਜਲੀ ਆਉਂਦੀ ਹੈ, ਨਾ ਸੜਕਾਂ ਪਹੁੰਚਦੀਆਂ ਹਨ, ਨਾ ਇੱਕੀਵੀਂ ਸਦੀ ਦੀਆਂ ਜ਼ਰੂਰੀ ਸੁਵਿਧਾਵਾਂ! ਭਾਰਤੀ ਵਿਵਸਥਾ ਦੇ ਇਸ ਟੁੱਟੇ ਹੋਏ ਢਾਂਚੇ ਨੂੰ ਮਜ਼ਬੂਤ ਬਣਾਉਣ ਦੇ ਬਦਲੇ ਗਰੀਬਾਂ ਨੂੰ ਖ਼ੈਰਾਤ ਬਖ਼ਸ਼ਣ ਦੀ ਨੀਤੀ ਜਾਰੀ ਹੈ।

ਕੀ ਇਹ ਸਿਆਸੀ ਬੇਈਮਾਨੀ ਨਹੀਂ ਹੈ? ਕੀ ਇਹ ਆਰਥਿਕ ਬਦਨੀਤੀ ਨਹੀਂ ਹੈ, ਕਿ ਦੇਸ਼ ਦੀਆਂ ਲਗਾਮਾਂ ਧਨ ਕੁਬੇਰਾਂ ਹੱਥ ਫੜਾ ਦਿੱਤੀਆਂ ਜਾਣ ਤਾਂ ਕਿ ਉਹ ਦੇਸ਼ ਦੇ ਲੋਕਾਂ ਦੀ ਲੁੱਟ-ਖਸੁੱਟ ਮਨਮਰਜ਼ੀ ਨਾਲ ਕਰ ਸਕਣ। ਇਸ ਤੋਂ ਵੱਡੀ ਦੇਸ਼ ਦੀ ਬਦਹਾਲੀ ਹੋਰ ਕੀ ਹੋ ਸਕਦੀ ਹੈ?

# ਸੰਗੀਤ ਜਗਤ 'ਚ ਬਿਹਤਰੀਨ ਕਲਾਤਮਕ ਤਜਰਬਾ -'ਹੀਰ ਇਨ ਕੌਫ਼ੀ ਐਂਡ ਬੇਗਲਜ਼'



ਕਵਲ
ਫੋਨ: 75080-42072

ਇਹ ਪੇਸ਼ਕਾਰੀ ਪੰਜਾਬੀ ਸਾਹਿਤ ਦੀ ਸ਼ਾਹਕਾਰ ਰਚਨਾ 'ਹੀਰ-ਵਾਰਿਸ ਸ਼ਾਹ' ਦਾ ਇੱਕ ਵਿਲੱਖਣ ਅਤੇ ਬੇਹੱਦ ਨਿਵੇਕਲਾ ਤਜ਼ੁਰਬਾ ਹੈ ਜਿਸ ਨੂੰ ਪੰਜਾਬੀ ਲੋਕ ਸੰਗੀਤ ਦੇ ਰਾਸ਼ਟਰੀ ਪੁਰਸਕਾਰ ਜੇਤੂ ਕਲਾਕਾਰ ਪੰਮੀ ਬਾਈ ਅਤੇ ਭਾਰਤੀ ਸਿਨੇਮਾ ਦੇ ਰਾਸ਼ਟਰੀ ਫਿਲਮ ਪੁਰਸਕਾਰ ਜੇਤੂ ਫਿਲਮ ਨਿਰਦੇਸ਼ਕ ਡਾ. ਪਰਮਜੀਤ ਸਿੰਘ ਕੱਟੂ ਨੇ ਜੀਵੰਤ ਰੂਪ ਵਿਚ ਪੇਸ਼ ਕੀਤਾ ਹੈ। ਪੰਮੀ ਬਾਈ ਨੇ ਵਾਰਿਸ ਸ਼ਾਹ ਦੀ ਹੀਰ ਦੇ ਬੈਂਤਾਂ ਨੂੰ ਜਿੰਨੀ ਰੂਹ ਨਾਲ ਗਾਇਆ ਹੈ ਅਤੇ ਹਰੇਕ ਨੋਟ ਨੂੰ ਸੱਭਿਆਚਾਰਕ ਵਿਰਸੇ ਅਤੇ ਜਨੂੰਨ ਦੀ ਜਿੰਨੀ ਡੂੰਘੀ ਭਾਵਨਾ ਨਾਲ ਭਰਿਆ ਹੈ ਓਨੀ ਹੀ ਸੰਵੇਦਨਸ਼ੀਲਤਾ ਅਤੇ ਸ਼ਿੱਦਤ ਨਾਲ ਡਾ. ਪਰਮਜੀਤ ਸਿੰਘ ਕੱਟੂ ਨੇ ਇਸ ਨੂੰ ਦ੍ਰਿਸ਼ ਵਿਚ ਬੰਨ੍ਹਿਆ ਹੈ, ਭਾਵ ਫਿਲਮਾਂਕਣ (ਲੇਖਣ ਅਤੇ ਨਿਰਦੇਸ਼ਨ) ਕੀਤਾ ਹੈ। ਇਸ ਵਿਚ ਅਤੀਤ ਅਤੇ ਵਰਤਮਾਨ ਨੂੰ ਅਜਿਹੇ ਨਿਪੁੰਨ ਢੰਗ ਨਾਲ ਜੋੜਿਆ ਗਿਆ ਹੈ ਕਿ ਇਹ ਇਕ ਮੁਕੰਮਲ ਕਲਾਤਮਕ ਪੇਸ਼ਕਾਰੀ ਹੋ ਨਿੱਬੜਦਾ ਹੈ ਅਤੇ ਸੰਗੀਤ ਅਤੇ ਦ੍ਰਿਸ਼ ਦਾ ਇਹ ਅਨੋਖਾ ਮੇਲ ਪੰਜਾਬੀ ਸੰਗੀਤ ਜਗਤ ਵਿਚ ਆਪਣੀ ਪੂਰੀ ਮੌਲਿਕਤਾ ਨਾਲ ਜ਼ਾਹਰ ਹੁੰਦਾ ਹੈ।

ਇਹ ਸੰਗੀਤਕ ਵੀਡੀਓ ਦੋ ਯੁੱਗਾਂ ਦੇ ਇਸ਼ਕ ਦੇ ਸਫ਼ਰ ਦੀਆਂ ਵਿਭਿੰਨ ਪਰਤਾਂ ਨੂੰ ਬਿਆਨ ਕਰਦੀ ਹੈ। ਵਾਰਿਸ ਸ਼ਾਹ ਨੇ ਮੱਧਕਾਲੀਨ ਪੰਜਾਬ ਦੇ ਇਸ਼ਕ ਦੇ ਸੰਕਲਪ ਨੂੰ ਆਪਣੇ ਕਾਵਿਕ ਮੁਹਾਵਰੇ ਵਿਚ ਰਚ ਕੇ ਅਮਰ ਕਰ ਦਿੱਤਾ। ਇਸ ਵੀਡੀਓ ਵਿਚ ਹੀਰ ਦੇ ਬੈਂਤਾਂ ਦੀ ਪੰਮੀ ਬਾਈ ਦੁਆਰਾ ਪਿਛੋਕੜ ਵਿਚ ਦਿਲਕਸ਼ ਸੰਗੀਤਕ ਪੇਸ਼ਕਾਰੀ ਦੇ ਨਾਲ-ਨਾਲ ਮਸਨੂਈ ਬੁੱਧੀ ਅਤੇ ਹੋਲੋਗ੍ਰਾਮ ਵਰਗੇ ਸਮਕਾਲੀ ਵਰਤਾਰਿਆਂ ਨੂੰ ਸ਼ਾਮਿਲ ਕਰ ਕੇ ਇਸ਼ਕ ਦੀ ਸੰਕਲਪਨਾ ਦੇ ਨਵੇਂ ਪਸਾਰਾਂ ਨੂੰ ਸਾਹਮਣੇ ਲਿਆਂਦਾ ਹੈ। ਇਹ ਸੰਜੋਗ ਇੱਕ ਅਮੀਰ ਕਲਾਤਮਕ ਮਾਧਿਅਮ ਬਣਦਾ ਹੈ, ਪੁਰਾਣੇ ਨੂੰ ਨਵੇਂ ਨਾਲ ਅਤੇ ਇਤਿਹਾਸਕ ਨੂੰ ਵਰਤਮਾਨ ਤੇ ਭਵਿੱਖ ਨਾਲ ਮਿਲਾਉਂਦਾ ਹੈ।

ਪੰਮੀ ਬਾਈ ਪੰਜਾਬ ਦਾ ਸ਼ਾਨਾਮੱਤਾ ਕਲਾਕਾਰ ਹੈ ਜੋ ਤਾ-ਉਮਰ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਰਿਹਾ। ਅੱਜ ਦੇ ਰੌਲੇ-ਰੱਪੇ ਵਾਲੇ ਤੇਜ਼ ਰਫ਼ਤਾਰ ਸੰਸਾਰ ਵਿਚ ਹੀਰ ਵਰਗੀ ਵੱਡੀ ਟੈਕਸਟ ਦੀ ਪੇਸ਼ਕਾਰੀ ਕਰਨਾ ਹੀ ਉਸਦੀ ਸੰਜੀਦਗੀ ਦਾ ਪ੍ਰਮਾਣ ਹੈ। ਕਲਾ ਅਤੇ ਪੰਜਾਬੀ ਸੱਭਿਆਚਾਰਕ ਵਿਰਸੇ ਪ੍ਰਤੀ ਉਸਦੀ ਪ੍ਰਤੀਬੱਧਤਾ ਕਾਰਨ ਹੀ ਉਸਨੇ ਸਾਡੇ ਦਿਲਾਂ ਵਿਚ ਸਤਿਕਾਰਤ ਜਗ੍ਹਾ ਬਣਾਈ ਹੈ। ਪੰਮੀ ਬਾਈ ਦੁਆਰਾ ਨਿਭਾਇਆ ਇਹ ਸੰਗੀਤ ਮਨੁੱਖ ਦੀਆਂ ਸੂਖਮ ਭਾਵਨਾਵਾਂ ਨੂੰ ਟੁੰਬਣ ਵਾਲਾ ਹੈ ਜੋ ਦਰਸ਼ਕਾਂ ਲਈ ਹੁਲਾਸ ਪੈਦਾ ਕਰਨ ਵਾਲਾ ਅਨੁਭਵ ਬਣਦਾ ਹੈ।

ਡਾ. ਪਰਮਜੀਤ ਸਿੰਘ ਕੱਟੂ ਇੱਕ ਸਨਮਾਨਤ ਫਿਲਮਸਾਜ਼ ਹੈ ਜਿਸਨੇ ਆਪਣੇ ਸ਼ੁਰੂਆਤੀ ਪ੍ਰਜੈਕਟਾਂ ਲਈ ਹੀ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਨਮਾਨ ਹਾਸਲ ਕੀਤੇ ਹਨ। ਉਸ ਨੇ ਇਸ ਗੀਤ ਨੂੰ ਆਪਣੀ ਵੱਖਰੀ ਪ੍ਰਤਿਭਾ ਦਾ ਪ੍ਰਮਾਣ ਦਿੰਦਿਆਂ ਬੜੀ ਹੀ ਕੁਸ਼ਲਤਾ ਨਾਲ ਦ੍ਰਿਸ਼-ਬਿਰਤਾਂਤ ਵਿਚ ਬੁਣਿਆ ਹੈ ਅਤੇ ਪ੍ਰਯੋਗਾਤਮਕ ਰੂਪ ਵਿਚ ਫਿਲਮਾਇਆ ਹੈ। ਇੱਕ ਪ੍ਰਪੱਕ ਛੋਹ ਨਾਲ ਉਹ ਵੀਡੀਓ ਦਾ ਲੇਖਣ ਅਤੇ ਨਿਰਦੇਸ਼ਨ ਕਰਦਾ ਹੈ। ਉਹ ਹੀਰ ਦੀ ਕਹਾਣੀ ਦੇ ਸਾਰ ਨੂੰ ਆਤਮਸਾਤ ਕਰਦਿਆਂ ਫਿਲਮਾਂਕਣ ਦੇ ਨਵੇਂ ਪਸਾਰਾਂ ਨਾਲ ਦਰਸ਼ਕਾਂ ਦੀ ਸਾਂਝ ਪਵਾਉਂਦਾ ਹੈ। ਪਹਿਲੀ ਵਾਰ ਪੰਜਾਬੀ ਕਲਾਤਮਕ ਦ੍ਰਿਸ਼ ਵਿਚ ਮਸਨੂਈ ਬੁੱਧੀ (AI) ਅਤੇ ਹੋਲੋਗ੍ਰਾਮ (Hologram) ਵਰਗੇ ਸੰਕਲਪਾਂ ਨੂੰ ਪੇਸ਼ ਕਰਨ ਕਾਰਣ ਉਹ ਵਧਾਈ ਦਾ ਹੱਕਦਾਰ ਹੈ ਜਿਸਨੇ ਇਸ ਨਵੀਨਤਮ ਪ੍ਰੋਜੈਕਟ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਪਰੰਪਰਕ ਬਿਰਤਾਂਤ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਮੇਲਣ ਦਾ ਅਨੋਖਾ ਕਾਰਜ ਕੀਤਾ ਹੈ। ਉਸਦਾ ਕੰਮ ਨਾ ਸਿਰਫ਼ ਪੰਜਾਬੀ ਸਾਹਿਤ ਅਤੇ ਸੰਗੀਤ ਦੀ ਅਮੀਰ ਵਿਰਾਸਤ ਦਾ ਸਨਮਾਨ ਕਰਦਾ ਹੈ ਸਗੋਂ ਉਸਦਾ ਪੇਸ਼ਕਾਰੀ ਦਾ ਨਜ਼ਰੀਆ ਕਹਾਣੀ ਕਹਿਣ ਦੇ ਰਵਾਇਤੀ ਢੰਗ ਤੋਂ ਅਗਾਂਹ ਜਾਂਦਾ ਹੈ ਅਤੇ ਇਸ਼ਕ/ਪਿਆਰ ਦਾ ਇਹ ਬਹੁਪਰਤੀ ਚਿਤਰਣ ਦੋ ਕਾਲ-ਖੰਡਾਂ ਵਿਚਕਾਰ ਅਜਿਹਾ ਪੁਲ ਸਿਰਜਦਾ ਹੈ ਜਿਸਦਾ ਕੈਨਵਸ 18ਵੀਂ ਤੋਂ 21ਵੀਂ ਸਦੀ ਤੱਕ ਫੈਲਿਆ ਹੋਇਆ ਹੈ।








ਇਸ ਵੀਡੀਓ ਨੇ ਪੰਜਾਬੀ ਸੰਗੀਤ ਅਤੇ ਵਿਜ਼ੂਅਲ ਆਰਟਸ ਲੈਂਡਸਕੇਪ ਵਿਚ ਮੀਲ ਪੱਥਰ ਵਜੋਂ ਆਪਣੀ ਸਨਮਾਨਤ ਥਾਂ ਬਣਾਈ ਹੈ। ਇਹ ਕਲਾਤਮਕ ਸਿਰਜਣਾ, ਪਰੰਪਰਾ ਅਤੇ ਨਵੀਨਤਾ ਦਾ ਸੰਗਮ ਹੈ, ਜਿਸ ਨੂੰ ਪੰਜਾਬ ਦੇ ਦੋ ਸਤਿਕਾਰਤ ਕਲਾਕਾਰਾਂ ਦੁਆਰਾ ਨਿਭਾਇਆ ਗਿਆ ਹੈ। ਪੰਮੀ ਬਾਈ ਅਤੇ ਡਾ. ਪਰਮਜੀਤ ਸਿੰਘ ਕੱਟੂ ਦੁਆਰਾ ਬਣਾਇਆ ਇਹ ਮਾਸਟਰਪੀਸ ਇੱਕ ਸ਼ਲਾਘਾਯੋਗ ਕੰਮ ਹੈ ਅਤੇ ਦੋਵੇਂ ਕਲਾਕਾਰ ਇਸ ਲਈ ਵਧਾਈ ਦੇ ਪਾਤਰ ਹਨ।

# ਸੜਕ ’ਤੇ ਵਿਛੀ ਬਿਰਖਾਂ ਦੀ ਥਾਂ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਹਾਲ ਹੀ ਵਿਚ ਅਲਵਿਦਾ ਕਹਿ ਗਏ ਪੰਜਾਬੀ ਕਵੀ ਸੁਰਜੀਤ ਪਾਤਰ ਨੂੰ ਚੇਤੇ ਰੱਖਣ ਵਾਲਿਆਂ ਦਾ ਕੋਈ ਅੰਤ ਨਹੀਂ। ਪਿਛਲੇ ਹਫ਼ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਲਾਅ ਆਡੀਟੋਰੀਅਮ ਵਿਚ ਸਪਤ ਸਿੰਧੂ ਫੋਰਮ ਵਲੋਂ ਜੁਟਾਇਆ ਸਮਾਰੋਹ ਇਸਦਾ ਸੱਜਰਾ ਗਵਾਹ ਹੈ। ਪਾਤਰ ਨੇ ਖੁਦ ਹੀ ਲਿਖਿਆ ਸੀ:

ਮੈਂ ਤਾਂ ਸੜਕ ’ਤੇ ਵਿਛੀ ਬਿਰਖ ਦੀ ਛਾਂ ਹਾਂ
ਮੈਂ ਨਹੀਂ ਮਿਟਣਾ ਸੌ ਵਾਰ ਲੰਘ ਮਸਲ ਕੇ
ਸੂਰਜ ਨਾ ਡੁੱਬਦਾ ਕਦੇ, ਸਿਰਫ ਛੁਪਦਾ ਹੈ
ਮਤ ਸੋਚ ਕਿ ਮਰ ਜਾਏਂਗਾ ਸਿਵੇ ਵਿਚ ਬਲ ਕੇ।

ਪਾਤਰ ਦੀ ਬੋਲ ਬਾਣੀ ਤੇ ਸ਼ਬਦਾਂ ਵਿਚ ਅਜਿਹਾ ਰਸ ਸੀ ਕਿ ਨਿਮਰਤਾ ਨਾਲ ਮਿਲ ਕੇ ਉਸਦੇ ਬੋਲ ਹਰ ਕਿਸੇ ਨੂੰ ਕਾਇਲ ਕਰ ਲੈਂਦੇ ਸਨ।

ਜੋ ਰੰਗਾਂ ’ਚ ਚਿੱਤਰੇ ਨੇ ਖੁਰ ਜਾਣਗੇ
ਜੋ ਪੱਥਰ ’ਤੇ ਉੱਕਰੇ ਨੇ ਮਿਟ ਜਾਣਗੇ
ਬਲਦੇ ਹੱਥਾਂ ਨੇ ਜਿਹੜੇ ਹਵਾ ਵਿੱਚ ਲਿਖੇ
ਹਰਫ਼ ਉਹੀਓ ਹਮੇਸ਼ਾ ਲਿਖੇ ਰਹਿਣਗੇ।

ਇਹ ਵੀ ਉਸਦੇ ਹਰਫਾਂ ਦੀ ਪ੍ਰਾਪਤੀ ਹੀ ਸੀ ਕਿ ਸਪਤ ਸਿੰਧੂ ਫੋਰਮ ਦੇ ਸ਼ਰਧਾਂਜਲੀ ਸਮਾਗਮ ਵਿਚ ਸੁਰਜੀਤ ਪਾਤਰ ਦੀ ਪਤਨੀ ਸ੍ਰੀਮਤੀ ਭੁਪਿੰਦਰ ਕੌਰ ਤੇ ਉੱਚੇ ਤੇ ਮਿੱਠੇ ਬੋਲਾਂ ਵਾਲੇ ਬੇਟੇ ਮਨਰਾਜ ਨੂੰ ਹੀ ਨਹੀਂ ਸਗੋਂ ਉਸਦੇ ਪਰਿਵਾਰਕ ਮੈਂਬਰਾਂ ਤੋਂ ਬਿਨਾ ਮੇਰੇ ਵਰਗੇ ਡੇਢ ਦਰਜਨ ਜਾਣੇ ਪਹਿਚਾਣੇ ਸੱਜਣ ਮਿੱਤਰਾਂ ਨੂੰ ਵੀ ਬੁਲਾਇਆ ਗਿਆ ਸੀ। ਪਾਤਰ ਦਾ ਛੋਟਾ ਭਰਾ ਉਪਕਾਰ ਸਿੰਘ ਵੀ ਸਪਤ ਸਿੰਧੂ ਫੋਰਮ ਵਲੋਂ ਯੂਨੀਵਰਸਿਟੀ ਗੋਲਡਨ ਜੁਬਲੀ ਹਾਲ ਵਿਚ ਵਿਉਂਤੇ ਗਏ ਵੱਡੇ ਖਾਣੇ ਉੱਤੇ ਪਹੁੰਚਿਆ ਹੋਇਆ ਸੀ ਤੇ ਇਸ ਮੌਕੇ ਚਿਰੀ ਵਿਛੁੰਨੇ ਸੱਜਣਾਂ ਮਿੱਤਰਾਂ ਨੇ ਇਕ ਦੂਜੇ ਨੂੰ ਮਿਲ ਕੇ ਬੀਤੇ ਸਮੇਂ ਨੂੰ ਚੇਤੇ ਕਰਨ ਦਾ ਅਨੰਦ ਮਾਣਿਆ। ਪਾਤਰ ਦੇ ਸ਼ਬਦਾਂ ਵਿਚ ‘ਭੁੱਲੀਆਂ ਵਿੱਸਰੀਆਂ ਥਾਵਾਂ’ ਨੂੰ ਢੂੰਡਣ ਵਿਚ ਸਫਲ ਹੋਏ।

ਮੈਂ ਪਾਤਰ ਨੂੰ ਉਦੋਂ ਦਾ ਜਾਣਦਾ ਸਾਂ ਜਦੋਂ ਮੇਰੀ ਦਿੱਲੀ ਤੋਂ ਪੰਜਾਬ ਦੀ ਫੇਰੀ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਇਕ ਕਵੀ ਦਰਬਾਰ ਵਿਚ ਉਸਨੇ ਆਪਣੀ ਨਵੀਂ ਗ਼ਜ਼ਲ ਪੜ੍ਹੀ ਸੀ ਜਿਸਦੇ ਹੇਠ ਲਿਖੇ ਸ਼ਿਅਰਾਂ ਨੇ ਮੈਨੂੰ ਮੋਹ ਲਿਆ ਸੀ:

ਕਈ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ
ਐਵੇਂ ਲੰਘ ਜਾਨੈਂ ਪਾਣੀ ਕਦੀ ਵਾ ਬਣ ਕੇ
ਜਦੋਂ ਮਿਲਿਆ ਸੀ, ਹਾਣ ਦਾ ਸੀ, ਸਾਂਵਲਾ ਜਿਹਾ
ਜਦੋਂ ਜੁਦਾ ਹੋਇਆ, ਭੁਲ ਗਿਆ ਖੁਦਾ ਬਣ ਕੇ।

ਸਰੋਤਿਆਂ ਦੀ ਬੇਨਤੀ ਉੱਤੇ ਉਸ ਨੇ ਇਕ ਹੋਰ ਗ਼ਜ਼ਲ ਵੀ ਸੁਣਾਈ ਜਿਸਦਾ ਇਹ ਸ਼ਿਅਰ ਚੇਤੇ ਹੈ:

ਇਹ ਵੀ ਘੱਟ ਹੈ ਇਸ ਰੁੱਖ ਨੂੰ ਹੈ ਮੇਰੇ ਖੂਨ ਨੇ ਸਿੰਜਿਆ
ਕੀ ਹੋਇਆ ਜੇ ਪੱਤਿਆਂ ’ਤੇ ਮੇਰਾ ਨਾਮ ਨਹੀਂ ਹੈ।

ਉਸਨੂੰ ਪ੍ਰਕਿਰਤੀ, ਪੌਣ-ਪਾਣੀਆਂ ਤੇ ਫੁੱਲ ਬੂਟਿਆਂ ਤੇ ਰੁੱਖਾਂ ਨਾਲ ਮੋਹ ਸੀ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਉਸਦੀ ਕਾਵਿ ਕਲਾ ਨੂੰ ਨਿਖਾਰਦੇ ਰਹਿੰਦੇ ਹਨ। ਉਸਦੇ ਬੋਲ ਹਨ:

ਮਿੱਟੀ ਉੱਤੇ, ਫੁੱਲ ਦੇ ਉੱਤੇ, ਤੇ ਸ਼ਾਇਰ ਦੇ ਦਿਲ ’ਤੇ
ਇਕ ਮੋਈ ਤਿਤਲੀ ਦਾ ਹੁੰਦਾ ਵੱਖੋ ਵਖਰਾ ਭਾਰ।

ਸਾਡੇ ਵਿਛੋੜਾ ਦੇ ਗਏ ਮਿੱਤਰ ਦੇ ਬੋਲਾਂ ਦਾ ਕੋਈ ਜਵਾਬ ਨਹੀਂ ਸੀ। 2010 ਵਿਚ ਮੇਰੇ ਪ੍ਰਕਾਸ਼ਕ ਹਰੀਸ਼ ਜੈਨ ਨੇ ਮੇਰੇ ਬਾਰੇ ਇੱਕ ਕਿਤਾਬ ਤਿਆਰ ਕੀਤੀ। ਮੇਰੇ ਮਿੱਤਰਾਂ ਦੇ ਲੇਖਾਂ ਦੀ। ਉਹ ਜਾਣਦਾ ਸੀ ਕਿ ਜਦੋਂ ਮੈਂ ਪੰਜਾਬ ਖੇਤੀ ਯੂਨੀਵਰਸਿਟੀ ਵਿਚ ਕੰਮ ਕਰਦਾ ਸੀ ਤਾਂ ਪਾਤਰ ਵੀ ਉਥੇ ਹੁੰਦਾ ਸੀ। ਮੇਰਾ ਕੁਲੀਗ। ਉਸ ਤੋਂ ਲਿਖਵਾਏ ਬਿਨਾਂ ਪੁਸਤਕ ਅਧੂਰੀ ਸੀ। ਉਸ ਪੁਸਤਕ ਲਈ ਲਿਖਣ ਵਾਲੇ ਸੰਤ ਸਿੰਘ ਸੇਖੋਂ, ਸ਼ਿਵ ਕੁਮਾਰ ਬਟਾਲਵੀ, ਖੁਸ਼ਵੰਤ ਸਿੰਘ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਰਵਿੰਦਰ ਰਵੀ, ਹਰਿਭਜਨ ਸਿੰਘ, ਨੂਰ, ਭੁੱਲਰ, ਰਘਬੀਰ ਸਿੰਘ ਤੇ ਹਰਚਰਨ ਬੈਂਸ ਹੀ ਨਹੀਂ ਸੁਰਜੀਤ ਪਾਤਰ ਸਮੇਤ ਡੇਢ ਦਰਜਨ ਸਨ। ਪਰ ਜਿਹੜਾ ਲੇਖ ਮੈਂ ਆਪਣੇ ਸਰਟੀਫਿਕੇਟਾਂ ਵਿਚ ਸਾਂਭ ਰੱਖਿਆ ਹੈ। ਉਸਦਾ ਰਚਨਹਾਰਾ ਮੈਥੋਂ ਗਿਆਰਾਂ ਸਾਲ ਛੋਟਾ ਸੁਰਜੀਤ ਪਾਤਰ ਸੀ। ਉਸ ਲੇਖ ਦੇ ਦੋ ਫਿਕਰੇ ਪੇਸ਼ ਹਨ:

‘‘ਜੇ ਕਦੀ ਦਿੱਲੀ ਜਾਵੋ ਤਾਂ ਸਕੂਟਰਾਂ ਤੇ ਮੋਟਰਾਂ ਦੀ ਘੀਂ ਘੀਂ ਤੇ ਜਾਣੇ ਪਹਿਚਾਣੇ ਲੋਕਾਂ ਦੇ ਅਜਨਬੀ ਵਿਵਹਾਰ ਸਮੇਂ ਜੇ ਕਿਧਰੇ ਗੁਲਜ਼ਾਰ ਸਿੰਘ ਸੰਧੂ ਮਿਲ ਜਾਵੇ ਤਾਂ ਮੌਜ ਲੱਗ ਜਾਂਦੀ ਹੈ... ਜਿਵੇਂ ਹਰੇ ਕਚੂਰ ਤੂਤਾਂ ਦੀ ਸੰਘਣੀ ਛਾਵੇਂ ਠੰਢੇ ਪਾਣੀ ਵਾਲਾ ਖੂਹ ਵਗ ਰਿਹਾ ਹੋਵੇ ਤੇ ਨਾਲ ਹੀ ਵਗ ਰਹੀ ਹੋਵੇ ਠੰਢੀ ਹਵਾ, ਤੇ ਚਲ੍ਹੇ ਦੇ ਚਾਂਦੀ ਰੰਗੇ ਪਾਣੀ ਵਿਚ ਸਰਬਤੀ ਖਰਬੂਜੇ ਠੰਢੇ ਹੋ ਰਹੇ ਹੋਣ।’’



*ਇੰਟਰਨੈਸ਼ਨਲ ਪਲਾਨਡ ਪੇਰੈਂਟਹੁੱਡ ਫੈਡਰੇਸ਼ਨ ਦੇ ਉਦਯਾਟਨੀ ਸਮਾਗਮ ਦੀ ਯਾਦਗਾਰੀ ਤਸਵੀਰ।*

ਸ਼ਿਵ ਬਟਾਲਵੀ ਦੇ ਸ਼ਬਦਾਂ ਵਿਚ ਜੋਬਨ ਰੁੱਤੇ ਮਰਨ ਵਾਲਾ ਫੁੱਲ ਜਾਂ ਤਾਰਾ ਬਣਦਾ ਹੈ। ਇਸਦੇ ਉਲਟ ਪਾਤਰ ਇੰਨਾ ਲੰਮਾ ਜੀਵਨ ਭੋਗ ਕੇ ਰੁਖ਼ਸਤ ਹੋਇਆ। ਸੂਰਜ ਬਣ ਕੇ, ਅਜਿਹਾ ਸੂਰਜ ਜਿਹੜਾ ਸਿਵੇ ਵਿਚ ਬਲ ਕੇ ਵੀ ਨਹੀਂ ਮਰਦਾ।

ਸਪਤ ਸਿੰਧੂ ਫੋਰਮ ਵਾਲੇ ਸ਼ਰਧਾਂਜਲੀ ਸਮਾਰੋਹ ਦਾ ਨਿਚੋੜ ਵੀ ਇਹੀਓ ਸੀ। ਮਰ ਕੇ ਜੀਵਤ ਰਹਿਣ ਵਾਲਾ।

### ਫੈਮਿਲੀ ਪਲਾਨਿੰਗ ਐਸੋਸੀਏਸ਼ਨ ਦੀ ਗੋਲਡਨ ਜੁਬਲੀ

ਜੁਲਾਈ ਮਹੀਨੇ ਫੈਮਿਲੀ ਪਲਾਨਿੰਗ ਐਸੋਸੀਏਸ਼ਨ ਆਫ ਇੰਡੀਆ ਨੂੰ ਸਥਾਪਤ ਹੋਇਆਂ 75 ਸਾਲ ਹੋ ਗਏ ਹਨ। 1947 ਵਿਚ ਭਾਰਤ ਦੇ ਸੁਤੰਤਰ ਹੋਣ ਸਮੇਂ ਇਸ ਦੇਸ਼ ਦਾ ਹਰ ਸ਼ਾਦੀਸ਼ੁਦਾ ਜੋੜਾ ਔਸਤਨ ਛੇ ਬੱਚਿਆਂ ਨੂੰ ਜਨਮ ਦਿੰਦਾ ਸੀ। ਨਤੀਜੇ ਵਜੋਂ ਸਿਹਤ ਸਹੂਲਤਾਂ ਦੀ ਘਾਟ ਹੋਣ ਕਾਰਨ ਏਥੋਂ ਦੇ ਲੋਕਾਂ ਦੀ ਔਸਤ ਆਯੂ ਕੇਵਲ 40 ਸਾਲ ਸੀ। ਇਸ ਮਸਲੇ ਨੇ ਦੇਸ਼ ਦੀਆਂ ਦੋ ਚਿੰਤਕ ਮਹਿਲਾਵਾਂ ਕੋਲੋਂ 1949 ਵਿਚ ਫੈਮਿਲੀ ਪਲਾਨਿੰਗ ਐਸੋਸੀਏਸ਼ਨ ਆਫ ਇੰਡੀਆ ਦੀ ਸਥਾਪਨਾ ਕਰਵਾ ਦਿੱਤੀ। ਨਹਿਰੂ ਸਰਕਾਰ ਨੇ ਇਸਦਾ ਸਵਾਗਤ ਕਰਦਿਆਂ ਪਰਿਵਾਰ ਨਿਯੋਜਨ ਦੇ ਵਿਸ਼ੇ ਨੂੰ ਪ੍ਰਥਮ ਪੰਜ ਸਾਲਾ ਯੋਜਨਾ ਵਿਚ ਸ਼ਾਮਲ ਕਰ ਲਿਆ। ਜਿਵੇਂ ਲੇਡੀ ਧਨਵੰਤ ਰਾਮਾ ਰਾਓ ਤੇ ਸ੍ਰੀਮਤੀ ਅਬਾਵਾਈ ਵਾਦੀਆ ਦੀ ਦੂਰ ਦ੍ਰਿਸ਼ਟੀ ਨੇ ਸਭਨਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਉਨ੍ਹਾਂ ਦੀ ਘਾਲਣਾ ਸਦਕਾ ਦੇਸ਼ ਦੇ ਚੋਣਵੇਂ ਸ਼ਹਿਰਾਂ ਤੇ ਸਾਰੇ ਪੇਂਡੂ ਇਲਾਕਿਆਂ ਵਿਚ ਮਹਿਲਾਵਾਂ ਦੀ ਚੰਗੀ ਸਿਹਤ ਦਾ ਸੰਦੇਸ਼ ਪਰਿਵਾਰ ਨਿਯੋਜਨ ਦੇ ਕਰਮਚਾਰੀਆਂ ਨੇ ਪਹੁੰਚਾਇਆ। ਏਥੋਂ ਤੱਕ ਕਿ ਭਾਰਤ ਮਸਲੇ ਨੂੰ ਹੁਲਾਰਾ ਦੇਣਾ ਵਾਲਾ ਕੁੱਲ ਦੁਨੀਆਂ ਦਾ ਮੋਹਰੀ ਦੇਸ਼ ਬਣਿਆ। ਫੇਰ ਜਦੋਂ ਉਨ੍ਹਾਂ ਨੇ ਮੁੰਬਈ ਵਿਖੇ ਤੀਜੀ ਅੰਤਰਰਾਸ਼ਟਰੀ ਪਰਿਵਾਰ ਨਿਯੋਜਨ ਕਾਨਫਰੰਸ ਕਰਵਾਈ ਤਾਂ ਲੰਡਨ ਵਿਚ ਇੰਟਰਨੈਸ਼ਨਲ ਪਲਾਂਡ ਪੇਰੈਂਟਹੁੱਡ ਫੈਡਰੇਸ਼ਨ ਹੋਂਦ ਵਿਚ ਆ ਗਈ ਜਿਸਦੇ ਇਸ ਵੇਲੇ 149 ਦੇਸ਼ ਮੈਂਬਰ ਹਨ। ਜਿਥੋਂ ਤੱਕ ਭਾਰਤ ਦੀ ਮੁੰਬਈ ਵਾਲੀ ਵਡਮੁੱਲੀ ਸ਼ਾਖਾ ਦਾ ਸਬੰਧ ਹੈ, ਅੱਜ ਦੇ ਦਿਨ ਇਸਦੀ ਦੇਖ-ਰੇਖ ਥੱਲੇ ਭਾਰਤ ਦੇ 18 ਰਾਜਾਂ ਵਿਚ 44 ਬਰਾਂਚਾਂ ਕੰਮ ਕਰਦੀਆਂ ਹਨ। ਹਰਿਆਣਾ ਰਾਜ ਦੀਆਂ ਸ਼ਾਖਾਵਾਂ ਯਮੁਨਾ ਨਗਰ ਤੇ ਪੰਚਕੂਲਾ ਵਿਚ ਹਨ ਤੇ ਪੰਜਾਬ ਦੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਭਾਵ ਮੋਹਾਲੀ ਵਿਚ।

ਮੋਹਾਲੀ ਸ਼ਾਖਾ ਨੇ ਆਪਣੀ 75ਵੀਂ ਵਰ੍ਹੇਗੰਢ 23 ਜੁਲਾਈ 2024 ਨੂੰ ਮਨਾਈ ਜਿੱਥੇ ਸੌ ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਵਿਚ ਲੋਕਲ ਲੀਡਰ ਤੇ ਸੰਸਥਾ ਦੇ ਵਾਲੰਟੀਅਰ ਹੀ ਨਹੀਂ ਸਥਾਨਕ ਸੰਸਥਾਵਾਂ ਦੇ ਕਾਲਜਾਂ ਦੇ ਅਧਿਕਾਰੀ ਵੀ ਸ਼ਾਮਲ ਹੋਏ। ਏਸ ਸ਼ਾਖਾ ਦੇ ਕੰਮਾਂ ਦਾ ਜ਼ਿਕਰ ਕਰਦਿਆਂ ਡਾ. ਸ੍ਰੀਮਤੀ ਵੀਨਾ ਗੁਪਤਾ ਨੇ ਦੱਸਿਆ ਕਿ ਇਹ ਬ੍ਰਾਂਚ ਮੋਹਾਲੀ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਦੀਆਂ ਝੁੱਗੀਆਂ ਵਿਚ ਕਿਸ਼ੋਰ ਸਿੱਖਿਆ ਤੇ ਜਿਨਸੀ ਸਿੱਖਿਆ ਪ੍ਰਦਾਨ ਕਰਦੀ ਹੈ। ਚੇਅਰਪਰਸਨ ਵਿਨੋਦ ਕਪੂਰ ਨੇ ਇਸ ਸ਼ਾਖਾ ਦੇ 89ੜ/ਏਡਜ਼ ਦੀ ਰੋਕਥਾਮ ਵਾਲੇ ਪ੍ਰਾਜੈਕਟਾਂ ਦੀ ਗੱਲ ਕਰ ਕੇ ਸੀਨੀਅਰ ਵਾਲੰਟੀਅਰਾਂ ਤੇ ਸਟਾਫ ਦੇ ਯੋਗਦਾਨ ਉਤੇ ਚਾਨਣਾ ਪਾਇਆ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ। ਹਰਿੰਦਰ ਪਾਲ ਸਿੰਘ ਨਿਗਰਾਨ ਤੇ ਮੁਲਾਂਕਣ ਅਫਸਰ ਨੇ ਇਸ ਬ੍ਰਾਂਚ ਦੀ ਸਥਾਪਨਾ ਤੇ ਇਤਿਹਾਸ ਦੱਸਣ ਉਪਰੰਤ ਵਾਲੰਟੀਅਰਾਂ ਦੀ ਭੂਮਿਕਾ ਦਾ ਉਚੇਚਾ ਜ਼ਿਕਰ ਕੀਤਾ। ਬ੍ਰਾਂਚ ਮੈਨੇਜਰ ਰਾਜੇਸ਼ ਕੁਮਾਰ ਤੇ ਪ੍ਰੋਗਰਾਮ ਅਫਸਰ ਹਰਸ਼ ਬਾਲਾ ਨੇ ਯੂਥ ਵਾਲੰਟੀਅਰਾਂ ਕੋਲੋਂ ਬੂਟੇ ਲਗਵਾਏ ਜਿਸਦਾ ਖੂਬ ਸਵਾਗਤ ਹੋਇਆ। ਲੇਡੀ ਧਨਵੰਤ ਰਾਓ ਤੇ ਮੈਡਮ ਵਾਦੀਆ ਜ਼ਿੰਦਾਬਾਦ!

***ਅੰਤਿਕਾ***

ਧਰਮਪਾਲ ਉਪਾਸਕ॥
ਪੰਡਤ ਜੀ ਨਾ ਦੇਵੋ ਪਾਣੀ ਸੂਰਜ ਨੂੰ
ਚੱਪਾ ਚੱਪਾ ਧਰਤੀ ਦਾ ਤ੍ਰਿਹਾਇਆ ਹੈ।

# ਬੋਲਣ ਦੀ ਆਜ਼ਾਦੀ ਦਾ ਝੰਡਾਬਰਦਾਰ ਸਲਮਾਨ ਰਸ਼ਦੀ

‘ਪਿਛਲੇ ਦੋ ਦਹਾਕਿਆਂ ਤੋਂ ਮੈਂ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਲਟਕਦਾ ਹੋਇਆ ਇੱਕ ਅਜਿਹਾ ਕਿਰਦਾਰ ਬਣ ਗਿਆ ਹਾਂ ਕਿ ਮੇਰੀ ਕਹਾਣੀ ਹੁਣ ਦੁਨੀਆ ਦੇ ਉਨ੍ਹਾਂ ਲੇਖਕਾਂ ਦੀ ਕਹਾਣੀ ਹੈ ਜਿਨ੍ਹਾਂ ਨੇ ਜ਼ਿੰਦਗੀ ਦਾ ਯਥਾਰਥ ਬਿਲਕੁਲ ਨੇੜੇ ਹੋ ਕੇ ਵੇਖਿਆ ਹੈ।’

ਇਹ ਲਫ਼ਜ਼ ਸੰਸਾਰ ਸਾਹਿਤ ਦੇ ਪ੍ਰਸਿੱਧ ਅੰਗਰੇਜ਼ੀ ਲੇਖਕ ਤੇ ਭਾਰਤੀ ਮੂਲ ਦੀ ਚਰਚਿਤ ਸ਼ਖ਼ਸੀਅਤ ਸਲਮਾਨ ਰਸ਼ਦੀ ਨੇ ਇੱਕ ਮੁਲਾਕਾਤ ਵਿਚ ਪ੍ਰਸਿੱਧ ਐਂਕਰ ਮੇਗਨ ਲਿਮ

**ਕ੍ਰਿਸ਼ਨ ਕੁਮਾਰ ਰੱਤੂ**
**ਫੋਨ: 94787-30156**

ਤੇ ਮੇਰੀ ਲੁਈਸ ਕੈਲੀ ਨਾਲ ਆਪਣੇ ਜੀਵਨ ਬਾਰੇ ਅਤੇ ਆਪਣੇ ਉੱਤੇ ਹੋਏ ਜਾਨਲੇਵਾ ਹਮਲੇ ਦਾ ਬਿਰਤਾਂਤ ਦੱਸਦਿਆਂ ਆਖੇ ਸਨ।

ਸਲਮਾਨ ਰਸ਼ਦੀ ਦੁਨੀਆ ਦੇ ਉਨ੍ਹਾਂ ਕੁਝ ਲੇਖਕਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਅਕਸਰ ਵਿਵਾਦਾਂ ਵਿਚ ਘਿਰੇ ਰਹਿਣ ਦੇ ਬਾਵਜੂਦ ਬੇਹੱਦ ਇੱਜ਼ਤ ਮਿਲੀ ਹੈ। ਅੱਜ-ਕੱਲ੍ਹ ਉਹ ਇਸ ਲਈ ਚਰਚਾ ਵਿਚ ਹੈ ਕਿ ਉਸ ਦਾ ਸੱਜਰਾ ਨਾਵਲ ‘ਨਾਈਫ: ਮੈਡੀਟੇਸ਼ਨਜ਼ ਆਫਟਰ ਐਨ ਅਟੈਂਪਟਡ ਮਰਡਰ’ ਪੜ੍ਹਨ ਲਈ ਉਪਲੱਬਧ ਹੋ ਗਿਆ ਹੈ। ਦੁਨੀਆ ਭਰ ਦੇ ਸਾਹਿਤ ਰਸੀਆਂ ਨੂੰ ਪਤਾ ਹੈ ਕਿ ਸਲਮਾਨ ਰਸ਼ਦੀ ਉੱਘਾ ਲੇਖਕ ਤੇ ਨਾਵਲਕਾਰ ਹੈ।

2022 ਵਿਚ ਇਕ ਨੌਜਵਾਨ ਨੇ ਸਲਮਾਨ ਰਸ਼ਦੀ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ ਸੀ ਜਿਸ ਵਿਚ ਉਹ ਮਰਦਾ-ਮਰਦਾ ਬਚਿਆ ਸੀ। ਉਸ ਨੇ ਆਪਣੇ ਹਥਲੇ ਨਾਵਲ ‘ਨਾਈਫ’ ਰਾਹੀਂ ਉਸ ਘਟਨਾ ਨੂੰ ਐਨ ਪ੍ਰਤੱਖ ਦਿਖਾ ਦਿੱਤਾ ਹੈ। ਇਸ ਘਟਨਾ ਨੂੰ ਬਿਆਨ ਕਰਦਿਆਂ ਉਸ ਨੇ ਦੱਸਿਆ ਕਿ ਅਸੀਂ ਸਟੇਜ ਉੱਤੇ ਕੁਰਸੀਆਂ ’ਤੇ ਬੈਠੇ ਸੀ, ਸਾਡੇ ਵਿਚਕਾਰ ਇੱਕ ਛੋਟਾ ਜਿਹਾ ਮੇਜ਼ ਸੀ ਅਤੇ ਇਹ ਆਦਮੀ ਦਰਸ਼ਕਾਂ ਵਿਚੋਂ ਉੱਠ ਕੇ ਸਟੇਜ ਵੱਲ ਆ ਰਿਹਾ ਸੀ।

ਦਰਅਸਲ, ਸਲਮਾਨ ਰਸ਼ਦੀ ਇਸ ਘਟਨਾ ਦਾ ਹਵਾਲਾ ਦੇ ਰਿਹਾ ਹੈ ਜਿਸ ਦਾ ਕਾਰਨ ਉਸ ਦੇ 1988 ਦੇ ਨਾਵਲ ‘ਦਿ ਸੈਟੇਨਿਕ ਵਰਸਿਜ਼’ (ਸ਼ੈਤਾਨੀ ਆਇਤਾਂ) ਦੇ ਪ੍ਰਤੀਕਰਮ ਵਜੋਂ ਜਾਰੀ ਹੋਇਆ ਫ਼ਤਵਾ ਬਣਿਆ। ਇਰਾਨ ਦੇ ਪ੍ਰਮੁੱਖ ਆਗੂ ਆਇਤੁੱਲ੍ਹਾ ਖੋਮੇਨੀ ਨੇ ਫਰਵਰੀ 1989 ਵਿਚ ਫ਼ਤਵਾ ਜਾਰੀ ਕਰ ਕੇ ਮੁਸਲਮਾਨਾਂ ਨੂੰ ਰਸ਼ਦੀ ਨੂੰ ਮਾਰਨ ਲਈ ਕਿਹਾ ਸੀ। ਉਸ ਤੋਂ ਬਾਅਦ ਉਹ ਹਰ ਵੇਲੇ ਪੁਲੀਸ ਦੀ ਸੁਰੱਖਿਆ ਹੇਠ ਰਹਿ ਰਿਹਾ ਹੈ।

ਇੰਟਰਵਿਊ ਵਿਚ ਉਸ ਦੀ ਜ਼ਿੰਦਗੀ ਬਾਰੇ ਪੁੱਛੇ ਗਏ ਸਵਾਲ ਦਾ ਰਸ਼ਦੀ ਨੇ ਇਹ ਜਵਾਬ ਦਿੱਤਾ ਕਿ ਉਹ ਸਾਲ 2000 ਦੇ ਸ਼ੁਰੂ ਵਿਚ ਨਿਊਯਾਰਕ ਵਿਚ ਰਹਿਣ ਲਈ ਆਇਆ ਸੀ ਅਤੇ ਉਦੋਂ ਤੋਂ ਇੱਥੇ ਹੀ ਰਹਿੰਦਾ ਹੈ। ਉਹ ਬੜੀ ਬੇਬਾਕੀ ਨਾਲ ਆਪਣੀ ਨਵੀਂ ਕਿਤਾਬ ‘ਨਾਈਫ’ ਬਾਰੇ ਦੱਸਦਾ ਹੈ। ਜਾਪਦਾ ਹੈ ਜਿਵੇਂ ਉਹ ਸਮਿਆਂ ਦੇ ਆਰ-ਪਾਰ ਸਫ਼ਰ ਕਰਦਿਆਂ ਅਤੀਤ ਵਿਚੋਂ ਉੱਭਰ ਰਿਹਾ ਹੋਵੇ। ਉਸ ਨੇ ਸੋਚਿਆ ਕਿ ਨੌਜਵਾਨ ਨੇ ਉਸ ਨੂੰ ਮਾਰਿਆ ਹੈ। ਉਸ ਦੇ ਹੱਥ ਵਿਚ ਕੋਈ ਹਥਿਆਰ ਹੋਣ ਬਾਰੇ ਸਲਮਾਨ ਰਸ਼ਦੀ ਨੂੰ ਉਦੋਂ ਹੀ ਪਤਾ ਲੱਗਿਆ ਜਦੋਂ ਉਸ ਨੇ ਖ਼ੂਨ ਨਿਕਲਦਾ ਦੇਖਿਆ। ਮੌਤ ਨਾਲ ਸਾਹਮਣਾ ਹੋਣ ਦਾ ਵਰਣਨ ਕਰਦਿਆਂ ਰਸ਼ਦੀ ਨੇ ਕਿਹਾ ਕਿ ਉਸ ਦੀ ਸੱਜੀ ਅੱਖ ਦੀ ਰੌਸ਼ਨੀ ਵਾਪਸ ਨਹੀਂ ਆ ਰਹੀ। ਮੌਤ ਦਾ ਵਾਲ ਜਿੰਨੇ ਫਾਸਲੇ ਤੋਂ ਛੂਹ ਕੇ ਗੁਜ਼ਰ ਜਾਣਾ ਮਨੁੱਖ ਨੂੰ ਜੀਵਨ ਦੇ ਹਰ ਦਿਨ, ਹਰ ਪਲ ਦੀ ਕੀਮਤ ਬਾਰੇ ਬਹੁਤ ਜ਼ਿਆਦਾ ਸੂਝ ਦਿੰਦਾ ਹੈ।

ਸਲਮਾਨ ਰਸ਼ਦੀ ਦੀਆਂ ਲਿਖਤਾਂ ਵਿਚ ਹਰ ਤਰ੍ਹਾਂ ਦੇ ਚਮਤਕਾਰ ਵਾਪਰਦੇ ਹਨ। ਸਾਹਿਤਕ ਰੂਪ ਵਜੋਂ ਯਥਾਰਥਵਾਦ ਸੰਸਾਰ ਦੇ ਪਾਗਲਪਣ ਦਾ ਵਰਣਨ ਕਰਨ ਲਈ ਕਾਫ਼ੀ ਨਹੀਂ ਹੈ। ਸੰਸਾਰ ਅਤਿ-ਯਥਾਰਥ ਹੈ ਅਤੇ ਉਸ ਨੂੰ ਅਤਿ-ਯਥਾਰਥਵਾਦ, ਅਸਲ ਦੇ ਨੇੜੇ ਜਾਪਦਾ ਹੈ। ਉਸ ਨੇ ਆਪਣੀ ਕਿਤਾਬ ਦਾ ਸਿਰਲੇਖ ‘ਨਾਈਫ’ ਰੱਖਿਆ ਹੈ ਹਾਲਾਂਕਿ ਇਹ ਕਿਸੇ ਚਾਕੂ ਬਾਰੇ ਨਹੀਂ ਹੈ। ਸਲਮਾਨ ਰਸ਼ਦੀ ਮੁਤਾਬਿਕ ਜ਼ਿੰਦਗੀ ਪਰਛਾਵੇਂ ਅਤੇ ਸੂਰਜ ਦੀ ਰੌਸ਼ਨੀ ਨਿਆਈਂ ਹੈ।

ਨਾਵਲ ‘ਨਾਈਫ’ ਇਸ ਵੇਲੇ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅੰਗਰੇਜ਼ੀ ਭਾਸ਼ਾ ਦੀ ਆਲੋਚਕ



ਰੇਚਲ ਕੁੱਕ ਆਖਦੀ ਹੈ ਕਿ 2022 ਵਿਚ ਹੋਏ ਜਾਨਲੇਵਾ ਹਮਲੇ ਬਾਰੇ ਲੇਖਕ ਦਾ ਬਿਆਨ ਬੋਲਣ ਦੀ ਆਜ਼ਾਦੀ ਦੀ ਦਲੇਰਾਨਾ ਮਿਸਾਲ ਹੈ ਪਰ ਸਵੈ-ਸਤਿਕਾਰ ਦੀ ਭਾਵਨਾ ਨਾਲ ਕੀਤੀ ਰਚਨਾ ਹੋਣ ਕਾਰਨ ਕਿਤੇ ਕਿਤੇ ਇਸ ਪੁਸਤਕ ਦੀ ਸ਼ਲਾਘਾ ਕਰਨੀ ਔਖੀ ਹੈ।

ਮੇਰੀ ਜਾਚੇ ਸਲਮਾਨ ਰਸ਼ਦੀ ਦੇ ਇਸ ਨਾਵਲ ਦਾ ਹਰ ਪੰਨਾ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਸ ਤੋਂ ਇਲਾਵਾ ਕੋਈ ਹੋਰ ਅਜਿਹੀ ਰਚਨਾ ਨਹੀਂ ਕਰ ਸਕਦਾ। ਇਹ ਲਿਖਤ ਉਸ ਦੀਆਂ ਪਹਿਲੀਆਂ ਲਿਖਤਾਂ ਜਿੰਨੀ ਚੰਗੀ ਵੀ ਹੈ ਅਤੇ (ਕਈ ਵਾਰ) ਮਾੜੀ ਵੀ। ਉਹ ਬੋਲਣ ਦੀ ਆਜ਼ਾਦੀ ’ਤੇ ਪਹਿਰਾ ਦੇਣ ਵਾਲੇ ਦਲੇਰ ਵਿਅਕਤੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਉਸ ਅਨੁਸਾਰ ਉਹ ‘ਕਲਾ ਨਾਲ’ ਨਫ਼ਰਤ ਦਾ ਸਾਹਮਣਾ ਕਰੇਗਾ। ਇਸੇ ਲਈ ਪੁਸਤਕ ‘ਨਾਈਫ’ ਦਾ ਜਨਮ ਹੋਇਆ। ਹਮਲਾਵਰ ਨਾਲ ਅਤਿ ‘ਨੇੜਤਾ’ ਤੇ ਹਿੰਸਾ ਦੇ ਪਲਾਂ ਦਾ ਜ਼ਿਕਰ ਕਰਦਿਆਂ ਉਹ ਉਸ ਦਾ ਨਾਮ ਲੈਣਾ ਵੀ ਪਸੰਦ ਨਹੀਂ ਕਰਦਾ। ਉਹ ਉਸ ਨੂੰ ‘ਏ’ ਕਹਿੰਦਾ ਹੈ। ਭੈੜੇ ਸੁਫ਼ਨਿਆਂ ਅਤੇ ਭੁਲੇਖਿਆਂ ਦੀ ਭੀੜ ਅੰਦਰ। ਉਹ ਚਾਹੁੰਦਾ ਹੈ ਕਿ ਨਾਵਲ ‘ਚਾਕੂ’ ਚੁਣੌਤੀਪੂਰਨ ਹੋਣ ਦੇ ਨਾਲ-ਨਾਲ ਦਿਲਾਸਾ ਦੇਣ ਵਾਲਾ ਵੀ ਹੋਵੇ। ਉਹ ਦੱਸਦਾ ਹੈ ਕਿ ਉਸ ਦਾ ਗੁੱਸਾ ਘਟ ਗਿਆ ਹੈ। ਉਸ ਦੀ ਜ਼ਿੰਦਗੀ ਹੁਣ ਜਿਵੇਂ ਕਿਸੇ ਕੋਲ ਗਹਿਣੇ ਪਈ ਅਮਾਨਤ ਹੋਵੇ।

ਪਾਠਕਾਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਮੈਂ ਉਮੀਦ ਕਰਦਾ ਹਾਂ ਕਿ ਉਹ ਪੜ੍ਹਨਗੇ, ਖ਼ਾਸ ਤੌਰ ’ਤੇ ਉਹ ਜਿਹੜੇ ਅਜੋਕੇ ਹਾਲਾਤ ਵਿਚ ਹਿੰਮਤ ਕਰਨਾ ਚਾਹੁੰਦੇ ਹਨ ਪਰ ਹਾਲੀਆ ਸਮਿਆਂ ਵਿਚ ਬਹੁਤ ਸਾਰੀਆਂ ਚੀਜ਼ਾਂ ਬਾਰੇ ਚੁੱਪ ਰਹਿਣਾ ਚੁਣਿਆ ਹੈ। ਰਸ਼ਦੀ ਦੀ ਸਾਹਿਤਕ ਰੋਸ਼ਨੀ ਬੇਅੰਤ ਹੈ। ਨਾਵਲ ‘ਨਾਈਫ’ ਰਾਹੀਂ ਵੀ ਸਲਮਾਨ ਰਸ਼ਦੀ ਨੇ ਨੌਜਵਾਨਾਂ ਨੂੰ ਬੋਲਣ ਦੀ ਆਜ਼ਾਦੀ ਦੀ ਕਦਰ ਨਾ ਭੁੱਲਣ ਦੀ ਚਿਤਾਵਨੀ ਦਿੱਤੀ ਹੈ।

ਉਹ ਆਖਦਾ ਹੈ: ‘ਮੈਂ ਇਸ ਦੀ ਵਿਆਖਿਆ ਨਹੀਂ ਕਰ ਸਕਦਾ’।

ਇਸ ਸਮੇਂ ਸਲਮਾਨ ਰਸ਼ਦੀ ਦੀ ਇੱਕ ਅੱਖ ਦੀ ਨਜ਼ਰ ਅਤੇ ਇੱਕ ਹੱਥ ਦੀ ਹਰਕਤ ਖ਼ਤਮ ਹੋ ਗਈ ਹੈ। ਉਸ ਦਾ ਕਹਿਣਾ ਹੈ ਕਿ ਜੇਕਰ ਅਸੀਂ ਬੋਲਣ ਦੀ ਆਜ਼ਾਦੀ ਦੀ ਰੱਖਿਆ ਨਹੀਂ ਕਰਦੇ ਤਾਂ ਅਸੀਂ ਜ਼ੁਲਮ ਵਿਚ ਰਹਿੰਦੇ ਹਾਂ। ਉਸ ਨੇ ਦਿਖਾਇਆ ਹੈ ਕਿ ਜ਼ਿੰਦਗੀ ਕਿਵੇਂ ਸਿਦਕ, ਇਮਾਨ ਤੇ ਸਿਰੜ ਨਾਲ ਜੀਵੀ ਜਾ ਸਕਦੀ ਹੈ।

*** ਉੱਘਾ ਬ੍ਰਾਡਕਾਸਟਰ ਅਤੇ ਸਾਬਕਾ ਉਪ ਮਹਾਨਿਰਦੇਸ਼ਕ, ਦੂਰਦਰਸ਼ਨ।***

ਤੁਮੇਂ ਲੇ ਦੇ ਕੇ ਸਾਰੀ ਦਾਸਤਾਂ ਮੇਂ ਯਾਦ ਹੈ ਇਤਨਾ।
ਕਿ ਔਰੰਗਜ਼ੇਬ ਹਿੰਦੂ-ਕੁਸ਼ ਥਾ, ਜ਼ਾਲਿਮ ਥਾ, ਸਿਤਮਗਰ ਥਾ॥

# ਔਰੰਗਜ਼ੇਬ ਨੇ ਮੰਦਿਰ ਤੋੜੇ ਤੇ ਮਸਜਿਦ ਵੀ ਤੋੜੀ ਪਰ ਕਿਉਂ?

**(ਪੁਸਤਕ : "ਇਤਿਹਾਸ ਕੇ ਸਾਥ ਯਹ ਅਨਿਆਏ")**

ਜਦੋਂ ਮੈਂ ਨਗਰਪਾਲਿਕਾ ਦਾ ਚੈਅਰਮੈਨ ਸੀ (1948 ਈ. ਤੋਂ 1953 ਈ. ਤੱਕ) ਤਾਂ ਮੇਰੇ ਸਾਹਮਣੇ ਦਾਖਿਲ-ਖਾਰਿਜ ਦਾ ਇੱਕ ਮਸਲਾ ਲਿਆਂਦਾ ਗਿਆ। ਇਹ ਮਸਲਾ ਸੋਮੇਸ਼ਵਰ ਨਾਥ ਮਹਾਦੇਵ ਮੰਦਿਰ ਨਾਲ ਸੰਬੰਧਿਤ ਜਾਇਦਾਦ ਦੇ ਬਾਰੇ ਸੀ। ਮੰਦਿਰ ਦੇ ਮਹੰਤ ਦੀ ਮੌਤ ਤੋਂ ਬਾਅਦ ਉਸ ਜਾਇਦਾਦ ਦੇ ਦੋ ਦਾਅਵੇਦਾਰ ਖੜ੍ਹੇ ਹੋ ਗਏ ਸਨ। ਇਕ ਦਾਅਵੇਦਾਰ ਨੇ ਕੁਝ ਦਸਤਾਵੇਜ਼ ਜਮ੍ਹਾਂ ਕਰਵਾਏ ਜੋ ਉਸ ਦੇ ਖਾਨਦਾਨ ਵਿਚ ਬਹੁਤ ਦਿਨਾਂ ਤੋਂ ਚੱਲੇ ਆ ਰਹੇ ਸਨ। ਇਨ੍ਹਾਂ ਦਸਤਾਵੇਜ਼ਾਂ ਵਿਚ ਸ਼ਹਿਨਸ਼ਾਹ ਔਰੰਗਜ਼ੇਬ ਦੇ ਫ਼ਰਮਾਨ ਵੀ ਸਨ। ਔਰੰਗਜ਼ੇਬ ਨੇ ਇਸ ਮੰਦਿਰ ਨੂੰ ਜਾਗੀਰ ਅਤੇ ਨਕਦ ਦਾਨ ਦਿੱਤਾ ਸੀ। ਮੈਂ ਸੋਚਿਆ ਕਿ ਇਹ

**ਲੇਖਕ: ਪ੍ਰੋ. ਬੀ.ਐਨ ਪਾਂਡੇ**
**ਅਨੁਵਾਦ: ਰਮਨਦੀਪ ਕੌਰ**

ਫ਼ਰਮਾਨ ਨਕਲੀ ਹੋਣਗੇ। ਮੈਨੂੰ ਹੈਰਾਨੀ ਹੋਈ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਔਰੰਗਜ਼ੇਬ ਜਿਹੜਾ ਮੰਦਿਰਾਂ ਨੂੰ ਤੋੜਨ ਲਈ ਪ੍ਰਸਿੱਧ ਹੈ, ਉਹ ਇਕ ਮੰਦਿਰ ਨੂੰ ਇਹ ਕਹਿ ਕੇ ਜਾਗੀਰ ਦੇ ਦਿੰਦਾ ਹੈ ਕਿ ਇਹ ਜਾਗੀਰ ਪੂਜਾ ਅਤੇ ਭੋਗ ਦੇ ਲਈ ਦਿੱਤੀ ਜਾ ਰਹੀ ਹੈ। ਆਖ਼ਿਰ ਔਰੰਗਜ਼ੇਬ ਕਿਵੇਂ ਬੁੱਤ-ਪ੍ਰਸਤੀ ਨਾਲ ਆਪਣੇ ਆਪ ਨੂੰ ਭਾਗੀਦਾਰ ਬਣਾ ਸਕਦਾ ਹੈ। ਮੈਨੂੰ ਵਿਸ਼ਵਾਸ ਸੀ ਕਿ ਇਹ ਦਸਤਾਵੇਜ਼ ਨਕਲੀ ਹਨ, ਪਰ ਕੋਈ ਫ਼ੈਸਲਾ ਲੈਣ ਤੋਂ ਪਹਿਲਾ ਮੈਂ ਡਾ. ਸਰ ਤੇਜ ਬਹਾਦੁਰ ਸਪਰੂ ਦੀ ਸਲਾਹ ਲੈਣੀ ਸਹੀ ਸਮਝੀ। ਉਹ ਅਰਬੀ ਅਤੇ ਫ਼ਾਰਸੀ ਦੇ ਵਧੀਆ ਜਾਣਕਾਰ ਸਨ। ਮੈਂ ਦਸਤਾਵੇਜ਼ ਉਨ੍ਹਾਂ ਅੱਗੇ ਪੇਸ਼ ਕੀਤੇ ਅਤੇ ਉਨ੍ਹਾਂ ਦੀ ਸਲਾਹ ਮੰਗੀ ਤਾਂ ਉਨ੍ਹਾਂ ਨੇ ਦਸਤਾਵੇਜ਼ਾਂ ਦਾ ਅਧਿਐਨ ਕਰਨ ਤੋਂ ਬਾਅਦ ਕਿਹਾ ਕਿ ਔਰੰਗਜ਼ੇਬ ਦੇ ਇਹ ਫ਼ਰਮਾਨ ਅਸਲੀ ਅਤੇ ਵਾਸਤਵਿਕ ਹਨ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਮੁਨਸ਼ੀ ਨੂੰ ਬਨਾਰਸ ਦੇ ਜੰਗਮਬਾੜੀ ਮੰਦਿਰ ਦੀ ਫਾਈਲ ਲਿਆਉਣ ਲਈ ਕਿਹਾ। ਇਹ ਮੁਕੱਦਮਾ ਇਲਾਹਾਬਾਦ ਹਾਈਕੋਰਟ ਵਿਚ 15 ਸਾਲਾਂ ਤੋਂ ਵਿਚਾਰ ਅਧੀਨ ਸੀ। ਜੰਗਮਬਾੜੀ ਮੰਦਿਰ ਦੇ ਮਹੰਤ ਕੋਲ ਵੀ ਕਈ ਫਰਮਾਨ ਸਨ, ਜਿਨ੍ਹਾਂ ਵਿਚ ਮੰਦਿਰਾਂ ਨੂੰ ਜ਼ਮੀਨ ਦਿੱਤੀ ਗਈ ਸੀ।

ਇਨ੍ਹਾਂ ਦਸਤਾਵੇਜ਼ਾਂ ਨੇ ਔਰੰਗਜ਼ੇਬ ਦੀ ਨਵੀਂ ਤਸਵੀਰ ਮੇਰੇ ਅੱਗੇ ਪੇਸ਼ ਕਰ ਦਿੱਤੀ, ਜਿਸ ਨਾਲ ਮੈਂ ਹੈਰਾਨ ਰਹਿ ਗਿਆ। ਡਾ. ਸਪਰੂ ਦੀ ਸਲਾਹ 'ਤੇ ਮੈਂ ਭਾਰਤ ਦੇ ਵਿਭਿੰਨ ਪ੍ਰਮੁੱਖ ਮੰਦਿਰਾਂ ਦੇ ਮਹੰਤਾਂ ਨੂੰ ਚਿੱਠੀ ਭੇਜ ਕੇ ਬੇਨਤੀ ਕੀਤੀ ਕਿ ਜੇਕਰ ਉਨ੍ਹਾਂ ਕੋਲ ਔਰੰਗਜ਼ੇਬ ਦੇ ਕੁਝ ਫਰਮਾਨ ਹੋਣ, ਜਿਨ੍ਹਾਂ ਵਿਚ ਮੰਦਿਰਾਂ ਨੂੰ ਜਾਗੀਰਾਂ ਦਿੱਤੀਆਂ ਗਈਆਂ ਹੋਣ ਤਾਂ ਕਿਰਪਾ ਕਰਕੇ ਉਨ੍ਹਾਂ ਦੀ ਫੋਟੋ-ਸਟੇਟ ਕਾਪੀਆਂ ਮੇਰੇ ਕੋਲ ਭੇਜ ਦੇਣ। ਹੁਣ ਮੇਰੇ ਅੱਗੇ ਹੈਰਾਨੀ ਦੀ ਇੱਕ ਹੋਰ ਗੱਲ ਆਈ। ਉਜੈਨ ਦੇ ਮਹਾਕਾਲੇਸ਼ਵਰ ਮੰਦਿਰ, ਚਿਤਰਕੂਟ ਦਾ ਬਾਲਾਜੀ ਮੰਦਿਰ, ਗੁਹਾਟੀ ਦਾ ਉਮਾਨੰਦ ਮੰਦਿਰ, ਸਤਰੁਨਜਾਈ ਦੇ ਜੈਨ ਮੰਦਿਰ ਅਤੇ ਉੱਤਰ ਭਾਰਤ ਵਿਚ ਫੈਲੇ ਅਨੇਕਾਂ ਪ੍ਰਮੁੱਖ ਮੰਦਿਰਾਂ ਅਤੇ ਗੁਰਦੁਆਰਿਆਂ ਨਾਲ ਸੰਬੰਧਿਤ ਜਾਗੀਰਾਂ ਦੇ ਲਈ ਔਰੰਗਜ਼ੇਬ ਦੇ ਫਰਮਾਨਾਂ ਦੀਆਂ ਨਕਲਾਂ ਮੈਨੂੰ ਪ੍ਰਾਪਤ ਹੋਈਆਂ। ਇਹ ਫਰਮਾਨ 1659 ਈ. ਤੋਂ 1685 ਈ. ਦਰਮਿਆਨ ਜਾਰੀ ਕੀਤੇ ਗਏ ਸਨ। ਹਾਲਾਂਕਿ ਹਿੰਦੂਆਂ ਅਤੇ ਉਨ੍ਹਾਂ ਦੇ ਮੰਦਿਰਾਂ ਪ੍ਰਤੀ ਔਰੰਗਜ਼ੇਬ ਦੇ ਉਦਾਰ ਰਵੱਈਏ ਦੀਆਂ ਇਹ ਕੁਝ ਮਿਸਾਲਾਂ ਹਨ, ਫਿਰ ਵੀ ਇਸ ਨਾਲ ਇਹ ਸਿੱਧ ਹੋ ਜਾਂਦਾ ਹੈ ਕਿ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਸੰਬੰਧ ਵਿਚ ਜੋ ਕੁਝ ਵੀ ਲਿਖਿਆ ਹੈ, ਉਹ ਪੱਖਪਾਤ 'ਤੇ ਆਧਾਰਿਤ ਹੈ ਅਤੇ ਇਸ ਨਾਲ ਉਸ ਦਾ ਇਕ ਹੀ ਰੂਪ ਸਾਹਮਣੇ ਲਿਆਂਦਾ ਗਿਆ ਹੈ। ਭਾਰਤ ਇਕ ਵਿਸ਼ਾਲ ਦੇਸ਼ ਹੈ, ਜਿਸ ਵਿਚ ਹਜ਼ਾਰਾਂ ਮੰਦਿਰ ਚਾਰੇ ਪਾਸੇ ਫੈਲੇ ਹੋਏ ਹਨ। ਜੇਕਰ ਸਹੀ ਢੰਗ ਨਾਲ ਖੋਜ ਕੀਤੀ ਜਾਵੇ ਤਾਂ ਮੈਨੂੰ ਵਿਸ਼ਵਾਸ ਹੈ ਕਿ ਹੋਰ ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਮਿਲ ਜਾਣਗੀਆਂ, ਜਿਨ੍ਹਾਂ ਨਾਲ ਔਰੰਗਜ਼ੇਬ ਦੇ ਗ਼ੈਰ-ਮੁਸਲਮਾਨਾਂ ਪ੍ਰਤੀ ਉਦਾਰ ਵਿਵਹਾਰ ਬਾਰੇ ਪਤਾ ਲੱਗੇਗਾ। ਔਰੰਗਜ਼ੇਬ ਦੇ ਫ਼ਰਮਾਨਾਂ ਦੀ ਜਾਂਚ-ਪੜਤਾਲ ਦੇ ਸਿਲਸਿਲੇ ਦੌਰਾਨ ਮੇਰਾ ਸੰਪਰਕ ਸ੍ਰੀ ਗਿਆਨ ਚੰਦ ਅਤੇ ਪਟਨਾ ਮਿਊਜ਼ੀਅਮ ਦੇ ਸਾਬਕਾ ਕਿਊਰੇਟਰ ਡਾ. ਪੀ.ਐਲ. ਗੁਪਤਾ ਨਾਲ ਹੋਇਆ। ਇਹ ਅਨੁਭਵੀ ਵੀ ਔਰੰਗਜ਼ੇਬ ਦੇ ਵਿਸ਼ੇ ਵਿਚ ਇਤਿਹਾਸਕ ਦ੍ਰਿਸ਼ਟੀ ਤੋਂ ਅਤਿ ਮਹੱਤਵਪੂਰਨ ਖੋਜ ਕਰ ਰਹੇ ਸਨ। ਮੈਨੂੰ ਖ਼ੁਸ਼ੀ ਹੋਈ ਕਿ ਕੁਝ ਹੋਰ ਖੋਜ ਕਰਤਾ ਵੀ ਸਚਾਈ ਨੂੰ ਲੱਭਣ ਵਿਚ ਰੁੱਝੇ ਹੋਏ ਹਨ ਅਤੇ ਬਹੁਤ ਬਦਨਾਮ ਔਰੰਗਜ਼ੇਬ ਦੀ ਤਸਵੀਰ ਨੂੰ ਸਾਫ਼ ਕਰਨ ਵਿਚ ਆਪਣਾ ਯੋਗਦਾਨ ਦੇ ਰਹੇ ਹਨ। ਔਰੰਗਜ਼ੇਬ, ਜਿਸ ਨੂੰ ਪੱਖਪਾਤੀ ਇਤਿਹਾਸਕਾਰਾਂ ਨੇ ਭਾਰਤ ਵਿਚ ਮੁਸਲਿਮ ਹਕੂਮਤ ਦਾ ਪ੍ਰਤੀਕ ਮੰਨ ਰੱਖਿਆ ਹੈ। ਉਸ ਦੇ ਬਾਰੇ ਉਹ ਕੀ ਵਿਚਾਰ ਰੱਖਦੇ ਹਨ ਇਸ ਵਿਸ਼ੇ ਵਿਚ ਇੱਥੋਂ ਤੱਕ ਕਿ 'ਸ਼ਿਬਲੀ' ਵਰਗੇ ਇਤਿਹਾਸ ਗਵੇਸ਼ੀ ਕਵੀ ਨੂੰ ਕਹਿਣਾ ਪਿਆ:

ਤੁਮੇਂ ਲੇ ਦੇ ਕੇ ਸਾਰੀ ਦਾਸਤਾਂ ਮੇਂ
ਯਾਦ ਹੈ ਇਤਨਾ।
ਕਿ ਔਰੰਗਜ਼ੇਬ ਹਿੰਦੂ-ਕੁਸ਼ ਥਾ,
ਜ਼ਾਲਿਮ ਥਾ, ਸਿਤਮਗਰ ਥਾ॥

ਔਰੰਗਜ਼ੇਬ ਉੱਤੇ ਹਿੰਦੂ ਦੁਸ਼ਮਣੀ ਦੇ ਦੋਸ਼ ਦੇ ਸੰਬੰਧ ਵਿਚ ਜਿਸ ਫ਼ਰਮਾਨ ਨੂੰ ਬਹੁਤ ਉਛਾਲਿਆ ਗਿਆ ਹੈ, ਉਹ 'ਫ਼ਰਮਾਨੇ-ਬਨਾਰਸ' ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਫ਼ਰਮਾਨ ਬਨਾਰਸ ਦੇ ਮੁਹੱਲਾ ਗੌਰੀ ਦੇ ਇਕ ਬ੍ਰਾਹਮਣ ਪਰਿਵਾਰ ਨਾਲ ਸੰਬੰਧਿਤ ਹੈ। 1905 ਈ. ਵਿਚ ਇਸ ਨੂੰ ਗੋਪੀ ਉਪਾਧਿਆਇ ਦੇ ਨਿਵਾਸੇ ਮੰਗਲ ਪਾਂਡੇ ਨੇ ਸਿਟੀ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਸੀ। ਇਸ ਨੂੰ ਪਹਿਲੀ ਵਾਰ 'ਏਸ਼ੀਆਟਿਕ-ਸੁਸਾਇਟੀ' ਬੰਗਾਲ ਵਲੋਂ ਜਰਨਲ (ਪੱਤ੍ਰਿਕਾ) ਨੇ 1911 ਈ. ਵਿਚ ਪ੍ਰਕਾਸ਼ਿਤ ਕੀਤਾ ਸੀ। ਫਲਸਰੂਪ ਰਿਸਰਚ ਕਰਨ ਵਾਲਿਆਂ ਦਾ ਧਿਆਨ ਇੱਧਰ ਗਿਆ। ਉਦੋਂ ਤੋਂ ਹੀ ਇਤਿਹਾਸਕਾਰ ਇਸ ਦਾ ਹਵਾਲਾ ਦਿੰਦੇ ਆ ਰਹੇ ਹਨ ਅਤੇ ਉਹ ਇਸ ਆਧਾਰ 'ਤੇ ਔਰੰਗਜ਼ੇਬ 'ਤੇ ਦੋਸ਼ ਲਾ ਰਹੇ ਹਨ ਕਿ ਉਸ ਨੇ ਹਿੰਦੂ ਮੰਦਿਰਾਂ ਦੇ ਨਿਰਮਾਣ 'ਤੇ ਰੋਕ ਲਗਾ ਦਿੱਤੀ ਸੀ, ਜਦਕਿ ਇਸ ਫ਼ਰਮਾਨ ਦਾ ਵਾਸਤਵਿਕ ਮਹੱਤਵ ਉਨ੍ਹਾਂ ਦੀਆਂ ਅੱਖਾਂ ਤੋਂ ਓਹਲੇ ਰਹਿ ਜਾਂਦਾ ਹੈ। ਇਹ ਲਿਖਤੀ ਫ਼ਰਮਾਨ ਔਰੰਗਜ਼ੇਬ ਨੇ 15 ਜੁਮਾਦੁਲ-ਅੱਵਲ 1065 ਹਿ. (10 ਮਾਰਚ 1659 ਈ.) ਨੂੰ ਬਨਾਰਸ ਦੇ ਸਥਾਨਕ ਅਧਿਕਾਰੀ ਦੇ ਨਾਮ ਭੇਜਿਆ ਸੀ ਜਿਹੜਾ ਇਕ ਬ੍ਰਾਹਮਣ ਦੀ ਸ਼ਿਕਾਇਤ ਦੇ ਸਿਲਸਿਲੇ ਵਿਚ ਜਾਰੀ ਕੀਤਾ ਗਿਆ ਸੀ। ਉਹ ਬ੍ਰਾਹਮਣ ਇਕ ਮੰਦਿਰ ਦਾ ਮਹੰਤ ਸੀ ਅਤੇ ਕੁਝ ਲੋਕ ਉਸ ਨੂੰ ਪ੍ਰੇਸ਼ਾਨ ਕਰ ਰਹੇ ਸਨ। ਫ਼ਰਮਾਨ ਵਿਚ ਕਿਹਾ ਗਿਆ ਹੈ: "ਅਬੁਲਹਸਨ ਨੂੰ ਮੇਰੀ ਸ਼ਾਹੀ ਉਦਾਰਤਾ ਦਾ ਕਾਇਲ ਰਹਿੰਦੇ ਹੋਏ ਇਹ ਜਾਣਨਾ ਚਾਹੀਦਾ ਹੈ ਕਿ ਮੇਰੀ ਸੁਭਾਵਿਕ ਦਿਆਲਤਾ ਅਤੇ ਪ੍ਰਾਕ੍ਰਿਤਕ ਨਿਆਂ ਦੇ ਅਨੁਸਾਰ ਮੇਰਾ ਸਾਰਾ ਅਣਥੱਕ ਸੰਘਰਸ਼ ਅਤੇ ਇਨਸਾਫ਼ ਪਸੰਦ ਇਰਾਦਿਆਂ ਦਾ ਉਦੇਸ਼ ਜਨ-ਕਲਿਆਣ ਨੂੰ ਵਧਾਉਣਾ ਹੈ ਅਤੇ ਹਰ ਉੱਚ ਅਤੇ ਨਿਮਨ ਵਰਗਾਂ ਦੇ ਹਾਲਾਤਾਂ ਨੂੰ ਬਿਹਤਰ ਬਣਾਉਣਾ ਹੈ। ਆਪਣੇ ਪਵਿੱਤਰ ਕਾਨੂੰਨ ਦੇ ਅਨੁਸਾਰ ਮੈਂ ਫ਼ੈਸਲਾ ਲਿਆ ਹੈ ਕਿ ਪ੍ਰਾਚੀਨ ਮੰਦਿਰਾਂ ਨੂੰ ਤਬਾਹ ਅਤੇ ਬਰਬਾਦ ਨਹੀਂ ਕੀਤਾ ਜਾਵੇਗਾ, ਅਲਬਤਾ ਨਵੇਂ ਮੰਦਿਰ ਨਾ ਬਣਾਏ ਜਾਣ। ਮੇਰੇ ਇਸ ਨਿਆਂ ਉੱਤੇ ਆਧਾਰਿਤ ਕਾਲ ਵਿਚ ਮੇਰੇ ਮਾਣਯੋਗ ਅਤੇ ਪਵਿੱਤਰ ਦਰਬਾਰ ਵਿਚ ਇਹ ਸੂਚਨਾ ਪਹੁੰਚੀ ਹੈ ਕਿ ਕੁਝ ਲੋਕ ਬਨਾਰਸ ਸ਼ਹਿਰ ਅਤੇ ਉਸ ਦੇ ਆਲੇ-ਦੁਆਲੇ ਦੇ ਹਿੰਦੂ ਨਾਗਰਿਕਾਂ ਅਤੇ ਮੰਦਿਰਾਂ ਦੇ ਬ੍ਰਾਹਮਣ-ਪੁਰੋਹਿਤਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ ਭਾਵ ਉਨ੍ਹਾਂ ਦੇ ਮਸਲਿਆਂ ਵਿਚ ਦਖ਼ਲ ਦੇ ਰਹੇ ਹਨ, ਜਦਕਿ ਇਹ ਪ੍ਰਾਚੀਨ ਮੰਦਿਰ ਉਨ੍ਹਾਂ ਦੀ ਦੇਖ-ਰੇਖ ਅਧੀਨ ਹੈ। ਇਸ ਦੇ ਇਲਾਵਾ ਉਹ ਇਹ ਚਾਹੁੰਦੇ ਹਨ ਕਿ ਇਨ੍ਹਾਂ ਬ੍ਰਾਹਮਣਾਂ ਨੂੰ ਇਨ੍ਹਾਂ ਦੇ ਪੁਰਾਣੇ ਅਹੁਦਿਆਂ ਤੋਂ ਹਟਾ ਦਿੱਤਾ ਜਾਵੇ। ਇਹ ਦਖ਼ਲਅੰਦਾਜ਼ੀ ਇਸ ਭਾਈਚਾਰੇ ਲਈ ਪ੍ਰੇਸ਼ਾਨੀ ਦਾ ਕਾਰਨ ਹੈ। ਇਸ ਲਈ ਮੇਰਾ ਇਹ ਫ਼ਰਮਾਨ ਹੈ ਕਿ ਮੇਰੇ ਸ਼ਾਹੀ ਹੁਕਮ ਪਹੁੰਚਦੇ ਹੀ ਤੁਸੀਂ ਹਦਾਇਤ ਜਾਰੀ ਕਰ ਦਿਉ ਕਿ ਕੋਈ ਵੀ ਵਿਅਕਤੀ ਗ਼ੈਰ-ਕਾਨੂੰਨੀ ਰੂਪ ਨਾਲ ਦਖ਼ਲਅੰਦਾਜ਼ੀ ਨਾ ਕਰੇ ਅਤੇ ਨਾ ਉਨ੍ਹਾਂ ਸਥਾਨਾਂ ਦੇ ਬ੍ਰਾਹਮਣਾਂ ਤੇ ਹੋਰ ਹਿੰਦੂ ਨਾਗਰਿਕਾਂ ਨੂੰ ਪ੍ਰੇਸ਼ਾਨ ਕਰੇ। ਤਾਂਕਿ ਪਹਿਲਾਂ ਦੀ ਤਰ੍ਹਾਂ ਉਨ੍ਹਾਂ ਦਾ ਕਬਜ਼ਾ ਬਰਕਰਾਰ ਰਹੇ ਅਤੇ ਪੂਰੇ ਮਨ ਨਾਲ ਮੇਰੀ ਇਰਸ-ਪ੍ਰਦਤ ਸਲਤਨਤ ਦੇ ਲਈ ਅਰਦਾਸ ਕਰਦੇ ਰਹਿਣ। ਇਸ ਹੁਕਮ ਨੂੰ ਤੁਰੰਤ ਲਾਗੂ ਕੀਤਾ ਜਾਵੇ।"

ਇਸ ਫ਼ਰਮਾਨ ਤੋਂ ਸਪੱਸ਼ਟ ਹੈ ਕਿ ਔਰੰਗਜ਼ੇਬ ਨੇ ਨਵੇਂ ਮੰਦਿਰਾਂ ਦੇ ਨਿਰਮਾਣ ਦੇ ਵਿਰੁੱਧ ਕੋਈ ਨਵਾਂ ਹੁਕਮ ਜਾਰੀ ਨਹੀਂ ਕੀਤਾ, ਬਲਕਿ ਉਸਨੇ ਕੇਵਲ ਪਹਿਲਾਂ ਤੋਂ ਚੱਲੀ ਆ ਰਹੀ ਪਰੰਪਰਾ ਦਾ ਹਵਾਲਾ ਦਿੱਤਾ ਅਤੇ ਉਸ ਪਰੰਪਰਾ



ਦੀ ਪਾਲਣਾ ਉੱਤੇ ਜ਼ੋਰ ਦਿੱਤਾ। ਪਹਿਲਾਂ ਤੋਂ ਮੌਜੂਦ ਮੰਦਿਰਾਂ ਨੂੰ ਤਬਾਹ ਕਰਨ ਦਾ ਉਸ ਨੇ ਕਠੋਰਤਾ ਨਾਲ ਵਿਰੋਧ ਕੀਤਾ। ਇਸ ਫ਼ਰਮਾਨ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਹਿੰਦੂ ਜਨਤਾ ਨੂੰ ਸੁੱਖ-ਸ਼ਾਂਤੀ ਨਾਲ ਜੀਵਨ ਜਿਉਣ ਦੇ ਮੌਕੇ ਦੇਣ ਦਾ ਇੱਛੁਕ ਸੀ। ਇਹ ਸਿਰਫ਼ ਇਕ ਹੀ ਫ਼ਰਮਾਨ ਨਹੀਂ ਹੈ। ਬਨਾਰਸ ਵਿਚੋਂ ਇੱਕ ਹੋਰ ਫ਼ਰਮਾਨ ਮਿਲਦਾ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਔਰੰਗਜ਼ੇਬ ਅਸਲ ਵਿਚ ਚਾਹੁੰਦਾ ਸੀ ਕਿ ਹਿੰਦੂ ਸੁੱਖ-ਸ਼ਾਂਤੀ ਨਾਲ ਜੀਵਨ ਜਿਉ ਸਕਣ। ਇਹ ਫ਼ਰਮਾਨ ਇਸ ਤਰ੍ਹਾਂ ਹੈ: "ਰਾਮਨਗਰ (ਬਨਾਰਸ) ਦੇ ਮਹਾਰਾਜਾ ਧਿਰਾਜ ਰਾਜਾ ਰਾਮ ਸਿੰਘ ਨੇ ਮੇਰੇ ਦਰਬਾਰ ਵਿਚ ਅਰਜ਼ੀ ਦਿੱਤੀ ਹੈ ਕਿ ਉਨ੍ਹਾਂ ਦੇ ਪਿਤਾ ਨੇ ਗੰਗਾ ਨਦੀ ਦੇ ਕਿਨਾਰੇ ਆਪਣੇ ਧਾਰਮਿਕ ਗੁਰੂ ਭਗਵਤ ਗੋਸਾਈਂ ਦੇ ਨਿਵਾਸ ਲਈ ਇਕ ਮਕਾਨ ਬਣਵਾਇਆ ਸੀ। ਹੁਣ ਕੁਝ ਲੋਕ ਗੋਸਾਈਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਅੰਤ ਇਹ ਫ਼ਰਮਾਨ ਜਾਰੀ ਕੀਤਾ ਜਾਂਦਾ ਹੈ ਕਿ ਇਸ ਫ਼ਰਮਾਨ ਦੇ ਪਹੁੰਚਦਿਆਂ ਹੀ ਸਾਰੇ ਵਰਤਮਾਨ ਅਧਿਕਾਰੀ ਅਤੇ ਆਉਣ ਵਾਲੇ ਅਧਿਕਾਰੀ ਇਸ ਗੱਲ ਦਾ ਪੂਰਾ ਧਿਆਨ ਰੱਖਣ ਕਿ ਕੋਈ ਵੀ ਵਿਅਕਤੀ ਗੋਸਾਈਂ ਨੂੰ ਪ੍ਰੇਸ਼ਾਨ ਅਤੇ ਡਰਾ-ਧਮਕਾ ਨਾ ਸਕੇ, ਅਤੇ ਨਾ ਉਨ੍ਹਾਂ ਦੇ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਕਰੇ, ਤਾਂਕਿ ਉਹ ਪੂਰੇ ਮਨ ਨਾਲ ਮੇਰੀ ਇਰਸ-ਪ੍ਰਦਤ ਸਲਤਨਤ ਦੇ ਲਈ ਅਰਦਾਸ ਕਰਦੇ ਰਹਿਣ। ਇਸ ਫ਼ਰਮਾਨ ਉੱਤੇ ਤੁਰੰਤ ਅਮਲ ਕੀਤਾ ਜਾਵੇ।" ( ਤਾਰੀਖ-17 ਬਬੀ ਉਸਸਾਨੀ 1091 ਹਿ)

ਜੰਗਮਬਾੜੀ ਮਠ ਦੇ ਮਹੰਤ ਕੋਲ ਕੁਝ ਫ਼ਰਮਾਨਾਂ ਤੋਂ ਪਤਾ ਲੱਗਦਾ ਹੈ ਕਿ ਔਰੰਗਜ਼ੇਬ ਕਦੇ ਵੀ ਇਹ ਬਰਦਾਸ਼ਤ ਨਹੀਂ ਕਰਦਾ ਸੀ ਕਿ ਉਸਦੀ ਪਰਜਾ ਦੇ ਅਧਿਕਾਰ ਕਿਸੇ ਤਰ੍ਹਾਂ ਨਾਲ ਖੋਹੇ ਜਾਣ, ਚਾਹੇ ਉਹ ਹਿੰਦੂ ਹੋਣ ਜਾਂ ਮੁਸਲਮਾਨ। ਉਹ ਅਪਰਾਧੀਆਂ ਨਾਲ ਸਖ਼ਤੀ ਨਾਲ ਪੇਸ਼ ਆਉਂਦਾ ਸੀ। ਇਨ੍ਹਾਂ ਫ਼ਰਮਾਨਾਂ ਵਿਚ ਜੰਗਮ ਲੋਕਾਂ (ਸ਼ੈਵ ਸਮੁਦਾਇ ਦੇ ਇਕ ਮਤ ਦੇ ਲੋਕ) ਵੱਲੋਂ ਇਕ ਮੁਸਲਮਾਨ ਨਾਗਰਿਕ ਨੂੰ ਦਰਬਾਰ ਵਿਚ ਲਿਆਂਦਾ ਗਿਆ, ਜਿਸ 'ਤੇ ਸ਼ਾਹੀ ਹੁਕਮ ਦਿੱਤਾ ਗਿਆ ਕਿ ਬਨਾਰਸ ਸੂਬੇ ਦੇ ਇਲਾਹਾਬਾਦ ਦੇ ਅਫ਼ਸਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੁਰਾਣੇ ਬਨਾਰਸ ਦੇ ਨਾਗਰਿਕਾਂ ਅਰਜੁਨ ਮਲ ਅਤੇ ਜੰਗਮੀਆਂ ਨੇ ਸ਼ਿਕਾਇਤ ਕੀਤੀ ਹੈ ਕਿ ਬਨਾਰਸ ਦੇ ਇਕ ਨਾਗਰਿਕ ਨਜ਼ੀਰ ਬੇਗ ਨੇ ਕਸਬਾ ਬਨਾਰਸ ਵਿਚ ਉਨ੍ਹਾਂ ਦੀਆਂ ਪੰਜ ਹਵੇਲੀਆਂ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਜੇਕਰ ਸ਼ਿਕਾਇਤ ਸੱਚੀ ਸਿੱਧ ਹੋਈ ਅਤੇ ਸ਼ਿਕਾਇਤਕਰਤਾ ਦੀ ਮਲਕੀਅਤ ਦਾ ਅਧਿਕਾਰ ਪ੍ਰਮਾਣਿਤ ਹੋ ਜਾਵੇ ਤਾਂ ਨਜ਼ੀਰ ਬੇਗ ਨੂੰ ਉਨ੍ਹਾਂ ਹਵੇਲੀਆਂ ਵਿਚ ਦਾਖ਼ਲ ਨਾ ਹੋਣ ਦਿੱਤਾ ਜਾਵੇ ਤਾਂਕਿ ਜੰਗਮੀਆਂ ਨੂੰ ਭਵਿੱਖ ਵਿਚ ਆਪਣੀ ਸ਼ਿਕਾਇਤ ਦੂਰ ਕਰਾਉਣ ਲਈ ਮੇਰੇ ਦਰਬਾਰ ਵਿਚ ਨਾ ਆਉਣਾ ਪਵੇ। ਇਸ ਫ਼ਰਮਾਨ ਉੱਤੇ 11 ਸ਼ਾਬਾਨ, 13 ਜੁਲੂਸ (1672 ਈ.) ਦੀ ਤਾਰੀਖ਼ ਦਰਜ ਹੈ। ਇਸੇ ਮੱਠ ਕੋਲ ਇੱਕ ਹੋਰ ਫ਼ਰਮਾਨ ਜਿਸ ਉੱਤੇ ਪਹਿਲੀ ਨਬੀਉਲ-ਅੱਵਲ 1078 ਹਿ. ਦੀ ਤਾਰੀਖ਼ ਦਰਜ ਹੈ, ਜਿਸ 'ਤੇ ਲਿਖਿਆ ਹੈ ਕਿ ਜ਼ਮੀਨ ਦਾ ਕਬਜ਼ਾ ਜੰਗਮੀਆਂ ਨੂੰ ਦਿੱਤਾ ਗਿਆ। ਫ਼ਰਮਾਨ ਵਿਚ ਦਰਜ ਹੈ:- "ਪਰਗਨਾ ਹਵੇਲੀ ਬਨਾਰਸ ਦੇ ਸਾਰੇ ਵਰਤਮਾਨ ਅਤੇ ਭਾਵੀ ਜਾਗੀਰਦਾਰਾਂ ਅਤੇ ਕਰੋੜੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਹਿਨਸ਼ਾਹ ਦੇ ਹੁਕਮ ਨਾਲ 178 ਬੀਘੇ ਜ਼ਮੀਨ ਜੰਗਮੀਆਂ (ਸ਼ੈਵ ਸੰਪਰਦਾਇ ਦੇ ਇਕ ਮਤ ਦੇ ਲੋਕ) ਨੂੰ ਦਿੱਤੀ ਜਾਂਦੀ ਹੈ। ਪੁਰਾਣੇ ਅਫ਼ਸਰਾਂ ਨੇ ਜਾਂਚ ਕੀਤੀ ਸੀ ਅਤੇ ਸਮੇਂ ਦੇ ਪਰਗਨਾ ਦੇ ਮਾਲਕ ਦੀ ਮੁਹਰ ਦੇ ਨਾਲ ਇਹ ਸਬੂਤ ਪੇਸ਼ ਕੀਤਾ ਸੀ ਕਿ ਜ਼ਮੀਨ ਉੱਤੇ ਉਸ ਦਾ ਹੀ ਹੱਕ ਹੈ। ਅੰਤ ਸ਼ਹਿਨਸ਼ਾਹ ਦੀ ਜਾਨ ਦੇ ਸਦਕੇ ਦੇ ਰੂਪ 'ਚ ਇਹ ਜ਼ਮੀਨ ਉਸ ਨੂੰ ਦੇ ਦਿੱਤੀ ਗਈ। ਖ਼ਰੀਫ਼ ਦੀ ਫ਼ਸਲ ਦੀ ਸ਼ੁਰੂਆਤ ਤੋਂ ਜ਼ਮੀਨ 'ਤੇ ਉਸ ਦਾ ਕਬਜ਼ਾ ਬਹਾਲ ਕੀਤਾ ਜਾਵੇ ਅਤੇ ਫਿਰ ਕਿਸੇ ਪ੍ਰਕਾਰ ਦੀ ਦਖ਼ਲਅੰਦਾਜ਼ੀ ਨਾ ਹੋਣ ਦਿੱਤੀ ਜਾਵੇ ਤਾਂ ਕਿ ਜੰਗਮੀ ਲੋਕ ਉਸ ਦੀ ਆਮਦਨੀ ਨਾਲ ਆਪਣਾ ਗੁਜ਼ਾਰਾ ਕਰ ਸਕਣ।" ਇਸ ਫ਼ਰਮਾਨ ਤੋਂ ਸਿਰਫ਼ ਇਹ ਹੀ ਪਤਾ ਨਹੀਂ ਲੱਗਦਾ ਕਿ ਔਰੰਗਜ਼ੇਬ ਸੁਭਾਅ ਤੋਂ ਨਿਆਂ ਪਸੰਦ ਸੀ, ਬਲਕਿ ਇਹ ਵੀ ਸਾਫ਼ ਨਜ਼ਰ ਆ ਜਾਂਦਾ ਹੈ ਕਿ ਉਹ ਇਸ ਤਰ੍ਹਾਂ ਦੀਆਂ ਜ਼ਮੀਨਾਂ ਦੇ ਬਟਵਾਰੇ ਵਿਚ ਹਿੰਦੂ ਧਾਰਮਿਕ ਸੇਵਕਾਂ ਦੇ ਨਾਲ ਕੋਈ ਵਿਤਕਰਾ ਨਹੀਂ ਕਰਦਾ ਸੀ। ਜੰਗਮੀਆਂ ਨੂੰ 178 ਬੀਘੇ ਜ਼ਮੀਨ ਖ਼ੁਦ ਔਰੰਗਜ਼ੇਬ ਨੇ ਹੀ ਦਿੱਤੀ ਸੀ, ਕਿਉਂਕਿ ਇਕ ਹੋਰ ਫ਼ਰਮਾਨ (ਤਾਰੀਖ਼ 5 ਰਮਜਾਨ,1071 ਹਿ.) ਵਿਚ ਇਸ ਦਾ ਸਪੱਸ਼ਟੀਕਰਨ ਕੀਤਾ ਗਿਆ ਕਿ ਇਹ ਜ਼ਮੀਨ ਮਾਲਗੁਜ਼ਾਰੀ ਤੋਂ ਮੁਕਤ ਹੈ।

ਔਰੰਗਜ਼ੇਬ ਨੇ ਇਕ ਹੋਰ ਫ਼ਰਮਾਨ (1098 ਹਿ.) ਦੇ ਅਨੁਸਾਰ ਇਕ ਦੂਸਰੀ ਹਿੰਦੂ ਧਾਰਮਿਕ ਸੰਸਥਾ ਨੂੰ ਵੀ ਜਾਗੀਰ ਦਿੱਤੀ। ਫ਼ਰਮਾਨ ਵਿਚ ਕਿਹਾ ਗਿਆ ਹੈ: "ਬਨਾਰਸ ਵਿਚ ਗੰਗਾ ਨਦੀ ਦੇ ਕਿਨਾਰੇ ਬੇਨੀ-ਮਾਧੋ ਘਾਟ 'ਤੇ ਦੋ ਪਲਾਟ ਖਾਲੀ ਹਨ ਇਕ ਮਰਕਜ਼ੀ ਮਸਜਿਦ ਦੇ ਕਿਨਾਰੇ ਰਾਮਜੀਵਨ ਗੋਸਾਈਂ ਦੇ ਘਰ ਦੇ ਸਾਹਮਣੇ ਅਤੇ ਦੂਸਰਾ ਉਸ ਤੋਂ ਪਹਿਲਾਂ। ਇਹ ਪਲਾਟ ਬੈਤੁਲ-ਮਾਲ ਦੀ ਮਲਕੀਅਤ ਹਨ। ਮੈਂ ਇਹ ਪਲਾਟ ਰਾਮਜੀਵਨ ਗੋਸਾਈਂ ਅਤੇ ਉਸ ਦੇ ਮੁੰਡੇ ਨੂੰ 'ਇਨਾਮ' ਦੇ ਰੂਪ ਵਿਚ ਦਿੰਦੇ ਹਨ ਤਾਂ ਕਿ ਇਨ੍ਹਾਂ ਪਲਾਟਾਂ 'ਤੇ ਬ੍ਰਾਹਮਣਾਂ ਅਤੇ ਫ਼ਕੀਰਾਂ ਦੇ ਰਹਿਣ ਲਈ ਮਕਾਨ ਬਣਵਾਉਣ ਤੋਂ ਬਾਅਦ ਉਹ ਪਰਮਾਤਮਾ ਦੀ ਬੰਦਗੀ ਅਤੇ ਇਰਸ-ਪ੍ਰਦਤ ਸਲਤਨਤ ਦੀ ਲੰਬੀ ਉਮਰ ਲਈ ਅਰਦਾਸ ਕਰਨ ਵਿਚ ਲੱਗ ਜਾਣ। ਮੇਰੇ ਪੁੱਤਰਾਂ, ਵਜ਼ੀਰਾਂ, ਅਮੀਰਾਂ, ਉੱਚ ਅਹੁਦੇਦਾਰਾਂ, ਦਰੋਗੇ ਅਤੇ ਵਰਤਮਾਨ ਅਤੇ ਸਾਰੇ ਭਾਵੀ ਕੋਤਵਾਲਾਂ ਲਈ ਜ਼ਰੂਰੀ ਹੈ ਕਿ ਉਹ ਇਸ ਆਦੇਸ਼ ਦੀ ਪਾਲਣਾ ਦਾ ਧਿਆਨ ਰੱਖਣ ਅਤੇ ਪਲਾਟ, ਯੋਗ ਵਿਅਕਤੀ ਅਤੇ ਉਸ ਦੇ ਵਾਰਿਸਾਂ ਦੇ ਕਬਜ਼ੇ ਵਿਚ ਹੀ ਰਹਿਣ ਦੇਣ ਅਤੇ ਉਨ੍ਹਾਂ ਤੋਂ ਨਾ ਕੋਈ ਮਾਲਗੁਜ਼ਾਰੀ ਜਾਂ ਟੈਕਸ ਲਿਆ ਜਾਵੇ ਅਤੇ ਨਾ ਹੀ ਉਨ੍ਹਾਂ ਤੋਂ ਹਰ ਸਾਲ ਨਵੀਂ ਸਨਦ ਮੰਗੀ ਜਾਵੇ।" ਲੱਗਦਾ ਹੈ ਕਿ ਔਰੰਗਜ਼ੇਬ ਨੂੰ ਆਪਣੀ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਦੇ ਸਨਮਾਨ ਦਾ ਵਧੇਰੇ ਧਿਆਨ ਰਹਿੰਦਾ ਸੀ।

ਮੇਰੇ ਕੋਲ ਔਰੰਗਜ਼ੇਬ ਦਾ ਇੱਕ ਫ਼ਰਮਾਨ (2 ਸਫ਼ਰ, 9 ਜੁਲੂਸ) ਹੈ ਜਿਹੜਾ ਅਸਮ ਦੇ ਸ਼ਹਿਰ ਗੁਹਾਟੀ ਦੇ ਉਮਾਨੰਦ ਮੰਦਿਰ ਦੇ ਪੰਡਿਤ ਸੁਦਾਮਨ ਬ੍ਰਾਹਮਣ ਦੇ ਨਾਂ ਸੀ। ਅਸਮ ਦੇ ਹਿੰਦੂ ਰਾਜਿਆਂ ਵੱਲੋਂ ਇਸ ਮੰਦਿਰ ਅਤੇ ਉਸਦੇ ਪੰਡਿਤ ਨੂੰ ਜ਼ਮੀਨ ਦਾ ਇਕ ਟੁਕੜਾ ਅਤੇ ਕੁਝ ਜੰਗਲਾਂ ਦੀ ਆਮਦਨੀ ਜਾਗੀਰ ਦੇ ਰੂਪ ਵਿਚ ਦਿੱਤੀ ਗਈ ਸੀ, ਤਾਂ ਕਿ ਭੋਗ ਦਾ ਖ਼ਰਚਾ ਪੂਰਾ ਕੀਤਾ ਜਾ ਸਕੇ ਅਤੇ ਪੰਡਿਤ ਦਾ ਰੁਜ਼ਗਾਰ ਚੱਲ ਸਕੇ। ਜਦੋਂ ਇਹ ਪ੍ਰਾਂਤ ਔਰੰਗਜ਼ੇਬ ਦੇ ਸ਼ਾਸਨ-ਖੇਤਰ ਵਿਚ ਆਇਆ, ਤਾਂ ਤੁਰੰਤ ਹੀ ਇਕ ਫ਼ਰਮਾਨ ਦੁਆਰਾ ਇਸ ਜਾਗੀਰ ਨੂੰ ਇਸੇ ਤਰ੍ਹਾਂ ਰੱਖਣ ਦਾ ਹੁਕਮ ਦਿੱਤਾ ਗਿਆ।

ਹਿੰਦੂ ਅਤੇ ਉਨ੍ਹਾਂ ਦੇ ਧਰਮ ਨਾਲ ਔਰੰਗਜ਼ੇਬ ਦੀ ਸਹਿਣਸ਼ੀਲਤਾ ਅਤੇ ਉਦਾਰਤਾ ਦਾ ਇੱਕ ਹੋਰ ਸਬੂਤ ਉਜੈਨ ਦੇ ਮਹਾਂਕਾਲੇਸ਼ਵਰ ਮੰਦਿਰ ਦੇ ਪੁਜਾਰੀਆਂ ਤੋਂ ਮਿਲਦਾ ਹੈ। ਇਹ ਸ਼ਿਵਜੀ ਦੇ ਪ੍ਰਮੁੱਖ ਮੰਦਿਰਾਂ 'ਚੋਂ ਇਕ ਹੈ, ਜਿੱਥੇ ਦਿਨ ਰਾਤ ਦੀਵਾ ਬਲਦਾ ਰਹਿੰਦਾ ਹੈ। ਇਸ ਲਈ ਕਈ ਦਿਨਾਂ ਤੋਂ ਹਰ ਰੋਜ਼ ਚਾਰ ਸੇਰ ਘਿਉ ਉੱਥੋਂ ਦੀ ਸਰਕਾਰ ਵੱਲੋਂ ਦਿੱਤਾ ਜਾਂਦਾ ਸੀ, ਅਤੇ ਪੁਜਾਰੀ ਕਹਿੰਦੇ ਹਨ ਕਿ ਇਹ ਸਿਲਸਿਲਾ ਮੁਗ਼ਲ ਕਾਲ ਵਿਚ ਵੀ ਚੱਲਦਾ ਰਿਹਾ ਹੈ। ਔਰੰਗਜ਼ੇਬ ਨੇ ਵੀ ਇਸ ਪਰੰਪਰਾ ਦਾ ਸਨਮਾਨ ਕੀਤਾ। ਇਸ ਸਿਲਸਿਲੇ ਵਿਚ ਪੁਜਾਰੀਆਂ ਕੋਲ ਮਾੜੀ ਕਿਸਮਤ ਨਾਲ ਕੋਈ ਫ਼ਰਮਾਨ ਉਪਲੱਬਧ ਨਹੀਂ ਹੈ, ਪ੍ਰੰਤੂ ਇੱਕ ਆਦੇਸ਼ ਦੀ ਨਕਲ ਜ਼ਰੂਰ ਹੈ ਜਿਹੜੀ ਔਰੰਗਜ਼ੇਬ ਦੇ ਕਾਲ ਵਿਚ ਸ਼ਹਿਜ਼ਾਦਾ ਮੁਰਾਦ ਬਖ਼ਸ਼ ਵੱਲੋਂ ਜਾਰੀ ਕੀਤਾ ਗਿਆ ਸੀ। 5 ਸ਼ਵਵਾਲ 1061 ਹਿ. ਨੂੰ ਇਹ ਆਦੇਸ਼ ਸ਼ਹਿਨਸ਼ਾਹ ਵੱਲੋਂ ਸ਼ਹਿਜ਼ਾਦੇ ਨੇ ਮੰਦਿਰ ਦੇ ਪੁਜਾਰੀ ਦੇਵ ਨਾਰਾਇਣ ਦੇ ਇਕ ਨਿਵੇਦਨ 'ਤੇ ਜਾਰੀ ਕੀਤਾ ਸੀ। ਵਾਸਤਵਿਕਤਾ ਦੀ ਪੁਸ਼ਟੀ ਦੇ ਬਾਅਦ ਇਸ ਆਦੇਸ਼ ਵਿਚ ਕਿਹਾ ਗਿਆ ਹੈ ਕਿ ਮੰਦਿਰ ਦੇ ਦੀਵੇ ਲਈ ਚਬੂਤਰਾ ਕੋਤਵਾਲ ਦੇ ਤਹਿਸੀਲਦਾਰ ਚਾਰ ਸੇਰ ਘਿਉ ਹਰ ਰੋਜ਼ ਦੇ ਹਿਸਾਬ ਨਾਲ ਮੁਹੱਈਆ ਕਰਵਾਉਣ। ਇਸ ਦੀ ਨਕਲ ਮੂਲ ਆਦੇਸ਼ ਦੇ ਜਾਰੀ ਹੋਣ ਦੇ 93 ਸਾਲ ਬਾਅਦ 1153 ਹਿ. ਵਿਚ ਮੁਹੰਮਦ ਸਅਦੁੱਲਾ ਨੇ ਦੁਬਾਰਾ ਜਾਰੀ ਕੀਤੀ। ਆਮ ਤੌਰ 'ਤੇ ਇਤਿਹਾਸਕਾਰ ਇਸ ਦਾ ਬਹੁਤ ਉਲੇਖ ਕਰਦੇ ਹਨ ਕਿ ਅਹਿਮਦਾਬਾਦ ਦੇ ਨਗਰ ਸੇਠ ਦੇ ਬਣਵਾਏ ਚਿੰਤਾਮਣੀ ਮੰਦਿਰ ਨੂੰ ਤਬਾਹ ਕੀਤਾ ਗਿਆ, ਪ੍ਰੰਤੂ ਇਸ ਵਾਸਤਵਿਕਤਾ ਉੱਤੇ ਪਰਦਾ ਪਾ ਦਿੰਦੇ ਹਨ ਕਿ ਉਸ ਔਰੰਗਜ਼ੇਬ ਨੇ ਉਸੇ ਨਗਰ ਸੇਠ ਦੇ ਬਣਵਾਏ ਹੋਏ ਸ਼ਤਰੁਨਜਯਾ ਅਤੇ ਆਬੂ ਮੰਦਿਰਾਂ ਨੂੰ ਕਾਫ਼ੀ ਵੱਡੀਆਂ ਜਾਗੀਰਾਂ ਦਿੱਤੀਆਂ ਸਨ।

**ਮੰਦਿਰ ਤੋੜਨ ਦੀ ਘਟਨਾ**

ਨਿਰਸੰਦੇਹ ਇਤਿਹਾਸ ਤੋਂ ਇਹ ਸਿੱਧ ਹੁੰਦਾ ਹੈ ਕਿ ਔਰੰਗਜ਼ੇਬ ਨੇ ਬਨਾਰਸ ਮੰਦਿਰ ਅਤੇ ਗੋਲਕੁੰਡਾ ਦੀ ਜਾਮਾ ਮਸਜਿਦ ਨੂੰ ਢਾਹ ਦੇਣ ਦਾ ਹੁਕਮ ਦਿੱਤਾ ਸੀ, ਪ੍ਰੰਤੂ ਇਸ ਦਾ ਕਾਰਨ ਕੁਝ ਹੋਰ ਹੀ ਸੀ। ਵਿਸ਼ਵਨਾਥ ਮੰਦਿਰ ਦੇ ਸਿਲਸਿਲੇ ਵਿਚ ਘਟਨਾਕ੍ਰਮ ਇਹ ਬਿਆਨ ਕੀਤਾ ਜਾਂਦਾ ਹੈ ਕਿ ਜਦੋਂ ਔਰੰਗਜ਼ੇਬ ਬੰਗਾਲ ਜਾਂਦੇ ਹੋਏ ਬਨਾਰਸ ਕੋਲੋਂ ਲੰਘ ਰਿਹਾ ਸੀ ਤਾਂ ਉਸਦੇ ਕਾਫ਼ਲੇ ਵਿਚ ਸ਼ਾਮਲ ਹਿੰਦੂ ਰਾਜਿਆਂ ਨੇ ਬਾਦਸ਼ਾਹ ਨੂੰ ਨਿਵੇਦਨ ਕੀਤਾ ਕਿ ਇੱਥੇ ਕਾਫ਼ਲਾ ਇੱਕ ਦਿਨ ਠਹਿਰ ਜਾਵੇ ਤਾਂ ਉਨ੍ਹਾਂ ਦੀਆਂ ਰਾਣੀਆਂ ਬਨਾਰਸ ਜਾ ਕੇ ਗੰਗਾ ਇਸ਼ਨਾਨ ਕਰ ਲੈਣਗੀਆਂ ਅਤੇ ਵਿਸ਼ਵਨਾਥ ਜੀ ਦੇ ਮੰਦਿਰ ਵਿਚ ਸ਼ਰਧਾ ਸੁਮਨ ਵੀ ਅਰਪਿਤ ਕਰ ਆਉਣਗੀਆਂ। ਔਰੰਗਜ਼ੇਬ ਨੇ ਤੁਰੰਤ ਇਹ ਨਿਵੇਦਨ ਸਵੀਕਾਰ ਕਰ ਲਿਆ ਅਤੇ ਕਾਫ਼ਲੇ ਦੇ ਪੜਾਅ ਤੋਂ ਬਨਾਰਸ ਤੱਕ ਪੰਜ ਮੀਲ ਤੱਕ ਫ਼ੌਜੀ ਪਹਿਰਾ ਬੈਠਾ ਦਿੱਤਾ। ਰਾਣੀਆਂ ਪਾਲਕੀਆਂ ਵਿਚ ਸਵਾਰ ਹੋ ਕੇ ਗਈਆਂ ਅਤੇ ਇਸ਼ਨਾਨ ਅਤੇ ਪੂਜਾ ਦੇ ਬਾਅਦ ਵਾਪਸ ਆ ਗਈਆਂ, ਪ੍ਰੰਤੂ ਇਕ ਰਾਣੀ (ਕੱਛ ਦੀ ਮਹਾਰਾਣੀ) ਵਾਪਸ ਨਹੀਂ ਆਈ, ਤਾਂ ਉਸ ਦੀ ਬਹੁਤ ਭਾਲ ਕੀਤੀ ਗਈ, ਪਰ ਕੋਈ ਪਤਾ ਨਹੀਂ ਲੱਗਿਆ। ਜਦੋਂ ਔਰੰਗਜ਼ੇਬ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੂੰ ਬਹੁਤ ਗੁੱਸਾ ਆਇਆ ਅਤੇ ਉਸਨੇ ਫ਼ੌਜ ਦੇ ਵੱਡੇ-ਵੱਡੇ ਅਫ਼ਸਰਾਂ ਨੂੰ ਰਾਣੀ ਦੀ ਭਾਲ ਲਈ ਭੇਜਿਆ ਅਤੇ ਉਨ੍ਹਾਂ ਅਫ਼ਸਰਾਂ ਨੇ ਦੇਖਿਆ ਕਿ ਗਣੇਸ਼ ਦੀ ਮੂਰਤੀ ਜਿਹੜੀ ਕੰਧ ਵਿਚ ਜੜ੍ਹੀ ਹੋਈ ਹੈ, ਹਿੱਲ ਰਹੀ ਹੈ। ਉਨ੍ਹਾਂ ਨੇ ਮੂਰਤੀ ਪਰ੍ਹੇ ਕਰ ਕੇ ਦੇਖਿਆ ਤਾਂ ਤਹਿਖਾਨੇ ਦੀਆਂ ਪੌੜੀਆਂ ਮਿਲੀਆਂ

*(ਬਾਕੀ ਅਗਲੇ ਸਫੇ 'ਤੇ)*

ਸਾਡਾ ਮਹਾਨ ਖਿਡਾਰੀ



# ਮਾਣਮੱਤਾ ਓਲੰਪੀਅਨ ਗੁਰਬਚਨ ਸਿੰਘ ਰੰਧਾਵਾ

ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

"ਗੁਰਬਚਨ ਸਿੰਘ ਜਿੰਨਾ ਤਕੜਾ ਅਥਲੀਟ ਸੀ, ਓਨਾ ਹੀ ਤਕੜਾ ਗਾਲੜੀ"।

ਇਹ ਪਹਿਲਾ ਫਿਕਰਾ ਸੀ ਜੋ ਮੈਂ ਸਾਹਿਤਕ ਰਸਾਲੇ 'ਆਰਸੀ' ਵਿਚ ਉਹਦੇ ਪਲੇਠੇ ਰੇਖਾ ਚਿੱਤਰ 'ਚ ਲਿਖਿਆ। ਦੂਜਾ ਫਿਕਰਾ ਸੀ, "ਉਹ ਇਕੋ ਸਾਹ ਛੜਿਆਂ ਦੇ ਸ਼ੌਕ ਤੋਂ ਲੈ ਕੇ ਓਲੰਪਿਕ ਦੀ ਫਾਈਨਲ ਦੌੜ ਤੱਕ ਗੱਲਾਂ ਕਰੀ ਜਾਂਦਾ ਹੈ।" ਗੱਲ 1966 ਦੀ ਹੈ। ਉਦੋਂ ਉਹ 1962 ਦੀਆਂ ਏਸ਼ਿਆਈ ਖੇਡਾਂ ਦਾ ਬੈੱਸਟ ਅਥਲੀਟ ਬਣਨ ਬਾਅਦ ਟੋਕੀਓ-1964 ਦੀ ਓਲੰਪਿਕਸ ਤੋਂ 110 ਮੀਟਰ ਦੀ ਹਰਡਲਜ਼ ਦੌੜ 'ਚੋਂ ਪੰਜਵਾਂ ਸਥਾਨ ਹਾਸਲ ਕਰ ਚੁੱਕਾ ਸੀ। ਇੰਡੀਆ ਦੀ ਅਥਲੈਟਿਕਸ ਦੇ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਬੋਲਦੇ ਸਨ। ਪਰ 'ਉੱਡਣੇ ਸਿੱਖ' ਮਿਲਖਾ ਸਿੰਘ ਵਾਂਗ, ਹਰਡਲਾਂ ਦੇ 'ਉੱਡਣੇ ਬਾਜ਼' ਗੁਰਬਚਨ ਸਿੰਘ ਦੀ ਓਨੀ ਮਸ਼ਹੂਰੀ ਨਹੀਂ ਸੀ ਹੋਈ ਜਿੰਨੀ ਦਾ ਉਹ ਹੱਕਦਾਰ ਸੀ। ਇਸ ਗੱਲੋਂ ਉਹ ਮੀਡੀਏ 'ਤੇ ਖ਼ਫ਼ਾ ਸੀ।

ਮੈਂ ਪੰਜਾਬ ਦੇ ਮਾਣਮੱਤੇ ਓਲੰਪੀਅਨ ਨੂੰ ਵਡਿਆਉਣ ਲਈ ਆਪਣੇ ਜਾਣੇ ਪ੍ਰਸ਼ੰਸਾਮਈ ਰੇਖਾ ਚਿੱਤਰ ਲਿਖਿਆ ਤੇ ਉਹਦਾ ਨਾਂ 'ਮੁੜ੍ਹਕੇ ਦਾ ਮੋਤੀ' ਰੱਖਿਆ। ਜਦ ਛਪਿਆ ਤਾਂ ਚਾਈਂ ਚਾਈਂ 'ਆਰਸੀ' ਦਾ ਅੰਕ ਉਸ ਨੂੰ ਪੜ੍ਹਨ ਨੂੰ ਦਿੱਤਾ। ਮੇਰੀ ਆਸ ਦੇ ਉਲਟ ਗੁਰਬਚਨ ਸਿੰਘ ਨੂੰ ਮੇਰੇ ਮੁੱਢਲੇ ਫਿਕਰੇ ਪਸੰਦ ਨਹੀਂ ਸੀ ਆਏ। ਇੱਕ ਦਿਨ ਉਹ ਦਿੱਲੀ ਕਨਾਟ ਪਲੇਸ ਦੇ ਵਰਾਂਡੇ ਵਿਚ ਤੁਰਿਆ ਆਉਂਦਾ ਮਿਲ ਪਿਆ। ਆਸ ਸੀ ਕਿ ਧੰਨਵਾਦ ਕਰੇਗਾ ਪਰ 'ਮਾਝੇ ਦਾ ਮਾਣ' ਇਹ ਕਹਿੰਦਿਆਂ 'ਇਹ ਕੀ ਲਿਖ ਮਾਰਿਆ ਈ ਭਾਊ' ਦਾ ਉਲਾਂਭਾ ਦਿੰਦਾ ਹੱਥ ਮਿਲਾਏ ਬਿਨਾਂ ਅਗਾਂਹ ਤੁਰ ਗਿਆ। ਮੈਂ ਹੱਕਾ-ਬੱਕਾ ਰਹਿ ਗਿਆ ਤੇ ਸਿੰਮ ਆਏ ਹੰਝੂ ਲਕੋਣ ਲਈ ਕਨਾਟ ਪਲੇਸ ਦੇ ਇੱਕ ਲੁਕਵੇਂ ਖੂੰਜੇ ਜਾ ਖੜ੍ਹਾ ਹੋਇਆ। ਪਛਤਾਇਆ, ਲੈ ਆਹ ਮਿਲਿਆ ਈ ਇਨਾਮ ਕਿਸੇ ਖਿਡਾਰੀ ਬਾਰੇ ਲਿਖਣ ਦਾ!

ਹਾਲਾਂਕਿ ਉਸੇ ਰੇਖਾ ਚਿੱਤਰ ਵਿਚ ਮੈਂ ਲਿਖਿਆ ਸੀ, "ਅਥਲੈਟਿਕਸ ਗੁਰਬਚਨ ਸਿੰਘ ਦੇ ਲਹੂ ਵਿਚ ਹੈ। ਇਹਦੇ ਵਿਚ ਅੱਗੇ ਤੋਂ ਅੱਗੇ ਆਉਣ ਲਈ ਉਹਨੇ ਦਿਨ-ਰਾਤ ਮੁੜ੍ਹਕਾ ਡੋਲ੍ਹਿਆ ਹੈ ਤੇ ਹੁਣ ਅਸੀਂ ਉਸ ਨੂੰ ਹਰਡਲਾਂ ਉੱਤੇ ਬਾਜ਼ ਵਾਂਗ ਉੱਡਦਾ ਵੇਖਦੇ ਹਾਂ। ਉਹ ਕਹਿੰਦਾ ਹੈ, ਜੇ ਲੋਕ ਸ਼ਾਬਾਸ਼ੇ ਦਿੰਦੇ ਰਹਿਣ ਤਾਂ ਅਥਲੀਟ ਇੱਕੋ ਛਾਲ ਵਿਚ ਧਰਤੀ ਟੱਪ ਸਕਦੈ। ਸਾਡੇ ਅੱਜ ਦੇ ਰਿਕਾਰਡ ਆਉਣ ਵਾਲੇ ਅਥਲੀਟਾਂ ਦੇ ਮੁੱਢਲੇ ਸਟੈਂਡਰਡ ਹੋਣਗੇ। ਬੰਦੇ ਦੀ ਤਾਕਤ ਦਾ ਕੋਈ ਸਿਰਾ ਨਹੀਂ। ਮੇਰਾ ਯਕੀਨ ਐ ਪੰਜਾਬ ਦੇ ਅਥਲੀਟ ਕਿਸੇ ਦਿਨ ਦੁਨੀਆ ਦੇ ਜੇਤੂ ਬਣਨਗੇ।"

ਮੈਂ ਖਿਡਾਰੀਆਂ ਬਾਰੇ ਲਿਖਣਾ ਗੁਰਬਚਨ ਸਿੰਘ ਦੇ ਰੇਖਾ ਚਿੱਤਰ ਨਾਲ ਸ਼ੁਰੂ ਕੀਤਾ ਸੀ। ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਖਿਡਾਰੀਆਂ ਬਾਰੇ ਲਿਖਣ ਤੋਂ ਮੂੰਹ ਹੀ ਮੋੜ ਲੈਂਦਾ। ਪਰ ਮੈਂ ਖ਼ੁਦ ਖਿਡਾਰੀ ਹੋਣ ਦੇ ਨਾਤੇ, ਗੁਰਬਚਨ ਦੇ ਉਲਾਂਭੇ ਨੂੰ ਚੈਲੰਜ ਵਾਂਗ ਲਿਆ ਤੇ ਖੇਡਾਂ ਖਿਡਾਰੀਆਂ ਬਾਰੇ ਲਗਾਤਾਰ ਲਿਖਦਾ ਰਿਹਾ। ਹੁਣ ਤਾਂ ਕੋਈ ਗਿਣਤੀ ਹੀ ਨਹੀਂ ਕਿ ਕਿੰਨੇ ਖਿਡਾਰੀਆਂ ਬਾਰੇ ਲਿਖ ਚੁੱਕਾਂ। ਸ਼ੁਕਰ ਹੈ ਗੁਰਬਚਨ ਦੇ ਉਲਾਂਭੇ ਪਿੱਛੋਂ ਮੈਨੂੰ ਹੋਰ ਉਲਾਂਭੇ ਨਹੀਂ ਮਿਲੇ।

ਗੁਰਬਚਨ ਦਾ ਰੇਖਾ ਚਿੱਤਰ ਭਾਪਾ ਪ੍ਰੀਤਮ ਸਿੰਘ ਨੂੰ ਏਨਾ ਪਸੰਦ ਆਇਆ ਕਿ ਉਸ ਨੇ ਮੈਥੋਂ ਪੰਜਾਬੀ ਖਿਡਾਰੀਆਂ ਦੇ ਵੀਹ ਕੁ ਰੇਖਾ ਚਿੱਤਰ ਲਿਖਵਾਏ ਜੋ 'ਆਰਸੀ' ਵਿਚ ਛਾਪਣ ਉਪਰੰਤ ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਵਿਚ ਛਾਪੇ। ਹੁਣ ਜਦੋਂ ਪੈਰਿਸ ਦੀਆਂ ਓਲੰਪਿਕ ਖੇਡਾਂ ਹੋ ਰਹੀਆਂ ਹਨ ਤਾਂ ਮਾਣਮੱਤੇ ਓਲੰਪੀਅਨ ਗੁਰਬਚਨ ਸਿੰਘ ਬਾਰੇ ਮੈਥੋਂ ਫਿਰ ਕੁਝ ਲਿਖਣੋਂ ਰਿਹਾ ਨਹੀਂ ਗਿਆ। ਭਾਊ ਇਹਨੂੰ ਚੰਗਾ ਸਮਝੇ ਭਾਵੇਂ ਮਾੜਾ? ਮੈਂ ਹੁਣ 85ਵੇਂ ਸਾਲ 'ਚ ਹਾਂ ਤੇ ਭਾਊ 86ਵੇਂ ਸਾਲ ਵਿਚ। ਮੈਨੂੰ ਨਹੀਂ ਲੱਗਦਾ ਹੁਣ ਵੀ ਉਹ 'ਉਲਾਂਭੇ ਦੇਣ ਵਾਲਾ ਭਾਊ' ਰਹਿ ਗਿਆ ਹੋਵੇਗਾ। ਮੇਰੇ ਹੋਣਹਾਰ ਸ਼ਾਗਿਰਦ ਨਵਦੀਪ ਸਿੰਘ ਗਿੱਲ ਨੇ ਉਹਦੀ ਜੀਵਨੀ 'ਉੱਡਣਾ ਬਾਜ਼ ਓਲੰਪੀਅਨ ਗੁਰਬਚਨ ਸਿੰਘ ਰੰਧਾਵਾ' ਲਿਖ ਕੇ ਸਾਰੇ ਉਲਾਂਭੇ ਲਾਹ ਦਿੱਤੇ ਹਨ। ਉਂਜ ਨਵਦੀਪ ਨੂੰ ਵੀ ਲਿਖਣਾ ਪਿਆ, "ਗੁਰਬਚਨ ਸਿੰਘ ਰੰਧਾਵੇ ਵਿਚ ਮਝੈਲਾਂ ਵਾਲੀ ਮੜਕ ਵੀ ਹੈ, ਬੜ੍ਹਕ ਅਤੇ ਰੜਕ ਵੀ।"

ਪੱਤਰਕਾਰ ਜੀ. ਰਾਜਾਰਮਨ ਦੀ ਅੰਗਰੇਜ਼ੀ ਵਿਚ ਲਿਖੀ ਗੁਰਬਚਨ ਸਿੰਘ ਦੀ ਜੀਵਨੀ ਦਾ ਨਾਂ ਵੀ 'ਆਊਟਸਪੋਕਨ ਓਲੰਪੀਅਨ' ਹੈ ਜੋ ਮੇਰੇ ਪਹਿਲੇ ਫਿਕਰੇ ਦੀ ਹੀ ਤਰਜਮਾਨੀ ਕਰਦਾ ਹੈ। ਵੈਸੇ ਮੂੰਹ-ਫੱਟ ਹੋਣਾ ਗੁਣ ਵੀ ਹੁੰਦਾ ਹੈ ਤੇ ਔਗੁਣ ਵੀ। ਮਿਲਖਾ ਸਿੰਘ ਤੇ ਗੁਰਬਚਨ ਸਿੰਘ ਦੀ ਮਸ਼ਹੂਰੀ ਵੱਧ ਜਾਂ ਘੱਟ ਹੋਣ 'ਚ ਇਹੋ ਫਰਕ ਸੀ। ਗੁਰਬਚਨ ਸਿੰਘ ਨੂੰ ਉਹਦੀ ਮੂੰਹ-ਫੱਟ ਬੋਲ ਬਾਣੀ ਲੈ ਬੈਠੀ ਸੀ।

ਕਿੰਗਸਟਨ ਦੀਆਂ ਕਾਮਨਵੈੱਲਥ ਖੇਡਾਂ-1966 ਲਈ ਪਟਿਆਲੇ ਹੋਏ ਟਰਾਇਲਾਂ ਤੋਂ ਇੱਕ ਦਿਨ ਪਹਿਲਾਂ ਕਿਸੇ ਅੰਗਰੇਜ਼ੀ ਅਖ਼ਬਾਰ ਦਾ ਰਿਪੋਰਟਰ ਗੁਰਬਚਨ ਸਿੰਘ ਨੂੰ ਕਹਿਣ ਲੱਗਾ, "ਚੱਲ ਗੁਰਬਚਨ ਤੈਨੂੰ ਬੀਅਰ ਪਿਆਵਾਂ।"

ਮੈਂ ਵੀ ਉਦੋਂ ਉਥੇ ਹੀ ਸਾਂ। ਧੰਨਵਾਦ ਸਹਿਤ ਨਾਂਹ ਕਰਨ ਦੀ ਥਾਂ ਗੁਰਬਚਨ ਨੇ ਕਿਹਾ, "ਰਹਿਣ ਦੇ ਸੱਜਣਾ। ਤੇਰੀ ਅੱਗੇ ਈ ਬੜੀ ਮਿਹਰਬਾਨੀ ਆ। ਪਰਸੋਂ ਨੂੰ ਅਖ਼ਬਾਰਾਂ 'ਚ ਸੁਰਖੀ ਆ ਜਾਊ-ਗੁਰਬਚਨ ਫੇਲਜ਼ ਟੂ ਕੁਆਲੀਫਾਈ।"

ਰਿਪੋਰਟਰ ਨੇ ਹੱਸਦਿਆਂ ਕਿਹਾ, "ਨਹੀਂ, ਇਹ ਗੱਲ ਨਹੀਂ। ਕੁਆਲੀਫਾਈ ਤੂੰ ਕਰਨਾ ਹੀ ਕਰਨਾ। ਸਗੋਂ ਮੈਂ ਸੁਰਖੀ ਲਾਵਾਂਗਾ, ਗੁਰਬਚਨ ਕੁਆਲੀਫਾਈਜ਼ ਇਨ ਬੀਅਰ!"

ਹੋਸਟਲ ਵਿਚ ਗੱਲਾਂ ਚੱਲ ਰਹੀਆਂ ਸਨ: ਡਿਸਕਸ ਥਰੋਅਰ ਬਲਦੇਵ ਸਿੰਘ ਧੜੀ ਦੁੱਧ ਪੀ ਗਿਆ। ਪ੍ਰਦੁੱਮਣ ਸਿੰਘ ਸਾਬਤਾ ਬੱਕਰਾ ਖਾ ਗਿਆ। ਪਰਵੀਨ ਰੂਹ ਅਫ਼ਜ਼ੇ ਦੀ ਸਾਬਤ ਬੋਤਲ ਘੜੇ 'ਚ ਘੋਲ ਕੇ ਪੀ ਗਿਆ। ਸ਼ਾਟ ਪੁੱਟਰ ਜੋਗਿੰਦਰ ਜੋਗੀ ਸਾਰਾ ਕੁਝ ਸਮੇਟ ਗਿਆ। ਗੁਰਬਚਨ ਸਿੰਘ ਕਹਿਣ ਲੱਗਾ, "ਹੋਰ ਥਰੋਅਰਾਂ ਨੇ ਕੀ ਕਰਨਾ ਸੀ? ਕਿਤੇ ਕੱਟੀ ਚੁੰਘ ਲਈ, ਕਿਤੇ ਵੱਛੀ। ਹਰ ਵੇਲੇ ਖਾਣ 'ਚ ਧਿਆਨ। ਏਨਾ ਸ਼ੁਕਰ ਆ ਪਈ ਇਨ੍ਹਾਂ ਅਜੇ ਤੱਕ ਕੋਈ ਅਥਲੀਟ ਨੀ ਖਾਧਾ।"

ਉਂਜ ਮਿਲਖਾ ਸਿੰਘ ਦੇ ਮੁਕਾਬਲੇ ਗੁਰਬਚਨ ਸਿੰਘ ਆਲਰਾਊਂਡਰ ਅਥਲੀਟ ਸੀ। ਮਿਲਖਾ ਸਿੰਘ ਕੇਵਲ ਦੌੜਾਕ ਸੀ ਜਦ ਕਿ ਗੁਰਬਚਨ ਦੌੜਾਕ ਹੋਣ ਦੇ ਨਾਲ ਥਰੋਅਰ ਤੇ ਜੰਪਰ ਵੀ ਸੀ। ਜਕਾਰਤਾ ਦੀਆਂ ਏਸ਼ਿਆਈ ਖੇਡਾਂ 1962 ਵਿਚੋਂ ਡਿਕੈਥਲਨ ਦਾ ਗੋਲਡ ਮੈਡਲ ਜਿੱਤਣ ਕਰਕੇ ਉਸ ਨੂੰ ਏਸ਼ੀਆ ਦਾ ਬੈੱਸਟ ਅਥਲੀਟ ਐਲਾਨਿਆ ਗਿਆ ਸੀ। ਉਸ ਵੇਲੇ ਇੰਡੀਆ ਦੇ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ ਜੋ ਉਸ ਨੇ ਦੋ ਦਿਨਾਂ 'ਚ ਨਵਿਆਏ ਸਨ। ਮੈਂ ਉਸ ਨੂੰ ਉਦੋਂ ਤੋਂ ਹੀ ਜਾਣਨ ਲੱਗਾ ਸਾਂ। ਜਕਾਰਤਾ ਜਾਣ ਤੋਂ ਕੁਝ ਦਿਨ ਪਹਿਲਾਂ ਮੈਂ ਉਸ ਨੂੰ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਮਿਲਿਆ ਸਾਂ। 1960 'ਚ ਮੈਂ ਉਸ ਦੇ ਵੱਡੇ ਭਰਾ ਹਰਭਜਨ ਸਿੰਘ ਰੰਧਾਵਾ ਨਾਲ ਪੰਜਾਬ ਯੂਨੀਵਰਸਿਟੀ ਦੇ ਕੋਚਿੰਗ ਕੈਂਪ ਵਿਚ ਸਾਂ। ਬਾਅਦ ਵਿਚ ਉਹ ਕੋਚ ਬਣਿਆ ਤੇ ਐਨ ਆਈ ਐੱਸ ਪਟਿਆਲਾ ਤੋਂ ਅਥਲੈਟਿਕਸ ਦੇ ਚੀਫ ਕੋਚ ਵਜੋਂ ਰਿਟਾਇਰ ਹੋਇਆ।

ਗੁਰਬਚਨ ਸਿੰਘ 21 ਸਾਲ ਦੀ ਉਮਰੇ ਰੋਮ-1960 ਦੀਆਂ ਓਲੰਪਿਕ ਖੇਡਾਂ 'ਚ ਗਿਆ ਸੀ ਤੇ ਪਿੱਛੋਂ ਟੋਕੀਓ-1964 ਦੀਆਂ ਓਲੰਪਿਕ ਖੇਡਾਂ 'ਚ 110 ਮੀਟਰ ਹਰਡਲਜ਼ ਦੌੜ ਵਿਚ ਪੰਜਵੇਂ ਥਾਂ ਰਿਹਾ ਸੀ। ਉਥੇ ਉਹ ਭਾਰਤੀ ਖੇਡ ਦਲ ਦਾ ਮੋਹਰੀ ਸੀ। 1961 ਤੋਂ ਸ਼ੁਰੂ ਹੋਇਆ ਭਾਰਤ ਦਾ ਪ੍ਰਮੁੱਖ ਖੇਡ ਸਨਮਾਨ ਅਰਜਨਾ ਐਵਾਰਡ ਸਭ ਤੋਂ ਪਹਿਲਾਂ ਗੁਰਬਚਨ ਸਿੰਘ ਨੂੰ ਮਿਲਿਆ ਸੀ। ਬਾਅਦ ਵਿਚ ਉਸ ਨੂੰ ਪਦਮ ਸ੍ਰੀ ਦੀ ਉਪਾਧੀ ਵੀ ਮਿਲੀ ਤੇ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਸਮੇਤ ਹੋਰ ਵੀ ਬੜੇ ਮਾਣ ਸਨਮਾਨ ਮਿਲੇ।

1960ਵਿਆਂ ਵਿਚ ਉਹ ਭਾਰਤੀ ਅਥਲੈਟਿਕਸ ਦਾ ਧਰੂ ਤਾਰਾ ਬਣਿਆ ਰਿਹਾ। ਉਦੋਂ ਭਾਰਤ ਵਿਚ ਸਾਇੰਟੇਫਿਕ ਕੋਚਿੰਗ ਨਾਮਾਤਰ ਸੀ। ਟਰੈਕ ਮਾੜੇ ਸਨ, ਖੇਡ ਸਾਮਾਨ ਗਿਆ ਗੁਜ਼ਰਿਆ, ਇਨਾਮ ਸਨਮਾਨ ਵੀ ਕੋਈ ਖ਼ਾਸ ਨਾ ਅਤੇ ਖੁਰਾਕ ਵੀ ਅਧੂਰੀ ਸੀ। ਗੁਰਬਚਨ ਨੇ ਜੋ ਕੁਝ ਉਦੋਂ ਕਰ ਵਿਖਾਇਆ ਉਹ ਆਪਣੀ ਮਿਸਾਲ ਆਪ ਸੀ। ਜੇਕਰ ਉਹ ਪੱਛਮੀ ਦੇਸ਼ਾਂ 'ਚ ਜੰਮਿਆ ਹੁੰਦਾ ਤਾਂ ਸਾਇੰਟੇਫਿਕ ਕੋਚਿੰਗ ਤੇ ਆਧੁਨਿਕ ਖੇਡ ਸਹੂਲਤਾਂ ਨਾਲ ਪਤਾ ਨਹੀਂ ਕੀ ਕਰ ਵਿਖਾਉਂਦਾ! ਫਿਰ ਵੀ ਉਹ ਪਹਿਲਾ ਏਸ਼ਿਆਈ ਅਥਲੀਟ ਸੀ ਜੋ ਓਲੰਪਿਕ ਖੇਡਾਂ ਦੀ 110 ਮੀਟਰ ਹਰਡਲਜ਼ ਦੌੜ 'ਚੋਂ ਪੰਜਵੇਂ ਸਥਾਨ 'ਤੇ ਰਿਹਾ।

ਉਹ ਟੋਕੀਓ ਓਲੰਪਿਕਸ ਦੀਆਂ ਗੱਲਾਂ ਇੰਜ ਸੁਣਾਉਂਦਾ ਸੀ: ਇਉਂ ਲੱਗਦਾ ਸੀ ਜਿਵੇਂ ਓਲੰਪਿਕ ਖੇਡਾਂ ਵੇਖਣ ਲਈ ਸਾਰੀ ਦੁਨੀਆ 'ਕੱਠੀ ਹੋ ਗਈ ਹੋਵੇ। ਜਿੱਦਣ ਅਸੀਂ ਸੈਮੀ ਫਾਈਨਲ ਦੌੜਨਾ ਸੀ, ਮੀਂਹ ਪੈ ਰਿਹਾ ਸੀ। ਮੇਰੀ ਵਾਰੀ ਪਹਿਲੇ ਸੈਮੀ ਫਾਈਨਲ ਵਿਚ ਦੌੜਨ ਦੀ ਸੀ। ਫਾਇਰ ਨਾਲ ਸਟਾਰਟ ਮਿਲਦਿਆਂ ਮੈਂ ਗੋਲੀ ਵਾਂਗ ਨਿਕਲਿਆ। ਆਪਣੇ ਖੇਡ ਕੈਰੀਅਰ ਦਾ ਬਿਹਤਰੀਨ ਸਮਾਂ ਕੱਢਦਾ ਮੈਂ ਸੈਕੰਡ ਆਇਆ। ਉਸ ਤੋਂ 2 ਘੰਟੇ 50 ਮਿੰਟ ਬਾਅਦ ਫਾਈਨਲ ਦੌੜ ਸੀ। ਮੇਰੇ ਕੋਲ ਇੱਕੋ ਬੁਨੈਣ, ਇੱਕੋ ਕੱਛਾ, ਇੱਕੋ ਸਪਾਈਕਸ ਤੇ ਇੱਕੋ ਜੋੜਾ ਜ਼ੁਰਾਬਾਂ ਦਾ ਸੀ ਜੋ ਮੀਂਹ ਵਿਚ ਗੜੁੱਚ ਹੋ ਗਏ ਸਨ। ਫਾਈਨਲ ਦੌੜ ਵੇਲੇ ਵੀ ਮੀਂਹ ਪੈ ਰਿਹਾ ਸੀ ਤੇ ਠੰਢ ਹੋਰ ਵਧ ਗਈ ਸੀ। ਮੇਰਾ ਸਟਾਰਟ ਸਲੋਅ ਸੀ ਜਿਸ ਕਰਕੇ ਮੈਂ ਸੱਤਵੇਂ ਨੰਬਰ 'ਤੇ ਸਾਂ। ਪੰਜਵੀਂ ਹਰਡਲ ਤਕ ਮੈਂ ਸੱਤਵੇਂ ਨੰਬਰ 'ਤੇ ਰਿਹਾ। ਅਖ਼ੀਰਲੀ ਹਰਡਲ ਟੱਪਦਿਆਂ ਵੀ ਸੱਤਵੇਂ ਥਾਂ ਪਰ ਆਖ਼ਰੀ ਮਾਰੇ ਹੰਭਲੇ ਨੇ ਮੈਨੂੰ ਪੰਜਵੀਂ ਪੁਜ਼ੀਸ਼ਨ 'ਤੇ ਲੈ ਆਂਦਾ। ਭਿੱਜੀ ਪੁਸ਼ਾਕ ਨਾਲ ਵੀ ਮੇਰਾ ਟਾਈਮ 14 ਸੈਕੰਡ ਨਿਕਲਿਆ ਜੋ ਇੰਡੀਆ ਦਾ 37 ਸਾਲ ਨੈਸ਼ਨਲ ਰਿਕਾਰਡ ਰਿਹਾ।

ਭਾਰਤ ਵਿਚ ਉਹ 100 ਮੀਟਰ ਦੀ ਦੌੜ 10.7 ਸੈਕੰਡ, 200 ਮੀਟਰ 21.5 ਸੈਕੰਡ ਤੇ 400 ਮੀਟਰ 48.4 ਸੈਕੰਡ ਵਿਚ ਦੌੜਿਆ ਹੋਇਆ ਸੀ। ਉਸ ਨੇ 24 ਫੁੱਟ ਅੱਧਾ ਇੰਚ ਲੰਮੀ ਛਾਲ, 6 ਫੁੱਟ ਸਾਢੇ 6 ਇੰਚ ਉੱਚੀ ਛਾਲ ਤੇ 12 ਫੁੱਟ ਡੇਢ ਇੰਚ ਪੋਲ ਵਾਲਟ ਦੀ ਛਾਲ ਲਾਈ ਹੋਈ ਸੀ। 210 ਫੁੱਟ ਸਾਢੇ 3 ਇੰਚ ਦੂਰ ਜੈਵਲਿਨ ਸੁੱਟਿਆ ਸੀ ਤੇ ਡਿਕੈਥਲਨ ਦੇ 6912 ਅੰਕਾਂ ਦਾ ਰਿਕਾਰਡ ਰੱਖਿਆ ਸੀ। ਵੇਖਣ ਨੂੰ ਏਨਾ ਨਹੀਂ ਸੀ ਲੱਗਦਾ ਪਰ ਜਦੋਂ ਟਰੈਕ ਵਿਚ ਉਤਰਦਾ ਸੀ ਤਾਂ 'ਨ੍ਹੇਰੀ ਲਿਆ ਦਿੰਦਾ ਸੀ। ਉਹ ਮੁਰਗਾਬੀ ਵਾਂਗ ਟਰੈਕ ਵਿਚ ਤਾਰੀਆਂ ਲਾਉਂਦਾ। ਉਹਦਾ ਭਖਿਆ ਹੋਇਆ ਸੁਡੌਲ ਜੁੱਸਾ ਲਿਸ਼ਕਾਂ ਮਾਰਦਾ। ਉਸ ਦਾ ਵਿਆਹ ਪਿੰਡ ਰੁੜਕੇ ਦੇ ਸੰਧੂ ਪਰਿਵਾਰ ਦੀ ਬੀਬੀ ਜਸਵਿੰਦਰ ਕੌਰ ਨਾਲ ਹੋਇਆ ਜੋ ਖ਼ੁਦ ਖਿਡਾਰਨ ਸੀ। ਉਸ ਦੀ ਕੁੱਖੋਂ ਇੱਕ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। ਅੱਜ ਕੱਲ੍ਹ ਰੰਧਾਵਾ ਜੋੜੀ ਆਪਣੇ ਪਰਿਵਾਰ ਨਾਲ ਦਿੱਲੀ ਰਹਿੰਦੀ ਹੈ।



ਗੁਰਬਚਨ ਸਿੰਘ ਦਾ ਜਨਮ 6 ਜੂਨ 1939 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਚੌਕ ਮਹਿਤਾ ਨੇੜਲੇ ਪਿੰਡ ਨੰਗਲੀ 'ਚ ਮਾਤਾ ਧਨਵੰਤ ਕੌਰ ਦੀ ਕੁੱਖੋਂ ਹੋਇਆ ਸੀ। ਉਸ ਦੇ ਪਿਤਾ ਮੇਜਰ ਟਹਿਲ ਸਿੰਘ ਆਪਣੇ ਵੇਲੇ ਦੇ ਉੱਘੇ ਅਥਲੀਟ ਸਨ ਜੋ ਬਲਵੰਤ ਸਿੰਘ ਰੰਧਾਵਾ ਦੇ ਘਰ ਮਾਤਾ ਦਲੀਪ ਕੌਰ ਦੀ ਕੁੱਖੋਂ 1 ਜਨਵਰੀ 1912 ਨੂੰ ਜਨਮੇ। ਉਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਿਆਂ ਇਕੱਲਿਆਂ ਪੰਜਾਬ ਯੂਨੀਵਰਸਿਟੀ ਦੀ ਅਥਲੈਟਿਕਸ ਚੈਂਪੀਅਨਸ਼ਿਪ ਜਿੱਤ ਲਈ ਸੀ। ਜੇਕਰ ਲੰਮੀ ਛਾਲ ਲਾਉਂਦਿਆਂ ਉਨ੍ਹਾਂ ਦਾ ਗੋਡਾ ਨਾ ਉੱਤਰਦਾ ਤਾਂ ਸੰਭਵ ਸੀ ਉਹ ਵੀ ਓਲੰਪੀਅਨ ਬਣਦੇ। ਉਹ ਐੱਮ.ਏ. ਅੰਗਰੇਜ਼ੀ ਤੇ ਬੀਟੀ ਕਰ ਕੇ 1943 ਵਿਚ ਫੌਜੀ ਅਫਸਰ ਬਣੇ ਤੇ ਮੇਜਰ ਬਣ ਕੇ ਰਿਟਾਇਰ ਹੋਏ। ਪਰ ਗੁਰਬਚਨ ਸਿੰਘ ਪੰਜਾਬ ਯੂਨੀਵਰਸਿਟੀ ਦਾ ਬੈੱਸਟ ਅਥਲੀਟ ਬਣਨ ਪਿੱਛੋਂ ਬਾਰਵ੍ਹੀਂ 'ਚ ਹੀ ਪੜ੍ਹਾਈ ਛੱਡ ਗਿਆ ਤੇ ਦਿੱਲੀ ਸੀ.ਆਰ.ਪੀ. ਵਿਚ ਭਰਤੀ ਹੋ ਗਿਆ। ਫੌਜ 'ਚ ਮੇਜਰ ਬਣਿਆ ਬਾਪ ਬੜਾ ਨਾਰਾਜ਼ ਹੋਇਆ ਤੇ ਕੁਝ ਸਮਾਂ ਪਿਉ-ਪੁੱਤ 'ਚ ਬੋਲਬਾਣੀ ਵੀ ਬੰਦ ਰਹੀ। ਮੇਜਰ ਸਾਹਿਬ ਨੇ ਆਪਣੇ ਅਥਲੀਟ ਪੁੱਤਰ ਨੂੰ ਅਮਰੀਕਾ ਭੇਜਣ ਦਾ ਪ੍ਰਬੰਧ ਵੀ ਕੀਤਾ ਪਰ ਪੁੱਤਰ ਨੇ ਪੁਲੀਸ ਦੀ ਨੌਕਰੀ ਨਾ ਛੱਡੀ। ਮੈਨੂੰ ਯਾਦ ਹੈ ਜਦੋਂ ਮੈਂ ਦਿੱਲੀ ਖ਼ਾਲਸਾ ਕਾਲਜ ਵਿਚ ਪੜ੍ਹਦਾ ਤੇ ਪੜ੍ਹਾਉਂਦਾ ਸੀ ਤਾਂ ਉਸ ਦਾ ਬੁਲਟ ਮੋਟਰ ਸਾਈਕਲ ਕਦੇ ਕਦੇ ਸਾਡੇ ਕਾਲਜ ਦਾ ਗੇੜਾ ਵੀ ਮਾਰ ਜਾਂਦਾ ਸੀ। ਬੜੇ ਯਾਦ ਆਉਂਦੇ ਨੇ ਉਹ ਦਿਨ, ਜਦੋਂ ਜੁਆਨੀ ਵਾਲਾ ਜ਼ੋਰ ਸੀ ਵੇ ਬਾਲਮਾ...।

ਉਦੋਂ ਉਹਦੀ ਗੁੱਡੀ ਸਿਖਰ 'ਤੇ ਸੀ। ਅਥਲੀਟ ਹੋਣ ਦੇ ਨਾਤੇ ਮੈਂ ਉਹਤੋਂ ਅਥਲੈਟਿਕਸ ਕਰਨ ਦਾ ਕਾਰਨ ਪੁੱਛਿਆ ਸੀ। ਉਸਨੇ ਦੱਸਿਆ ਸੀ, "ਇਹ ਸਾਡਾ ਅਮਲ ਆ। ਜਦੋਂ ਕਿਸੇ ਨੂੰ ਕਰਦਿਆਂ ਦੇਖ ਲਈਏ ਤਾਂ ਜੋਸ਼ ਆ ਜਾਂਦਾ। ਉਂਜ ਵੀ ਬੱਲੇ ਬੱਲੇ ਹੁੰਦੀ ਆ। ਸੋਸ਼ਲ ਸਰਕਲ ਵੀ ਖੁੱਲ੍ਹਦਾ, ਪਰ ਹੈ ਇਹ ਅਮਲ, ਨਹੀਂ ਤਾਂ ਕੌਣ ਮਿੱਟੀ ਨਾਲ ਮਿੱਟੀ ਹੁੰਦਾ? ਇੱਕ ਕਾਰਨ ਵੱਡੇ ਕੰਪੀਟੀਸ਼ਨ ਲੈਣ ਦਾ ਵੀ ਹੈ। ਪੀਕ ਫਾਰਮ ਅਚੀਵ ਕਰਨ ਦਾ। ਮੈਂ ਇਸੇ ਕਾਰਨ ਸਖ਼ਤ ਪ੍ਰੈਕਟਿਸ ਕਰਨ ਡਿਹਾਂ।"

ਉਹਦਾ ਕੱਦ ਛੇ ਫੁੱਟ ਤੇ ਅਥਲੈਟਿਕਸ ਕਰਨ ਵੇਲੇ ਭਾਰ 70 ਕਿਲੋ ਦੇ ਆਲੇ ਦੁਆਲੇ ਹੁੰਦਾ ਸੀ। ਛਾਂਟਵਾਂ ਜੁੱਸਾ ਹਰਡਲਾਂ ਦੀਆਂ ਰਗੜਾਂ ਖਾ ਕੇ ਥਾਂ ਥਾਂ ਤੋਂ ਛਿੱਲਿਆ ਹੋਇਆ ਸੀ। ਸੱਜਾ ਗਿੱਟਾ ਕਈ ਵਾਰ ਜ਼ਖਮੀ ਹੋਇਆ। ਉਹ ਦਿੱਲੀ ਮੋਟਰ ਸਾਈਕਲ ਦੇ ਹਾਦਸੇ ਵਿਚ ਮਸੀਂ ਬਚਿਆ ਸੀ। ਬਿਮਾਰ ਹੋਣ ਕਾਰਨ 1961 ਦੀਆਂ ਕੌਮੀ ਖੇਡਾਂ ਵਿਚ ਭਾਗ ਨਹੀਂ ਸੀ ਲੈ ਸਕਿਆ ਜਦ ਕਿ ਸਭਨਾਂ ਦੀਆਂ ਅੱਖਾਂ ਉਹਦੇ 'ਤੇ ਸਨ। ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਉਹਦਾ 110 ਮੀਟਰ ਹਰਡਲਾਂ ਦਾ 14 ਸੈਕੰਡ ਦਾ ਨੈਸ਼ਨਲ ਰਿਕਾਰਡ ਕਿਸੇ ਭਾਰਤੀ ਅਥਲੀਟ ਤੋਂ 37 ਸਾਲ ਨਹੀਂ ਸੀ ਟੁੱਟਾ। ਪਹਿਲਾਂ ਉਹ ਰਿਕਾਰਡ ਉਸ ਦੇ ਪੁੱਤਰ ਰਣਜੀਤ ਰੌਨੀ ਨੇ ਅਮਰੀਕਾ ਦੀ ਇੱਕ ਅਥਲੈਟਿਕਸ ਮੀਟ ਵਿਚ ਤੋੜਿਆ ਪਰ ਪਿਛਲੀ ਹਵਾ ਮਿਥੇ ਮਿਆਰ ਤੋਂ ਤੇਜ਼ ਹੋਣ ਕਾਰਨ ਉਸ ਰਿਕਾਰਡ ਨੂੰ ਮਾਨਤਾ ਨਾ ਮਿਲੀ। ਫਿਰ ਮਾਝੇ ਦੇ ਹੀ ਗੁਰਪ੍ਰੀਤ ਸਿੰਘ ਦੋਧੀ ਨੇ ਉਸ ਦਾ ਰਿਕਾਰਡ ਤੋੜਿਆ ਜਿਸ ਦੀ ਗੁਰਬਚਨ ਸਿੰਘ ਨੇ ਭਰਵੀਂ ਪ੍ਰਸ਼ੰਸਾ ਕੀਤੀ। ਗੱਲਾਂ ਬਹੁਤ ਹਨ ਜੋ ਉਸ ਦੀ ਜੀਵਨੀ ਵਿਚੋਂ ਪੜ੍ਹੀਆਂ ਜਾ ਸਕਦੀਆਂ ਹਨ।

'ਉੱਡਣਾ ਬਾਜ਼' ਜੀਵਨੀ ਲਿਖਵਾਉਣ ਵਿਚ ਗੁਰਭਜਨ ਗਿੱਲ ਦਾ ਵੀ ਯੋਗਦਾਨ ਹੈ ਜੋ ਮਾਝੇ ਦੇ ਮਾਣ ਗੁਰਬਚਨ ਸਿੰਘ ਨੂੰ 'ਅਣਗਾਇਆ ਗੀਤ' ਕਹਿੰਦਾ ਹੈ। ਖੇਡਾਂ ਤੇ ਖਿਡਾਰੀਆਂ ਦੇ ਸਰਪ੍ਰਸਤ ਰਹੇ ਰਾਜਾ ਭਲਿੰਦਰ ਸਿੰਘ ਦਾ ਸਪੁੱਤਰ ਰਾਜਾ ਰਣਧੀਰ ਸਿੰਘ ਜੋ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਪ੍ਰਧਾਨ ਹੈ, ਗੁਰਬਚਨ ਸਿੰਘ ਦੀ ਜੀਵਨੀ ਨੂੰ ਖਿਡਾਰੀਆਂ ਲਈ ਚਾਨਣ ਮੁਨਾਰਾ ਕਹਿੰਦਾ ਹੈ। ਟੋਕੀਓ ਵਿਚ ਜਿੱਦਣ ਗੁਰਬਚਨ ਨੇ ਪੰਜਵਾਂ ਸਥਾਨ ਪ੍ਰਾਪਤ ਕੀਤਾ ਉੱਦਣ ਹੀ ਛੇ ਵਾਰ ਦੇ ਓਲੰਪੀਅਨ ਰਣਧੀਰ ਸਿੰਘ ਦਾ ਜਨਮ ਦਿਨ ਸੀ। ਉੱਦਣ ਉਸ ਦੇ ਜਨਮ ਦਿਨ ਦਾ ਕੇਕ ਜੋ ਓਲੰਪਿਕ ਖੇਡਾਂ ਦੀ ਕਮੇਟੀ ਵੱਲੋਂ ਭੇਟ ਕੀਤਾ ਗਿਆ ਉਹ ਉਸ ਨੇ ਮਿਲਖਾ ਸਿੰਘ ਤੇ ਗੁਰਬਚਨ ਸਿੰਘ ਨਾਲ ਸਾਂਝਾ ਕੀਤਾ ਸੀ। ਨਵਦੀਪ ਗਿੱਲ ਨੇ ਗੁਰਬਚਨ ਸਿੰਘ ਦੀ ਜੀਵਨੀ 'ਉੱਡਣਾ ਬਾਜ਼' ਦਾ ਅੰਤ ਇਨ੍ਹਾਂ ਸ਼ਬਦਾਂ ਨਾਲ ਕੀਤਾ ਹੈ: ਗੁਰਬਚਨ ਦੀ ਗਾਥਾ ਸੁਣਦਿਆਂ, ਉਸ ਦੇ ਦ੍ਰਿੜ ਇਰਾਦੇ ਅਤੇ ਸੰਕਲਪ ਦੀਆਂ ਕਹਾਣੀਆਂ ਲਿਖਦਿਆਂ ਮੇਰੇ ਰੌਂਗਟੇ ਕਈ ਵਾਰ ਖੜ੍ਹੇ ਹੋਏ। ਸੰਭਵ ਹੈ ਪਾਠਕਾਂ ਦੇ ਵੀ ਪੜ੍ਹਨ ਲੱਗਿਆਂ ਜ਼ਰੂਰ ਰੌਂਗਟੇ ਖੜ੍ਹੇ ਹੋਣਗੇ। ਗੁਰਬਚਨ ਵਰਗੇ ਖਿਡਾਰੀ ਨਿੱਤ-ਨਿੱਤ ਨਹੀਂ ਜੰਮਦੇ ਤੇ ਉਨ੍ਹਾਂ ਦੀਆਂ ਗਾਥਾਵਾਂ ਖਿਡਾਰੀ ਤੇ ਖੇਡ ਪ੍ਰੇਮੀ ਰਹਿੰਦੀ ਦੁਨੀਆ ਤੱਕ ਪੜ੍ਹਦੇ ਸੁਣਦੇ ਰਹਿਣਗੇ।

---

## ਔਰੰਗਜ਼ੇਬ ਨੇ ਮੰਦਿਰਾਂ ਨੂੰ ਤੋੜਿਆ ਤਾਂ ਮਸਜਿਦ ਵੀ ਤੋੜੀ ਪਰ ਕਿਉਂ?

**(ਪਿਛਲੇ ਸਫੇ ਦੀ ਬਾਕੀ)**

ਅਤੇ ਗੁੰਮਸ਼ੁਦਾ ਰਾਣੀ ਉੱਥੇ ਪਈ ਰੋ ਰਹੀ ਸੀ। ਉਸਦੀ ਇੱਜ਼ਤ ਵੀ ਲੁੱਟੀ ਗਈ ਸੀ ਅਤੇ ਉਸ ਦੇ ਕੀਮਤੀ ਕੱਪੜੇ ਵੀ ਖੋਹ ਲਏ ਗਏ ਸਨ। ਇਹ ਤਹਿਖਾਨਾ ਵਿਸ਼ਵਨਾਥ ਜੀ ਦੀ ਮੂਰਤੀ ਦੇ ਠੀਕ ਥੱਲੇ ਸੀ। ਰਾਜਿਆਂ ਨੇ ਇਸ ਹਰਕਤ ਉੱਤੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਵਿਰੋਧ ਪ੍ਰਗਟ ਕੀਤਾ। ਕਿਉਂਕਿ ਇਹ ਬਹੁਤ ਘਿਨਾਉਣਾ ਅਪਰਾਧ ਸੀ, ਇਸ ਲਈ ਉਨ੍ਹਾਂ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਦੀ ਮੰਗ 'ਤੇ ਔਰੰਗਜ਼ੇਬ ਨੇ ਆਦੇਸ਼ ਦਿੱਤਾ ਕਿ ਕਿਉਂਕਿ ਇਹ ਪਵਿੱਤਰ ਸਥਾਨ ਅਪਵਿੱਤਰ ਹੋ ਗਿਆ ਹੈ, ਵਿਸ਼ਵਨਾਥ ਜੀ ਦੀ ਮੂਰਤੀ ਨੂੰ ਕਿਤੇ ਹੋਰ ਲੈ ਜਾ ਕੇ ਸਥਾਪਿਤ ਕਰ ਦਿੱਤਾ ਜਾਵੇ ਅਤੇ ਮੰਦਿਰ ਨੂੰ ਢਾਹ ਕੇ ਜ਼ਮੀਨ ਨੂੰ ਪੱਧਰਾ ਕਰ ਦਿੱਤਾ ਜਾਵੇ ਅਤੇ ਮਹੰਤ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਡਾਕਟਰ ਪੀ. ਸੀਤਾ ਰਮੱਈਆ ਨੇ ਆਪਣੀ ਪ੍ਰਸਿੱਧ ਪੁਸਤਕ 'ਦ ਫ਼ੇਦਰਸ ਐਂਡ ਦ ਸਟੋਨਸ' ਵਿਚ ਇਸ ਘਟਨਾ ਨੂੰ ਦਸਤਾਵੇਜ਼ਾਂ ਦੇ ਆਧਾਰ 'ਤੇ ਸਿੱਧ ਕੀਤਾ ਹੈ। ਪਟਨਾ ਮਿਊਜ਼ੀਅਮ ਦੇ ਸਾਬਕਾ ਕਿਊਰੇਟਰ ਡਾ. ਪੀ.ਐੱਲ ਗੁਪਤਾ ਨੇ ਵੀ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ।

**ਮਸਜਿਦ ਤੋੜਨ ਦੀ ਘਟਨਾ**

ਗੋਲਕੁੰਡਾ ਦੀ ਜਾਮਾ ਮਸਜਿਦ ਦੀ ਘਟਨਾ ਇਹ ਹੈ ਕਿ ਉੱਥੋਂ ਦੇ ਰਾਜਾ ਜੋ ਤਾਨਾਸ਼ਾਹ ਦੇ ਨਾਂ ਨਾਲ ਪ੍ਰਸਿੱਧ ਸੀ, ਰਿਆਸਤੀ ਮਾਲਗੁਜ਼ਾਰੀ ਵਸੂਲ ਕਰਨ ਦੇ ਬਾਅਦ ਦਿੱਲੀ ਦਾ ਹਿੱਸਾ ਨਹੀਂ ਭੇਜਦਾ ਸੀ। ਕੁਝ ਹੀ ਸਾਲਾਂ ਵਿਚ ਇਹ ਰਕਮ ਕਰੋੜਾਂ ਵਿਚ ਹੋ ਗਈ। ਤਾਨਾਸ਼ਾਹ ਨੇ ਇਹ ਖ਼ਜ਼ਾਨਾ ਜ਼ਮੀਨ ਵਿਚ ਦੱਬ ਕੇ ਉਸ ਉੱਤੇ ਮਸਜਿਦ ਬਣਵਾ ਦਿੱਤੀ। ਜਦੋਂ ਔਰੰਗਜ਼ੇਬ ਨੂੰ ਇਸ ਪਤਾ ਲੱਗਿਆ ਤਾਂ ਉਸ ਨੇ ਆਦੇਸ਼ ਦੇ ਦਿੱਤਾ ਕਿ ਮਸਜਿਦ ਨੂੰ ਤੋੜ ਦਿੱਤਾ ਜਾਵੇ। ਅੰਤ ਦੱਬਿਆ ਹੋਇਆ ਖ਼ਜ਼ਾਨਾ ਕੱਢ ਕੇ ਉਸ ਨੂੰ ਜਨ-ਕਲਿਆਣ ਦੇ ਕੰਮਾਂ ਲਈ ਖ਼ਰਚ ਕੀਤਾ ਗਿਆ।

ਇਹ ਦੋ ਮਿਸਾਲਾਂ ਇਹ ਸਾਬਿਤ ਕਰਨ ਲਈ ਕਾਫ਼ੀ ਹਨ ਕਿ ਔਰੰਗਜ਼ੇਬ ਨਿਆਂ ਦੇ ਮਾਮਲੇ ਵਿਚ ਮੰਦਿਰ ਤੇ ਮਸਜਿਦ ਵਿਚ ਕੋਈ ਫ਼ਰਕ ਨਹੀਂ ਸਮਝਦਾ ਸੀ। ਬਦਕਿਸਮਤੀ ਨਾਲ ਮੱਧਕਾਲ ਅਤੇ ਆਧੁਨਿਕ ਕਾਲ ਦੇ ਭਾਰਤੀ ਇਤਿਹਾਸ ਦੀਆਂ ਘਟਨਾਵਾਂ ਅਤੇ ਚਰਿੱਤਰਾਂ ਨੂੰ ਇਸ ਤਰ੍ਹਾਂ ਤੋੜ-ਮਰੋੜ ਕੇ ਮਨਘੜਤ ਅੰਦਾਜ਼ ਵਿਚ ਪੇਸ਼ ਕੀਤਾ ਜਾ ਰਿਹਾ ਹੈ ਕਿ ਝੂਠ ਹੀ ਰੱਬੀ ਸਚਾਈ ਦੀ ਤਰ੍ਹਾਂ ਸਵੀਕਾਰ ਕੀਤਾ ਜਾਣ ਲੱਗਿਆ ਅਤੇ ਉਨ੍ਹਾਂ ਲੋਕਾਂ ਨੂੰ ਦੋਸ਼ੀ ਠਹਿਰਾਇਆ ਜਾਣ ਲੱਗਿਆ ਜੋ ਤੱਥ ਅਤੇ ਮਨਘੜਤ ਗੱਲਾਂ ਵਿਚ ਅੰਤਰ ਕਰਦੇ ਹਨ। ਅੱਜ ਵੀ ਸੰਪਰਦਾਇਕ ਅਤੇ ਸਵਾਰਥੀ ਤੱਤ ਇਤਿਹਾਸ ਨੂੰ ਤੋੜਨ-ਮਰੋੜਨ ਅਤੇ ਉਸ ਨੂੰ ਗਲਤ ਰੰਗ ਦੇਣ ਵਿਚ ਲੱਗੇ ਹੋਏ ਹਨ।

***ਕਿਤਾਬ ਦੇ ਲੇਖਕ, ਸਾਬਕਾ ਰਾਜਪਾਲ ਉੜੀਸਾ, ਰਾਜ ਸਭਾ ਮੈਂਬਰ, ਇਲਾਹਾਬਾਦ ਨਗਰਪਾਲਿਕਾ ਦੇ ਚੈਅਰਮੈਨ ਅਤੇ ਇਤਿਹਾਸਕਾਰ ਹਨ।***

# ਵਧ ਰਹੀ ਅਸਹਿਣਸ਼ੀਲਤਾ ਲਈ ਜ਼ਿੰਮੇਵਾਰ ਕੌਣ?



**ਡਾ. ਇਕਬਾਲ ਸਿੰਘ ਸਕਰੌਦੀ**
**ਫੋਨ: 84276-85020**

ਜੇਕਰ ਇਸ ਸੰਸਾਰ ਦੇ ਸਾਰੇ ਧਾਰਮਿਕ, ਨੈਤਿਕ ਅਤੇ ਨੀਤੀ ਸਿੱਖਿਆ ਦੇ ਗ੍ਰੰਥਾਂ ਦਾ ਅਧਿਐਨ ਕਰੀਏ ਤਾਂ ਉਨ੍ਹਾਂ ਵਿਚੋਂ ਮੂਲ ਧੁਨੀ ਇਹੋ ਉਜਾਗਰ ਹੁੰਦੀ ਹੈ ਕਿ ਮਨੁੱਖ ਨੂੰ ਸ਼ਾਂਤ, ਸਹਿਜ, ਸੰਜਮ, ਸੰਤੋਖ ਅਤੇ ਸਹਿਣਸ਼ੀਲਤਾ ਦੇ ਧਾਰਨੀ ਹੋਣ ਦੀ ਸਿੱਖਿਆ ਅਤੇ ਸੰਦੇਸ਼ ਦਿੱਤਾ ਗਿਆ ਹੈ। ਪਰੰਤੂ ਇਹ ਵੀ ਕਿਹਾ ਜਾਂਦਾ ਹੈ ਕਿ ਸਮੁੱਚੇ ਸੰਸਾਰ ਵਿਚ ਸਭ ਤੋਂ ਵੱਧ ਝਗੜੇ, ਕਲੇਸ਼, ਈਰਖਾ, ਦਵੈਸ਼ ਅਤੇ ਅਸ਼ਾਂਤੀ ਵੀ ਧਰਮ ਦੇ ਨਾਂ ਉੱਤੇ ਹੀ ਫ਼ੈਲਾਈ ਜਾਂਦੀ ਰਹੀ ਹੈ। ਅੱਜ ਦੇ ਦੌਰ ਵਿਚ ਸ਼ਾਂਤੀ ਦਾ ਉਪਦੇਸ਼ ਦੇਣ ਵਾਲ਼ੇ ਤਥਾ ਕਥਿਤ ਬਾਬੇ, ਸੰਤ, ਪੁਜਾਰੀ, ਭਾਈ ਜੀ ਅਤੇ ਹੋਰ ਵੱਖ-ਵੱਖ ਡੇਰਿਆਂ ਉੱਤੇ ਕਬਜ਼ਾ ਕਰੀ ਬੈਠੇ ਇਹ ਲੋਕ ਜਨ ਸਧਾਰਨ ਨੂੰ ਗਿਆਨ ਦੇਣ ਲਈ ਅਧਿਆਤਮਕਤਾ ਦੀ ਗੱਲ ਤਾਂ ਕਰਦੇ ਹਨ ਪਰੰਤੂ ਆਪਣੀ ਸੁਰੱਖਿਆ ਲਈ ਆਪਣੇ ਆਲ਼ੇ ਦੁਆਲ਼ੇ ਬੰਦੂਕਧਾਰੀਆਂ ਅਤੇ ਸਟੇਨਗੰਨਾਂ ਲੈ ਕੇ ਖੜ੍ਹੇ ਸ਼ਰਧਾਲੂਆਂ, ਸ਼ਾਗਿਰਦਾਂ ਦੀ ਵੱਡੀ ਭੀੜ ਵੀ ਜਮ੍ਹਾਂ ਰੱਖਦੇ ਹਨ।

ਸਿੱਖਿਆ ਖੇਤਰ ਨਾਲ਼ ਜੁੜੇ ਵਿਦਵਾਨ, ਬੁੱਧੀਜੀਵੀ, ਸਿੱਖਿਆ ਸ਼ਾਸਤਰੀ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਆਪਕਾਂ ਵੱਲੋਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦਿੱਤੀ ਜਾਵੇ, ਜਿਸ ਵਿਚ ਸਹਿਹੋਂਦ ਅਤੇ ਭਰਾਤਰੀ ਭਾਵ ਪੈਦਾ ਕਰਨ ਵਾਲ਼ਾ ਗਿਆਨ ਹੋਵੇ। ਹਰ ਮਨੁੱਖ ਵਿਚ ਇੱਕ ਦੂਜੇ ਨੂੰ ਬਰਦਾਸ਼ਤ ਕਰਨ ਦਾ ਮਾਦਾ ਹੋਵੇ। ਉਹ ਆਮ ਗੱਲਬਾਤ ਅਤੇ ਵਿਚਾਰ ਚਰਚਾ ਕਰਦੇ ਹੋਏ ਸਹਿਜ ਹੋਣ। ਇੱਕ ਦੂਜੇ ਦੀ ਭਾਵਨਾ ਨੂੰ ਸਮਝਣ ਅਤੇ ਸਤਿਕਾਰ ਕਰਨ। ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਇਸ ਸੰਦਰਭ ਵਿਚ ਆਪਣੀ ਕ੍ਰਿਤ ਜਪੁਜੀ ਸਾਹਿਬ ਵਿਚ ਦਰਜ ਕਰਦੇ ਹਨ-

ਗਾਵੀਐ ਸੁਣੀਐ ਮਨਿ ਰੱਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਪਰੰਤੂ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਵਧ ਰਹੇ ਅਕਾਦਮਿਕ ਅਤੇ ਆਰਥਿਕ ਮੁਕਾਬਲੇ ਨੇ ਵਿਦਿਆਰਥੀਆਂ ਵਿਚੋਂ ਸਹਿਣਸ਼ੀਲਤਾ ਦਾ ਮਾਦਾ ਲਗਪਗ ਖ਼ਤਮ ਕਰ ਦਿੱਤਾ ਹੈ।

ਇਸ ਘਟ ਰਹੀ ਸਹਿਣਸ਼ੀਲਤਾ ਅਤੇ ਵਧ ਰਹੀ ਅਸਹਿਣਸ਼ੀਲਤਾ ਕਾਰਨ ਹਰ ਪਾਸੇ ਝਗੜੇ, ਕਲੇਸ਼, ਦਵੈਸ਼, ਨਫ਼ਰਤ ਵਧ ਰਹੀ ਹੈ। ਹੁਣ ਕੋਈ ਵੀ ਵਿਅਕਤੀ ਦੋ ਮਿੰਟ ਲਈ ਇੰਤਜ਼ਾਰ ਕਰਨ ਨੂੰ ਤਿਆਰ ਨਹੀਂ ਹੈ।

ਅਸੀਂ ਹੁਣ ਧਾਰਮਿਕ ਸਥਾਨਾਂ ਉੱਤੇ ਜਾ ਕੇ ਵੀ ਸਹਿਜ ਨਹੀਂ ਹੁੰਦੇ। ਮੰਦਿਰ, ਮਸਜਿਦ, ਗੁਰਦੁਆਰੇ, ਚਰਚ ਆਦਿ ਵਿਚ ਮੱਥਾ ਟੇਕਣ ਵੇਲੇ ਵੀ ਮਨ ਵਿਚ ਕਾਹਲ ਪਈ ਰਹਿੰਦੀ ਹੈ। ਕਿਸੇ ਧਾਰਮਿਕ ਸਥਾਨ ਉੱਤੇ ਬਹੁਤ ਵੱਡੀ ਗਿਣਤੀ ਸ਼ਰਧਾਲੂਆਂ ਵੱਲੋਂ ਮੱਥਾ ਟੇਕਣ ਜਾਣ ਦੀ ਸੂਰਤ ਵਿਚ ਉਥੋਂ ਦੇ ਪ੍ਰਬੰਧਕਾਂ ਵੱਲੋਂ ਬਹੁਤ ਹੀ ਮਹੱਤਵਪੂਰਨ ਵਿਅਕਤੀਆਂ, ਰਾਜਸੀ ਲੀਡਰਾਂ, ਹੋਰ ਸਮਾਜ ਦੇ ਧਨੀ ਲੋਕਾਂ ਲਈ ਜਨ ਸਧਾਰਨ ਵਾਲ਼ੇ ਮਾਰਗ ਤੋਂ ਇਲਾਵਾ ਇੱਕ ਹੋਰ ਛੋਟਾ ਰਸਤਾ ਵੀ ਰੱਖਿਆ ਗਿਆ ਹੁੰਦਾ ਹੈ, ਜੋ ਲੋੜ ਅਨੁਸਾਰ ਹੀ ਖੋਲ੍ਹਿਆ ਜਾਂਦਾ ਹੈ ਤਾਂ ਜੋ ਵਧੇਰੇ ਮਹੱਤਵਪੂਰਨ ਵਿਅਕਤੀਆਂ ਨੂੰ ਮੱਥਾ ਟੇਕਣ ਵਿਚ ਦੇਰੀ ਨਾ ਹੋਵੇ।



ਬੱਸ ਸਟੈਂਡ, ਰੇਲਵੇ ਸਟੇਸ਼ਨ ਉੱਤੇ ਲਾਈਨ ਵਿਚ ਖੜ੍ਹ ਕੇ ਟਿਕਟ ਕਟਾਉਂਦਿਆਂ, ਪੋਸਟ ਆਫ਼ਿਸ, ਬੈਂਕ, ਬੀਮਾ ਕੰਪਨੀ ਜਾਂ ਹੋਰ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਦਫ਼ਤਰ ਵਿਚ ਕੋਈ ਵੀ ਕੰਮ ਕਰਵਾਉਂਦਿਆਂ ਅਸੀਂ ਸਹਿਜਤਾ ਬਿਲਕੁਲ ਛੱਡ ਚੁੱਕੇ ਹਾਂ। ਬਹੁਤੇ ਲੋਕਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਨਿਯਮਾਂ ਨੂੰ ਛਿੱਕੇ ਟੰਗ ਕੇ ਪਹਿਲਾਂ ਆਪਣਾ ਕੰਮ ਕਰਵਾ ਲੈਣ। ਇਹ ਸਾਰਾ ਕੁਝ ਘਟ ਰਹੀ ਸਹਿਣਸ਼ੀਲਤਾ ਕਾਰਨ ਹੀ ਹੋ ਰਿਹਾ ਹੈ।

ਜੇਕਰ ਸੜਕ ਉੱਤੇ ਚੱਲਦੇ ਸਮੇਂ ਕੋਈ ਅੱਗੇ ਜਾ ਰਿਹਾ ਵਾਹਨ ਆਪਣੇ ਤੋਂ ਪਿਛਲੇ ਵਾਹਨ ਨੂੰ ਸਮੇਂ ਸਿਰ ਰਸਤਾ ਨਾ ਦੇ ਸਕੇ ਤਾਂ ਸਹਿਜਤਾ ਗੁਆ ਕੇ ਇੱਕ ਧਿਰ ਦੂਜੀ ਧਿਰ ਨੂੰ ਕੋਸਣ ਲੱਗ ਪੈਂਦੀ ਹੈ। ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਕਈ ਵਾਰੀ ਤਾਂ ਹੱਥੋਪਾਈ ਤੱਕ ਨੌਬਤ ਆ ਜਾਂਦੀ ਹੈ। ਇਹ ਸਭ ਕੁਝ ਘਟ ਰਹੀ ਸਹਿਣਸ਼ੀਲਤਾ ਦਾ ਹੀ ਸਿੱਟਾ ਹੈ। ਗੁੱਸਾ ਆਉਣਾ, ਗੁੱਸੇ ਵਿਚ ਬੇਕਾਬੂ ਹੋ ਕੇ ਕੁੱਟ ਮਾਰ ਤੱਕ ਪਹੁੰਚ ਜਾਣਾ ਬਹੁਤ ਹੀ ਮਾੜੀ ਗੱਲ ਹੈ।

ਸਾਡੀ ਸਿੱਖਿਆ ਪ੍ਰਣਾਲੀ ਵਿਚ ਸਾਨੂੰ ਇਹ ਸਿਖਾਉਣ ਵਿਚ ਕਿਧਰੇ ਕਮੀ ਰਹਿ ਗਈ ਹੈ ਕਿ ਦੂਜੇ ਇਨਸਾਨ ਦੀ ਕਿਸ ਪ੍ਰਕਾਰ ਕਦਰ ਕਰਨੀ ਹੈ? ਮਾਨਸ ਦੀ ਜਾਤ ਨੂੰ ਇੱਕ ਸਮਾਨ ਸਮਝਣਾ ਹੈ। ਮਾਨਵ ਦਾ ਸਤਿਕਾਰ ਕਿਸ ਤਰ੍ਹਾਂ ਕਰਨਾ ਹੈ? ਦੂਜਿਆਂ ਦਾ ਸਤਿਕਾਰ ਕਰਨਾ ਤਾਂ ਬਹੁਤ ਵੱਡੀ ਗੱਲ ਹੈ। ਹੁਣ ਹਾਲਾਤ ਇਹ ਬਣੇ ਪਏ ਹਨ ਕਿ ਬਹੁਤੇ ਆਪਣੇ ਆਪ ਦਾ, ਆਪਣੇ ਮਾਂ-ਬਾਪ ਦਾ ਸਤਿਕਾਰ ਵੀ ਨਹੀਂ ਕਰਦੇ। ਪਤੀ ਪਤਨੀ ਵਿਚ ਤਣਾਅ ਵਧ ਰਿਹਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੋ ਚੁੱਕਾ ਹੈ। ਅਜਿਹੇ ਹਾਲਾਤ ਵਿਚ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਸੱਚਮੁੱਚ ਇਹ ਬਹੁਤ ਹੀ ਭਿਆਨਕ ਸਥਿਤੀ ਬਣੀ ਹੈ।

ਪਿੱਛੇ ਜਿਹੇ ਕੁਝ ਵਿਅਕਤੀਆਂ ਨੇ ਇੱਕ ਨੌਜਵਾਨ ਦਾ ਕਤਲ ਇਸ ਲਈ ਕਰ ਦਿੱਤਾ, ਕਿਉਂਕਿ ਉਸ ਨੇ ਉਨ੍ਹਾਂ ਦੀ ਕਾਰ ਨੂੰ ਸਾਈਡ ਦੇਣ ਵਿਚ ਕੁਤਾਹੀ ਕਰ ਦਿੱਤੀ ਸੀ। ਇਸੇ ਪ੍ਰਕਾਰ ਪਿਛਲੇ ਸਾਲ ਕਮਰੇ ਦਾ ਕਿਰਾਇਆ ਸਮੇਂ ਸਿਰ ਨਾ ਦੇਣ ਕਾਰਨ ਮਾਮੂਲੀ ਤਕਰਾਰ ਉੱਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹਦੇ ਇੱਕ ਵਿਦਿਆਰਥੀ ਦਾ ਛੁਰਾ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਅਜਿਹੀਆਂ ਘਟਨਾਵਾਂ ਸਮਾਜ ਨੂੰ ਕਿਸ ਪਾਸੇ ਲੈ ਕੇ ਜਾ ਰਹੀਆਂ ਹਨ? ਅਜਿਹੀਆਂ ਦਰਦਨਾਕ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ? ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਅਜਿਹੀ ਮਾਨਸਿਕਤਾ ਕਿਉਂ ਬਣ ਰਹੀ ਹੈ? ਕੀ ਇਸ ਸਭ ਕੁਝ ਦਾ ਜ਼ਿੰਮੇਵਾਰ ਸਮਾਜ ਹੈ? ਕੀ ਇਸ ਦਾ ਜ਼ਿੰਮੇਵਾਰ ਸਾਡਾ ਸਿੱਖਿਆ ਤੰਤਰ ਹੈ? ਕੀ ਇਸ ਦੇ ਜ਼ਿੰਮੇਵਾਰ ਸਾਡੇ ਪਰਿਵਾਰ ਹਨ? ਕੀ ਇਸ ਦੇ ਜ਼ਿੰਮੇਵਾਰ ਸਾਡੇ ਨੌਜਵਾਨ ਖ਼ੁਦ ਹਨ? ਕੀ ਇਸ ਦੇ ਜ਼ਿੰਮੇਵਾਰ ਨਸ਼ੇ ਹਨ? ਜਾਂ ਇਸ ਕਿਸਮ ਦੀਆਂ ਹੋਰ ਚੀਜ਼ਾਂ ਹਨ?

ਅੱਜ ਵਿਦਿਆਰਥੀਆਂ ਨੂੰ, ਨੌਜਵਾਨਾਂ ਨੂੰ, ਮੁਟਿਆਰਾਂ ਨੂੰ ਕੇਵਲ ਇਹੋ ਸਿੱਖਿਆ ਦਿੱਤੀ ਜਾ ਰਹੀ ਹੈ ਕਿ ਬੱਸ ਅੱਗੇ ਵਧਣਾ ਹੈ। ਕੀ ਸਿੱਖਿਆ ਵਿਚ ਸਿਰਫ਼ ਇਹ ਸੋਚ ਹੁੰਦੀ ਹੈ ਕਿ ਹਰ ਹਾਲਤ ਵਿਚ ਦੂਜਿਆਂ ਨੂੰ ਪਛਾੜ ਕੇ ਪਹਿਲੇ ਨੰਬਰ ਉੱਤੇ ਹੀ ਆਉਣਾ ਹੈ? ਕੀ ਇਸ ਪ੍ਰਕਾਰ ਦੀ ਸਫ਼ਲਤਾ ਹਾਸਲ ਕਰਨ ਲਈ ਨੈਤਿਕਤਾ ਦੇ ਮਾਪਦੰਡ ਕੋਈ ਮਾਅਨੇ ਨਹੀਂ ਰੱਖਦੇ?

ਬਿਲਕੁਲ ਇਸੇ ਪ੍ਰਕਾਰ ਹੀ ਅੱਜ ਹਰੇਕ ਵਿਅਕਤੀ ਦੀ ਅਮੀਰ ਬਣਨ ਦੀ ਲਾਲਸਾ ਇੰਨੀ ਵਧ ਗਈ ਹੈ ਕਿ ਪੈਸਾ ਕਮਾਉਣ ਲਈ ਯੋਗ ਜਾਂ ਅਯੋਗ ਸਾਧਨ ਕੋਈ ਮਾਇਨੇ ਨਹੀਂ ਰੱਖਦੇ?

ਅਜਿਹੀ ਸਥਿਤੀ ਵਿਚ ਕਿਸ ਤਰ੍ਹਾਂ ਦੇ ਨਾਗਰਿਕ ਤਿਆਰ ਹੋ ਰਹੇ ਹਨ? ਅੱਜ ਦਾ ਨੌਜਵਾਨ ਵਰਗ ਨਾ ਤਾਂ ਹੱਥੀਂ ਕੰਮ ਕਰਨਾ ਚਾਹੁੰਦਾ ਹੈ। ਨਾ ਵੱਡਿਆਂ ਦੀ ਇੱਜ਼ਤ ਕਰਨੀ ਚਾਹੁੰਦਾ ਹੈ। ਨਾ ਆਪਣੇ ਮਾਪਿਆਂ ਨੂੰ ਸਤਿਕਾਰ ਦੇਣਾ ਚਾਹੁੰਦਾ ਹੈ। ਸੋਚਣ ਅਤੇ ਵਿਚਾਰਨ ਵਾਲ਼ੀ ਗੱਲ ਹੈ ਕਿ ਅਜਿਹੀਆਂ ਪ੍ਰਸਥਿਤੀਆਂ ਵਿਚ ਸਾਡੇ ਸਮਾਜ ਦੀ ਸਿਰਜਣਾ ਕਿਹੋ ਜਿਹੀ ਹੋਵੇਗੀ? ਸਾਡਾ ਸਮਾਜ ਕਿੱਧਰ ਨੂੰ ਜਾਵੇਗਾ?

ਹੁਣ ਸਮਾਜ ਸ਼ਾਸਤਰੀਆਂ ਨੂੰ ਤਾਂ ਇੰਝ ਲੱਗਣ ਲੱਗ ਪਿਆ ਹੈ ਕਿ ਕੀ ਅਸੀਂ ਹੌਲੀ-ਹੌਲੀ ਅਮਰੀਕਾ ਵਾਲੇ 'ਸ਼ੂਟ-ਆਊਟ' ਕਰਨ ਵਾਲ਼ੀਆਂ ਘਟਨਾਵਾਂ ਵੱਲ ਤਾਂ ਨਹੀਂ ਵਧ ਰਹੇ? ਅਜਿਹੀਆਂ ਪ੍ਰਸਥਿਤੀਆਂ ਵਿਚ ਸਾਡੇ ਸਿੱਖਿਆ ਸ਼ਾਸਤਰੀਆਂ, ਸਮਾਜ ਦੇ ਸੂਝਵਾਨ ਤੇ ਜ਼ਹੀਨ ਸੋਚ ਦੇ ਧਾਰਨੀ ਪਤਵੰਤਿਆਂ, ਸਾਡੀਆਂ ਸਰਕਾਰਾਂ ਨੂੰ ਸਾਡੇ ਵਿੱਦਿਅਕ ਢਾਂਚੇ ਉੱਪਰ ਗੌਰ, ਨਜ਼ਰਸਾਨੀ ਜ਼ਰੂਰ ਕਰਨੀ ਚਾਹੀਦੀ ਹੈ। ਕਿਤੇ ਅਜਿਹਾ ਤਾਂ ਨਹੀਂ ਕਿ ਵਿਦਿਆਰਥੀਆਂ ਨੂੰ ਜੋ ਪੜ੍ਹਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਜੋ ਸਿਖਾਇਆ ਜਾ ਰਿਹਾ ਹੈ, ਉਹ ਚੰਗੇ ਨਾਗਰਿਕ ਪੈਦਾ ਕਰਨ ਵਿਚ ਸਹਾਈ ਨਾ ਹੋ ਰਿਹਾ ਹੋਵੇ। ਇਸ ਸਾਰੇ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਅਤੇ ਸੰਜੀਦਗੀ ਨਾਲ਼ ਵਿਚਾਰ ਕੇ ਇਸ ਦਾ ਯੋਗ ਅਤੇ ਢੁੱਕਵਾਂ ਹੱਲ ਕਰਨ ਵੱਲ ਵਧਣਾ ਚਾਹੀਦਾ ਹੈ।

ਹੁਣ ਅਜਿਹੀ ਸਮਾਜਿਕ ਹਾਲਤ ਬਣ ਗਈ ਹੈ ਕਿ ਕੋਈ ਕਿਸੇ ਨੂੰ ਰੋਕ ਟੋਕ ਨਹੀਂ ਰਿਹਾ। ਕੋਈ ਕਿਸੇ ਨੂੰ ਵਰਜ ਨਹੀਂ ਰਿਹਾ। ਜਿਸ ਦਾ ਜੋ ਦਿਲ ਕਰਦਾ ਹੈ, ਉਹੀ ਕਰ ਰਿਹਾ ਹੈ। ਇਹ ਸਮੱਸਿਆ ਨਸ਼ੇ ਤੋਂ ਵੀ ਕਿਤੇ ਵੱਧ ਗੰਭੀਰ ਹੈ। ਜੇਕਰ ਇਸ ਗੰਭੀਰ ਮਸਲੇ ਵੱਲ ਫੌਰੀ ਤੌਰ ਉੱਤੇ ਸਾਡੇ ਸਮਾਜ ਸ਼ਾਸਤਰੀਆਂ, ਅਧਿਆਪਕਾਂ ਅਤੇ ਪਰਿਵਾਰਾਂ ਦੇ ਮੁਖੀਆਂ ਨੇ ਧਿਆਨ ਨਾ ਦਿੱਤਾ ਤਾਂ ਹਾਲਾਤ ਹੋਰ ਵੀ ਜ਼ਿਆਦਾ ਵਿਗੜਨ ਦੀਆਂ ਸੰਭਾਵਨਾਵਾਂ ਹਨ। ਅਸਹਿਣਸ਼ੀਲਤਾ ਨਾਂ ਦੀ ਬਿਮਾਰੀ ਸਾਰੇ ਸਮਾਜ ਵਿਚ ਅਮਰ ਵੇਲ ਵਾਂਗ ਵਧ ਰਹੀ ਹੈ। ਜੇਕਰ ਇਸ ਦਾ ਫੌਰੀ ਕੋਈ ਹੱਲ ਨਾ ਕੀਤਾ ਗਿਆ। ਇਸ ਨੂੰ ਜਲਦੀ ਨਾ ਰੋਕਿਆ ਗਿਆ ਤਾਂ ਇਹ ਸਾਡੇ ਸਮਾਜ ਲਈ ਬਹੁਤ ਹੀ ਘਾਤਕ ਸਿੱਧ ਹੋ ਸਕਦੀ ਹੈ।

ਕੋਈ ਸਮਾਂ ਸੀ, ਜਦੋਂ ਖੇਡਾਂ ਆਪਸੀ ਪਿਆਰ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਖੇਡੀਆਂ ਜਾਂਦੀਆਂ ਸਨ। ਖੇਡ ਵਿਚ ਜੇਤੂ ਧਿਰ ਨੇ ਆਪਣੀ ਖ਼ੁਸ਼ੀ ਦੂਜਿਆਂ ਨਾਲ਼ ਸਲੀਕੇ ਨਾਲ਼ ਸਾਂਝੀ ਕਰਨੀ ਹੁੰਦੀ ਹੈ ਅਤੇ ਹਾਰੀ ਹੋਈ ਧਿਰ ਨੇ ਆਪਣੀ ਹਾਰ ਨੂੰ ਸਹਿਜਤਾ ਨਾਲ਼ ਲੈਂਦੇ ਹੋਏ ਖੇਡ ਦੌਰਾਨ ਕੀਤੀਆਂ ਆਪਣੀਆਂ ਗ਼ਲਤੀਆਂ ਉੱਤੇ ਨਜ਼ਰਸਾਨੀ ਕਰਕੇ ਅੱਗੋਂ ਲਈ ਆਪਣੀ ਖੇਡ ਨੂੰ ਬਿਹਤਰ ਬਣਾਉਣਾ ਹੁੰਦਾ ਹੈ। ਪਰੰਤੂ ਵਧ ਰਹੀ ਅਸਹਿਣਸ਼ੀਲਤਾ ਦੇ ਕਾਰਨ ਜਿੱਤ ਅਤੇ ਮੁਕਾਬਲੇ ਦੀ ਲਾਲਸਾ ਨੇ ਖੇਡਾਂ ਨੂੰ ਵੀ ਜੰਗ ਦਾ ਰੂਪ ਦੇ ਦਿੱਤਾ ਹੈ। ਹੁਣ ਖਿਡਾਰੀ ਕਬੱਡੀ, ਹਾਕੀ, ਫੁੱਟਬਾਲ, ਕ੍ਰਿਕਟ ਆਦਿ ਖੇਡ ਖੇਡਣ ਲਈ ਟੀਕੇ ਤੱਕ ਲਾਉਣ ਲੱਗ ਪਏ ਹਨ। ਤਾਂ ਜੋ ਉਹ ਹਰ ਹਾਲਤ ਵਿਚ ਜਿੱਤ ਹਾਸਲ ਕਰ ਸਕਣ। ਜੇਕਰ ਫਿਰ ਵੀ ਵਿਰੋਧੀ ਟੀਮ ਜਿੱਤ ਜਾਂਦੀ ਹੈ ਤਾਂ ਗਾਲੀ ਗਲੋਚ, ਹੱਥੋਪਾਈ ਅਤੇ ਕਤਲ ਕਰ ਦੇਣ ਤੱਕ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਵਧ ਰਹੀ ਅਸਹਿਣਸ਼ੀਲਤਾ ਕਾਰਨ ਜਦੋਂ ਜਦੋਂ ਸਾਡੇ ਸਮਾਜ ਵਿਚ ਦਰਦਨਾਕ, ਖ਼ੌਫ਼ਨਾਕ ਘਟਨਾਵਾਂ ਵਾਪਰਦੀਆਂ ਹਨ, ਉਦੋਂ ਹੀ ਸਮਾਜ ਸ਼ਾਸਤਰੀਆਂ ਨੂੰ ਚਿੰਤਾ ਅਤੇ ਫ਼ਿਕਰ ਸਤਾਉਣ ਲੱਗ ਪੈਂਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਇਸ ਗੰਭੀਰ ਮਸਲੇ ਉੱਤੇ ਸੋਚ-ਵਿਚਾਰ ਅਤੇ ਚਿੰਤਨ ਕਰਨ ਦੀ ਲੋੜ ਹੈ।

# ਫੌਜੀ ਵੈਸ਼ਨੂੰ ਢਾਬਾ

**ਇਕਬਾਲ ਸਿੰਘ ਸ਼ਾਹੀ**
**ਫੋਨ: 73475-43330**

ਬੜੇ ਬਾਈ ਜੀ ਅਠਾਈ ਸਾਲ ਫੌਜ ਦੀ ਨੌਕਰੀ ਕਰਕੇ ਸੂਬੇਦਾਰੀ ਪੈਨਸ਼ਨ ਆਏ। ਬਾਈ ਜੀ ਨੂੰ ਵੀ ਸੂਬੇਦਾਰ ਦਿਆਲ ਸਿਹੁੰ ਵਾਂਗ ਬਿਜ਼ਨਸ ਕਰਨ ਦੀ ਇੱਲਤ ਸੁੱਝੀ। ਮੇਰੇ ਨਾਲ ਲੱਗੇ ਸਲਾਹਾਂ ਕਰਨ ਕਿ ਕੀ ਕੰਮ ਧੰਦਾ ਕੀਤਾ ਜਾਵੇ ਜੀਹਦੇ ਨਾਲ ਬੈਠੇ ਬੈਠਾਏ ਮਾਇਆ ਛਾਲਾਂ ਮਾਰਦੀ ਆਵੇ। ਅਸੀਂ ਸਮੁੰਦਰ ਮੰਥਨ ਕੀਤਾ ਤੇ ਸਿੱਟਾ ਕੱਢਿਆ ਕਿ ਕਿਉਂ ਨਾ ਆਪਾਂ ਇੱਕ ਢਾਬਾ ਖੋਲ੍ਹ ਲਈਏ?

ਲਓ ਜੀ ਅਸੀਂ ਝੱਟਪਟ ਹੀ ਇੱਕ ਆਪੂੰ ਬਣੇ ਕਿਸੇ ਪ੍ਰੋਪਰਟੀ ਡੀਲਰ ਕੋਲ਼ ਜਾ ਪਹੁੰਚੇ। ਉਹਨੂੰ ਕੋਈ ਪੰਜ ਸੱਤ ਬਿਸਵੇ ਦਾ ਹਾਈਵੇ ਕਿਨਾਰੇ ਪਲਾਟ ਲੱਭਣ ਲਈ ਹੁਕਮ ਚਾੜ੍ਹਿਆ। ਹਫ਼ਤੇ ਕੁ ਅੰਦਰ ਹੀ ਇੱਕ ਵਧੀਆ ਪਲਾਟ ਜਰਨੈਲੀ ਸੜਕ ਦੇ ਨਾਲ ਲਗਦਾ ਮਿਲ਼ ਗਿਆ, ਅੱਠ ਲੱਖ ਦਾ ਸੌਦਾ ਹੋ ਗਿਆ, ਰਜਿਸਟਰੀ ਖਰਚਾ ਅਲੱਗ ਤੇ ਜਿਹੜੀ ਵੱਢੀ ਦਿੱਤੀ ਉਹ ਅਲਗ। ਕੁੱਲ ਮਿਲਾਕੇ ਦਸ ਲੱਖ ਸਾਢੇ ਸੰਤਾਲੀ ਹਜ਼ਾਰ ਦਾ ਬਜਟ ਪਲਾਟ ਤੇ ਲੱਗ ਗਿਆ। ਜੰਗੀ ਪੱਧਰ 'ਤੇ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। ਮਿਸਤਰੀਆਂ ਨਾਲ ਠੇਕਾ ਕਰ ਲਿਆ। ਠੇਕੇਦਾਰ ਨੂੰ ਕਿਹਾ, ਜੀ ਪਹਿਲਾਂ ਨਕਸ਼ਾ ਬਣਾ ਲੈਂਦੇ ਹਾਂ, ਠੇਕੇਦਾਰ ਕਹਿੰਦੇ, 'ਲੈ ਸੂਬੇਦਾਰ ਸਾਬ੍ਹ ਨਕਸ਼ੇ ਦੀ ਕੀ ਲੋੜ ਆ ਆਪਾਂ ਏਦਾਂ ਈ ਗੁਣੀਏ ਵਿਚ ਕਰ ਲੈਣਾ ਕੰਮ!' ਆਪਦੀ ਮਰਜ਼ੀ ਨਾਲ ਈ ਉਗੜ-ਦੁੱਗੜ ਜਈ ਡਰਾਇੰਗ ਬਣਾ ਕੇ ਨੀਹਾਂ ਭਰਨ ਲਾ'ਤੇ ਮਜ਼ਦੂਰ ਠੇਕੇਦਾਰ ਨੇ। ਇੱਕ ਪੰਗਾ ਹੋਰ, ਪਲਾਟ ਮੂਹਰਿਓਂ ਚੌੜਾ ਤੇ ਪਿਛਲੇ ਪਾਸੇ ਤੋਂ ਤੰਗ। ਬਾਈ ਜੀ ਕਦੇ ਪ੍ਰੋਪਰਟੀ ਡੀਲਰ ਨੂੰ ਗਾਲ਼ਾਂ ਕੱਢਣ ਕਦੇ ਠੇਕੇਦਾਰ ਨੂੰ। ਕੁੱਲ ਮਿਲਾ ਕੇ ਢਾਬਾ ਖੁੱਲ੍ਹਣ ਤੋਂ ਪਹਿਲਾਂ ਹੀ ਬਾਈ ਜੀ ਪੂਰੇ ਫਰਸਟਰੇਟ ਹੋ ਗਏ। ਡੂਢ ਮਹੀਨੇ ਵਿਚ ਢਾਬਾ ਖੜ੍ਹਾ ਕਰ'ਤਾ ਜਰਨੈਲੀ ਸੜਕ ਦੇ ਮੱਥੇ। ਨਾਲ ਲਗਦੇ ਈ ਭਾਂਡਿਆਂ ਦਾ ਟੈਂਪੂ ਭਰ ਲਿਆਂਦਾ ਜਗਾਧਰੀ ਤੋਂ, ਦੇਗੇ, ਕੜਛੇ, ਪਲਟੇ, ਪਤੀਲੇ ਛੋਟੇ ਵੱਡੇ ਸਭ, ਡੋਂਗੇ, ਕੌਲੀਆਂ, ਚਮਚੇ, ਟਰੇਆਂ, ਥਾਲੀਆਂ, ਫੁੱਲ ਪਲੇਟਾਂ, ਕੁਆਟਰ ਪਲੇਟਾਂ, ਜੱਗ, ਬਾਲਟੀਆਂ ਆਦਿ। ਗੱਲ ਕੀ ਕਰੀਬ ਡੇਢ ਕੁਇੰਟਲ ਸਟੀਲ ਲਿਆਂਦਾ। ਫਰਨੀਚਰ ਬਣਾਇਆ ਗਿਆ। ਸਨਮਾਇਕਾ ਆਲ਼ੇ ਮੇਜ, ਵਧੀਆ ਕੁਸ਼ਨ ਆਲੀਆਂ ਕੁਰਸੀਆਂ ਲਿਆਂਦੀਆਂ ਗਈਆਂ। ਬਾਈ ਜੀ ਨੇ ਦਿਲ ਖੋਲ੍ਹ ਕੇ ਖਰਚਾ ਕੀਤਾ। ਬਿਜਲੀ ਦੀ ਮੋਟਰ ਲਵਾਈ ਪਾਣੀ ਲਈ, ਇੱਕ ਚੁਬੱਚਾ ਬਣਾਇਆ ਡਰਾਈਵਰਾਂ ਕਲੀਨਰਾਂ ਦੇ ਨਾਹੁਣ ਧੋਣ ਨੂੰ। ਡੈਕੋਰੇਸ਼ਨਾਂ ਕੀਤੀਆਂ ਗਈਆਂ, ਰੰਗ ਬਰੰਗੀਆਂ ਬਿਜਲੀ ਬਲਬਾਂ ਦੀਆਂ ਝਾਲਰਾਂ ਲਾ ਦਿੱਤੀਆਂ। ਸਾਹਮਣੇ ਲਿਖਤਾ, 'ਫੌਜੀ ਵੈਸ਼ਨੂੰ ਢਾਬਾ', ਇੱਕ ਫਲੈਕਸ ਸੜਕ ਦੇ ਸੱਜੇ ਤੇ ਇੱਕ ਖੱਬੇ ਲਾ ਦਿੱਤੀਆਂ ਵੱਡੇ ਵੱਡੇ ਅੱਖਰਾਂ ਵਿਚ।

ਹੁਣ ਸਮੱਸਿਆ ਆ ਗਈ ਢਾਬੇ ਤੇ ਸਟਾਫ ਰੱਖਣ ਦੀ। ਵੇਟਰ ਤਾਂ ਮਿਲ਼ ਗਏ ਤਿੰਨ ਕਿਸੇ ਤਰ੍ਹਾਂ ਪਰ ਸਭ ਤੋਂ ਵੱਡੀ ਮੁਸ਼ਕਲ ਸੀ ਕੁੱਕ ਨਾ ਮਿਲਣ ਦੀ। ਲੁਧਿਆਣੇ ਕਈ ਢਾਬੇ ਆਲਿਆਂ ਨਾਲ ਮੇਲ ਮਿਲਾਪ ਕੀਤਾ ਕਿ ਜੀ ਕੋਈ ਇੱਕ ਅੱਧਾ ਕੁੱਕ ਮੁਹਈਆ ਕਰਵਾ ਦਿ" ਕਿਧਰੋਂ। ਬਾਈ ਜੀ ਕਹਿੰਦੇ ਕਿ ਕੋਈ ਕੱਚ ਘਰੜ ਜਿਹਾ ਈ ਹੋਵੇ ਚਾਹੇ, ਅਸੀਂ ਆਪੇ ਟਰੇਂਡ ਕਰ ਲਾਂਗੇ ਕਿਉਂਕਿ ਬਾਈ ਜੀ ਫੌਜ ਵਿਚ ਖੁਦ ਬਥੇਰੇ ਡੀਲਕਸ ਤੜਕੇ ਲਾਉਂਦੇ ਰਹੇ ਸਨ ਲੰਗਰ ਦੀ ਦਾਲ ਨੂੰ।

ਜਦ ਤੱਕ ਕੋਈ ਲਾਂਗਰੀ ਨਾ ਮਿਲ਼ਿਆ, ਬਾਈ ਜੀ ਆਪੇ ਦਾਲਾਂ ਸਬਜੀਆਂ ਬਣਾਉਣ ਲੱਗੇ। ਫੁਲਕੇ ਲਾਹੁਣ ਲਈ ਪਿੰਡੋਂ ਇੱਕ ਬੀਬੀ ਦਿਹਾੜੀ ਤੇ ਰੱਖ ਲਈ। ਕੰਮ ਚਲ ਨਿਕਲ਼ਿਆ, ਢਾਬੇ ਤੇ ਚਹਿਲ-ਪਹਿਲ ਹੋਣੀ ਸ਼ੁਰੂ ਹੋ ਗਈ। ਹੌਲੀ ਹੌਲੀ ਸਕੂਟਰ, ਕਾਰਾਂ, ਗੱਡੀਆਂ ਰੁਕਣ ਲੱਗੀਆਂ। ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੇ ਡਰਾਈਵਰਾਂ ਨਾਲ ਸੰਪਰਕ ਸਾਧੇ। ਉਨ੍ਹਾਂ ਨੂੰ 'ਫੌਜੀ ਵੈਸ਼ਨੂੰ ਢਾਬੇ' ਤੇ ਬਰੇਕਾਂ ਮਾਰਨ ਲਈ ਮਨਾਇਆ। ਡਰਾਈਵਰ ਕੰਡਕਟਰ ਨੂੰ ਫਰੀ ਖਾਣਾ ਦੇਣਾ, ਨਾਲ ਸੌ ਸੌ ਰੁਪਈਏ ਵੀ ਦੇਣੇ ਜਿਵੇਂ ਸਾਲ਼ੇ ਸਹੁਰੇ ਆਏ ਹੋਣ। ਪਰ ਸੇਲ ਘੱਟ ਹੋਵੇ ਤੇ ਸਟਾਫ ਦੀ ਤਨਖਾਹ ਵੱਧ ਬਣੇ, ਪ੍ਰੋਫਿਟ ਤਾਂ ਕੀ ਹੋਣਾ ਸੀ ਉਲਟਾ ਗੰਢੇ-ਬਤਾਊਂ ਜੇਬ ਚੋਂ ਲਿਆਉਣੇ ਪੈਣ! ਪਰ ਬਾਈ ਜੀ ਨੇ ਸਿਦਕ ਕਾਇਮ ਰੱਖਿਆ, ਚਾਹੇ ਔਖੇ ਈ ਸੀ। ਸ਼ਾਮ ਨੂੰ ਦੋ ਪੈੱਗ ਲਾ ਕੇ ਬਾਈ ਜੀ ਨੇ ਮੈਨੂੰ ਗਾਲੀ-ਗਲੋਚ ਕਰ ਲੈਣਾ, ਢਾਬੇ ਤੇ ਪੈਂਦੇ ਘਾਟੇ ਕਾਰਨ ਹੋਈ ਮਨ ਦੀ ਭੜਾਸ ਕੱਢ ਲੈਣੀ। ਮੈਂ ਅੱਗੋਂ ਨਾ ਬੋਲਣਾ ਕਿ ਚਲੋ ਕੋਈ ਨੀ ਬਾਈ ਜੀ ਨੂੰ ਦਿਲ ਹੌਲ਼ਾ ਕਰ ਲੈਣ ਦਿੰਦੇ ਹਾਂ।

ਇੱਕ ਦਿਨ ਦੋ ਲਾਂਗਰੀ ਭੇਜ ਦਿੱਤੇ ਲੁਧਿਆਣੇ ਤੋਂ ਕਿਸੇ ਢਾਬੇ ਆਲ਼ੇ ਨੇ। ਨੇਪਾਲੀ ਸਨ। ਬਾਈ ਜੀ ਨੇ ਉਨ੍ਹਾਂ ਦੀ ਇੰਟਰਵਿਊ ਕੀਤੀ ਤੇ ਰੱਖ ਲਏ। ਪਤਾ ਨਹੀ ਬਾਈ ਜੀ ਨੂੰ ਕੀਹਨੇ ਉਲਟੀ ਸਲਾਹ ਦਿੱਤੀ ਕਿ ਢਾਬੇ ਤੇ ਚੋਰੀ ਛੁਪੇ ਦਾਰੂ ਪੀਣ ਆਲਿਆਂ ਨੂੰ ਬੈਠਣ ਦੇਣ। ਉਨ੍ਹਾਂ ਵਾਸਤੇ ਇੱਕ ਕਮਰਾ ਜਿਆ ਤਿਆਰ ਕੀਤਾ, ਵਿਚ ਓਛ ਫਿੱਟ ਕਰਾਇਆ, ਕਿਤੇ ਸ਼ਰਾਬੀਆਂ ਨੂੰ ਗਰਮੀ ਨਾ ਲਗ ਜਾਏ। ਸ਼ਾਮ ਨੂੰ ਢਾਬਾ ਘੱਟ ਤੇ ਹਾਤਾ ਜਿਆਦਾ ਲੱਗੇ। ਕਿਤੇ ਦੋ ਚਾਰ ਪਿਆਕੜਾਂ ਨੇ ਬਾਈ ਜੀ ਨੂੰ ਕਹਿ ਤਾ, 'ਬਾਈ ਜੀ ਢਾਬਾ ਭਾਵੇਂ ਵੈਸ਼ਨੂੰ ਆ ਪਰ ਤੁਸੀਂ ਆਥਣ ਨੂੰ ਮੁਰਗ ਮੁਸੱਲਮ ਚੱਲਣ ਦਿ", ਪੀਣ ਆਲ਼ੇ ਵੱਧ ਆਉਣਗੇ। ਨਹੀਂ ਇੱਥੇ ਮੂੰਗੀ ਦੀ ਦਾਲ ਤੇ ਬੈਂਗਣਾਂ ਦੇ ਭੜਥੇ ਨਾਲ ਕੀਹਨੇ ਸ਼ਰਾਬ ਪੀਣੀ ਆ!? ਬਾਈ ਜੀ ਨੂੰ ਸਲਾਹ ਜਚ ਗਈ, ਬਸ ਸ਼ਾਮ ਨੂੰ ਹੋ ਗਿਆ ਕੰਮ ਸ਼ੁਰੂ। ਕਈਆਂ ਨੇ ਟੁੰਨ ਹੋ ਕੇ ਓਥੇ ਈ ਮੇਜ ਜੋੜ ਕੇ ਸੌਂ ਜਾਣਾ ਰਾਤ ਨੂੰ। ਬਾਈ ਜੀ ਨੇ ਬੜਾ ਖ਼ਫ਼ਾ ਹੋਇਆ ਕਰਨਾ, ਹੁਣ ਫਸੀ ਨੂੰ ਫਟਕਣ ਕੇਹੀ। ਪਿਆਕੜਾਂ ਨਾਲੋਂ ਵੱਧ ਮੁਰਗ ਮੁਸਲਮ ਨੇਪਾਲੀ ਕੁੱਕ ਟੇਸਟ ਕਰਦੇ ਖਾ ਜਾਂਦੇ। ਗਾਹਕਾਂ ਨੂੰ ਲੈੱਗ ਪੀਸ ਦੀ ਜਗ੍ਹਾ ਪਲੇਟ ਚ ਮੁਰਗੇ ਦੀ ਗਰਦਨ ਈ ਮਿਲ਼ਦੀ।

ਕਿਸੇ ਲਾਗ-ਡਾਟ ਆਲ਼ੇ ਨੇ ਥਾਣੇ ਚੁਗਲੀ ਕਰ'ਤੀ। ਅਗਲੇ ਦਿਨ ਥਾਣੇਦਾਰ ਰਗੜਾ ਸਿੰਘ ਤੇ ਐਕਸਾਇਜ ਇੰਸਪੈਕਟਰ ਆ ਗਏ ਜੀਪ ਭਰਕੇ ਪੁਲਿਸ ਦੀ। ਲੱਗੇ ਬਾਈ ਜੀ ਤੋਂ ਇਨਕੁਆਇਰੀ ਕਰਨ। ਕਹਿੰਦਾ ਤੁਸੀਂ ਢਾਬੇ ਤੇ ਸ਼ਰਾਬ ਕਿਉਂ ਪੀਣ ਦਿੰਦੇ ਓ ਲੋਕਾਂ ਨੂੰ। ਇਹ ਕਾਨੂੰਨਨ ਜ਼ੁਰਮ ਆ, ਪਤਾ ਨਹੀਂ ਕਿਹੜੀਆਂ ਕਿਹੜੀਆਂ ਧਾਰਾਵਾਂ ਗਿਣਾ ਦਿੱਤੀਆਂ, ਬਾਈ ਜੀ ਘਾਬਰ ਗਏ ਮਤੇ ਕੇਸ ਨਾ ਪੈ ਜਾਵੇ। ਉਨ੍ਹਾਂ ਦੋਹਾਂ ਅਫ਼ਸਰਾਂ ਦੀ ਮੁੱਠੀ ਗਰਮ ਕੀਤੀ, ਰੋਟੀ ਖਵਾਈ ਤੇ ਵਿਦਾ ਕੀਤੇ। ਜਾਂਦੇ ਹੋਏ ਮਹੀਨਾ ਬੰਨ੍ਹ ਗਏ। ਇੱਕ ਦਿਨ ਫੂਡ ਸੇਫਟੀ ਅਫ਼ਸਰ ਆ ਧਮਕਿਆ। ਕਹਿੰਦਾ ਢਾਬਾ ਖੋਲ੍ਹਣ ਤੋਂ ਪਹਿਲਾਂ ਸਾਨੂੰ ਕਿਉਂ ਨਹੀਂ ਮਿਲ਼ੇ, ਕਿੰਨੀਆਂ ਹੀ ਫਾਰਮੈਲਟੀਆਂ ਹੁੰਦੀਆਂ ਨੇ ਪੂਰੀਆਂ ਕਰਨ ਨੂੰ। ਤੁਸੀਂ ਕੋਈ ਫਾਰਮੈਲਟੀ ਪੂਰੀ ਨਹੀਂ ਕੀਤੀ ਨਾ ਲਸੰਸ ਲਿਆ ਤੇ ਢਾਬਾ ਖੋਲ੍ਹ ਕਿੰਵ ਲਿਆ!? ਤੁਹਾਡਾ ਖਾਣੇ ਦਾ ਸਟੈਂਡਰਡ ਬਹੁਤ ਘਟੀਆ ਵਾ, ਤੁਹਾਨੂੰ ਤਾਂ ਭਾਰੀ ਜੁਰਮਾਨਾ ਕਰਨਾ ਚਾਹੀਦਾ। ਬਾਈ ਜੀ ਫੇਰ ਘਬਰਾ ਗਏ। ਚਲੋ ਕਿੰਵ ਵੀ ਕਰਕੇ ਫੂਡ ਸੇਫਟੀ ਅਫ਼ਸਰ ਨੂੰ ਤੁਰਦਾ ਕਰਿਆ ਮਾਇਆ ਦੇ ਗੱਫੇ ਦੇ ਕੇ ਤੇ ਮਹੀਨੇਵਾਰ ਬਿਨਾ ਨਾਗਾ ਪੰਜ ਹਜਾਰ ਦੇਣ ਦਾ ਵਾਅਦਾ ਕੀਤਾ। ਕੀ ਡਾਕ੍ਟਰ ਤੇ ਕੀ ਫਾਇਰ ਬ੍ਰਿਗੇਡ ਆਲ਼ਿਆਂ ਸਾਰਿਆਂ ਨੂੰ ਅਲੱਗ ਦਿੱਤੇ। ਕਿਸੇ ਨੇ ਵੀ ਆ ਕੇ ਢਾਬੇ ਤੇ ਰੋਟੀ ਖਾ ਜਾਣੀ ਤੇ ਬਿਲ ਦੇਣ ਸਮੇਂ ਕਹਿ ਦੇਣਾ ਫਲਾਣੇ ਡਿਪਾਰਟਮੇਂਟ ਦੇ ਮੁਲਾਜਮ ਹਾਂ, ਬਾਈ ਜੀ ਨੇ ਗੱਲੇ 'ਤੇ ਬੈਠੇ ਨੇ ਵਿਹੁ ਘੋਲੀ ਜਾਣੀ, ਵਸ ਕੋਈ ਚੱਲਣਾ ਨਾ।

ਕਹਿੰਦੇ ਆ ਜਦ ਬੰਦੇ ਦੀ ਕਿਸਮਤ ਪੁੱਠੇ ਚੱਕਰਾਂ ਵਿਚ ਹੋਵੇ ਤਾਂ ਊਠ 'ਤੇ ਬੈਠੇ ਨੂੰ ਵੀ ਕੁੱਤਾ ਵੱਢ ਜਾਂਦਾ। ਇੰਵ ਦਾ ਹਾਲ ਈ ਬਾਈ ਜੀ ਦਾ ਸੀ। ਹਾਈਵੇ ਚੌੜਾ ਹੋਣ ਲਈ ਸਰਵੇ ਹੋ ਗਿਆ, ਬਾਈ ਜੀ ਦਾ ਢਾਬਾ ਵਿਚ ਆ ਗਿਆ। ਸਰਕਾਰੀ ਨੋਟਿਸ ਆਉਣੇ ਸ਼ੁਰੂ ਹੋ ਗਏ ਜਗ੍ਹਾ ਖਾਲੀ ਕਰਨ ਲਈ। ਇੱਧਰ ਸ਼ਹਿਰ ਦੀ ਮਿਉਂਸੀਪਲ ਕਾਰਪੋਰੇਸ਼ਨ ਨੇ ਪੰਗਾ ਪਾ ਦਿੱਤਾ ਕਿ ਜੀ ਤੁਸੀਂ ਸਾਡੇ ਕੋਲੋਂ ਉਸਾਰੀ ਲਈ NOC ਨੀ ਲਈ ਤੇ ਨਾ ਹੀ ਨਕਸ਼ਾ ਪਾਸ ਕਰਵਾਇਆ। ਉਲਟਾ ਉਨ੍ਹਾਂ ਨੇ ਜੁਰਮਾਨਾ ਠੋਕ'ਤਾ। ਬਾਈ ਜੀ ਦਾ ਦਿਲ ਕਰੇ ਬਈ ਸਿਰ ਕੰਧ ਚ ਮਾਰਾਂ। ਬਾਈ ਜੀ ਬੜੇ ਦੁਖੀ, ਰਾਤ ਨੂੰ ਸੁੱਤੇ ਹੋਏ ਵੀ ਪਤਾ ਨਹੀਂ ਕੀਹਨੂੰ-ਕੀਹਨੂੰ ਗਾਲ਼ਾਂ ਕੱਢੀ ਜਾਂਦੇ। ਮੈਂ ਅਲੱਗ ਲੁਕਦਾ ਫਿਰਾਂ, ਕਿਤੇ ਬਾਈ ਜੀ ਮੈਨੂੰ ਘੇਰ ਕੇ ਫਹੁੜਾ ਮਾਰ ਮੇਰਾ ਸਿਰ ਨਾ ਪਾੜ ਦੇਣ ਵੱਡੇ ਸਲਾਹਕਾਰ ਦਾ। ਅਖੀਰ ਬਾਈ ਜੀ ਨੇ ਢਾਬਾ, ਢਾਬੇ ਆਲ਼ੀ ਜਗ੍ਹਾ ਈ ਛੱਡ ਦਿੱਤੀ। ਬਾਈ ਜੀ ਨੂੰ ਮਿਲ਼ੇ ਫੰਡ ਤੇ ਗਰੇਚੂਟੀ ਸਭ ਢਾਬਾ ਬਣਾਉਣ ਤੇ ਸਟਾਫ਼ ਦੀਆਂ ਤਨਖਾਹਾਂ ਰਾਹੀਂ ਲੇਖੇ ਲੱਗ ਗਏ। ਜੁਰਮਾਨੇ ਨਾ ਭਰਨ ਦੇ ਹਾਲੇ ਦੋ ਤਿੰਨ ਕੇਸ ਚਲਦੇ ਆ। ਅੱਜ ਕੱਲ੍ਹ ਬਾਈ ਜੀ ਪਾਗਲਾਂ ਵਾਂਗ ਬੁੜ ਬੁੜਾਉਂਦੇ ਰਹਿੰਦੇ ਆ ਸਾਰਾ ਦਿਨ ਕੱਲੇ ਈ।



# ਪੂਜਾ ਬੱਤਰਾ ਦਾ ਵੀ ਹੁਣ ਜੀਅ ਕਰਦੈ...

ਅਦਾਕਾਰਾ ਪੂਜਾ ਬੱਤਰਾ ਨੇ ਕਿਹਾ ਕਿ ਉਹ ਵੱਡੇ ਪਰਦੇ 'ਤੇ ਵਾਪਸੀ ਬਾਰੇ ਸੋਚ ਰਹੀ ਹੈ, ਹੁਣ ਉਹ ਕਿਸੇ ਢੁੱਕਵੇਂ ਮੌਕੇ ਦੀ ਤਲਾਸ਼ ਵਿਚ ਹੈ। ਅਸਲ ਵਿਚ ਉਹ ਅਮਰੀਕਾ ਵਿਚ ਆਪਣੇ ਕੰਮ ਵਿਚ ਰੁੱਝੀ ਹੋਈ ਸੀ। ਉਸ ਦਾ ਕਹਿਣਾ ਹੈ ਕਿ ਜੇ ਉਸ ਨੂੰ ਕੋਈ ਸਹੀ ਮੌਕਾ ਮਿਲਦਾ ਹੈ ਤਾਂ ਉਹ ਦੁਬਾਰਾ ਫਿਲਮ ਕਰੇਗੀ ਅਤੇ ਆਪਣੇ ਪ੍ਰਸ਼ੰਸਕਾਂ ਨਾਲ ਜੁੜੇਗੀ। ਇਹ ਖੁਲਾਸਾ ਉਸ ਨੇ 'ਨਸ਼ੇ ਮੇਂ ਹਾਈ' ਗੀਤ ਦੇ ਰਿਲੀਜ਼ ਸਮੇਂ ਕੀਤਾ। ਇਹ ਗੀਤ ਪੂਨਮ ਝਾਅ ਨੇ ਗਾਇਆ ਹੈ। ਪੂਜਾ ਬੱਤਰਾ ਨੇ ਕਿਹਾ ਕਿ ਪੂਨਮ ਦੇ ਗੀਤ ਨੇ ਸਪਸ਼ਟ ਕਰ ਦਿੱਤਾ ਹੈ ਕਿ ਆਪਣੇ ਦਿਲ ਦੀ ਗੱਲ ਸੁਣਨ ਦੀ ਕੋਈ ਉਮਰ ਨਹੀਂ ਹੁੰਦੀ। 48 ਸਾਲਾ ਪੂਜਾ ਬੱਤਰਾ ਨੇ ਸਾਲ 1997 'ਚ ਫਿਲਮ 'ਵਿਰਾਸਤ' ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਫਿਰ ਉਸ ਨੇ 'ਭਾਈ', 'ਚੰਦਰਲੇਖਾ', 'ਸਾਜ਼ਿਸ਼', 'ਮੇਘਮ', 'ਹਸੀਨਾ ਮਾਨ ਜਾਏਗੀ', 'ਫਰਜ਼', 'ਪਰਵਾਨਾ', 'ਕਿਲਰ ਪੰਜਾਬੀ', 'ਸਕੁਆਡ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ।

**-ਆਮਨਾ ਕੌਰ**

# ਮਲਕਾ-ਏ-ਹੁਸਨ ਮਲਾਇਕਾ

ਮਸ਼ਹੂਰ ਮਾਡਲ ਮਲਾਇਕਾ ਅਰੋੜਾ 50 ਵਰ੍ਹਿਆਂ ਦੀ ਹੋ ਗਈ ਹੈ ਪਰ ਉਸ ਦੀ ਖ਼ੂਬਸੂਰਤੀ ਅਤੇ ਫਿੱਟ ਫਿੱਗਰ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਉਹ ਅਜੇ 11 ਕੁ ਵਰ੍ਹਿਆਂ ਦੀ ਸੀ ਕਿ ਉਸ ਦੇ ਮਾਪੇ ਅਲੱਗ-ਅਲੱਗ ਰਹਿਣ ਲੱਗ ਪਏ ਅਤੇ ਉਹ ਆਪਣੀ ਮਾਂ ਨਾਲ ਰਹੀ। ਉਸ ਦਾ ਪਿਤਾ ਅਨਿਲ ਅਰੋੜਾ ਫਾਜ਼ਿਲਕਾ (ਪੰਜਾਬ) ਤੋਂ ਹੈ ਜਿਹੜਾ ਇੰਡੀਅਨ ਨੇਵੀ ਮਰਚੈਂਟ ਵਿਚ ਕੰਮ ਕਰਦਾ ਸੀ ਅਤੇ ਉਸ ਦੀ ਮਾਂ ਜਾਇਸ ਪੋਲੀਕਾਰਪ ਮਲਿਆਲੀ (ਕੇਰਲ) ਹੈ। ਉਸ ਨੇ ਚਰਚਾਗੇਟ ਦੇ ਜੈ ਹਿੰਦ ਕਾਲਜ ਵਿਚ ਦਾਖਲਾ ਤਾਂ ਲਿਆ ਪਰ ਪੜ੍ਹਾਈ ਮੁਕੰਮਲ ਨਹੀਂ ਕੀਤੀ ਸਗੋਂ ਪੇਸ਼ੇਵਾਰਾਨਾ ਕੰਮ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਉਹ ਐੱਮ.ਟੀ.ਵੀ. 'ਤੇ ਵੀ.ਜੇ. ਬਣੀ। ਫਿਰ ਉਹ ਮਾਡਲਿੰਗ ਵਾਲੇ ਖੇਤਰ ਵਿਚ ਚਲੀ ਗਈ। ਉਸ ਨੇ ਬੱਲੀ ਸੱਗੀ ਦੇ ਗੀਤ 'ਗੁੜ ਨਾਲੋਂ ਇਸ਼ਕ ਮਿੱਠਾ' ਵਰਗੇ ਗੀਤਾਂ ਲਈ ਕੋਰੀਓਗ੍ਰਾਫੀ ਕੀਤੀ। 1998 ਵਿਚ ਆਈ ਫਿਲਮ 'ਦਿਲ ਸੇ...' ਵਿਚ ਜਦੋਂ ਉਸ ਨੇ ਗੀਤ 'ਛੱਈਆਂ ਛੱਈਆਂ' 'ਤੇ ਨਾਚ ਕੀਤਾ ਤਾਂ ਦਰਸ਼ਕ ਉਸ ਦੀਆਂ ਅਦਾਵਾਂ 'ਤੇ ਮਰ ਮਿਟੇ। 2010 ਵਿਚ ਫਿਲਮ 'ਦਬੰਗ' ਦੇ ਗੀਤ 'ਮੁੰਨੀ ਬਦਨਾਮ ਹੂਈ' ਨੇ ਤਾਂ ਉਸ ਦੀ ਧੁੰਮ ਚਾਰੇ ਪਾਸੇ ਪਾ ਦਿੱਤੀ। ਮਸ਼ਹੂਰ ਟੈਲੀਵਿਜ਼ਨ ਸ਼ੋਅ 'ਨੱਚ ਬੱਲੀਏ' ਵਿਚ ਮਲਾਇਕਾ ਅਰੋੜਾ ਤਿੰਨ ਜੱਜਾਂ ਵਿਚੋਂ ਇਕ ਸੀ। ਇਹ ਸ਼ੋਅ ਬਹੁਤ ਹਿੱਟ ਰਿਹਾ ਅਤੇ ਨਾਲ ਹੀ ਮਲਾਇਕਾ ਅਰੋੜਾ ਦੀ ਵੀ ਗੁੱਡੀ ਚੜ੍ਹ ਗਈ। ਮਲਾਇਕਾ ਨੂੰ ਕਈ ਫਿਲਮ ਨਿਰਮਾਤਾਵਾਂ ਨੇ ਹੀਰੋਇਨ ਬਣਨ ਦੀ ਪੇਸ਼ਕਸ਼ ਕੀਤੀ ਪਰ ਉਸ ਨੇ ਹਰ ਪੇਸ਼ਕਸ਼ ਠੁਕਰਾ ਦਿੱਤੀ। ਉਸ ਦਾ ਕਹਿਣਾ ਹੈ ਕਿ ਉਹ ਸਿਰਫ ਮਾਡਲਿੰਗ ਤੱਕ ਹੀ ਸੀਮਤ ਰਹਿਣਾ ਚਾਹੁੰਦੀ ਹੈ।

**-ਕੁਦਰਤ ਕੌਰ**





# ਦਿਵਿਆ ਦੱਤਾ ਦੇ ਤਿੰਨ ਦਹਾਕੇ

ਹਾਲ ਹੀ 'ਚ 'ਸ਼ਰਮਾ ਜੀ ਕੀ ਬੇਟੀ' ਫਿਲਮ 'ਚ ਕਿਰਨ ਸ਼ਰਮਾ ਦਾ ਕਿਰਦਾਰ ਨਿਭਾਉਣ ਵਾਲੀ ਦਿਵਿਆ ਨੂੰ ਫਿਲਮ ਜਗਤ 'ਚ ਤਿੰਨ ਦਹਾਕੇ ਪੂਰੇ ਹੋ ਗਏ ਹਨ ਤੇ ਖ਼ੁਸ਼ ਹੋਣ ਦੇ ਉਸ ਕੋਲ ਕਈ ਹੋਰ ਕਾਰਨ ਹਨ।

'ਸ਼ਰਮਾ ਜੀ ਕੀ ਬੇਟੀ' ਦੀ ਕਿਰਨ ਸ਼ਰਮਾ ਵਾਂਗ ਦਿਵਿਆ ਦੱਤਾ ਵੀ ਮਾਸੂਮੀਅਤ ਤੇ ਸੰਜੀਦਗੀ ਦਾ ਅਦਭੁੱਤ ਸੁਮੇਲ ਹੈ, ਤੇ ਕਿਰਨ ਦੇ ਕਿਰਦਾਰ ਵਾਂਗ ਹੀ ਮਜ਼ਬੂਤ, ਕੋਮਲ ਤੇ ਜ਼ਿੰਦਗੀ ਨੂੰ ਜੋਸ਼ ਨਾਲ ਜਿਊਣ ਵਾਲੀ ਸ਼ਖ਼ਸੀਅਤ ਹੈ। ਦਿਵਿਆ ਯਾਦ ਕਰਦੀ ਹੈ ਕਿ ਪਰਦੇ ਉਤਲੇ ਕਿਰਦਾਰ ਵਾਂਗ ਉਹ ਵੀ ਆਪਣੀ ਮਾਂ ਨੂੰ ਸਤਾਉਂਦੀ ਰਹਿੰਦੀ ਸੀ ਤੇ ਕੋਈ ਵੀ ਸਲਾਹ, ਸੇਧ ਤੇ ਹਦਾਇਤ ਲੈਣ ਲਈ ਉਸ ਨੂੰ ਹਰ ਵੇਲੇ ਫੋਨ ਕਰਦੀ ਰਹਿੰਦੀ ਸੀ। ਇੱਥੋਂ ਤੱਕ ਕਿ ਕਿਹੜੀ ਲਿਪਸਟਿਕ ਲਾਉਣੀ ਹੈ, ਉਸ ਬਾਰੇ ਵੀ ਮਾਂ ਨੂੰ ਪੁੱਛਦੀ ਸੀ। ਕੌਮੀ ਪੁਰਸਕਾਰ ਜੇਤੂ ਇਹ ਅਭਿਨੇਤਰੀ ਆਪਣੀ ਤਾਜ਼ਾ ਸਫਲਤਾ ਦਾ ਜਸ਼ਨ ਮਨਾ ਰਹੀ ਹੈ।

ਅਜਨਬੀ ਲੋਕ ਉਸ ਨੂੰ ਕਿਰਦਾਰ ਦੇ ਨਾਂ 'ਕਿਰਨ' ਨਾਲ ਪੁਕਾਰ ਰਹੇ ਹਨ ਜਿਸ ਤੋਂ ਉਹ ਬਾਗੋਬਾਗ਼ ਹੈ ਤੇ ਚੇਤੇ ਕਰਦੀ ਹੈ ਕਿ ਕਿਵੇਂ 'ਭਾਗ ਮਿਲਖਾ ਭਾਗ' ਵਿਚ ਨਿਭਾਏ ਮੋਹਖੋਰੀ ਭੈਣ ਦੇ ਰੋਲ ਲਈ ਵੀ ਉਸ ਨੂੰ ਇਸੇ ਤਰ੍ਹਾਂ ਪ੍ਰਸ਼ੰਸਾ ਮਿਲੀ ਸੀ। ਫਿਲਮ ਉਦਯੋਗ 'ਚ ਦਿਵਿਆ ਦੇ ਤਿੰਨ ਦਹਾਕੇ ਪੂਰੇ ਹੋਣ 'ਤੇ ਉਸ ਦੇ ਇਸ ਸਫ਼ਰ 'ਤੇ ਝਾਤ ਮਾਰਨੀ ਬਣਦੀ ਹੈ। ਉਨ੍ਹਾਂ ਦਿਨਾਂ 'ਚ ਸੁਭਾਵਿਕ ਤੌਰ 'ਤੇ ਹੀ ਫਿਲਮ ਜਗਤ ਦਾ ਹਿੱਸਾ ਨਹੀਂ ਬਣਿਆ ਜਾ ਸਕਦਾ ਸੀ। ਸਮਾਂ ਅਜਿਹਾ ਸੀ ਕਿ ਦਿਵਿਆ ਤੇ ਉਸ ਦੀ ਮਾਂ ਨੂੰ ਇਹ ਗੱਲ 'ਗੁਪਤ' ਰੱਖਣੀ ਪਈ ਤੇ ਇੱਥੋਂ ਤੱਕ ਕਿ ਉਸ ਦੇ ਮਾਮੇ ਦੀਪਕ ਬਾਹਰੀ ਤੋਂ ਵੀ ਇਸ ਨੂੰ ਲੁਕੋਣਾ ਪਿਆ ਜੋ ਬੌਲੀਵੁੱਡ 'ਚ ਮੰਨੇ-ਪ੍ਰਮੰਨੇ ਨਿਰਮਾਤਾ-ਨਿਰਦੇਸ਼ਕ ਸਨ ਪਰ ਇਹ ਲੜਕੀ ਆਪਣੇ ਸੁਪਨੇ ਸਾਕਾਰ ਕਰਨ ਲਈ ਦ੍ਰਿੜ ਸੀ। ਉਸ ਦੇ ਸਫ਼ਰ 'ਚ ਕਈ ਅਹਿਮ ਉਤਰਾਅ-ਚੜ੍ਹਾਅ ਆਏ; ਜਿੱਥੇ 'ਵੀਰ ਜ਼ਾਰਾ' ਅਤੇ 'ਇਰਾਦਾ' ਲਈ ਕੌਮੀ ਪੁਰਸਕਾਰ ਮਿਲਿਆ, ਉੱਥੇ ਹੀ ਕਾਰੋਬਾਰੀ ਤੌਰ 'ਤੇ ਅਸਫਲ ਰਹੀ ਫਿਲਮ 'ਦਿੱਲੀ-6' ਦਾ ਵੀ ਦਰਦ ਬਰਦਾਸ਼ਤ ਕੀਤਾ।


'ਦਿੱਲੀ-6' ਦੇ ਸੈੱਟ 'ਤੇ ਹੀ ਉਸ ਨੇ ਉੱਘੇ ਨਿਰਦੇਸ਼ਕ ਰਾਕੇਸ਼ ਓਮਪ੍ਰਕਾਸ਼ ਮਹਿਰਾ ਤੋਂ ਅਦਾਕਾਰੀ ਦਾ ਸਭ ਤੋਂ ਮਹੱਤਵਪੂਰਨ ਸਬਕ ਸਿੱਖਿਆ। ਫਿਲਮ ਵਿਚਲਾ 'ਜਲੇਬੀ' ਦਾ ਕਿਰਦਾਰ ਨਿਭਾਉਂਦਿਆਂ ਦਿਵਿਆ ਨੂੰ ਤਸੱਲੀ ਨਹੀਂ ਹੋ ਰਹੀ ਸੀ ਜੋ ਅੱਖੜ ਕਿਸਮ ਦਾ ਸੀ। ਇਸ 'ਤੇ ਮਹਿਰਾ ਨੇ ਚੁੱਪ-ਚੁਪੀਤੇ ਉਸ ਨੂੰ ਕਿਹਾ, "ਆਪਣੇ ਅੰਦਰਲੀ ਦਿਵਿਆ ਨੂੰ ਭੁੱਲ ਜਾ ਤੇ ਜਲੇਬੀ ਨੂੰ ਬਾਹਰ ਆਉਣ ਦੇ।" ਇਸ ਕੀਮਤੀ ਸੁਝਾਅ ਨੇ ਉਸ ਦੀ ਕਾਫ਼ੀ ਮਦਦ ਕੀਤੀ। ਦਿਵਿਆ ਹੁਣ ਵਿੱਕੀ ਕੌਸ਼ਲ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਛਾਵਾ' ਵਿਚ ਨਜ਼ਰ ਆਏਗੀ ਜੋ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਪੁੱਤਰ ਛਤਰਪਤੀ ਸੰਭਾਜੀ ਮਹਾਰਾਜ ਦੇ ਜੀਵਨ 'ਤੇ ਆਧਾਰਿਤ ਹੈ। ਉਹ ਕਹਿੰਦੀ ਹੈ, "ਉਸ ਦੌਰ ਨੂੰ ਮਹਿਸੂਸ ਕਰ ਕੇ ਤੇ ਉਸ ਸਮੇਂ ਦੀਆਂ ਪੁਸ਼ਾਕਾਂ ਪਾ ਕੇ ਬਹੁਤ ਚੰਗਾ ਲੱਗਾ ਪਰ ਮੈਨੂੰ ਉਸ ਦੌਰ 'ਚ ਆਪਣੇ ਆਪ ਦੀ ਕਲਪਨਾ ਕਰਨ ਦੀ ਲੋੜ ਨਹੀਂ ਪਈ। ਮੈਂ ਪਹਿਲਾਂ ਹੀ ਉੱਥੇ ਪਹੁੰਚਾਈ ਜਾ ਚੁੱਕੀ ਸੀ। ਮੈਂ ਸਿਰਫ਼ ਇਹ ਸੋਚਣਾ ਸੀ ਕਿ ਮੈਂ ਉੱਥੋਂ ਦੀ ਹੀ ਹਾਂ।"

ਜੇ ਅਦਾਕਾਰਾ ਵਜੋਂ ਉਸ ਨੇ ਆਪਣੇ ਕਰੀਅਰ ਵਿਚ ਕਈ ਉਚਾਈਆਂ ਛੂਹੀਆਂ ਹਨ ਤਾਂ ਮਾੜਾ ਸਮਾਂ ਵੀ ਦੇਖਿਆ ਹੈ। ਕਈ-ਕਈ ਸਟਾਰ ਅਦਾਕਾਰਾਂ ਵਾਲੀਆਂ ਫਿਲਮਾਂ ਦਾ ਹਿੱਸਾ ਬਣ ਚੁੱਕੀ, ਲੁਧਿਆਣਾ 'ਚ ਆਪਣੇ ਕਾਲਜ ਤੇ ਪੰਜਾਬ ਯੂਨੀਵਰਸਿਟੀ ਦੀ ਬਿਹਤਰੀਨ ਅਭਿਨੇਤਰੀ ਰਹੀ ਦਿਵਿਆ ਨੂੰ ਇੱਕ ਵਾਰ ਲੱਗਾ ਕਿ ਉਸ ਦਾ ਇੱਥੇ ਕੁਝ ਨਹੀਂ ਬਣੇਗਾ। ਉਸ ਨੇ ਵਾਪਸ ਲੁਧਿਆਣੇ ਦੀ ਰੇਲਗੱਡੀ ਫੜਨ ਦਾ ਮਨ ਬਣਾ ਲਿਆ। ਨਸੀਬ ਦਾ ਖੇਡ ਦੇਖੋ, ਇਸ ਦੀ ਥਾਂ ਉਹ 'ਟਰੇਨ ਟੂ ਪਾਕਿਸਤਾਨ' ਵਿਚ ਸਵਾਰ ਹੋ ਗਈ, ਉਹ ਫਿਲਮ ਜੋ ਖ਼ੁਸ਼ਵੰਤ ਸਿੰਘ ਦੇ ਨਾਵਲ 'ਤੇ ਆਧਾਰਿਤ ਸੀ। ਇਸ ਤੋਂ ਬਾਅਦ ਉਸ ਨੇ ਯਸ਼ ਚੋਪੜਾ ਤੇ ਸ਼ਿਆਮ ਬੈਨੇਗਲ ਜਿਹੇ ਵੱਡੇ-ਵੱਡੇ ਨਿਰਦੇਸ਼ਕਾਂ ਨਾਲ ਕਈ ਭੂਮਿਕਾਵਾਂ ਨੂੰ ਪਰਦੇ 'ਤੇ ਸਾਕਾਰ ਕੀਤਾ। ਬੇਸ਼ੱਕ, ਫਿਲਮ ਜਗਤ 'ਚ ਇੱਕ ਤਰ੍ਹਾਂ ਦਾ ਕਿਰਦਾਰ ਵਾਰ-ਵਾਰ ਕਰਨ ਨਾਲ ਤੁਹਾਡੇ 'ਤੇ ਇੱਕ ਵਿਸ਼ੇਸ਼ ਠੱਪਾ ਲੱਗ ਜਾਂਦਾ ਹੈ ਜਿਸ ਤੋਂ ਬਚ ਕੇ ਨਿਕਲਣਾ ਔਖਾ ਹੋ ਜਾਂਦਾ ਹੈ। ਦਿਵਿਆ ਯਾਦ ਕਰਦੀ ਹੈ ਕਿ 'ਭਾਗ ਮਿਲਖਾ ਭਾਗ' ਤੋਂ ਬਾਅਦ ਉਸ ਕੋਲ ਭੈਣ ਦੇ ਰੋਲਾਂ ਦੀ ਝੜੀ ਲੱਗ ਗਈ ਸੀ ਪਰ ਉਸ ਨੇ ਸੋਚ-ਵਿਚਾਰ ਕੇ ਸ੍ਰੀਰਾਮ ਰਾਘਵਨ ਦੀ 'ਬਦਲਾਪੁਰ' ਵਿਚ ਬੇਬਾਕ ਕਿਰਦਾਰ ਕਰਨ ਦਾ ਫ਼ੈਸਲਾ ਲਿਆ ਤੇ ਇਸ 'ਚੋਂ ਯਥਾਰਥਵਾਦੀ ਹੋਣ ਦਾ ਕੀਮਤੀ ਸਬਕ ਵੀ ਲਿਆ। ਨਿਤਿਨ ਕੱਕੜ ਜਿਸ ਦੀ ਫਿਲਮ 'ਰਾਮ ਸਿੰਘ ਚਾਰਲੀ' ਵਿਚ ਉਸ ਨੇ ਮੁੱਖ ਭੂਮਿਕਾ ਮੰਗੀ ਤਾਂ ਸਿੱਖਣ ਤੇ ਭੁੱਲਣ ਦਾ ਅਮਲ ਕਿਸੇ ਹੋਰ ਹੀ ਪੱਧਰ 'ਤੇ ਪਹੁੰਚ ਗਿਆ।

ਸਾਲ 1994 ਵਿਚ ਦਿਵਿਆ ਦੀ ਪਹਿਲੀ ਫਿਲਮ 'ਇਸ਼ਕ ਮੇਂ ਜੀਨਾ ਇਸ਼ਕ ਮੇਂ ਮਰਨਾ' ਆਉਣ ਤੋਂ ਬਾਅਦ ਕਈ ਸਾਲਾਂ ਦੌਰਾਨ ਫਿਲਮ ਉਦਯੋਗ ਵੱਡੇ ਬਦਲਾਓ ਵਿਚੋਂ ਲੰਘ ਚੁੱਕਾ ਹੈ। ਉਹ ਕਹਿੰਦੀ ਹੈ, "ਓਟੀਟੀ ਦੀ ਸ਼ੁਰੂਆਤ ਨੇ ਵਿਸ਼ਾ-ਵਸਤੂ ਤੇ ਸੰਦਰਭ ਨੂੰ ਹੋਰ ਗਹਿਰਾਈ ਦਿੱਤੀ ਹੈ। ਸਰੋਤੇ ਨਵੀਆਂ ਚੀਜ਼ਾਂ ਮੰਗ ਰਹੇ ਹਨ ਤੇ ਅਦਾਕਾਰ ਵੀ ਗੁੰਝਲਦਾਰ ਤੇ ਮੋੜ-ਘੇੜ ਵਾਲੇ ਕਿਰਦਾਰ ਨਿਭਾਉਣ ਦੇ ਚਾਹਵਾਨ ਹਨ।" ਉਹ ਖ਼ੁਦ ਵੀ ਨਵੇਂ ਕਿਰਦਾਰ ਨਿਭਾ ਰਹੀ ਹੈ ਤੇ ਆਪਣੇ ਸਫਲ ਸੰਗੀਤਕ ਸ਼ੋਅ 'ਬੰਦਿਸ਼ ਬੈਂਡਿਟਸ' ਦੇ ਦੂਜੇ ਸੀਜ਼ਨ ਪ੍ਰਤੀ ਉਤਸ਼ਾਹਿਤ ਹੈ। ਦਿਵਿਆ ਇੱਕ ਤੋਂ ਬਾਅਦ ਇੱਕ ਸਫਲਤਾ ਦੀਆਂ ਪੌੜੀਆਂ ਚੜ੍ਹਦੀ ਜਾ ਰਹੀ ਹੈ। ਉਸ ਕੋਲ ਕਈ ਪ੍ਰਾਜੈਕਟ ਹਨ, ਜਿਨ੍ਹਾਂ ਵਿਚ ਬਾਸੂ ਚੈਟਰਜੀ ਦੀ 1986 'ਚ ਆਈ ਫਿਲਮ 'ਏਕ ਰੁਕਾ ਹੁਆ ਫੈਸਲਾ' ਦਾ ਰੀਮੇਕ ਵੀ ਸ਼ਾਮਲ ਹੈ। ਇਸ ਪ੍ਰਤਿਭਾਸ਼ਾਲੀ ਅਭਿਨੇਤਰੀ ਦਾ ਭਵਿੱਖ ਪਹਿਲਾਂ ਨਾਲੋਂ ਵੀ ਵੱਧ ਰੌਸ਼ਨ ਨਜ਼ਰ ਆ ਰਿਹਾ ਹੈ।

**-ਨੌਨਿਕਾ ਸਿੰਘ**





*ਅਦਾਕਾਰਾ ਦਿਵਿਆ ਦੱਤਾ ਦੇ ਦੋ ਵੱਖ-ਵੱਖ ਅੰਦਾਜ਼।*

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**
**Sam Bhullar: 317-995-2020**